ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ



ਗੁਰਗੱਦੀ ਦੀ ਅੱਧੀ ਸਦੀ

ਬਿ. ੨੦੬੫ **ਸਤਿਜੁਗ** ਈ. ੨੦੦੯

ਬਹੁਪੱਖੀ ਵਿਅਕਤਿਤਵ



ਗਊ ਪ੍ਰਤੀ ਸਨੇਹ



ਜਰਮਨੀ ਦੀ ਗਊ ਪ੍ਰਦਰਸ਼ਨੀ

ਉਸਤਾਦ ਅਮਜਦ ਅਲੀ ਖਾਨ-ਬੀਬੀ ਸੁਬਾ ਲਕਸ਼ਮੀ



ਉਸਤਾਦ ਵਲਾਇਤ ਖਾਂ

ਪੰਡਤ ਸ਼ਿਵ ਕੁਮਾਰ ਸ਼ਰਮਾ (ਸੰਤੂਰ ਵਾਦਕ)

ਪੰਡਤ ਰਵੀ ਸ਼ੰਕਰ



ਬਿਸ਼ਪ ਆਫ ਲੰਦਨ ਸ਼੍ਰੀ ਰਿਚਰਡ ਚਾਰਟ੍ਰੈਸ

ਸ਼੍ਰੀ ਟੋਨੀ ਬਲੇਅਰ (ਸਾਬਕਾ ਪ੍ਰਧਾਨ ਮੰਤਰੀ ਯੂ.ਕੇ.)

ਪ੍ਰਵਚਨ-ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਨਾਮ ਦਾਨ ਇਸ਼ਨਾਨ ਦ੍ਰਿੜਾਏ

ਗੁਰਬਾਣੀ ਵਿਚ ਲਿਖਿਐ ਕੋਈ ਚੰਗਾ ਕੰਮ ਕਰਕੇ ਦੱਸਦਾ ਨਾ ਫਿਰੇ ਮੈਂ ਆਹ ਚੰਗਾ ਕਰਦਾਂ, ਏਨੀਆਂ ਮਾਲਾ ਫੇਰਦਾਂ, ਆਹ ਕੁਝ ਕਰਦਾਂ। ਇਸ ਨਾਲ ਉਸ ਕੀਤੇ ਦਾ ਲਾਭ ਘਟਦਾ ਹੈ। ਜੇ ਉਹ ਦੱਸ ਦੇਂਦਾ ਹੈ ਤਾਂ ਕੀਤਾ ਕਰਾਇਆ ਇਸ ਤਰ੍ਹਾਂ ਹੁੰਦੈ—

ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ।।
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ।।

ਇਹ ਐਵੇਂ ਹੀ ਨਿਹਫਲ ਨਹੀਂ ਦੱਸੇ ਗਏ—ਸਗੋਂ ਮਨ ਵਿਚ ਗੁਮਾਨ ਆ ਜਾਣ ਕਰਕੇ ਨਿਹਫਲ ਹੁੰਦੇ ਹਨ। ਹਾਥੀ ਦਾ ਇਸ਼ਨਾਨ ਕੀ ਹੁੰਦੈ? ਜੇ ਸੁੱਕੀ ਸੁਆਹ ਪਿੰਡੇ ਦੇ ਉੱਤੇ ਪਾ ਦਿਓ ਤਾਂ ਉਹ ਝੜ ਜਾਂਦੀ ਹੈ ਪਰ ਹਾਥੀ ਪਹਿਲੋਂ ਪਾਣੀ ਪਿੰਡੇ ਤੇ ਪਾਉਂਦੈ। ਸੁੰਡ ਨਾਲ ਚੁੱਕ ਚੁੱਕ ਪਾਣੀ ਪਾਈ ਜਾਂਦੈ ਫਿਰ ਚੁੱਕ ਕੇ ਮਿਟੀ ਪਿੰਡੇ ਤੇ ਪਾਉਂਦੈ।

ਨਾਮ ਦਾਨ ਇਸ਼ਨਾਨ ਜ਼ਰੂਰੀ ਹੈ ਪਰ ਬਿਨਾ ਹੰਕਾਰ ਤੋਂ। ਨਾਮ ਜਪਣਾ, ਦਾਨ ਕਰਨਾ ਆਪਣੀ ਕਿਰਤ ਕਮਾਈ ਵਿਚੋਂ। ਹੁਣ ਜੇ ਕਿਸੇ ਕੋਲ ਬਿਲਕੁਲ ਪੈਸਾ ਨਹੀਂ ਤੇ ਉਹਨੂੰ ਇਕ ਰੋਟੀ ਮਿਲਦੀ ਹੈ ਸਾਰੀ। ਉਹ ਉਹਦੇ ਵਿਚੋਂ ਇਕ ਬੁਰਕੀ, ਦੋ ਬੁਰਕੀਆਂ, ਦਾਨ ਕਰ ਦੇਵੇ ਤਾਂ ਉਹਦਾ ਓਨਾ ਹੀ ਫਲ ਹੋਵੇਗਾ ਜਿਨਾਂ ਸੈਂਕੜੇ ਹਜਾਰਾਂ ਰੁਪਏ ਕਿਸੇ ਨੂੰ ਦਾਨ ਕੋਈ ਕਰਦੈ। ਨਾਮ ਦਾ ਤਿਆਗ, ਦਾਨ ਦਾ ਤਿਆਗ, ਇਸ਼ਨਾਨ ਦਾ ਤਿਆਗ ਨਾ ਕਰੋ। ਇਹ ਕਿਸੇ ਵੀ ਤਰ੍ਹਾਂ ਜ਼ਰੂਰ ਕੀਤਾ ਜਾਵੇ।

ਸੰਤ ਜਵਾਹਰ ਸਿੰਘ ਜੀ ਮਿਰਜੇ ਵਾਲੀਏ ਹੋਏ ਹਨ। ਉਹਨਾਂ ਨੂੰ ਹੁਕਮ ਸੀ ਇਸ਼ਨਾਨ ਕਰਨਾ ਅਤੇ ਨਾਮ ਅੱਠੇ ਪਹਿਰ ਜਪਣਾ। ਉਹਨਾਂ ਨੂੰ ਕਿਸੇ ਨੇ ਪੁੱਛਿਆ ਕਿ ਤੁਸੀਂ ਸੌਂਦੇ ਨਹੀਂ ਸੰਤ ਜੀ? ਉਹ ਆਖਣ ਲੱਗੇ ਗੱਲ ਇਹ ਹੈ ਕਿ ਜਿਸ ਦਿਨ ਭਜਨ ਪੁੱਛਿਆ ਸੀ, ਸਤਿਗੁਰਾਂ ਨੇ ਦੱਸਿਆ ਤੇ ਓਦਣ ਇਹ ਆਖਿਆ ਸੀ ਕਿ ਸੁਆਸ-ਸੁਆਸ ਨਾਮ ਜਪਣਾ ਅਠੇ ਪਹਿਰ। ਮੈਂ ਇਹ ਸੋਚਿਆ ਕਿ ਮਨਾ! ਜਿਹੜਾ ਕੋਈ ਸੌਂ ਜਾਂਦੈ ਉਹ ਤੇ ਨਹੀਂ ਇਸ ਤਰ੍ਹਾਂ ਸੁਆਸ-ਸੁਆਸ ਨਾਮ ਜਪ ਸਕਦਾ। ਰੋਟੀ ਖਾਂਦਾ ਵੀ ਜਪ ਸਕਦੈ, ਤੁਰਿਆ ਫਿਰਦਾ ਵੀ, ਕਿਰਤ ਕਰਦਾ ਵੀ ਜਪ ਸਕਦੈ ਪਰ ਜਿਹੜਾ ਸੌਂ ਗਿਆ ਫਿਰ ਉਹ ਨਹੀਂ ਜਪ ਸਕਦਾ। ਇਸ ਵਾਸਤੇ ਪਹਿਲੋਂ ਮੈਂ ਨੀਂਦਰ ਜਿੱਤੀ ਏ ਤਾਕਿ ਮੈਂ ਸੁਆਸ-ਸੁਆਸ ਨਾਮ ਜਪ ਸਕਾਂ। ਇਹ ਹੈ ਸਾਧਾਂ ਦੀ ਨਾਮ ਜਪਣ ਦੀ ਗੱਲ।

ਸਮੁੰਦੁ ਸਾਗਰੁ ਹੋਵੈ ਬਹੁ ਖਾਰਾ ਗੁਰਸਿਖੁ ਲੰਘਿ ਗੁਰੂ ਪਹਿ ਜਾਈ।।

ਇਹ ਨਿਰਾ ਲਿਖਿਆ ਹੀ ਨਹੀਂ, ਸਤਿਗੁਰੂ ਰਾਮ ਸਿੰਘ ਦੇ ਸਿੱਖਾਂ ਨੇ ਅਮਲ ਵਿਚ ਲਿਆ ਕੇ ਪਰਮਾਨਤ ਕੀਤਾ ਹੈ।

ਮੇਰਾ ਮਤਲਬ ਕਹਿਣ ਤੋਂ ਹੈ ਕਿ ਸੰਤ ਜਵਾਹਰ ਸਿੰਘ ਹੁਰੀਂ ਜਿਹੜੇ ਸਨ ਉਹਨਾਂ ਨੂੰ ਅਕਾਸ਼ਬਾਣੀ ਹੁੰਦੀ ਕਿ ਤੇਰੇ ਫੋੜੇ ਹਟ ਜਾਣਗੇ, ਤੂੰ ਇਸ਼ਨਾਨ ਨਾ ਕਰ। ਇਸ਼ਨਾਨ ਨਹੀਂ ਛਡਿਆ। ਆਂਹਦੇ ਮੈਂ ਨਹੀਂ ਮੰਨਦਾ ਇਹ ਗੱਲ। ਫਿਰ ਅਖੀਰ ਹੋਇਆ ਇਹ ਕਿ ਇਕ ਦਿਨ ਤਿਲਕ ਪਏ, ਇਕ ਬਿਧ ਬਨਾਉਣੀ ਸੀ ਅਕਾਲ ਪੁਰਖ ਨੇ, ਇਕ ਫੋੜਾ ਫਿਸਿਆ, ਇੱਕ ਇੱਕ ਕਰਕੇ ਉਹ ਸਾਰੇ ਫੋੜੇ ਫਿਸ ਗਏ। ਸਰੀਰ ਅਗਲੇ ਦਿਨ ਕੰਚਨ ਵਰਗਾ ਹੋ ਗਿਆ—ਕੋਈ ਤਕਲੀਫ ਨਹੀਂ ਰਹੀ। ਫਿਰ ਉਹਨਾਂ ਨੂੰ ਆਖਿਆ, ਇਹ ਇਮਤਿਹਾਨ ਸੀ ਤੇਰਾ ਜਿਹਦੇ ਵਿਚੋਂ ਤੂੰ ਲੰਘ ਗਿਐਂ।

ਇਸ ਪ੍ਰਕਾਰ ਸੰਤ ਜਵਾਹਰ ਸਿੰਘ ਹੁਰਾਂ ਨਾਮ ਦਾਨ ਇਸ਼ਨਾਨ ਨਹੀਂ ਛੱਡਿਆ ਅਖੀਰ ਤੱਕ, ਤੁਸੀਂ ਵੀ ਨਾ ਛੱਡੋ।

****

Namdhari Elibrary NamdhariElibrary@gmail.com

ਪ੍ਰਭਾਵਸ਼ਾਲੀ ਵਿਅਕਤੀਤਵ
ਸਤਿਗੁਰੂ ਜਗਜੀਤ ਸਿੰਘ

ਸਤਿਗੁਰੂ ਜਗਜੀਤ ਸਿੰਘ ਜੀ ਦੇ ਵਿਅਕਤੀਤਵ ਨੇ ਹਮੇਸ਼ਾ ਮੈਨੂੰ ਪ੍ਰਭਾਵਿਤ ਕੀਤਾ ਹੈ। ਬਹੁਤ ਸਮਾਂ ਪਹਿਲਾਂ ਲਾਲਾ (ਜਗਤ ਨਰਾਇਣ) ਜੀ ਦੇ ਹੁੰਦਿਆਂ ਉਹ ਅਕਸਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਨਾਲ ਹੁੰਦੇ ਸਨ। ਸਤਿਗੁਰੂ ਜਗਜੀਤ ਸਿੰਘ ਜੀ ਹੁਰਾਂ ਨਾਲ ਮੇਲ ਮੁਲਾਕਾਤ ਦਾ ਇਹ ਸਿਲਸਿਲਾ ਉਦੋਂ ਤੋਂ ਹੀ ਬਣਿਆ ਹੋਇਆ ਹੈ।

ਮੈਨੂੰ ਇਕ ਵਾਰ ਸ੍ਰੀ ਭੈਣੀ ਸਾਹਿਬ ਜਾਣ ਤੇ ਸਮੂਹਿਕ ਅਨੰਦ ਕਾਰਜਾਂ ਨੂੰ ਦੇਖਣ ਦਾ ਮੌਕਾ ਮਿਲਿਆ। ਮੈਂ ਇਹ ਦੇਖ ਕੇ ਬੜਾ ਪ੍ਰਭਾਵਤ ਹੋਇਆ ਕਿ ਵਿਆਹ-ਸ਼ਾਦੀਆਂ ਬਿਨਾਂ ਦਾਜ ਅਤੇ ਬਿਨਾਂ ਅਡੰਬਰ ਤੋਂ ਕੀਤੀਆਂ ਜਾਂਦੀਆਂ ਹਨ। ਸਮੁੱਚੇ ਨਾਮਧਾਰੀ ਜਗਤ ਨੂੰ ਸਤਿਗੁਰੂ ਜੀ ਦੀ ਇਹ ਬੜੀ ਵੱਡੀ ਦੇਣ ਹੈ।

ਸਤਿਗੁਰੂ ਜੀ ਗਊ ਪਾਲਕ ਹਨ ਤੇ ਬੜੀ ਵੱਡੀ ਗਊਸ਼ਾਲਾ ਉਹਨਾਂ ਦੀ ਦੇਖ ਰੇਖ ਹੇਠ ਚਲੀ ਰਹੀ ਹੈ। ਇਸ ਗਊਸ਼ਾਲਾ ਨੂੰ ਦੇਖਣ ਦਾ ਮੈਨੂੰ ਮੌਕਾ ਮਿਲਆ ਹੈ।

ਸਤਿਗੁਰੂ ਜਗਜੀਤ ਸਿੰਘ ਜੀ ਦਾ ਸੰਗੀਤ ਨਾਲ ਵੀ ਅਥਾਹ ਪ੍ਰੇਮ ਹੈ। ਸ੍ਰੀ ਭੈਣੀ ਸਾਹਿਬ ਵਿਖੇ ਇਕ ਸਥਾਨ ਅਜੇਹਾ ਹੈ ਜਿਥੇ ਸੰਗੀਤਕਾਰਾਂ ਦੀਆਂ ਤਸਵੀਰਾਂ ਬਿਨਾਂ ਕਿਸੇ ਭਿੰਨ ਭੇਦ ਤੋਂ ਲਗਾਈਆਂ ਗਈਆਂ ਹਨ। ਨਾਮਧਾਰੀ ਜਗਤ ਨੇ ਉਹਨਾਂ ਦੀ ਅਗਵਾਈ ਹੇਠ ਅਨੇਕ ਤਬਲਾ ਵਾਦਕ ਅਤੇ ਤੰਤੀ ਸਾਜਾਂ ਨਾਲ ਕੀਰਤਨ ਕਰਨ ਵਾਲੇ ਗੁਣੀ ਪੈਦਾ ਕੀਤੇ ਹਨ। ਇਸੇ ਸੰਗੀਤ ਪ੍ਰੇਮ ਨੇ ਉਹਨਾਂ ਨੂੰ ਹਰਬਲਭ ਸੰਗੀਤ ਸੰਮੇਲਨ ਨਾਲ ਵੀ ਜੋੜੀ ਰੱਖਿਆ ਹੈ।

ਭੈਣੀ ਸਾਹਿਬ ਵਿਖੇ ਉਹਨਾਂ ਨੇ ਅੰਤਮ ਸਸਕਾਰ ਕਰਨ ਲਈ ਇਕ ਅਜੇਹੀ ਸ਼ਮਸ਼ਾਨ ਭੂਮੀ ਤਿਆਰ ਕਰਵਾਈ ਹੈ ਜਿਸ 'ਚ ਲੱਕੜਾਂ ਵੀ ਘਟ ਬਲਦੀਆਂ ਹਨ, ਪ੍ਰਦੂਸ਼ਣ ਘੱਟ ਪੈਦਾ ਹੁੰਦਾ ਹੈ ਅਤੇ ਮਨੁੱਖੀ ਸਰੀਰ ਦਾ ਅਨਾਦਰ ਵੀ ਨਹੀਂ ਹੁੰਦਾ। ਇਹ ਉਹਨਾਂ ਨੇ ਵਾਤਾਵਰਨ ਦੀ ਸ਼ੁਧਤਾ ਨੂੰ ਧਿਆਨ 'ਚ ਰੱਖ ਕੇ ਕੀਤਾ ਹੈ।

ਉਹਨਾਂ ਦੇ ਵਿਅਕਤਿਤਵ ਦੀ ਇਹ ਖ਼ੂਬਸੂਰਤੀ ਹੈ ਕਿ ਉਹ ਸਾਦਗੀ ਭਰਿਆ ਜੀਵਨ ਜਿਉਂਦੇ ਹਨ ਅਤੇ ਸਾਦਾ ਖਾਂਦੇ ਹਨ। ਉਹਨਾਂ ਨੇ ਹਮੇਸ਼ਾ ਨਾਮਧਾਰੀ ਸਮਾਜ ਦੇ ਲੋਕਾਂ ਨੂੰ ਇਮਾਨਦਾਰੀ ਨਾਲ ਵਪਾਰ ਅਤੇ ਆਪਣੇ ਕਾਰ ਵਿਹਾਰ ਕਰਨ ਦੀ ਪ੍ਰੇਰਨਾ ਦਿੱਤੀ ਹੈ। ਉਹਨਾਂ ਦੇ ਵਿਅਕਤਿਤਵ ਦੇ ਉਪਰੋਕਤ ਗੁਣ ਸੱਚਮੁਚ ਪ੍ਰਭਾਵਿਤ ਕਰਨ ਵਾਲੇ ਹਨ।

—ਵਿਜੈ ਕੁਮਾਰ

Namdhari Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਬਿਕ੍ਰਮੀ ੧੯੭੭ (੧੯੨੦ ਈ:) ਤੋਂ ਸਥਾਪਿਤ

ਸਤਿਜੁਗ

ਕਲਿਜੁਗ ਮੇਂ ਸਤਿਜੁਗ ਵਰਤਾਊਂ॥ ਤਬੀ ਬਾਰਵਾਂ ਬਪੁ ਕਹਾਊਂ॥

ਗੁਰਗੱਦੀ ਦੀ ਅੱਧੀ ਸਦੀ-੨੦੦੯

੨੦੦੯ ਈ. (੨੦੬੬ ਬਿ.)

ਜਗਜੀਤ ਜਗ ਜਿਤਿਆ

ਜਗਜੀਤ ਜਗ ਜਿਤਿਆ ਅਤੇ ਨਾਮ ਵਾਲਾ ਡੰਕਾ ਵਜਾਇਆ।
ਰੋਗ ਸੋਗ ਉਹਦੇ ਮਿਟ ਗਏ, ਜਿਹਨੇ ਦਰਸ ਏਸ ਦਾ ਪਾਇਆ।
ਨਾਨਕ ਤੇ ਗੋਬਿੰਦ ਗੁਰੂ ਦੀ, ਇਹਦੀ ਪਿਠ ਤੇ ਹੈ ਸ਼ਕਤੀ ਭਾਰੀ।
ਸਤਿਗੁਰੂ ਰਾਮ ਸਿੰਘ ਦੀ, ਮਿਲੀ ਭਗਤੀ ਇਸ ਨੂੰ ਸਾਰੀ।
ਸਤਿਗੁਰੂ ਹਰੀ ਸਿੰਘ ਦਾ ਤਪ ਤੇਜ ਇਹਦੇ ਹਿੱਸੇ ਆਇਆ
ਜਗਜੀਤ ਜਗ ਜਿਤਿਆ ਅਤੇ ਨਾਮ ਵਾਲਾ ਡੰਕਾ ਵਜਾਇਆ।
ਇਹਦੇ ਵਿਚ ਜੋਤ ਵੇਖ ਕੇ, ਏਹਨੂੰ ਝੁਕਦਾ ਏ ਸਾਰਾ ਜ਼ਮਾਨਾ।
ਸਿਮਰਨ ਸੇਵਾ, ਨੇਕੀ ਵਾਲੜਾ, ਇਹਨੇ ਭਰ ਭਰ ਵੰਡਿਆ ਖਜ਼ਾਨਾ।
ਸਤਿਗੁਰੂ ਪ੍ਰਤਾਪ ਸਿੰਘ ਨੇ, ਆਪ ਗੋਦ ਵਿਚ ਚੁੱਕ ਕੇ ਖਿਡਾਇਆ।
ਜਗਜੀਤ ਜਗ ਜਿਤਿਆ ਅਤੇ ਨਾਮ ਵਾਲਾ ਡੰਕਾ ਵਜਾਇਆ।
ਜੋ ਵੀ ਇਹਦੇ ਦਰ ਆ ਗਿਆ, ਤਨ ਮਨ ਦਾ ਉਸ ਰੋਗ ਗੁਆਇਆ।
ਨਿਮਾਣਿਆਂ ਨਿਤਾਣਿਆਂ ਨੂੰ ਤਾਣ ਦਿਤਾ ਅਤੇ ਮਾਣ ਵਧਾਇਆ।
ਸੁਚਤਾ ਤੇ ਸਾਦਗੀ ਦਾ, ਏਹਨੇ ਜਗ ਤਾਈ ਸਬਕ ਪੜ੍ਹਾਇਆ।
ਜਗਜੀਤ ਜਗ ਜਿਤਿਆ ਅਤੇ ਨਾਮ ਵਾਲਾ ਡੰਕਾ ਵਜਾਇਆ।

—ਹਰਭਜਨ ਸਿੰਘ ਰਤਨ

Namdhari Elibrary NamdhariElibrary@gmail.com

ਸਤਿਜੁਗ

ਬਸੰਤ ਅੰਕ

੨੯ ਫੱਗਣ — ੧੨ ਚੇਤਰ—੨੦੬੬
੧੨ — ੨੫ ਮਾਰਚ ੨੦੦੯
ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੯੪
ਜਿਲਦ ੧੭
ਨੰਬਰ ੫, ੬

ਸਤਿਜੁਗ
ਨਾਮਧਾਰੀ ਗੁਰਦੁਆਰਾ, ਰਮੇਸ਼ ਨਗਰ
ਨਵੀਂ ਦਿੱਲੀ-੧੧੦੦੧੫
ਫ਼ੋਨ : ੨੫੧੫੬੬੨੫, ੪੧੪੨੫੬੯੬
E : mail : satjugweeklygmail.com
satjugweeklyhotmail.com
Web site :
www.namdharidarbar.com

ਐਡੀਟਰ, ਛਾਪਕ ਤੇ ਪ੍ਰਕਾਸ਼ਕ :
ਹਰਵਿੰਦਰ ਸਿੰਘ ਹੰਸਪਾਲ ਦੇ ਪ੍ਰਬੰਧ ਨਾਲ,
ਰਾਜੇਸ਼ ਪ੍ਰੈਸ, ਪਹਾੜ ਗੰਜ
ਨਵੀਂ ਦਿੱਲੀ ਵਿੱਚ ਛਪਿਆ,
ਦਫ਼ਤਰ ਸਤਿਜੁਗ,
ਨਾਮਧਾਰੀ ਗੁਰਦੁਆਰਾ, ਰਮੇਸ਼ ਨਗਰ,
ਨਵੀਂ ਦਿੱਲੀ-੧੧੦੦੧੫
ਤੋਂ ਪ੍ਰਕਾਸ਼ਤ ਹੋਇਆ।
(ਨਾਮਧਾਰੀ ਦਰਬਾਰ ਵਾਸਤੇ)

THE SATJUG
Namdhari Gurdwara
Ramesh Nagar, New Delhi-15
RNI No. 55658/93........
Postal Regd. No. DL (W) 01/2055/09-11
Licence No. U(C)-169/2006-08
to post without pre-payment at
New Delhi PSO

ਇਕ ਸਾਲ	:	ਦੇਸ - 200 ਰੁ.
	:	ਪ੍ਰਦੇਸ - 30 ਪੌਂਡ
ਪੰਜ ਸਾਲ		ਦੇਸ - ੮੦੦ ਰੁ.
		ਪ੍ਰਦੇਸ - 120 ਪੌਂਡ

Designed and Typeset at
CADCON INC, New Delhi
cadcon_inc@yahoo.com
Ph : 9818515815

ਜਿਲਦਬੰਦੀ : ਰਾਮ ਕਿਸ਼ੋਰ ਕਟਾਰੀਆ

ਪੱਤਰ ਵਿਹਾਰ ਦਾ ਪਤਾ :
ਮੈਨੇਜਰ, ਸਤਿਜੁਗ
ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ,
ਨਵੀਂ ਦਿੱਲੀ-੧੧੦੦੧੫

ਤਤਕਰਾ

ਸਫ਼ਾ	ਲਿਖਤ	...	ਲੇਖਕ
੬	SOME OF THE EVENTFUL EVENTS	...	H. S. HANSPAL
੧੧	ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਨਾਮਧਾਰੀ ਸਾਹਿਤ ਸਿਰਜਣਾ	...	ਤਾਰਾ ਸਿੰਘ ਅਨਜਾਣ
੧੭	ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਵਚਨ— ਸਿਦਕ ਦੀ ਸਾਨ ਤੇ ਚੜ੍ਹੇ ਪੈਗੰਬਰੀ ਬੋਲ	...	ਡਾ. ਮਹਿੰਦਰ ਕੌਰ ਗਿੱਲ
੨੧	ਗੁਰੂ ਜਗਜੀਤ ਮੀਤ ਸਾਰੇ ਸੰਸਾਰ ਦਾ (ਕਵਿਤਾ)	...	ਹਰਭਜਨ ਸਿੰਘ ਰਾਜਾ
੨੨	ਨਾਮਧਾਰੀ ਵਿਦਿਅਕ ਜਥੇ ਦਾ ਹੁਲਾਰ	...	ਜਗਦੀਸ਼ ਸਿੰਘ ਵਰਿਆਮ
੩੨	ਜਗਜੀਤ ਖੁਦਾ (ਕਵਿਤਾ)	...	ਰਣਜੀਤ ਕੌਰ ਜੀਤ
੩੩	ਸਤਿਗੁਰੂ ਬਿਲਾਸ ਅਤੇ ਹੁਕਮਨਾਮਿਆਂ ਦਾ ਪ੍ਰਕਾਸ਼ਨ	...	ਜਸਵਿੰਦਰ ਸਿੰਘ ਹਿਸਟੋਰੀਅਨ
੩੮	ਵਿਸ਼ਵ ਅਮਨ ਦੇ ਅਲੰਬਰਦਾਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ	...	ਸਵਰਨ ਸਿੰਘ ਵਿਰਕ
੪੪	ਜਗਜੀਤ ਗੁਰੂ ਤੇਰੀ ਉਪਮਾ ਹਰ ਥਾਂ ਭਾਰੀ ਏ (ਕਵਿਤਾ)	...	ਕੁਲਦੀਪ ਸਿੰਘ ਦੀਪ
੪੫	ਉਸਤਾਦਾਂ ਦੇ ਉਸਤਾਦ	...	ਹਰਭਜਨ ਸਿੰਘ ਯੂ. ਕੇ.
੪੯	ਗੁਰੂ ਜਗਜੀਤ ਸਾਰੇ ਜਗ ਦੇ ਪਿਆਰੇ (ਕਵਿਤਾ)	...	ਪੂਰਨ ਸਿੰਘ ਨਿਰਾਲਾ
੪੯	ਰੁਬਾਈ	...	ਪ੍ਰੀਤਮ ਸਿੰਘ ਕਵੀ
੫੦	ਅੱਖੀਂ ਵੇਖੀਆਂ ਸਿਖਰਾਂ	...	ਸਾਧੂ ਸਿੰਘ ਕਿਸਾਨ
੫੨	ਗੁਰੂ ਜਗਜੀਤ ਮੀਤ ਸਾਰੇ ਸੰਸਾਰ ਦਾ (ਕਵਿਤਾ)	...	ਗੁਰਦੀਸ਼ ਕੌਰ ਗਰੇਵਾਲ
੫੩	ਗਊਅਨ ਕੇ ਰਖਵਾਲੇ	...	ਦੇਵਿੰਦਰ ਸਿੰਘ ਗਿੱਲ (ਜੀਆ ਨੱਥਾ)
੫੯	ਵਿਦੇਸ਼ਾਂ ਵਿਚ ਨਾਮਧਾਰੀ ਸਮਾਗਮ	...	ਹਰਜਿੰਦਰ ਸਿੰਘ ਕੰਵਲ
੬੨	ਸਿਖਿਆ ਸੰਸਥਾਵਾਂ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ	...	ਡਾ. ਬੂਟਾ ਸਿੰਘ ਵਿਰਕ (ਪ੍ਰਿੰਸੀਪਲ)
੬੪	ਲਾਲ ਏਹਿ ਰਤਨ ਛਾਪਣ ਲਈ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਵਿਸ਼ੇਸ਼ ਕਿਰਪਾ	...	ਸੰਤ ਸਿੰਘ
੭੨	ਦੱਬੋ ਕੰਮ ਨੂੰ	...	ਮਾਸਟਰ ਅਮਰੀਕ ਸਿੰਘ
੭੬	ਤੁਧੁ ਜੇਹਾ ਨਾਹੀ ਕੋਇ ਜੀਉ	...	ਅਜੀਤ ਸਿੰਘ ਲਾਇਲ
੭੯	ਨਾਮਧਾਰੀ ਸੰਪਰਦਾਇ ਵਿਚ ਔਰਤ ਦੀ ਮਹੱਤਤਾ	...	ਡਾ. ਹਰਬਿੰਦਰ ਕੌਰ ਐਮ. ਡੀ.
੮੩	ਕੂਕਾ ਅੰਦੋਲਨ ਅਤੇ ਨਾਰੀ ਸਸ਼ਕਤੀਕਰਨ	...	ਸੂਬਾ ਸੁਰਿੰਦਰ ਕੌਰ ਖਰਲ
੮੮	ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਨਾਮਧਾਰੀ ਸੀਡਜ਼	...	ਵਿਕ੍ਰਮ ਸਿੰਘ ਤੇ ਦੀਪਇੰਦਰ ਸਿੰਘ
੯੧	ਨਾਮਧਾਰੀ ਹਾਕੀ ਸ਼ੁਰੂ ਤੋਂ ਅੱਜ ਤੱਕ	...	ਰਬਪਾਲ ਸਿੰਘ ਕੋਚ
੯੪	ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੰਗੀਤ ਨੂੰ ਦੇਣ	...	ਤਰਲੋਚਨ ਸਿੰਘ ਲਾਲੀ
੯੭	ਅਪੁਨੇ ਸੇਵਕ ਕੀ ਆਪੇ ਰਾਖੈ	...	ਗੁਰਦੀਪ ਸਿੰਘ ਨਾਮਧਾਰੀ ਕਨੇਡਾ
੯੯	ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ	...	ਜਸਬੀਰ ਕੌਰ ਸ਼ਿਮਲਾ
੧੦੫	ਜੈਸਾ ਸਤਿਗੁਰੂ ਸੁਣੀਦਾ ਤੈਸੋ ਹੀ ਮੈ ਡੀਠੁ	...	ਇੰਜ. ਬਲਵੰਤ ਸਿੰਘ ਨਾਮਧਾਰੀ
੧੧੨	ਗੁਰੂ ਜਗਜੀਤ ਜਿਹਾ ਦੁਨੀਆਂ ਤੇ ਕੌਣ ਹੈ (ਕਵਿਤਾ)	..	ਲਖਵਿੰਦਰ ਸਿੰਘ ਬਾਜਵਾ
੧੧੩	ਜਗਜੀਤ ਗੁਰੂ (ਕਵਿਤਾ)	...	ਦਲਬੀਰ ਸਿੰਘ ਤਰਸ ਅਸਟ੍ਰੇਲੀਆ
੧੧੪	ਸਾਰੇ ਜੱਗ ਤਾਈਂ ਪਿਆ ਰਹਿਮਤਾਂ ਉਹ ਵੰਡਦਾ ਏ (ਕਵਿਤਾ)	...	ਜੋਗਿੰਦਰ ਸਿੰਘ ਕੰਗ ਲੁਧਿਆਣਾ
੧੧੫	ਸਤਿਗੁਰੂ ਜਗਜੀਤ ਸਿੰਘ ਜੀ ਬਸ ਇਕੋ ਦਿਦਾਰ ਦੀ ਲੋੜ ਸਾਨੂੰ (ਕਵਿਤਾ)	...	ਪ੍ਰਿੰਸੀਪਲ ਅਜੀਤ ਸਿੰਘ ਚੀਮਾ
੧੧੬	सरण आये सो सबहि उबारे ऐसी उनकी रीत	...	डा. रेणु द्विवेदी
੧੨੦	PARTITION OF PUNJAB 1947	...	PROF. JOGINDER SINGH

Namdhari Elibrary NamdhariElibrary@gmail.com

ਮੈ ਅਕਥੁ ਨ ਕਥਨਾ ਜਾਈ

ਸਤਿਗੁਰੂ ਪ੍ਰਤੀ ਕਿਸ ਤਰ੍ਹਾਂ ਆਪਾ ਸਮਰਪਿਤ ਕੀਤਾ ਜਾਏ, ਇਹ ਸਮਝ ਨਹੀਂ ਆ ਸਕਦੀ ਕਿਉਂਕਿ ਦੋਹਾਂ ਦੀ ਵਿਥ ਸੂਰਜ ਤੇ ਟਟਹਿਣੇ ਜਿੰਨੀ ਹੈ ਅਤੇ ਸ਼ਕਤੀ ਵੀ। ਪਰ ਜਿਸ ਸਤਿਗੁਰੂ ਨੇ ਆਪਣੇ ਸਿੱਖਾਂ ਨੂੰ ੫੦ ਕੁ ਸਾਲ ਹੁਲਾਰ ਦਿੱਤਾ ਹੋਵੇ ਉਸ ਪ੍ਰਤੀ ਸ਼ਰਧਾ ਸਤਿਕਾਰ ਪ੍ਰਗਟ ਕਰਨ ਨੂੰ ਜੀਅ ਤਾਂ ਕਰਦਾ ਹੀ ਹੈ, ਇਹੀ ਜੀਅ ਕਰਦਾ ਹੈ ਹਰ ਨਾਮਧਾਰੀ ਸਿੱਖ ਦਾ। ਹਰ ਨਾਮਧਾਰੀ ਨੇ ੨੨ ਅਗਸਤ ੧੯੫੯ ਤੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਦਿਦਾਰ, ਉਹਨਾਂ ਦੀ ਕਿਰਪਾ, ਉਹਨਾਂ ਦੀ ਨੇਤ੍ਰਤਾ, ਉਹਨਾਂ ਦੇ ਹਾਸ ਵਿਨੋਦ, ਉਹਨਾਂ ਦੇ ਬਚਨਾਂ, ਉਹਨਾਂ ਦੀ ਆਗਿਆ ਦਾ ਸੁਖ ਆਨੰਦ ਕਿਸੇ ਨਾ ਕਿਸੇ ਤਰ੍ਹਾਂ ਨਾਲ ਮਾਣਿਆ ਹੋਵੇ।

ਸਾਰੇ ਤਾਂ ਨਹੀਂ ਕੁਝ ਤਾਂ ਐਸੇ ਹਨ ਹੀ ਜਿਹੜੇ ਆਪਣੇ ਮਨੋਭਾਵਾਂ ਨੂੰ ਕਲਮ ਦੀ ਨੋਕ ਹੇਠ ਲਿਆ ਸਕਦੇ ਹਨ। ਜਿਹੜੇ ਸਤਿਗੁਰੂ ਦੇ ਵਰੋਸਾਏ ਸਿਖਾਂ ਤੋਂ ਸਾਖੀਆਂ ਸੁਣ ਕੇ ਉਸਦੀ ਸਾਜੀ ਨਿਵਾਜੀ ਸਾਧ ਸੰਗਤ ਤਕ ਪਹੁੰਚਾ ਸਕਦੇ ਹਨ। ਉਹਨਾਂ ਨੂੰ ਕਿਸੇ ਇਕ ਥਾਂ ਇਕੱਠੇ ਕਰਨਾ ਐਨਾ ਆਸਾਨ ਨਹੀਂ ਕਿਉਂਕਿ ਅਲਪੱਗ ਜੀਵ, ਸਰਬੱਗ ਬਾਰੇ ਕਥਾ ਕਰਨ ਵਾਲਿਆਂ ਦੇ ਮਨ ਵਿਚ ਉਪਜੀ ਭਾਵਨਾ ਨੂੰ ਉਸੇ ਤਰ੍ਹਾਂ ਤਾਂ ਨਹੀਂ ਸਮਝ ਸਕਦਾ ਜਿਸ ਤਰ੍ਹਾਂ ਸਤਿਗੁਰੂ ਉਹਨਾਂ ਦੇ ਮਨ ਵਿਚ ਵਸਿਆ ਹੁੰਦਾ ਹੈ।

ਸਤਿਜੁਗ ਦੇ ਹਜ਼ਾਰਾਂ ਪਾਠਕ ਹਨ। ਸਾਰੇ ਦੇ ਸਾਰੇ ਪਾਠਕ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਰੋਸਾਏ ਹੋਏ ਹਨ। ਕਈ ਤਾਂ ਬੜਾ ਸਹਿਜੇ ਹੀ ਕਹਿ ਦਿੰਦੇ ਹਨ ਕਿ ਅਸੀਂ ਤਾਂ ਕੇਵਲ ਇਨਾਂ ਦੇ ਹੀ ਚਰਨ ਪਰਸੇ ਹਨ। ਸੋ ਇਹੀ ਸਤਿਗੁਰੂ ਸਾਡੇ ਲਈ ਸਭ ਤੋਂ ਵੱਡਾ ਹੈ, ਇਸੇ ਨਾਲ ਹੀ ਪ੍ਰੀਤ ਨਿਭਾਉਣ ਦੀ ਰੀਝ ਪਾਲੀ ਬੈਠੇ ਹਾਂ। ਬੱਸ, ਏਸੇ ਦੇ ਬੋਲਾ ਦੇ, ਇਸੇ ਦੀ ਮੁਸਕਾਨ ਦੇ ਮੁਤਲਾਸ਼ੀ ਹਾਂ।

ਸਤਿਜੁਗ ਦੀ ਆਰਬਲਾ ਭਾਵੇਂ ੯੦ਕੁ ਸਾਲ ਦੀ ਹੋ ਚੱਲੀ ਹੈ ਪਰ ਸੁਲਖਣੀ ਘੜੀ ਤਾਂ ਉਹੀ ਹੈ ਜਿਹੜੀ ਸਹੁ ਨਾਲ ਵਿਹਾਉਂਦੀ ਹੈ। ਸੋ ਸਤਿਜੁਗ ਨੇ ਵੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਗੁਰਗੱਦੀ ਦੇ ੫੦ਵੇਂ ਸਾਲ ਵਿੱਚ ਉਹਨਾਂ ਨੂੰ ਸ਼ਬਦਾਂ ਦਾ ਤਿਲਫੁੱਲ ਭੇਟ ਕਰਨ ਦੀ ਕੋਸ਼ਿਸ਼ ਕੀਤੀ ਹੈ। ਕਿਉਂਕਿ ਸਤਿਜੁਗ ਦੀ ਪੂੰਜੀ ਉਸ ਦੇ ਲੇਖਕ ਹਨ, ਉਸਦੇ ਕਵੀ ਹਨ, ਉਸਦੇ ਕਹਾਣੀਕਾਰ ਹਨ ਸੋ ਉਹਨਾਂ ਨੂੰ ਹੀ ਤਾਕੀਦ ਕੀਤੀ ਗਈ ਕਿ ਸ੍ਰੀ ਸਤਿਗੁਰੂ ਜੀ ਦੇ ਗੁਰਗੱਦੀ ਤੇ ਸੁਭਾਏਮਾਨ ਹੋਣ ਤੋਂ ਬਾਅਦ ਦੇ ੫੦ਕੁ ਸਾਲ ਦੇ ਸਮੇਂ ਦੇ ਕਿਸੇ ਨਾ ਕਿਸੇ ਨੁਕਤੇ ਬਾਰੇ ਆਪਣੀ ਕਾਨੀ ਨੂੰ ਉਦਮ ਦੇਣ। ਕਿਸੇ ਕਲਮ ਨੇ ਸਤਿਗੁਰੂ ਜੀ ਦੇ ਪ੍ਰਵਚਨਾਂ ਨੂੰ ਪੈਗੰਬਰੀ ਬੋਲ ਕਿਹਾ, ਕਿਸੇ ਨੇ ਵਿਦਿਅਕ ਜਥੇ ਦੇ ਹੁਲਾਰ ਦੀ ਗੱਲ ਕੀਤੀ, ਕਿਸੇ ਨੇ ਸਦੀ ਤੋਂ ਵੱਧ ਪੁਰਾਣੀਆਂ ਰਚਨਾਵਾਂ, ਹੁਕਨਾਮਿਆਂ ਅਤੇ ਸਤਿਗੁਰੂ ਬਿਲਾਸ ਦੇ ਪ੍ਰਕਾਸ਼ਨ ਦੀ ਪ੍ਰਕਿਰਿਆ ਬਾਰੇ ਆਪਣੀ ਕਾਨੀ ਨੂੰ ਸਵਾਰਿਆ। ਕਿਸੇ ਕਲਮ ਨੇ ਵਿਸ਼ਵ ਅਮਨ ਦੇ ਅਲੰਬਰਦਾਰ ਸਤਿਗੁਰੂ ਦੀ ਸਮਰਥਾ ਦੀ ਗੱਲ ਕੀਤੀ, ਕੋਈ ਕਲਮ ਤਾਂ ਉਹਨਾਂ ਨੂੰ ਸ਼ਾਸ਼ਤਰੀ ਸੰਗੀਤ ਦੇ ਉਸਤਾਦਾਂ ਦੇ ਉਸਤਾਦ ਕਹਿੰਦਿਆਂ ਵੀ ਪੂਰੀ ਗੱਲ ਵਿਚ ਕਮੀ ਮਹਿਸੂਸ ਕਰਦੀ ਹੈ। ਜਿਨਾਂ ਨੇ ਵਿਦੇਸ਼ਾਂ ਦੇ ਸਮਾਗਮਾਂ ਵਿਚ ਸਤਿਗੁਰੂ ਜੀ ਦੇ ਅਲੌਕਿਕ ਦਰਸ਼ਨ ਕੀਤੇ ਹਨ ਅਤੇ ਸਿਖਿਆ ਸੰਸਥਾਵਾਂ ਨੂੰ ਹੁਲਾਰਾ ਦੇਣ ਲਈ ਸਤਿਗੁਰੂ ਜੀ ਦੀ ਕਿਰਪਾ ਦੀ ਗੱਲ ਕੀਤੀ ਹੈ ਉਹਨਾਂ ਦੀ ਕਲਮ ਆਪਣੇ ਰੰਗ ਵਿਚ ਚੱਲੀ ਹੈ। ਜਿਨ੍ਹਾਂ ਨੇ ਸਤਿਗੁਰੂ ਜੀ ਦੀਆਂ ਸਿਖਰਾਂ ਨੂੰ ਅੱਖਾਂ ਨਾਲ ਵੇਖਿਆ ਹੈ ਅਤੇ ਉਹਨਾਂ ਦੇ ਬਚਨਾਂ ਨੂੰ 'ਦੱਬੋ ਕੰਮ ਨੂੰ' ਦੇ ਮਾਨਣ ਦਾ ਸੁਖ ਮਾਣਿਆ ਹੈ ਜਾਂ ਨਾਰੀ ਦੇ ਸਸ਼ਕਤੀ ਕਰਨ ਦੀ ਦ੍ਰਿਸ਼ਟੀ ਨੂੰ ਪੇਸ਼ ਕੀਤਾ ਹੈ ਜਾਂ ਹਾਕੀ, ਨਾਮਧਾਰੀ ਸੀਡਜ਼ ਅਤੇ ਸਾਹਿਤ ਸਿਰਜਣਾ ਦੇ ਜਗਤ ਨਾਲ ਉਹਨਾਂ ਦੀ ਕਿਰਪਾ ਦ੍ਰਿਸ਼ਟੀ ਨੂੰ ਪੇਸ਼ ਕੀਤਾ ਹੈ ਜਾਂ ਸਾਖੀ ਭਰਦੀਆਂ ਸਾਖੀਆਂ ਅਤੇ ਸਤਿਗੁਰੂ ਦੀ ਸੋਭਾ ਕਰਦੀਆਂ ਕਵਿਤਾਵਾਂ ਰਾਹੀਂ ਅਕੀਦਤ ਪੇਸ਼ ਕੀਤੀ ਹੈ ਜਾਂ ਫਿਰ ਸਮੁੱਚੇ ਤੌਰ ਤੇ ਘਟਨਾਵਲੀ ਨੂੰ ਪਾਠਕਾਂ ਸਾਹਮਣੇ ਲਿਆਂਦਾ ਹੈ ਉਹਨਾ ਕੋਲੋਂ ਕੇਵਲ ਆਪਣੀ ਸਮਰਥਾ ਅਨੁਸਾਰ ਹੀ ਲਿਖਿਆ ਜਾ ਸਕਿਆ ਹੈ ਨਾ!

ਉਹਨਾਂ ਨੂੰ ਪਾਠਕਾਂ ਤਕ ਪਹੁੰਚਾਉਣ ਵਿਚ ਹਮੇਸ਼ਾ ਵਾਂਗ ਪ੍ਰੋ. ਤਾਰਾ ਸਿੰਘ ਅਨਜਾਨ ਨੇ ਆਪਣੇ ਨਿਜੀ ਖਤਾਰੇ ਦੇ ਬਾਵਜੂਦ ਅੰਕ ਦੇ ਸਾਹਿਤਕ ਅਤੇ ਇਤਿਹਾਸਕ ਪੱਖ ਨੂੰ ਸਹੀ ਰੱਖਣ ਵਿਚ ਪੂਰਾ ਸਹਿਯੋਗ ਦਿੱਤਾ। ਇੰਦਰਜੀਤ ਸਿੰਘ, ਤਰਲੋਚਨ ਸਿੰਘ, ਹਰਕੀਰਤ ਸਿੰਘ, ਰਾਮ ਕਿਸ਼ੋਰ ਕਟਾਰੀਆ, ਆਦਿ ਦੀ ਮਿਹਨਤ ਨੇ ਆਪਣਾ ਕੰਮ ਕੀਤਾ ਹੈ। ਇਸ ਸਾਰੇ ਅੰਕ ਦੀ ਯੋਜਨਾ ਤਾਂ ਸ੍ਰੀ ਉਦੈ ਸਿੰਘ, ਸੰਤ ਜਗਤਾਰ ਸਿੰਘ ਰਾਹੀਂ ਸ੍ਰੀ ਸਤਿਗੁਰੂ ਜੀ ਨੂੰ ਬੇਨਤੀ ਕਰਕੇ ਹੀ ਤਿਆਰ ਕੀਤੀ ਗਈ ਹੈ। ਪਰ ਇਸ ਵਿਚ ਸਾਰਾ ਕੁਝ ਆ ਸਕਣਾ ਤਾਂ ਸਾਡੀ ਸਮਰਥਾ ਤੋਂ ਬਾਹਰ ਦੀ ਗੱਲ ਹੈ ਹੀ ਕਿਉਕਿ ***ਕਿਆ ਹਉ ਕਥੀ ਕਥੈ ਕਥਿ ਦੇਖਾ ਮੈ ਅਕਥੁ ਨ ਕਥਨਾ ਜਾਈ॥*** ਹਾਂ, ਪਾਠਕਾਂ ਕੋਲੋਂ ਹੁੰਗਾਰੇ ਅਤੇ ਪ੍ਰਵਾਨਗੀ ਲਈ ਗੁਰਗੱਦੀ ਦੀ ਅੱਧੀ ਸਦੀ–੨੦੦੯ ਅੰਕ ਹਾਜ਼ਰ ਹੈ। ***—ਹਰਵਿੰਦਰ ਸਿੰਘ ਹੰਸਪਾਲ***

Namdhari Elibrary NamdhariElibrary@gmail.com

SOME OF THE EVENTFUL EVENTS

✍ **H. S. HANSPAL**

Sri Bhaini Sahib the hub of Namdhari activities since 1857 was almost converted into jail to curb the movement of Kuka Sikhs and was placed under strict vigilance by the Britishers. Satguru Jagjit Singh was born like a divine light in jail at Sri Bhaini Sahib on 20.11.1920. And the restrictions were relaxed thereafter.

Satguru Partap Singh Ji departed from this world on 22 August 1959 at 12.30 AM and was cremated in the evening leaving every body's eyes wet and hearts wailing. Before the cremation elder Baba Ji, Baba Jagjit Singh was requested to adorn the seat of temporal authority as Satguru Jagjit Singh, as per the wishes of late Satguru Ji to provide spiritual enlightenment to the panth.

Ceremonial Dastarbandi of Satguru Jagjit Singh Ji took place on 10 September 1959 at Sri Bhaini Sahib after the concluding function in memory of Satguru Partap Singh Ji. Ceremonial Dastars (turbans) were presented to Sri Satguru Jagjit Singh Ji by large number of religious, political and social leaders. Hundreds of thousands gathered on the occasion and paid their respect.

Satguru Ji wants to see mankind free from man made slaveries. These include slavery from crime and violence, from drug and drunkeness, from pollution, from religious terrorism, from egoism and from all other ills to make man kind full of virtues.

The main anchor-sheets of India's freedom struggle and reformation under Gandhi Ji and Pandit Jawahar Lal Nehru were grasped from the concept of freedom and self reliance established by the ancestors of Satguru Jagjit Singh Ji.

The spiritual greatness has turned him into a spiritual light house of energy and bliss. Truth, Simplicity , Faith, Purity, Music, Self discipline, Non-Violence and Peace. Satguru Jagjit Singh Ji has no place for anger in his life , nor for tension or prejudice. No gender bias, no love for racial discrimination and no lust for power. He has attained simplicity, the immense power of love, the great force of truth and consideration for all creations of God.

On 12 September 1959 Satguru Jagjit Singh Ji, for the first time rode in his car with white triangular flag flying on it and visited all the historical places of religious importance including Akal Bunga in Sri Bhaini Sahib and started his journeys after performing supplicatory prayer i.e. Ardas. And paid his maiden visit to Ludhiana-Jandiala(Jalandhar) and back to Sri Bhaini Sahib.

3 October 1959 : Satguru Jagjit Singh Ji gave his first speech, addressing learned delegates of 3rd All India Writes Conference at Ludhiana.

11 October 1959 : Hoisted the flag on the occasion of Dussehra celebration at Ludhiana and delivered very impressive and philosophical discourse on Ramayana.

1st to 11th January 1961: First visit to Thailand.

1961 : Completion of 1.25 Lakh Paths of Sri Adi granth Sahib at Sri Bhaini Sahib.

7 October 1961 : Arrived in Bangkok from Delhi

12 October 1961 : Bangkok to Tokyo.

Namdhari Elibrary NamdhariElibrary@gmail.com

First visit to Japan to attend World Vegetarian Conference. Addressed the students of Tokyo University on universal religion on 17.10.1961. and quoted Gurbani from Sri Adi Granth Sahib.

19 October 1961 : Tokyo to Hongkong by air.

22 October 1961 : Hongkong to Bangkok by air.

28 October 1961 : Bangkok to Calcutta by air.

16 December 1961 : Visited Lahore, Pakistan by car for a day to meet seriously ill Maulvi Fazal Mohammed, an expert in repairing the musical instruments.

24 March 1962 : S.Partap Singh Kairon the then Chief Minister of undivided Punjab visited Hola Mohalla at Baja-Khana, District Faridkot and sorted out his misconceptions.

17 April to 15 May 1962 : Bombay to Mombasa (Kenya) by sea. This was the first visit to East African countries.

13 June 1962 : S Partap Singh Kairon again visited Sri Jiwan Nagar and further cemented the cordial relationship with Sri Satguru Ji.

1962 : During raining season, river Ghaghar was over flooding in Sri Jiwan Nagar area and people became panicky.Sri Satguru Ji stood with them on the embankment day and night and encouraged to strengthen it. Subsequently no loss of life or property occured in the area.

1962 : Sri Satguru Ji converted Weekly Nawan Hindustan into Daily Punjabi News paper published from Delhi.

3 June 1963 : Anand Shatabadi was celebrated at village Khote and 149 Anand Karaj were solemnised on this occasion, the most simple marriages in the world.

9 June 1963 : Sri Satguru Ji sent his blessings through a letter to first President of independent Kenya Mr. Jomo Kenyatta.

1964 : Sri Satguru Ji consented to be the President of Punjab branch of World Peace Council.

23 March 1965 : Gopal Rattan was conferred on Satguru Jagjit Singh Ji by Government of India during Go-Samvardhan Sammelan held at Hyderabad.

27 August 1967 : Nairobi to London on the first visit to U.K.

1971 : Celebrations of Centenary of Hola Mohalla at Sri Anandpur Sahib. And centenary of Namdhari Martyrs at Raikot, Amritsar and Ludhiana.

1971 : Started 2nd series of 1.25 Lakh Paths of Sri Adi Granth Sahib at Sri Bhaini Sahib.

1972 : Centenary of Malerkotla martyrs and deportation of Satguru Ram Singh commemorated by Sri Satguru Jagjit Singh Ji in India, Thailand and U.K. Shatabadi News, a monthly magazine in connection with the centenaries started.

1973 : Satguru Jagjit Singh Ji with large number of Namdhari Sikhs participated in the Kar-Seva of Sarover at Harmandir Sahib, Amritsar.

1974 : Completion of 1.25 Lakh Paths of Sri Adi Granth Sahib at village Sant Nagar during Jap Prayog.

1975 : Death centenary of Suba Sahib Singh was commemorated at Hazaribagh (Jharkhand) jail.

1975 : 3rd series of 1.25 Lakh Paths started at Sri Bhaini Sahib.

August 1976 : The newspapers of U.K. published news with headlines mentioning Satguru Jagjit Singh as Rain-maker and Rain- God. The worst ever drought in England and Wales in last 500 years was predicted and there was no chance of rain in the near future. With the blessings and prayers of Sri Satguru Ji, it started raining on 27 August 1976, much to the relief of British authorities and people.

1976 : Commencement of Kar-Seva of Ramsar (Sarover) Sri Bhaini Sahib by Sri Satguru Ji to reshape it.

Namdhari Elibrary NamdhariElibrary@gmail.com

1971 to 1977 : Participated in World Vegetarian Conference in 1971 at Hague (Holland) in 1973 Sweden, Sri Lanka and Chicago (USA) in 1975. And in 1957, 1967 and 1976 in India. From 20 to 23 November 1976, 24th World Vegetarian Convention was held in Vigyan Bhawan in New Delhi.

25 November 1977 : Dr. Suchat, Peace Ambassador of Thailand visited Sri Bhaini Sahib and presented Golden Emblem, books and rosaries on behalf of King of Thailand.

Seventies : Sri Satguru Ji arranged Sangeet Sammelans (Classical Music Concerts of renowned artists) in memory of Satguru Partap Singh Ji in Delhi, Mumbai, Aurangabad and Lucknow.

1978 : Laid foundation of World International Peace Conference Hall in Bangkok in the presence of representatives of 48 countries.

1979 : Sri Satguru Jagjit Singh Ji declared his support to the Congress Party which is led by Smt. Indira Gandhi.

1980 : Smt. Indira Gandhi with the blessings of Sri Satguru Jagjit Singh Ji got elected Shri H.S.Hanspal to Rajya Sabha from Punjab.

1981 : Sri Satguru Ji blessed Smt. Indira Gandhi at a reception in Vigyan Bhawan, New Delhi.

1981 : Sri Satguru Ji constituted Vishwa Namdhari Istri Vidyak jatha.

1981 : Shaheed Bishan Singh Memorial School established by Sri Satguru Ji in Mansarover Garden, New Delhi and Satguru Partap Singh Academy at Sri Bhaini Sahib.

1983 : Under the patronage of Sri Satguru Ji, 3rd World Punjabi Conference (Regd.) was held at Bangkok (Thailand).

February 1983 : With the blessings of His Holiness Smt. Indira Gandhi nominated S. Sulakhan Singh in the Metropolitan Council of Delhi.

1st August 1983 : Guru Hari Singh College established in Sri Jiwan Nagar (Haryana).

1984 : Hola Mohalla in U.K. in Birmingham.

1985 : Hola Mohalla in Dara-e-slam (Tanzania).

1985 : With the blessings and encouragement of Sri Satguru Jagjit Singh Ji, Sri Uday Singh started seed production in Bangalore.

1986 : First Jap Paryog of one year started at Sri Bhaini Sahib.

1990-91 : Satguru Partap Singh Birth centenary celebrated. Vice President Dr. Shankar Dayal Sharma was the Chief Guest at a seminar in FICCI Auditorium, New Delhi.

16 July 1991 : Bypass Heart surgery of Satguru Jagjit Singh Ji was performed by Dr. I.K.Ross at Royal Adelaide Hospital in Australia. Four conditions put by Sri Satguru Ji were strictly observed (i) No hair cut to be done on His Holiness body. (ii) No spirits to be used before, during or after the operation done. (iii) No blood transfusion (iv) Only male nurses shall attend His Holiness.

8.11.1992 : Sri Satguru Ji laid the foundation of Sports Complex at Sri Bhaini Sahib.

1992 : Namdhari Seeds started its in-house publication 'Namdhari Samachar.'

3.12.1992 : With the blessings of His Holiness SATJUG Weekly started its publication from Delhi.

24.6.1993 : Sri Satguru Ji laid the foundation stone of Namdhari Shaheedi Samarak at Malerkotla in the presence of Chief Minister of Punjab S.Beant Singh.

9.4.1994 : Under the patronage of His Holiness, World Punjabi Conference (Regd.) held in Sapru House, Bara Khamba Road New delhi.

3 to 6 February 1994 : 7th World Religious Conference was organized by Maharaj Rajinder Singh in New Delhi, His Excellency Dalai Lama presided, Sri Satguru Ji attended it as the Chief Guest.

25.9.95 : Namdhari Martyrs were

Namdhari Elibrary NamdhariElibrary@gmail.com

remembered at World Sikh Conference held in Golden Temple Complex Amritsar. Namdhari Sikhs representing His Holiness on this occasion were honoured.

January 1997 : Research Scholar Jaswinder Singh sent to Burma by His Holiness for finding out the places where Satguru Ram Singh was kept during his confinement.

1997 : Completion of 3rd series of Paths.

1997 : 4th series of Paths started .

1997 : Satguru Ram Singh Chair established in Sampurnanand Sanskrit University, Varanasi.

19-21 July 1997: Under the patronage of His Holiness Sri Satguru Ji 5th World Punjabi Conference (Regd.) organized in Milwaukee (USA).

1997 : Sri Satguru Ji honoured in Parliament House of UK by Hon'ble Swaraj Paul, member House of Lords UK.

3 August 1997 : Sri Satguru Ji paid visit to Swami Narayan temple, Neasden, England.

24 August 1997 : Inaugurated Modern International School, Bangkok.

28 March 1999 : Sri Satguru Ji led the 35 km long procession of Namdhari Sikhs to Anandpur Sahib on the occasion of Third Centenary of birth of Khalsa. S Parkash Singh Badal Chief Minister of Punjab received and Welcomed Sri Satguru Ji at Anandpur Sahib. Head Priest presented Saropa to Sri Satguru Ji

1999 : Participated in the Kar-Sewa of Durgiana Temple, Amritsar.

1999 : Namdhari Guru Ram Singh Chair established at Guru Nanak Dev University, Amritsar. S Parkash Singh Badal CM welcomed Sri Satguru Ji.

1.8.1999 : Representatives of Sri Satguru Ji participated in the Council for Parliament of World Religions at Cape Town, South Africa.

June 2000 : Sri Satguru Ji sent a group of Namdhari Sikhs to visit Maynmar (Burma) to locate the places of confinement of Sri Satguru Ram Singh Ji

28 to 31.8.2000 : His Holiness participated in the Millenium World Peace Summit of Religious and Spiritual Leaders held in UN General Assembly Hall, New York. USA.

28.10.2000 : Foundation Stone of Sri Satguru Pratap Singh Apollo Hospital, Ludhiana laid by Satguru Jagjit Singh Ji. Sri L K Advani Deputy Prime Minister unveiled the foundation stone, S Parkash Singh Badal CM of Punjab presided over and Sri Sheikh Abdullah and Sukhdev Singh Dhindsa were guests of honour on the occasion.

12 to 14.6.2002 : Representatives of Sri Satguru Ji participated in Council of World Religions at its founding meeting in Bangkok (Thailand)

28.3.2005 : His Holiness opened the OPD Services of Satguru Partap Singh Apollo Hospital, Ludhiana.

29.3.2005 : Prime Minister of India, Dr. Manmohan Singh formally inaugurated Satguru Pratap Singh Apollo Hospital, Ludhian. Sri. Satguru Ji graced the occasion by his benevolent presence.

2007.2007.2007 Satguru Jagjit Singh hoisted the flag at Sri Bhaini Sahib during celebration of 150 years of Kuka Movement and creation of Sant Khalsa by Satguru Ram Singh Ji on 12.4 1857.

2009.2009.2009 Portrait of Satguru Ram Singh Ji and six other dignitaries unveiled in the Central Hall of Parliament by the Prime Minister Dr. Manmohan Singh. His Holiness Sri Satguru Ji with hundreds of Namdhari Sikhs graced the occasion. Hon'ble Abdul Hamid Ansari Vice President of India, Speaker Sri Som Nath Chatterjee, Sri L K Advani, Leader of opposition, Ministers of Central Government and Hon'ble MPs were present. These portraits are placed in Parliament House Museum in Library Complex.

22.8.2009 : His Holiness Satguru Jagjit Singh Ji shall complete his most successful 50 years of Gur-gaddi. ■

Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸਮੇਂ ਨਾਮਧਾਰੀ ਸਾਹਿਤ ਸਿਰਜਣਾ

✍ ਤਾਰਾ ਸਿੰਘ ਅਨਜਾਣ

ਵਰਤਮਾਨ ਵਰ੍ਹਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਉਸ ਗੁਰਗੱਦੀ ਨੂੰ ਸੁਭਾਏਮਾਨ ਕਰਨ ਦਾ ੫੦ਵਾਂ ਵਰ੍ਹਾ ਹੈ। ਜਿਸ ਗੁਰਗੱਦੀ ਨੇ ਸਾਰੇ ਨਾਨਕ ਰਾਜ ਵਿਚ ਰੂਹਾਨੀਅਤ ਦੀ ਖੁਰਾਕ ਦਿੱਤੀ। ਨਾ ਡਰਨ ਨਾ ਡਰਾਉਣ ਦੀ ਸਿਖਿਆ ਦਿੱਤੀ ਅਤੇ ਗ਼ੁਲਾਮੀ ਦੀਆਂ ਜ਼ੰਜ਼ੀਰਾਂ ਤੋੜਨ ਦੀ ਜਾਚ ਸਿਖਾਈ, ਸੁਚੱਜੀ ਜੀਵਨ ਜਾਚ ਦਿੱਤੀ।

ਸਮੇਂ ਸਮੇਂ ਹੋਏ ਸਤਿਗੁਰੂ ਸਾਹਿਬਾਨ ਨੇ ਸਦਾ ਬਾਣੀ ਉਚਾਰੀ ਹੈ। ਉਸ ਵਿਚੋਂ ਜਿਹੜੀ ਬਾਣੀ ਲਿਖਤੀ ਰੂਪ ਵਿਚ ਸੰਭਾਲੀ ਗਈ, ਸਾਹਿਤ ਬਣੀ ਅਤੇ ਸਾਡੇ ਮਾਰਗ ਦਰਸ਼ਨ ਦੇ ਕੰਮ ਆਈ। ਜਿਹੜੀ ਸਾਹਿਤ ਰਚਨਾ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਜਾਂ ਉਹਨਾਂ ਦੀ ਪ੍ਰੇਰਨਾ ਨਾਲ, ਉਹਨਾਂ ਦੇ ਸਮੇਂ ਵਿਚ ਜਾਂ ਉਸ ਤੋਂ ਪਹਿਲਾਂ ਲਿਖੀ ਗਈ ਉਹ ਵੀ ਸਾਹਿਤ ਸਿਰਜਣਾ ਦਾ ਹਿੱਸਾ ਬਣੀ ਇਹ ਵੱਖਰੀ ਗੱਲ ਹੈ ਕਿ ਉਹ ਕਵਿਤਾ ਸੀ ਜਾਂ ਵਾਰਤਕ।

ਨਾਮਧਾਰੀ ਸਾਹਿਤ ਸਿਰਜਨਾ ਦਾ ਸਮਾਂ ਡੇਢ ਕੁ ਸੌ ਸਾਲ ਤਕ ਫੈਲਿਆ ਹੋਇਆ ਹੈ।। ਪ੍ਰੋ. ਕਿਰਪਾਲ ਸਿੰਘ ਕਸੇਲ ਅਨੁਸਾਰ ਇਸ ਦੇ ਤਿੰਨ ਕਾਲ ਖੰਡ ਬਣਦੇ ਹਨ।

ੳ. ੧੮੫੭ ਤੋਂ ਲੈਕੇ ੧੯੦੬ ਈ. ਤੱਕ ਦਾ ਕਾਲ ਜਿਸ ਨੂੰ ਗੁਰੂ ਰਾਮ ਸਿੰਘ ਤੇ ਗੁਰੂ ਹਰੀ ਸਿੰਘ ਦਾ ਕਾਲ ਕਿਹਾ ਜਾ ਸਕਦਾ ਹੈ।

ਅ. ੧੯੦੬ ਤੋਂ ੧੯੫੯ ਤਕ—ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਕਾਲ।

ੲ. ੧੯੫੯ ਤੋਂ ਵਰਤਮਾਨ ਸਮੇਂ ਤਕ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਕਾਲ ਜੋ ਅਜੇ ਚਲਦਾ ਹੈ।

ਇਹਨਾਂ ਤਿੰਨਾਂ ਕਾਲਾਂ ਵਿੱਚ ਸਤਿਗੁਰੂ ਸਾਹਿਬਾਨ ਦੀ ਆਪਣੀ ਰਚਨਾ, ਹੁਕਮਨਾਮਿਆਂ, ਉਪਦੇਸਾਂ ਜਾਂ ਪ੍ਰਵਚਨਾਂ ਦੇ ਰੂਪ ਵਿਚ ਪ੍ਰਾਪਤ ਹੁੰਦੀ ਹੈ। ਇਸ ਤੋਂ ਬਿਨਾਂ ਉਹਨਾਂ ਦੀ ਸਪ੍ਰਸਤੀ, ਰਹਿਨੁਮਾਈ ਜਾਂ ਪ੍ਰੇਰਨਾ ਨਾਲ ਅਤੇ ਪ੍ਰਭਾਵ ਅਨੁਸਾਰ ਅਨੇਕ ਸਾਹਿਤਕਾਰਾਂ ਨੇ ਸਾਹਿਤ ਸਿਰਜਨਾ ਕੀਤੀ ਹੈ।

ਪਹਿਲੇ ਕਾਲ ਖੰਡ ਵਿੱਚ ਸਾਹਿਤ ਪੁੰਗਰਿਆ ਹੈ ਜੋ ਘੱਟ ਲਗਦਾ ਹੈ। ਦੂਜੇ ਕਾਲ ਖੰਡ ਵਿੱਚ ਉਹ ਉਸਰਿਆ ਹੈ, ਸੋ ਕੁਝ ਵੱਧ ਹੈ। ਅਤੇ ਤੀਜੇ ਕਾਲ ਖੰਡ ਵਿੱਚ ਜੋ ਉਸਰਿਆ ਹੈ ਜੋ ਗੁਣਾਤਮਕ ਤੇ ਗਿਣਤਾਮਕ ਪਖੋਂ ਭਰਪੂਰ ਹੈ। ਪ੍ਰੋ. ਕਿਰਪਾਲ ਸਿੰਘ ਦੇ ਸ਼ਬਦਾਂ ਵਿਚ ਹੈ 'ਨਾਮਧਾਰੀ ਸਾਹਿਤ ਦਾ ਤੀਜਾ ਕਾਲ ਵਰਤਮਾਨ ਸਤਿਗੁਰੂ (ਜਗਜੀਤ ਸਿੰਘ) ਜੀ ਦੇ ਗੁਰੂ ਪਦ ਨੂੰ ਸੰਭਾਲਣ ਨਾਲ ਸ਼ੁਰੂ ਹੁੰਦਾ ਹੈ ਅਤੇ ਇਸ ਵਿਚ ਨਾਮਧਾਰੀ ਸਾਹਿਤ ਅਤੇ ਪੱਤਰਕਾਰਤਾ ਦਾ ਚਹੁੰ ਮੁਖੀ ਵਿਕਾਸ ਹੋਇਆ ਹੈ। ਸਤਿਗੁਰੂ ਜਗਜੀਤ ਸਿੰਘ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ੧੯੫੯ ਈ. ਵਿਚ ਜੋਤੀ ਜੋਤ ਸਮਾਉਣ ਪਿਛੋਂ ਗੁਰਗੱਦੀ ਤੇ ਬਿਰਾਜਮਾਨ ਹੋਏ ਅਤੇ ਪਿਛਲੇ ੪੦ (੫੦) ਸਾਲਾਂ ਵਿੱਚ ਉਹਨਾਂ ਨੇ ਸੰਗੀਤ, ਕਲਾ, ਸਾਹਿਤ ਦੀ ਸੰਭਾਲ ਸੁਰੱਖਿਆ ਅਤੇ ਸਰਪਰਸਤੀ ਦੇ ਖੇਤਰ ਵਿਚ ਇਤਨਾ ਜੋਗ ਪਾਇਆ ਹੈ ਕਿ ਇਹ ਸਭ ਕੁਝ ਉਹਨਾਂ ਦੀ ਦੂਰਦਰਸ਼ਤਾ ਅਤੇ ਪਰਮਾਣ ਵਜੋਂ ਅਦੁਤੀ ਕੀਰਤੀਮਾਨ ਨੂੰ ਸਥਾਪਤ ਕਰਨ ਅਤੇ ਵਿਸ਼ੇਸ਼ ਕਰਕੇ ਨਾਮਧਾਰੀ ਸਤਿਗੁਰੂ ਸਾਹਿਬਾਨ ਦੇ ਰਚੇ ਗਏ ਸਾਹਿਤ ਨੂੰ ਸੰਭਾਲਣ ਤੇ ਉਹਨਾਂ ਦੇ ਸੁੰਦਰ

Namdhari Elibrary NamdhariElibrary@gmail.com

ਨਵ ਪ੍ਰਕਾਸ਼ਨ ਨਾਲ ਸੰਬੰਧ ਰਖਦਾ ਹੈ।"

—ਨਾਮਧਾਰੀ ਲਹਿਰ

ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਸਾਹਿਤ ਤੇ ਇਸ ਦੇ ਰਚਨਹਾਰਿਆਂ ਪ੍ਰਤੀ ਆਪ ਜੀ ਦੇ ਦ੍ਰਿਸ਼ਟੀਕੋਣ ਨੂੰ ਸਮਝਣ ਵਿਚ ਆਪ ਦਾ ਪਹਿਲਾ ਲੋਕ ਭਾਸ਼ਣ ਸਹਾਇਤਾ ਦਿੰਦਾ ਹੈ। ਇਹ ਭਾਸ਼ਣ ਆਪ ਨੇ ਤੀਸਰੀ ਸਰਬ ਹਿੰਦ ਲੇਖਕ ਕਾਨਫਰੰਸ ਵਿਚ ੩ ਅਕਤੂਬਰ ੧੯੫੯ ਈ. ਨੂੰ ਦਿਤਾ। ਉਸ ਵਿਚ ਆਪਨੇ ਫਰਮਾਇਆ : "ਸਾਹਿਤਕਾਰਾਂ ਦੇ ਜ਼ੁੰਮੇ ਇਕ ਖੜਾ ਵੱਡਾ ਫਰਜ਼ ਹੈ ਉਹ ਜਨਤਾ ਨੂੰ ਵਿਦਿਆ ਦੇਣ, ਗਿਆਨ ਦੇਣ ਤੇ ਉਚਾ ਉਠਣ ਦੀ ਪ੍ਰੇਰਨਾ ਦੇਣ। ਉਹ ਅਜਿਹਾ ਸਾਹਿਤ ਪੈਦਾ ਕਰਨ ਜਿਸ ਰਾਹੀਂ ਜਨ ਸਧਾਰਨ ਦਾ ਆਚਰਨ ਉਚਾ ਉਠ ਸਕੇ। ਢੱਠੇ ਨਿਤਾਣੇ, ਕਮਜ਼ੋਰਾਂ ਵਿਚ ਹੌਂਸਲੇ ਦਾ ਸੰਚਾਰ ਹੋ ਸਕੇ ਤਾਂਕਿ ਸਾਡੇ ਦੇਸ਼ ਦਾ ਕਲਿਆਣ ਹੋਵੇ, ਇਸ ਦਾ ਦੂਜੇ ਦੇਸ਼ਾਂ ਵਿਚ ਸਤਿਕਾਰ ਵਧੇ ਫੁਲੇ।" *—ਪ੍ਰਵਚਨ*

ਇਹ ਸੇਧ ਉਹਨਾਂ ਨੇ ਨਾਮਧਾਰੀ ਸਾਹਿਤਕਾਰਾਂ ਨੂੰ ਵੀ ਦਿੱਤੀ ਤੇ ਉਤਸ਼ਾਹ ਬਖਸ਼ਿਆ। ਨਹੀਂ ਤਾਂ ਬੀਤੇ ਵਿੱਚ ਕਿੰਨੇ ਕੁ ਨਾਮਧਾਰੀ ਸਾਹਿਤ ਸਿਰਜਕ ਹੋਏ ਹਨ, ਬੱਸ ਉਂਗਲ ਤੇ ਗਿਣਨ ਜੋਗੇ ਹੀ। ਜੇ ਗਿਣਤੀ ਹੀ ਕਰਨੀ ਹੋਵੇ ਤਾਂ ਪਹਿਲਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ, ਫਿਰ ਸੰਤੋਖ ਸਿੰਘ ਬਾਹੋਵਾਲ ਦਾ ਸਤਿਗੁਰੂ ਬਿਲਾਸ, ਚੰਦਾ ਸਿੰਘ ਦਾ ਬਾਰਾਮਾਂਹ, ਕਾਹਲਾ ਸਿੰਘ ਦਾ ਨਾਮਧਾਰੀ ਸਿੰਘਾਂ ਦਾ ਪੰਥ ਪ੍ਰਕਾਸ਼, ਪੈਂਤੀ ਅੱਖਰੀ, ਜੰਗਨਾਮਾ, ਸ਼ਹਿਦ ਬਿਲਾਸ, ਉਸਤਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਆਦਿ।

ਉਹਨਾਂ ਦੇ ਲੜਕੇ ਬਿਸ਼ਨ ਸਿੰਘ ਹਿਸਟੋਰੀਅਨ ਦੇ : ਆਜ਼ਾਦੀ ਦੀ ਲਹਿਰ ਤੇ ਨਾਮਧਾਰੀ ਦੇਵੀਆਂ, ਇਨਕਲਾਬੀ ਕੂਕਾ, ਬਾਗੀ ਕੂਕਾ, ਸ਼ਹੀਦ ਬਿਲਾਸ ਰਾਏਕੋਟ, ਸ਼ਹੀਦ ਬਿਲਾਸ ਸ੍ਰੀ ਅੰਮ੍ਰਿਤਸਰ, ਕੂਕਾ ਸਿੱਖ ਤੇ ਅੰਗਰੇਜ਼ ਰਾਜ, ਭਗਤ ਨਾਮਦੇਵ ਬਾਣੀ ਦਾ ਟੀਕਾ ਤੇ ਜਨਮ ਸਾਖੀ, ਸ੍ਰੀ ਭਗਤ ਰਵਿਦਾਸ ਪ੍ਰਕਾਸ਼, ਸੰਤ ਇੰਦਰ ਸਿੰਘ ਚੱਕਰਵਰਤੀ ਦਾ ਨਾਮਧਾਰੀ ਇਤਿਹਾਸ ਹਿੱਸਾ ੧, ਮਾਲਵੇਂਦਰ, ਬੀਤ ਰਾਗ ਆਦਿ। ਧਿਆਨ ਸਿੰਘ ਮਿੰਟਗੁਮਰੀ ਦਾ ਸ੍ਰੀ ਸਤਿਗੁਰੂ ਬ੍ਰਿਆਸ ਪਾਤਸ਼ਾਹੀ ੧੨ਵੀਂ, ਭਾਈ ਹਰਨਾਮ ਸਿੰਘ ਬਗਲੀ ਵਾਲੇ ਦਾ ਸੰਤ ਖਾਲਸਾ ਤਵਾਰੀਖ ਨਾਮਧਾਰੀ, ਨਿਧਾਨ ਸਿੰਘ ਆਲਿਮ ਦਾ ਗੁਰੂ ਪਦ ਪ੍ਰਕਾਸ਼ ਤਿੰਨ ਹਿੱਸੇ, ਰੂਹਾਨੀ ਟੈਲੀਫੋਨ, ਜੁਗ ਪਲਟਾਊ ਸਤਿਗੁਰੂ, ਸਿਖ ਧਰਮ ਤੇ ਮਾਸ, ਨਾਮਧਾਰੀ ਸਿਧਾਂਤ ਦਰਸ਼ਨ ਅਤੇ ਨਾਹਰ ਸਿੰਘ ਐਮ. ਏ. ਦਾ ਨਾਮਧਾਰੀ ਇਤਿਹਾਸ ਆਦਿ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਪੁਸਤਕ ਰੂਪ ਵਿੱਚ ਹੋਰ ਰਚਨਾਵਾਂ ਸ਼ਾਇਦ ਹੀ ਪ੍ਰਾਪਤ ਹੋਣ। ਹਾਂ, ਪ੍ਰਿੰਸੀਪਲ ਗੰਡਾ ਸਿੰਘ ਦੀ ਇਕ ਰਚਨਾ ਕੂਕਿਆਂ ਦੀ ਵਿਥਿਆ ਜ਼ਰੂਰ ਹੈ ਜਿਸਦੇ ਸ਼ਗਿਰਦ ਪ੍ਰੋ. ਕਿਰਪਾਲ ਸਿੰਘ ਕਸੇਲ ਨੇ ਇਕ ਥਾਂ ਤੇ ਬੋਲਦਿਆਂ ਇਹ ਕਿਹਾ ਸੀ ਕਿ ਡਾ. ਗੰਡਾ ਸਿੰਘ ਨੇ ਨਾਮਧਾਰੀਆਂ ਬਾਰੇ ਘਟੀਆ ਤੋਂ ਘਟੀਆ ਲਿਖਿਆ।

ਸਤਿਜੁਗ ਸਪਤਾਹਿਕ ਵਿਚ ਬਹੁਤ ਸਾਰੇ ਲੇਖ, ਇਕਾਂਗੀ, ਕਹਾਣੀਆਂ, ਕਵਿਤਾਵਾਂ ਆਦਿ ਛਪਦੇ ਰਹੇ ਹਨ। ਉਹ ਵੱਡਮੁਲੇ ਅਤੇ ਪ੍ਰਭਾਵਸ਼ਾਲੀ ਸਨ। ਪਰ ਪੁਸਤਕ ਰੂਪ ਵਿਚ ਨਹੀਂ ਸਨ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਜਿਥੇ ਨਾਮਧਾਰੀ ਕਲਮਕਾਰਾਂ ਨੂੰ ਥਾਪੀ ਦਿੱਤੀ ਉਥੇ ਗੈਰ ਨਾਮਧਾਰੀ ਲੇਖਕਾਂ ਨੂੰ ਵੀ ਉਤਸ਼ਾਹ ਬਖ਼ਸ਼ਿਆ। ਪ੍ਰੋ. ਕਿਰਪਾਲ ਸਿੰਘ ਕਸੇਲ ਪ੍ਰਸਿੱਧ ਅਲੋਚਕ ਤੇ ਲੇਖਕ ਆਪਣੀ ਸਵੈ-ਜੀਵਨੀ 'ਪੌਣੀ ਸਦੀ ਦਾ ਸਫਰ' ਵਿਚ ਚੱਕਰਵਰਤੀ ਜੀ ਦੇ ਉਦਮ ਨਾਲ 1960 ਈ. ਵਿੱਚ ਸ੍ਰੀ ਭੈਣੀ ਸਾਹਿਬ ਹੋਏ ਪ੍ਰਸਿੱਧ ਪੰਜਾਬੀ ਲੇਖਕਾਂ ਦੇ ਵਿਸ਼ੇਸ਼ ਸੰਮੇਲਨ ਦਾ ਹਵਾਲਾ ਦਿੰਦੇ ਹੋਏ ਸ੍ਰੀ ਸਤਿਗੁਰੂ ਜੀ ਨੇ ਉਦੋਂ ਕਿਵੇਂ ਕਿਰਪਾ ਕੀਤੀ ਉਸ ਸਮੇਂ ਪਹੁੰਚੇ ਕੁਝ ਲੇਖਕਾਂ—ਸ. ਗੁਰਬਖਸ਼ ਸਿੰਘ ਪ੍ਰੀਤ ਲੜੀ, ਅਵਤਾਰ ਸਿੰਘ ਆਜ਼ਾਦ, ਸਾਧੂ ਸਿੰਘ ਹਮਦਰਦ, ਸ਼ਾਦੀ ਸਿੰਘ, ਈਸ਼ਰ ਸਿੰਘ ਅਟਾਰੀ, ਪ੍ਰੋ. ਪਿਆਰ ਸਿੰਘ, ਡਾ. ਸ਼ੇਰ ਸਿੰਘ, ਕਰਤਾਰ ਸਿੰਘ ਕਾਲਰਾ ਆਦਿ ਸ਼੍ਰੋਮਣੀ ਸਾਹਿਤਕਾਰਾਂ ਦੀ ਹਾਜ਼ਰੀ ਬਾਰੇ ਦੱਸਦੇ ਹੋਏ ਲਿਖਦੇ ਹਨ ਕਿ ਉਸ ਸਮੇਂ ਸਤਿਗੁਰੂ ਸਾਹਿਬਾਨ ਦੇ ਅਧਿਆਤਮਿਕ, ਸਾਹਿਤਕ ਸਭਿਆਚਾਰ, ਰਾਜਨੀਤਕ ਤੇ ਲੋਕ ਸੇਵਾ ਤੇ ਭਲਾਈ, ਗੁਰਮਤ ਸੰਗੀਤ ਅਤੇ ਸੁਤੰਤਰਤਾ ਲਈ ਮਾਰਗ ਦਰਸ਼ਨ ਬਾਰੇ ਚਰਚਾ ਹੋਈ। ਕਸੇਲ ਜੀ ਅਨੁਸਾਰ :

"ਵਰਤਮਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਿਚ ਉਹ ਸਾਰੇ ਗੁਣ ਮੌਜੂਦ ਹਨ। ਇਸ ਸੰਮੇਲਨ ਦੇ ਪਿਛੋਂ ਸ੍ਰੀ ਸਤਿਗੁਰੂ ਜੀ ਤੇ ਬਾਬਾ ਬੀਰ ਸਿੰਘ ਜੀ

Namdhari Elibrary NamdhariElibrary@gmail.com

ਨੇ ਆਪਣੇ ਹੱਥੀਂ ਆਏ ਸਾਹਿਤਕਾਰਾਂ ਦੇ ਜਲਪਾਨ ਦੀ ਸੇਵਾ ਕੀਤੀ। ਪਿਛੋਂ ਹਰ ਸਾਹਿਤਕਾਰ ਨੂੰ ਇਕ ਇਕ ਅਠੋਤਰੀ ਉਨ ਦੀ ਮਾਲਾ ਬਖਸ਼ੀ। ਮੈਨੂੰ ਹੋਰਨਾਂ ਦਾ ਤਾਂ ਪਤਾ ਨਹੀਂ ਪਰ ਇਹੋ ਮਾਲਾ ਜਿਸਨੂੰ ਮੈਂ ਸੰਭਾਲ ਕੇ ਰਖਿਆ ਸੀ ਹਰ ਸੰਕਟ ਸਮੇਂ ਮੇਰੀ ਧੀਰ ਬਣੀ। ਇਸੇ ਦਾ ਸਦਕਾ ਮੈਨੂੰ ਸਤਿਗੁਰੂ ਜੀ ਦੇ ਦਰ ਤੋਂ, ਪਿਛੋਂ ਜਾ ਕੇ ਨਾਮ ਦੀ ਦਾਤ ਪ੍ਰਾਪਤ ਹੋਈ।"

ਕਸੇਲ ਜੀ ਜਦ ੧੯੬੪ ਵਿੱਚ ਨੇਤਰਾਂ ਦੀ ਨਾ-ਮੁਰਾਦ ਬਿਮਾਰੀ ਕਾਰਨ ਇਸ ਸੰਸਾਰ ਨੂੰ ਵੇਖਣ ਤੋਂ ਅਸਮਰਥ ਹੋ ਗਏ ਤਾਂ ਸ੍ਰੀ ਸਤਿਗੁਰੂ ਜੀ ਨੇ ਉਹਨਾਂ ਨੂੰ ਸ੍ਰੀ ਜੀਵਨ ਨਗਰ ਰੱਖ ਕੇ ਕੁਦਰਤ ਚਕਿਤਸਾ ਨਾਲ ਜੋੜਿਆ ਅਤੇ ਮਾਨਸਿਕ ਤੌਰ ਉਤੇ ਚੜ੍ਹਦੀ ਕਲਾ ਵਿਚ ਰਖਿਆ। ਏਥੇ ਉਹਨਾਂ ਨੂੰ ਮਾਸਟਰ ਨਿਹਾਲ ਸਿੰਘ, ਤਰਨ ਸਿੰਘ ਵਹਿਮੀ ਤੇ ਪ੍ਰੀਤਮ ਸਿੰਘ ਕਵੀ ਤੇ ਹੋਰ ਨਾਮਧਾਰੀ ਸਾਹਿਤਕਾਰ ਮਿਲਦੇ ਰਹੇ। ਕਿਰਪਾਲ ਸਿੰਘ ਕਸੇਲ ਨੇ ਜਿਥੇ ਹੋਰ ਬਹੁਤ ਸਾਰੀਆਂ ਕਵਿਤਾਵਾਂ, ਵਾਰਤਕ, ਆਲੋਚਨਾ ਅਤੇ ਗਲਪ ਰਚਨਾਵਾਂ ਕੀਤੀਆਂ, ਉਥੇ—ਜੈਸਾ ਸਤਿਗੁਰੂ ਸੁਣੀਦਾ, ਚਾਲੀਸਾ—ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਤਵਾਰੀਖ ਸੰਤ ਖਾਲਸਾ, ਨਾਮਧਾਰੀ ਸਤਿਗੁਰੂ ਮਹਿਮਾ ਆਦਿ ਪੁਸਤਕਾਂ ਰਾਹੀਂ ਨਾਮਧਾਰੀ ਸਾਹਿਤ ਸਿਰਜਕਾਂ ਦੀ ਪਹਿਲੀ ਕਤਾਰ ਵਿਚ ਆ ਖੜ੍ਹੇ ਹੋਏ।

ਪ੍ਰਸਿੱਧ ਸਾਹਿਤਕਾਰ ਤਾਰਾ ਸਿੰਘ ਕਾਮਿਲ, ਨਵਤੇਜ ਸਿੰਘ, ਸੰਤੋਖ ਸਿੰਘ ਧੀਰ, ਡਾ. ਹਰਿਭਜਨ ਸਿੰਘ, ਅਫਜ਼ਲ ਅਹਿਸਾਨ ਰੰਧਾਵਾ, ਗੁਰਨਾਮ ਸਿੰਘ ਤੀਰ, ਸੰਤ ਸਿੰਘ ਸੇਖੋਂ, ਡਾ. ਮਹੀਪ ਸਿੰਘ, ਹਰਭਜਨ ਸਿੰਘ ਰਤਨ, ਰਤਨ ਸਿੰਘ ਜੱਗੀ, ਡਾ. ਜੋਧ ਸਿੰਘ, ਸੁਰਜੀਤ ਪਾਤਰ, ਵਰਿਆਮ ਸਿੰਘ ਸੰਧੂ, ਗੁਰਭਜਨ ਗਿਲ ਆਦਿ ਜਦ ਵੀ ਆਪ ਦੇ ਦਰਸ਼ਨ ਕਰਨ ਆਏ ਪ੍ਰਭਾਵਿਤ ਹੋ ਕੇ ਗਏ।

ਇਸ ਕਾਲ ਖੰਡ ਵਿਚ ਲਿਖਣ ਵਾਲੇ ਪਿਛਲੀ ਪੀੜ੍ਹੀ ਦੇ ਹੋਰ ਸਾਹਿਤਕਾਰਾਂ ਵਿਚ ਇੰਦਰ ਸਿੰਘ ਚੱਕਰਵਰਤੀ ਦੀਆਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਵਿਚ ਪ੍ਰਕਾਸ਼ਿਤ ਪੁਸਤਕਾਂ ਹਨ : ਅੜਬੰਗੀ, ਪਹਿਲਾ ਮਰਣਿ ਕਬੂਲ, ਅਟੱਲ ਪ੍ਰਤਾਪੀ, ਖੰਡੇ ਦਾ ਅੰਮ੍ਰਿਤ ਕਿਸ ਨੇ ਬਣਾਇਆ ਆਦਿ। ਇਸ ਤੋਂ ਇਲਾਵਾ ਉਹਨਾਂ ਨੇ ਹੋਰ ਸਾਹਿਤਕ ਰਚਨਾ ਰਾਹੀਂ ਸਾਹਿਤ ਵਿਚ ਆਪਣੀ ਵੱਡਮੁੱਲੀ ਥਾਂ ਬਣਾਈ ਹੈ। ਉਹਨਾਂ ਦੀ ਸੰਪਾਦਨਾ ਹੇਠ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਸਤਿਜੁਗ ਆਪਣੀ ਨਿਵੇਕਲੀ ਥਾਂ ਬਣਾ ਚੁੱਕਾ ਸੀ।

ਸੰਤ ਤਰਨ ਸਿੰਘ ਵਹਿਮੀ ਇਕ ਹੋਰ ਮਹੱਤਵਪੂਰਨ ਸਾਹਿਤਕਾਰ ਹੈ। ਜਿਸ ਨੇ ਕਿੱਸਾ, ਵਾਰਤਕ ਅਤੇ ਖੋਜ ਦੇ ਖੇਤਰ ਵਿਚ ਆਪਣੀ ਵਿਸ਼ੇਸ਼ ਪਛਾਣ ਬਣਾਈ। ਉਹਨਾਂ ਦੀਆਂ ਸਾਰੀਆਂ ਰਚਨਾਵਾਂ : ਪੰਜ ਨਿਰਣੇ, ਸਾਫ ਪਾਣੀ, ਇਛਾ ਪੂਰਕ, ਸੋਰਠ ਬੀਜਾ, ਗੁਰ ਪ੍ਰਕਾਸ਼, ਸਚਹੁ ਓਰੈ ਸਭ ਕੋ, ਇਤਿਹਾਸਕ ਕਾਵਿ ਸੰਗ੍ਰਹਿ, ਨਦੇੜੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ, ਜੱਸ ਜੀਵਨ ਛੇ ਭਾਗ, ਸੁਹੇਵਾ ਸਾਹਿਬ ਅਤੇ ਨਦੇੜ ਨਰ ਨਾਟਕੋਂ ਬਾਅਦ, ਹਨ। ਪਰ ਉਹਨਾਂ ਦੀ ਵਿਸ਼ੇਸ਼ ਪਛਾਣ ਜੱਸ-ਜੀਵਨ ਕਰਕੇ ਹੈ। ਇਸ ਸਾਹਿਤਕਾਰ ਨੂੰ ਹਰਿਆਣੇ ਨੇ ਸਨਮਾਨਣ ਲਈ ਹਰਿਆਣਾ ਪੰਜਾਬੀ ਸਾਹਿਤ ਅਕੈਡਮੀ ਵਲੋਂ ੨੦੦੮ ਵਿਚ 'ਸੰਤ ਤਰਨ ਸਿੰਘ ਵਹਿਮੀ ਅਵਾਰਡ' ਸ਼ੁਰੂ ਕੀਤਾ ਹੈ, ਜੋ ੫੧੦੦੦/- ਦਾ ਹੈ।

ਪ੍ਰੀਤਮ ਸਿੰਘ ਕਵੀ ਸਤਿਗੁਰੂ ਜੀ ਦਾ ਸਹਿਪਾਠੀ ਸਤਿਗੁਰੂ ਜੀ ਦੇ ਸਮੇਂ ਕਲਮ ਦੀ ਕਰਾਮਾਤ ਵਿਖਾਉਣ ਵਾਲਾ ਇਕ ਹੋਰ ਕਵੀ ਤੇ ਵਾਰਤਕਕਾਰ ਹੈ। ਇਸ ਨੇ ੫੭-੬੬ ਤਕ ਸਤਿਜੁਗ ਦੀ ਸੰਪਾਦਨਾ ਕੀਤੀ। ਕਵੀ ਜੀ ਨੇ ਸ੍ਰੀ ਜੀਵਨ ਨਗਰ, ਸ੍ਰੀ ਭੈਣੀ ਸਾਂਹਿਬ, ਸਿਮਰਨ, ਬੀਤੇ ਦੀਆਂ ਪੈੜਾਂ-੧੩ ਭਾਗ, ਸਤਿਗੁਰੂ ਜਗਜੀਤ ਸਿੰਘ ਇਕ ਪਰਿਵਰਤਨ, ਸੂਬਾ ਸਾਹਿਬ ਸਿੰਘ, ਗਿਆਨੀ ਰਤਨ ਸਿੰਘ, ਇਸਤਰੀਆਂ ਦਾ ਮੁਕਤੀ ਦਾਤਾ ਆਦਿ ਪੁਸਤਕਾਂ ਪ੍ਰਕਾਸ਼ਿਤ ਕਰਵਾਈਆਂ। ਇਹਨਾਂ ਦੀਆਂ ਪੁਸਤਕਾਂ ਹਿੰਦੀ ਵਿਚ ਵੀ ਪ੍ਰਾਪਤ ਹੁੰਦੀਆਂ ਹਨ।

ਸੰਤ ਆਤਮਾ ਸਿੰਘ ਸਨਖਤਰਾ ਦੀ ਪਛਾਣ ਸਤਿਗੁਰੂ ਜੀ ਦੀ ਰਜ਼ਾ ਅਨੁਸਾਰ ੨੨ ਕੁ ਵਰ੍ਹੇ ਤਕ ਸਤਿਜੁਗ ਦੀ ਸੰਪਾਦਨਾ ਕਰਨ ਕਰਕੇ ਹੈ। ਉਹਨਾਂ ਦੀਆਂ ਦੋ ਰਚਨਾਵਾਂ ਨਾਨਕ ਰਾਜ ਅਤੇ ਸਿਖ ਗੁਰੂ ਪ੍ਰੰਪਰਾ ਵਿਚ ਖੋਜ ਅਤੇ ਇਤਿਹਾਸ ਸਮਾਇਆ ਹੋਇਆ ਹੈ। ਤੀਜੀ ਉਸਦੀ ਸਵੈ-ਜੀਵਨੀ 'ਮੇਰੀ ਜਿੰਦਗੀ ਦਾ ਸਫਰਨਾਮਾ' ਹੈ।

ਮਾਸਟਰ ਨਿਹਾਲ ਸਿੰਘ ਦੀਆਂ ਸਾਹਿਤ ਰਚਨਾਵਾਂ ਸਤਿਗੁਰੂ ਦੇ ਨਾਲ ਜੋੜਦੀਆਂ ਹਨ। ਉਹਨਾਂ ਨੇ ਸਤਿਗੁਰੂ ਹਰੀ ਸਿੰਘ ਮਹਾਂਵਿਦਿਆਲੇ ਵਿਚ ਹੈਡਮਾਸਟਰ ਦੇ ਤੌਰ ਤੇ ਸੇਵਾ ਵੀ ਕੀਤੀ ਅਤੇ

Namdhari Elibrary NamdhariElibrary@gmail.com

ਮੈਨੇਜਰ ਦੇ ਤੌਰ ਤੇ ਵੀ ਜ਼ੁੰਮੇਵਾਰੀ ਨਿਭਾਈ। ਆਪ ਦੀਆਂ ਪੁਸਤਕਾਂ : ਸੀਤਲਤਾ ਦਾ ਸਰੋਤ ਸਾਹਿਤ ਦੇ ਪਾਠਕ ਨੂੰ ਸੁਹਜ ਸਵਾਦ ਦਿੰਦੀਆਂ ਹਨ ਉਥੇ ਸਕੂਲ ਦੇ ਵਿਦਿਆਥੀਆਂ ਲਈ ਲਿਖੀਆਂ ਪੁਸਤਕਾਂ ਉਹਨਾਂ ਦੇ ਮਨੋ ਵਿਗਿਆਨਕ ਪੱਧਰ ਤੇ ਆ ਕੇ ਗੱਲ ਕਰਦੀਆਂ ਹਨ। ਜਿਵੇਂ : ਬਾਲ ਸਿਖਿਆ, ਬਾਈਕਾਟ, ਬੇਅੰਤ ਲੀਲਾ, ਵਿਦਿਅਕ ਪੋਥੀ, ਚੋਜੀ ਪ੍ਰੀਤਮ, ਰਤਨ ਮਾਲਾ, ਦਾਨੇ ਤੇ ਮਸਤਾਨੇ, ਮਾਤਾਵਾਂ, ਸਤਿਗੁਰੂ ਰਾਮ ਸਿੰਘ, ਤੋਪਾਂ ਗਰਜਦੀਆਂ ਗਈਆਂ ਕੂਕੇ ਵਧਦੇ ਗਏ, ਕੂਕਿਆਂ ਦਾ ਪੰਥ ਨਿਰਾਲਾ, ਅਧੂਰੀ ਕਹਾਣੀ, Lord of Virtues, Enlighteners।

ਸੰਤ ਖਜ਼ਾਨ ਸਿੰਘ ਇਨਸਾਫ਼ ਦੀ ਰਚਨਾ — ਇਨਸਾਫ ਦੀ ਆਵਾਜ਼ ਵਿਚ ਉਹਨਾਂ ਦੇ ਜੀਵਨ ਤਜ਼ਰਬਿਆਂ ਦੇ ਅਧਾਰ ਤੇ ਲਿਖੀ ਰਚਨਾ ਹੈ ਇਸ ਵਿਚ ਬਾਰਾਂਮਾਹੇ ਵਿਚ ਸਤਿਗੁਰੂ ਜੀ ਦੀ ਸੋਭਾ ਪੜ੍ਹਿਆਂ ਹੀ ਬਣਦੀ ਹੈ।

ਸੰਤ ਕਰਮ ਸਿੰਘ ਪਟਵਾਰੀ ਦੀ ਇਕੋ ਇਕ ਰਚਨਾ-ਗੁਰ ਇਤਿਹਾਸ ਜਾਣਕਾਰੀ, ਖੋਜੀ ਵਿਅਕਤੀਆਂ ਨੂੰ ਗੁਰੂ ਨਾਨਕ ਤੋਂ ਲੈ ਕੇ ਸਤਿਗੁਰੂ ਜਗਜੀਤ ਸਿੰਘ ਤਕ ਦੇ ਇਤਿਹਾਸ ਦੀ ਝਲਕ ਦ੍ਰਿਸ਼ਟੀਗੋਚਰ ਕਰ ਦਿੰਦੀ ਹੈ।

ਸੁਰਜੀਤ ਸਿੰਘ ਖੁਰਾਣਾ ਦੀ ਇਕੋ ਇਕ ਰਚਨਾ—ਗੁਰੂ ਬੰਸਾਵਲੀ ਵੀ ਸਤਿਗੁਰੂ ਸਾਹਿਬਾਨ ਦਾ ਸੰਖੇਪ ਜੀਵਨ ਪੜ੍ਹਨ ਵਿਚ ਬਹੁਤ ਸਹਾਈ ਹੁੰਦੀ ਹੈ।

ਏਸੇ ਤਰ੍ਹਾਂ ਮਿਹਰ ਸਿੰਘ ਕਾਨਪੁਰ ਦੀ 'ਪੁਰਖ ਗੁਰੂ' ਬਹੁਤ ਸਲਾਹੀ ਗਈ ਅਤੇ ਹਰਭਜਨ ਸਿੰਘ ਰਤਨ ਦੀ 'ਗੁਰਗੀਤ ਰਤਨ ਮਾਲਾ' ਦੀ ਵੀ ਪ੍ਰਸੰਸਾ ਹੋਈ।

ਸੰਤ ਮਹਿੰਦਰ ਸਿੰਘ ਪਨਿਹਾਰੀ ਵੇਦਾਂਤ ਦਾ ਗਿਆਤਾ ਸੀ। ਉਹ ਭਾਰਤੀ ਅਧਿਆਤਮਕ ਪਰੰਪਰਾ ਨੂੰ ਪੂਰੀ ਤਰ੍ਹਾਂ ਸਮਝਦਾ ਸੀ। ਇਹ ਪਰੰਪਰਾ ਉਸ ਦੀਆਂ ਪੁਸਤਕਾਂ—ਗੁਰੂ ਚੇਤਨ, ਹੇਤੂ ਮੁਕਤ ਕੋ ਗਿਆਨ, ਭਗਤੀ ਗਿਆਨ ਸਹਿਜ ਯੋਗ ਆਦਿ ਰਾਹੀਂ ਪ੍ਰਗਟ ਹੁੰਦਾ ਹੈ।

ਮਾਸਟਰ ਅਮਰੀਕ ਸਿੰਘ ਇਕ ਬਹੁਤ ਵਧੀਆ ਕਵੀ, ਗੀਤਕਾਰ ਤੇ ਗਜ਼ਲਗੋ ਹੈ। ਉਸਨੇ ਜੇ ਮਿੱਠੀਆਂ ਮਿਰਚਾਂ ਦੀ ਗੱਲ ਵੀ ਕਰਨੀ ਹੈ ਤਾਂ ਕਵਿਤਾ ਰਾਹੀਂ ਹੀ ਕਰਨੀ ਹੈ ਅਤੇ ਜੇ ਮਿੱਠੀਆਂ ਮੁਸਕਾਨਾਂ ਵੀ ਦੇਣੀਆਂ ਹਨ ਤਾਂ ਕਵਿਤਾ ਰਾਹੀਂ। ਸਤਿਗੁਰੂ ਜਗਜੀਤ ਸਿੰਘ ਬਾਰੇ-ਸੱਚੀ ਤੇਰੀ ਸਿਫਤ ਅਤੇ ਗੁਰ ਗਿਤਾਂਜਲੀ ਉਸਦੇ ਕਾਵਿ/ਗੀਤ ਸੰਗ੍ਰਹਿ ਹਨ। ਉਸਨੇ ਸ੍ਰੀ ਗੁਰੂ ਹਰੀ ਸਿੰਘ ਮਹਾਂ ਵਿਦਿਆਲਾ ਜੀਵਨ ਨਗਰ ਵਿਚ ਅਧਿਆਪਕ ਵਜੋਂ ਕੰਮ ਕੀਤਾ ਅਤੇ ਫਿਰ ਹੋਰ ਵਿਦਿਅਕ ਸੰਸਥਾਵਾਂ ਨਾਲ ਹੈਡਮਾਸਟਰ, ਮੈਨੇਜਰ, ਸਰਪ੍ਰਸਤ ਵਜੋਂ ਜੁੜੇ। ਉਹਨਾਂ ਦੀਆਂ ਸਾਹਿਤਕ ਰਚਨਾਵਾਂ ਹਨ—ਪਹਿਲਾ ਉਭਾਰ, ਪੰਖੜੀਆਂ, ਗਮ ਦੀ ਮਹਿਕ, ਦਰਦ ਦਾ ਅਹਿਸਾਸ, ਜਿਨ ਮਾਰਗ ਦੀਆ ਬਤਾਏ (ਮਹਾਂ ਕਾਵਿ), ਸ਼ੇਅਰਾਂ ਦਾ ਸ਼ਿਰਾਜਾ, ਬਹਾਰੇ ਗਜ਼ਲ, ਦੋਹੋਂ ਕੇ ਜਾਮ ਨੇਤਾਓਂ ਕੇ ਨਾਮ (ਹਿੰਦੀ) ਅਤੇ ਉਹਨਾਂ ਦੀ ਨਵੀਂ ਛਪੀ ਵਾਰਤਕ ਰਚਨਾ 'ਦੋ ਵਾਰ ਵਾਹਘਿਓਂ ਪਾਰ' ਪਾਠਕ ਨੂੰ ਸਹਿਜੇ ਹੀ ਆਪਣੇ ਅਤੇ ਨਾਮਧਾਰੀਪੁਣੇ ਨਾਲ ਲੈ ਕੇ ਤੁਰਦੀ ਹੈ। ਮਾ. ਅਮਰੀਕ ਸਿੰਘ ਨੂੰ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਵਲੋਂ 'ਤਰਨ ਸਿੰਘ ਵਹਿਮੀ ਸਨਮਾਨ' ਮਿਲਿਆ।

ਡਾਕਟਰ ਕਰਮ ਸਿੰਘ ਕਪੂਰ ਦੀ ਰਚਨਾ ਸਤਿਗੁਰੂ ਪ੍ਰਤਾਪ ਸਿੰਘ ਇਕ ਮਹਾਨ ਸਤਿਗੁਰੂ ਇਕ ਗੰਭੀਰ ਰਚਨਾ ਹੈ ਅਤੇ ਭਾਪਾ ਪ੍ਰੀਤਮ ਸਿੰਘ ਦੀ ਸੰਪਾਦਿਤ 'ਮਹਾਂਨੂਰ' ਵੀ ਇਕ ਵੱਡਅਕਾਰੀ ਸਾਰਥਕ ਰਚਨਾ ਹੈ।

ਸੰਤ ਮੰਗਲ ਸਿੰਘ ਲਾਇਲਪੁਰੀ ਨੇ ਬਹੁਤਾ ਕਾਰਜ ਪੱਤਰਕਾਰੀ ਦੇ ਖੇਤਰ ਵਿਚ ਕੀਤਾ ਹੈ। ਉਹਨਾਂ ਨੇ ਸਤਿਜੁਗ ਦੀ ਸੰਪਾਦਨਾ ਸਮੇਂ ਬਹੁਤ ਸਾਰੇ ਨਵੇਂ ਲੇਖਕਾਂ ਨੂੰ ਉਤਸ਼ਾਹ ਦਿੱਤਾ ਹੈ ਅਤੇ ਨਵਾਂ ਹਿੰਦੁਸਤਾਨ ਰੋਜ਼ਾਨਾ ਦੀ ਸੰਪਾਦਨਾ ਨਾਲ ਪਾਠਕਾਂ ਦਾ ਘੇਰਾ ਵਧਾਇਆ ਹੈ। ਪਰ ਉਹਨਾਂ ਦੀ ਕਹਾਣੀਆਂ ਦੀ ਪੁਸਤਕ 'ਨਾਮਧਾਰੀ ਕਿਰਨਾਂ' ਬੜੀ ਰੋਚਕ ਰਚਨਾ ਹੈ।

ਉਹਨਾਂ ਦੇ ਹੀ ਛੋਟੇ ਵੀਰ ਅਮਰ ਭਾਰਤੀ ਨੇ ਆਪਣੀ ਪਛਾਣ ਬੰਗਲਾ ਤੋਂ ਪੰਜਾਬੀ ਵਿਚ ਅਨੁਵਾਦ ਕਾਰਜ ਕਰਨ ਨਾਲ ਬਣਾਈ। ਉਹਨਾਂ ਟੈਗੋਰ ਦੀਆਂ ਬਹੁਤ ਸਾਰੀਆਂ ਸਾਹਿਤਕ ਰਚਨਾਵਾਂ ਦਾ ਪੰਜਾਬੀ ਅਨੁਵਾਦ ਕੀਤਾ ਅਤੇ ਸਾਹਿਤ ਅਕੈਡਮੀ ਵਲੋਂ ਅਨੁਵਾਦਕ ਦਾ ਪੁਰਸਕਾਰ ਵੀ ਪ੍ਰਾਪਤ ਕੀਤਾ। ਨਾਮਧਾਰੀ ਪਾਠਕਾਂ ਲਈ ਅਨੰਦ ਸ਼ਤਾਬਦੀ, ਸਿਖ ਇਤਿਹਾਸ ਤੇ ਕੂਕੇ, ਸ੍ਰੀ ਦਸਮੇਸ਼ ਨੰਦੇੜ ਪਿਛੋਂ, ਸਤਿਗੁਰੂ ਤਿਸ ਕਾ ਨਾਉ, ਦਸਮ ਗ੍ਰੰਥ ਵਿਚ ਕੁੰਡਲਿਨੀ

Namdhari Elibrary NamdhariElibrary@gmail.com

ਤੱਤ ਆਦਿ ਮਹੱਤਵਪੂਰਨ ਰਚਨਾਵਾਂ ਹਨ ਜੋ ਗੰਭੀਰ ਅਧਿਅਨ ਅਤੇ ਖਜ ਪ੍ਰਕਿਰਿਆ ਵਿਚੋਂ ਲੰਘੀਆਂ ਹਨ। ਅਲਹੁ ਵਸਰਉ ਮੇਹੁ, ਮੈਂ ਅਜੇ ਵਾਪਿਸ ਨਹੀਂ ਆਇਆ ਅਤੇ ਸ਼ਾਂਤੀ ਨਿਕੇਤਨ ਬਾਰੇ ਵੀ ਉਹਨਾਂ ਦੀਆਂ ਪੜ੍ਹਨ ਯੋਗ ਰਚਨਾਵਾਂ ਹਨ।

ਲਾਇਲਪੁਰੀ ਜੀ ਦੇ ਲੜਕੇ ਸ. ਸ. ਮਨਧੀਰ ਤੇ ਸਰਬ ਸ਼ਕਤੀ ਮਾਨ ਸਿੰਘ ਪੱਤਰਕਾਰੀ ਦੇ ਖੇਤਰ ਵਿੱਚ ਹਨ। ਸਰਬ ਸ਼ਕਤੀ ਮਾਨ ਵਰਤਮਾਨ ਹਿੰਦੁਸਾਤਨ ਦਾ ਸੰਪਾਦਕ ਹੈ।

ਗਿਆਨੀ ਤੇਜਾ ਸਿੰਘ ਪੂਰਬੀ ਅਫਰੀਕਾ ਤੋਂ ਇੰਗਲੈਂਡ ਆਏ। ਇਹਨਾਂ ਨੇ ਛੋਟੇ ਛੋਟ ਕਿਤਾਬਚਿਆਂ ਅਤੇ ਪੈਂਫਲਿਟਾਂ ਰਾਹੀਂ ਨਾਮਧਾਰੀ ਪੰਥ ਦੀ ਵਿਚਾਰਧਾਰਾ ਨੂੰ ਲੋਕਾਂ ਵਿਚ ਪਹੁੰਚਾਉਣ ਦਾ ਉਦਮ ਕੀਤਾ। ਸਤਿਗੁਰੂ ਰਾਮ ਸਿੰਘ ਜੀ ਦਾ ਇਸਤਰੀ ਜਾਤੀ ਪੁਰ ਉਪਕਾਰ-ਦੋ ਭਾਗ, ਖਾਕੀ ਨਹੀਂ ਇਹ ਨੂਰੀ ਹੈ, ਸਾਂਤਗੀ ਭੋਜਨ, ਇਸ਼ਟ ਗੁਰੂ ਮੰਤ੍ਰ ਵੀਚਾਰ ਬੜੀਆਂ ਪਿਆਰੀਆਂ ਰਚਨਾਵਾਂ ਹਨ।

ਸੰਤ ਫੁੰਮਣ ਸਿੰਘ ਕੰਵਲ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਵਿਚ ਗੁਰਬਾਣੀ ਅਤੇ ਭਗਤ ਬਾਣੀ ਦੇ ਸੂਕਸ਼ਮ ਭੇਦ, ਮਾਂ ਬਾਪ ਘਰ ਬੇਟੀ ਦੇ ਅਧਿਕਾਰ, ਅਨੰਤ ਸਿਮ੍ਰਤੀ, ਭਾਰਤ ਬੰਦੀ ਛੋੜ, ਅਨੰਦ ਮਰਯਾਦਾ ਆਦਿ ਰਚਨਾਵਾਂ ਦਿਤੀਆਂ ਹਨ।

ਪ੍ਰਿੰਸੀਪਲ ਬੇਅੰਤ ਕੌਰ ਨੇ ਆਪਣੀ ਕਲਮ ਰਾਹੀਂ ਇਕ ਪਾਸੇ ਇਤਿਹਾਸ, ਸਾਹਿਤ, ਦਸਮ ਗ੍ਰੰਥ ਨੂੰ ਪਾਠਕਾਂ ਦੇ ਨਜ਼ਦੀਕ ਲਿਆਂਦਾ ਹੈ, ਦੂਜੇ ਪਾਸੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ਾਂ ਨੂੰ ਲਾਲ ਏਹਿ ਰਤਨ ਪੰਜ ਭਾਗਾਂ ਵਿਚ ਦੇ ਕੇ ਵੱਡਮੁਲੀ ਸੁਗਾਤ ਦਿੱਤੀ ਹੈ। ਉਸ ਦੀਆਂ ਹੋਰ ਰਚਨਾਵਾਂ ਹਨ—ਸੂਬਾ ਗੰਡਾ ਸਿੰਘ, ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਹੋਲੇ ਮਹੱਲੇ, ਦਰਸਨ ਦੇਹੁ ਦਇਆ ਪਤੁ ਦਾਤੇ, ਏਹ ਸੁੰਦਰ ਸਿਆਮ ਕੀ ਮਾਨ ਤਮੈ, ਬਚਿੱਤਰ ਨਾਟਕ ਇਕ ਅਪੂਰਵ ਕ੍ਰਿਤੀ, The Namdhari Sikhs, ਸੁੰਦਰ ਸਿਆਮ (ਹਿੰਦੀ), ਦਰਸ ਪਿਆਸੀ, ਨਮੋ ਨਾਥ ਪੂਰੇ, ਬਚਿਤ੍ਰ ਨਾਟਕ ਇਕ ਅਦੁਤੀ ਰਚਨਾ (ਹਿੰਦੀ), ਧਰਮ ਹੇਤ ਸਾਕਾ ਜਿਨ ਕੀਆ।

ਸਤਿਗੁਰੂ ਜੀ ਦੇ ਸਹਿਪਾਠੀ ਪ੍ਰੀਤਮ ਸਿੰਘ ਪੰਛੀ ਦੀ ਹਿੰਦੀ ਰਚਨਾ—ਦਮਨ ਚਕਰ ਕੇ ਪਚਾਸ ਵਰਸ਼ ਹਿੰਦੀ ਦੇ ਪਾਠਕਾਂ ਨੂੰ ਵੱਡਮੁਲੀ ਦੇਣ ਹੈ। ਉਸਨੇ ਸਤਿਜੁਗ ਦੀ ਸੰਪਾਦਨਾ ਵੀ ਕੀਤੀ ਹੈ ਅਤੇ ਪੰਜਾਬੀ ਸਾਹਿਤ ਨੂੰ ਕਈ ਗਲਪ ਰਚਨਾਵਾਂ ਦੇ ਕੇ ਅਮੀਰ ਬਣਾਇਆ ਹੈ।

ਰਜਿੰਦ੍ਰ ਸਿੰਘ ਗੁਰੂਸਰ ਦੀ ਇਕੋ ਇਕ ਰਚਨਾ 'ਬਾਬਾਣੀਆਂ ਕਹਾਣੀਆਂ' ਤਾਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਜੀਵਨ ਦੀਆਂ ਝਲਕੀਆਂ ਅਤੇ ਉਹਨਾਂ ਦੇ ਨਾਨਕਿਆਂ ਦੇ ਪਿਛੋਕੜ ਨੂੰ ਬੜੇ ਰੋਚਕ ਢੰਗ ਨਾਲ ਬਿਆਨ ਕਰਦੀ ਵਾਰਤਕ ਰਚਨਾ ਹੈ।

ਗੁਰਬਖਸ਼ ਸਿੰਘ ਸ਼ੌਕ ਨੇ 'ਸ਼ੌਕ ਤਰਾਨੇ' ਰਾਹੀਂ ਸਤਿਗੁਰੂ ਜੀ ਦੀਆਂ ਖੁਸ਼ੀਆਂ ਲਈਆਂ ਹਨ।

ਸੁਰਜੀਤ ਖੁਰਸ਼ੀਦੀ ਨੇ ਆਪਣੀ ਇਕ ਪੁਸਤਕ ਦਾ ਨਾਂ ਹੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਾਂ ਤੇ 'ਜਗਜੀਤ ਕੋਸ਼' ਰਖਿਆ ਹੈ ਅਤੇ ਦੂਜੀ ਪੁਸਤਕ ਦਾ ਨਾਂ ਸ਼ਬਦ ਲੀਲ੍ਹਾ ਹੈ। ਉਹ ਭਾਸ਼ਾ ਵਿਗਿਆਨ ਨੂੰ ਪੂਰੀ ਤਰ੍ਹਾਂ ਸਮਝਣ ਵਾਲਾ ਸਾਹਿਤਕਾਰ ਹੈ।

ਸੰਤ ਤੇਜਾ ਸਿੰਘ ਕੰਵਲ ਦੀ ਇਕ ਇਕ ਕਾਵਿ ਰਚਨਾ 'ਚੰਨ ਤਾਰੇ', ਕੁਲਜੀਤ ਸਿੰਘ ਜੀਤ ਦੀ 'ਆਜ਼ਾਦੀ ਦੇ ਮੋਤੀ', ਨਿਰੰਜਨ ਸਿੰਘ ਜਯੋਤੀ ਦੀਆਂ 'ਕਰੂੰਬਲਾਂ' ਅਤੇ 'ਫੁੱਲ ਪੱਤੀਆਂ', ਡਾ. ਬਲਵੰਤ ਸਿੰਘ ਦੀ 'ਧਰਤੀ ਨੂਰੋ ਨੂਰ', ਸੇਵਾ ਸਿੰਘ ਨਾਮਧਾਰੀ ਦੀ ਪਰਸੰਗ ਪਰਤੱਖ ਸਤਿਗੁਰੂ ਭਾਗ ਪਹਿਲਾ ਆਦਿ ਕਾਵਿ ਰਚਨਾਵਾਂ ਦੀ ਆਪਣੀ ਪਛਾਣ ਹੈ।

ਕਰਤਾਰ ਸਿੰਘ ਪੰਛੀ ਨੇ 'ਸਤਿਗੁਰੂ ਲੀਲ੍ਹਾ' ਵਿਚ ਨਾਮਧਾਰੀ ਸਤਿਗੁਰੂ ਸਾਹਿਬਾਨ ਦਾ ਮਹਾਂਕਾਵਿਕ ਚਿਤਰਨ ਪੇਸ਼ ਕੀਤਾ ਹੈ। 'ਚਰਨ ਭੇਟ' ਉਸਦੀ ਇਕ ਹੋਰ ਕਾਵਿ ਰਚਨਾ ਹੈ। ਉਂਜ ਉਹ ਹੈ ਹੀ ਮੂਲ ਰੂਪ ਵਿਚ ਕਵੀ ਅਤੇ ਗਜ਼ਲਗੋ। ਉਸ ਦੀਆਂ ਰਚਨਾਵਾਂ ਹਨ—ਸਰਦਲ, ਸਿਦਕ ਕਥੂਰੀ, ਮੁੜ੍ਹਕੇ ਦੀ ਕੁੱਖ, ਫੁੱਲਾਂ ਦੀ ਮੁਸਕਾਨ, ਨੂਰ ਇਲਾਹੀ, ਸਮੇਂ ਨੂੰ ਕੀ ਆਖਾਂ, ਲੋਚਾਂ ਦਰਸ ਦਿਦਾਰ ਦੀ, ਦਿਲਾਸੇ, ਨਾਂ ਬੁਰਾ ਮਨਾਇਓ ਜੀ। ਇਹਨਾਂ ਵਿਚ ਪੁਖਤਾ ਗਜ਼ਲਾਂ ਅਤੇ ਕਾਵਿ ਰਚਨਾਵਾਂ ਹਨ।

ਦਲਬੀਰ ਸਿੰਘ ਤਰਸ ਤਾਂ ੨੧ਵੀਂ ਸਦੀ ਦਾ ਰਹੱਸਵਾਦੀ ਕਵਿਤਾ ਦਾ ਸ਼ਾਹਸਵਾਰ ਸਮਝਿਆ ਜਾਂਦਾ ਹੈ। ਉਸਦੀਆਂ ਕਾਵਿ ਰਚਨਾਵਾਂ ਵੀ ਇਸੇ ਤਰ੍ਹਾਂ ਦੇ ਵਿਚਾਰਾਂ ਦੀ ਹਾਮੀ ਭਰਦੀਆਂ ਹਨ—ਲਹਿਰਾਂ, ਪ੍ਰਦੇਸ਼ਣ, ਸੁਹਲੜੇ, ਸਫ਼ਰ, ਹੇ ਵਣਜਾਰੇ ਸੁਹਾਗਣ ਉਸਦੀਆਂ ਰਹੱਸਵਾਦੀ ਪੁਸਤਕਾਂ ਹਨ। ਮਠੱਡੇ ਕੂਕਿਆਂ ਦੇ ਤੇ ਸਾਹਿਤਕ ਸੰਮੇਲਨ ਉਸਦੀ

Namdhari Elibrary NamdhariElibrary@gmail.com

ਵਾਰਤਕ ਰਚਨਾ ਹੈ।

ਬੀਬੀ ਜਸਬੀਰ ਕੌਰ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਜੀਵਨ ਨਾਲ ਸੰਬੰਧਿਤ ਸਾਖੀਆਂ ਨੂੰ ਘੱਟ ਘੱਟ ਵਾਸੀ ਦੋ ਹਿੱਸਿਆਂ ਵਿਚ ਪੇਸ਼ ਕੀਤਾ ਹੈ। ਇਹੋ ਜਿਹੀਆਂ ਸਾਖੀਆਂ ਹਰੀਸ਼ ਅਰੋੜਾ ਦੀਆਂ ਪੁਸਤਕਾਂ—ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਿਰਾਟ ਸਵਰੂਪ (ਹਿੰਦੀ) ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਸੰਬੰਧੀ ਸਾਖੀਆਂ ਰਾਹੀਂ ਵੀ ਪਾਠਕਾਂ ਪ੍ਰਤੀ ਦ੍ਰਿਸ਼ਟੀ ਗੋਚਰ ਹੁੰਦਾ ਹੈ।

ਨਾਮਧਾਰੀ ਇਤਿਹਾਸ ਸੰਬੰਧੀ ਅੰਗਰੇਜ਼ੀ ਦੀਆਂ ਦੋ ਪੁਸਤਕਾਂ ਬਹੁਤ ਹੀ ਮਹੱਤਵਪੂਰਨ ਹਨ-Kukas–M.M. Ahluwalia, ਅਤੇ Kuka Movement–Dr. Fauja Singh ਅਤੇ ਇਹਨਾਂ ਤੋਂ ਵੀ ਜ਼ਿਆਦਾ ਤੇ ਖੋਜੀਆਂ ਲਈ ਲਾਹੇਵੰਦ ਪੁਸਤਕਾਂ ਹਨ—Goroo Ram Singh and Kuka Sikhs-By Nahar Singh-Rebels Against the British Rule by Bhai Nahar Singh and Bhai Kirpal Singh ਇਸੇ ਤਰ੍ਹਾਂ ਜਸਵਿੰਦਰ ਸਿੰਘ ਐਮ. ਏ. ਦੀ ਦੁਰਲਭ ਸਮਗਰੀ Kuka Movement, Kukas of Notes in the Punjab. ਵਿੱਚ ਸੰਕਲਿਤ ਹੈ। ਐਚ. ਐਸ. ਹੰਸਪਾਲ ਦੀ ਸੰਪਾਦਿਤ ਅਰਥ ਪੂਰਨ ਰਚਨਾ ਹੈ— Namdahri Sikhs The Pioneer Freedom Fighters. ਉਹਨਾਂ ਦੀ ਸੰਗ੍ਰਹਿ ਕੀਤੀ ਰਚਨਾ 'ਪ੍ਰਵਚਨ-ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ' ਤਾਂ ਸਿੱਖਾਂ ਲਈ ਬਾਣੀ ਦਾ ਦਰਜਾ ਰਖਦੀ ਹੈ।

ਸੰਤ ਦਲੀਪ ਸਿੰਘ ਨਾਮਧਾਰੀ ਜਿਥੇ ਸਤਿਗੁਰੂ ਜੀ ਦੀ ਰਜ਼ਾ ਅਨੁਸਾਰ ਸੇਵਾ ਅਤੇ ਸਿਮਰਨ ਨੂੰ ਸਮਰਪਿਤ ਰਹੇ ਹਨ ਉਥੇ ਸਾਹਿਤ ਸਿਰਜਨਾ ਦੇ ਖੇਤਰ ਵਿਚ ਵੀ ਉਹਨਾਂ ਨੇ ਆਪਣੀ ਪਛਾਣ ਬਣਾਈ ਹੈ। ਉਹਨਾਂ ਦੀ ਰਚਨਾ ਅੰਮ੍ਰਿਤ ਨਾਮ, ਕੂਕਾ ਲਹਿਰ, ਗਾਥਾ ਸੁਤੰਤਰਤਾ ਸੰਗਰਾਮ ਦੀ ਆਦਿ ਰਚਨਾਵਾਂ ਪਾਠਕਾਂ ਨੂੰ ਆਪਣੇ ਨਾਲ ਲੈ ਕੇ ਤੁਰਦੀਆਂ ਹਨ। ਉਹ ਨਰੀਖਿਅਕ ਦੇ ਸੰਪਾਦਕ ਵੀ ਰਹੇ ਹਨ।

ਇਹਨਾਂ ਤੋਂ ਕਿਸੇ ਤਰ੍ਹਾਂ ਵੀ ਘੱਟ ਸਾਹਿਤ ਸੁਆਦ ਨਹੀਂ ਦਿੰਦੀ 'ਖਿਲਰੇ ਪੱਤਰੇ' ਜਗਦੀਸ਼ ਸਿੰਘ ਵਰਿਆਮ ਦੀ ਰਚਨਾ। ਵਰਿਆਮ ਜੀ ਇਕ ਸੁਲਝੇ ਹੋਏ ਸੰਪਾਦਕ ਹਨ-ਵਰਿਆਮ ਮਾਸਿਕ ਦੇ। ਇਸ ਪਰਚੇ ਰਾਹੀਂ ਉਹ ਆਮ ਪਾਠਕਾਂ, ਬੁੱਧੀਜੀਵੀਆਂ ਅਤੇ ਲੇਖਕਾਂ ਵਿਚ ਨਾਮਧਾਰੀ ਇਤਿਹਾਸ ਅਤੇ ਜੀਵਨ ਜਾਚ ਦਾ ਪ੍ਰਚਾਰ ਕਰਦੇ ਹਨ, ਉਹ ਨਾਮਧਾਰੀ ਦਰਬਾਰ ਦੇ ਜਨਰਲ ਸਕੱਤਰ ਹਨ ਜੇ ਵਰਿਆਮ ਦੇ ੩੪ ਸਾਲਾਂ ਦੇ ਸੰਪਾਦਕੀਆਂ ਵਿਚੋਂ ਛਾਂਟ ਕੇ ਵੀ ਕੁਝ ਪੁਸਤਕਾਂ ਤਿਆਰ ਕੀਤੀਆਂ ਜਾਣ ਤਾਂ ਬਹੁਤ ਸਾਰੇ ਹੋਰ ਖਿਲਰੇ ਪੱਤਰੇ ਇਕੱਠੇ ਹੋ ਸਕਦੇ ਹਨ।

ਤਾਰਾ ਸਿੰਘ ਅਨਜਾਣ, ਸਤਿਗੁਰੂ ਜੀ ਦੀ ਕਿਰਪਾ ਨਾਲ ਸਾਹਿਤ ਅਤੇ ਵਿਦਿਆ ਦੇ ਖੇਤਰ ਵਿਚ ਆਪਣੀ ਕਲਮ ਚਲਾਉਣ ਵਾਲਾ ਇਕ ਹੋਰ ਨਾਮਧਾਰੀ ਲੇਖਕ ਹੈ। ਇਸਨੇ ਜੀਵਨੀਆਂ, ਇਤਿਹਾਸ, ਆਲੋਚਨਾ ਅਤੇ ਨਿਬੰਧ ਰਚਨਾਵਾਂ ਰਾਹੀਂ ਪਾਠਕਾਂ ਨਾਲ ਸਾਂਝ ਪੈਦਾ ਕੀਤੀ ਹੈ। ਇਸ ਦੀਆਂ ਸੰਪਾਦਿਤ ਰਚਨਾਵਾਂ ਅਤੇ ਪਾਠ ਪੁਸਤਕਾਂ ਨੇ ਇਸ ਦੀ ਸਾਂਝ ਦਾ ਘੇਰਾ ਹੋਰ ਚੌਰੇੜਾ ਕੀਤਾ ਹੈ। ਇਸ ਦੀਆਂ ਕੁਝ ਰਚਨਾਵਾਂ ਹਨ—ਸਭਹਨ ਕੇ ਸਿਰਮੋਰ, ਸਾਹਿਬ ਗੁਣੀ ਗਹੇਰਾ, ਸ਼ਹੀਦ ਬਾਬਾ ਲਹਿਣਾ ਸਿੰਘ (ਪੰਜਾਬੀ-ਹਿੰਦੀ), ਸੇਵਕ ਸਚੇ ਸਾਹ ਕੇ, ਆਪਣੇ ਰੂ-ਬਰੂ, ਅਸਾਂ ਕੀ ਖੱਟਿਆ, ਅੰਧੇਰੈ ਦੀਪਕ ਬਾਲੀਐ, ਵਾਰ ਸ੍ਰੀ ਭਗਉਤੀ ਜੀ ਦੀ ਇਕ ਅਧਿਐਨ, ਨਾਮਧਾਰੀ ਇਤਿਹਾਸ ਸੰਖੇਪ, ਚੁਤਰ ਸਿਆਣਾ ਸੁਘੜ ਸੋਇ, ਜਿਨਿ ਟੁੱਟੀ ਲਈ ਮਿਲਾਏ, ਸਤਿਗੁਰੂ ਰਾਮ ਸਿੰਘ ਤੇ ਕੂਕਾ ਲਹਿਰ, ਰਾਮ ਵਿਯੋਗੀਆਂ ਦੇ ਬਾਰਾਮਾਂਹ, Namdhari Sikhs A Brief History। ਵਡ ਪ੍ਰਤਾਪ ਸੁਨਿਓ ਪ੍ਰਭ ਤੁਮਰੋ, ਬਡ ਪ੍ਰਤਾਪ ਅਚਰਜ ਰੂਪ, ਪ੍ਰਤਾਪ ਸਦਾ ਗੁਰ ਕਾ ਘਟਿ ਘਟਿ ਆਦਿ ਇਸ ਦੀਆਂ ਸਹਿ ਸੰਪਾਦਿਤ ਰਚਨਾਵਾਂ ਹਨ।

ਇਹਨਾਂ ਦੀਆਂ ਪਾਠ-ਪੁਸਤਕਾਂ ਪ੍ਰਾਇਮਰੀ ਤੋਂ ਸੀਨੀਅਰ ਸਕੈਡੰਰੀ ਲੈਵਲ ਤਕ ਪੜ੍ਹਾਈ ਜਾਂਦੀਆਂ ਹਨ। ਇਹਨਾਂ ਨੂੰ ਕਈ ਸਨਮਾਨ ਪ੍ਰਾਪਤ ਹੋਏ ਹਨ।

ਸ. ਜਸਵਿੰਦਰ ਸਿੰਘ ਸ੍ਰੀ ਸਤਿਗੁਰੂ ਜੀ ਵਲੋਂ ਥਾਪਿਆ ਨਾਮਧਾਰੀ ਸਾਹਿਤ ਤੇ ਇਤਿਹਾਸ ਦਾ ਖੋਜੀ ਵਿਦਵਾਨ ਹੈ। ਉਸਨੇ ਜਿਥੇ ਨਾਮਧਾਰੀ ਲਹਿਰ ਸਤਿਗੁਰੂ ਪ੍ਰਤਾਪ ਸਿੰਘ ਸੰਬੰਧੀ ਬਡ ਪ੍ਰਤਾਪ ਸੁਨਿਓ ਪ੍ਰਭੁ ਤੁਮਰੋ, ਪ੍ਰਤਾਪ ਸਦਾ ਗੁਰ ਦਾ ਘਟ ਘਟ, ਬਡ ਪ੍ਰਤਾਪ ਅਚਰਜ ਰੂਪ ਦੇ ਸਹਿ ਸੰਪਾਦਨਾ ਨੂੰ ਪ੍ਰਵਾਨ ਚੜ੍ਹਾਇਆ ਹੈ, ਉਥੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਅਤੇ ਸਤਿਗੁਰੂ ਬਿਲਾਸ ਸੰਤ ਸੰਤੋਖ

Namdhari Elibrary NamdhariElibrary@gmail.com

ਸਿੰਘ ਬਾਹੋਵਾਲ, ਰਚਨਾਵਾਂ ਸੰਕਲਿਤ ਅਤੇ ਸੰਪਾਦਿਤ ਕਰਕੇ ਨਾਮਧਾਰੀ ਸਾਹਿਤ ਤੇ ਖੋਜੀਆਂ ਦੇ ਪਾਠਕਾਂ ਨੂੰ ਦੁਰਲਭ ਸਮਗਰੀ ਦਿੱਤੀ ਹੈ। ਇਹੀ ਪੁਸਤਕਾਂ ਉਸਦੀ ਵਿਸ਼ੇਸ਼ ਪਛਾਣ ਹਨ।

ਸੂਬਾ ਸੁਰਿੰਦਰ ਕੌਰ ਖਰਲ ਇੱਕ ਖੋਜੀ ਲੇਖਿਕਾ ਹੈ। ਉਹ ਬੜੇ ਸਿਰੜ ਤੇ ਸਿਦਕ ਨਾਲ ਕੰਮ ਕਰ ਰਹੀ ਹੈ। ਉਸਨੇ ਗਲਪ, ਜੀਵਨੀਆਂ, ਯਾਤਰਾ, ਸਾਹਿਤ, ਕਵਿਤਾ ਅਤੇ ਖੋਜ ਦੇ ਖੇਤਰ ਵਿਚ ਕੰਮ ਕੀਤਾ ਹੈ, ਉਸ ਦੀਆਂ ਰਚਨਾਵਾਂ ਹਨ—ਤ੍ਰਿਸ਼ਨਾ, ਰੂਹ ਪੰਜਾਬ ਦੀ, ਮਹਾਂਬਲੀ ਰਣਜੀਤ ਸਿੰਘ, ਵਡ ਪ੍ਰਤਾਪੀ ਸਤਿਗੁਰੂ, ਬਰਮਾ ਦੀ ਯਾਤਰਾ, ਅਫਰੀਕਾ ਦੀ ਯਾਤਰਾ, ਬਖਸ਼ਿਸ਼, ਪ੍ਰਕਾਸ਼ ਪੁੰਜ ਭਾਗ ੧, ਤੂੰ ਹੀ ਤੂੰ, ਬੰਸਾਵਲੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਅਤੇ ਕੂਕਾ ਅੰਦੋਲਨ ਦੇ ਮਹਾਨ ਸੁਤੰਤਰਤਾ ਸੰਗਰਾਮੀ-ਨਾਮਧਾਰੀ ਸ਼ਹੀਦ। ਉਹ ਇਸਤਰੀ ਨਾਮਧਾਰੀ ਵਿਦਿਅਕ ਜਥੇ ਦੀ ਪ੍ਰਧਾਨ ਵੀ ਰਹੀ ਹੈ।

ਦਵਿੰਦਰ ਸਿੰਘ ਗਿੱਲ ਦੀਆਂ ਰਚਨਾਵਾਂ—ਰਾਮ ਵਿਯੋਗੀ—ਸੰਤ ਵਰਿਆਮ ਸਿੰਘ ਮੁਸੱਵਰ, ਨੰਦੇੜੋਂ ਬਾਅਦ ਦਸਮ ਗੁਰੂ, ਸੰਤ ਨਿਧਾਨ ਸਿੰਘ ਆਲਿਮ, ਕਲਮ ਦੇ ਧਨੀ ਸੰਤ ਇੰਦਰ ਸਿੰਘ ਚਕਰਵਰਤੀ ਆਦਿ ਵਧੀਆ ਪੁਸਤਕਾਂ ਹਨ।

Yogindra Bali and Kalika Bali ਦੀ ਰਚਨਾ The Warriors in White ਇਤਿਹਾਸਕ ਰਚਨਾ ਹੈ। ਸਵਰਨ ਸਿੰਘ ਸਨੇਹੀ ਦੀ 'ਰਤੇ ਵਹਿਣ' ਅਤੇ 'ਪ੍ਰਾਣ ਪੂਜਾ' ਨਾਮਧਾਰੀ ਵਿਚਾਰਧਾਰਾ ਦੇ ਅਤਿ ਨੇੜੇ ਹੈ।

ਬਲਬੀਰ ਸਿੰਘ ਢਿਲੋਂ ਦੀਆਂ ਸੰਦਲੀ ਪੇੜਾਂ, ਅਣਖੀ ਸਫਰ, ਜਾਗਤ ਜੋਤ, ਅਲੌਕਿਕ ਨੂਰ। ਰਜਿੰਦਰ ਸਿੰਘ ਕੰਵਲ ਦੀਆਂ ਪੁਸ਼ਪਾਵਲੀ ਬਹਾਰ, ਪ੍ਰਵਾਸੀ ਦਾ ਪਰਵਾਜ ਤੇ ਬਿਅੰਤ ਰਿਸ਼ਮਾ। ਪ੍ਰਿੰਸੀਪਲ ਅਜੀਤ ਸਿੰਘ ਚੀਮਾ ਦੀ ਜੋਤ ਕਾ ਜਾਮਾ, ਬਿਰਹਾ ਤੇ ਰੁਬਾਈਆਂ ਦੀ ਪਟਾਰੀ। ਹਰਪਾਲ ਸਿੰਘ ਸੇਵਕ ਦੀ ਸਰਬ ਕਲਾ ਸਮਰਥ। ਪੂਰਨ ਸਿੰਘ ਨਿਰਾਲਾ ਦੀ ਜਿਨ ਚਰਨੀਂ ਰਖਿਆ ਲਾਏ। ਸੰਤ ਸਿੰਘ ਦੀ ਸੰਤ ਗੁਰਦੇਵ ਸਿੰਘ ਜੀ ਮਾਂਗਟ। ਹਰਭਜਨ ਕੌਰ ਦੀ ਅਨੋਖੀ ਖੁਸ਼ਬੂ। ਸਾਧੂ ਸਿੰਘ ਕਿਸਾਨ ਦੀ ਸਿੱਖ ਇਤਿਹਾਸ ਦੀ ਝਲਕ। ਸੰਤੋਖ ਸਿੰਘ ਸਾਜਨ ਦੀ ਸੁਨਹਿਰੇ ਬੋਲ ਤੇ ਤੋਪ ਦਾ ਹਾਣੀ। ਨਿਰੰਜਨ ਸਿੰਘ ਮ੍ਰਿਗੇਸ਼ ਦੀ ਸਾਕਾ ਮਲੇਰਕੋਟਲਾ-ਸੰਪਾਦਨ ਸਵਰਨ ਸਿੰਘ ਸਨੇਹੀ। ਗੁਰਦੇਵ ਸਿੰਘ ਰਾਏ ਦੀ ਅਦੁੱਤੀ ਰਹਿਬਰ। ਦਰਸ਼ਨ ਸਿੰਘ ਮਠਾੜੂ ਦੀ ਪਲੇ ਠਾ ਕਾਵਿ ਸੰਗ੍ਰਹਿ। ਜਗੀਰ ਸਿੰਘ ਨਾਮਧਾਰੀ ਦੀ ਸਾਧ ਕੀ ਮਹਿਮਾ ਬੇਦ ਨਾ ਜਾਨਹਿ। ਰਣਜੀਤ ਕੌਰ ਜੀਤ ਦੀ ਤੜਫ ਤੇਰੇ ਦੀਦ ਦੀ। ਨਰ ਸਿੰਘ ਦਾਸ ਅਚਿੰਤ ਦੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕੁੰਡਲੀ। ਰਾਮ ਸ਼ਰਨ ਵਿਦਿਆਰਥੀ ਦੀ ਰਾਮ ਸਿੰਘ ਔਰ ਕੂਕਾ ਵਿਦਰੋਧ (ਹਿੰਦੀ)। ਡਾ. ਰੇਣੂ ਦਿਵੇਦੀ ਦੀ ਭਾਰਤੀ ਸੰਤ ਪਰੰਪਰਾ ਮੇਂ ਸਤਿਗੁਰੂ ਰਾਮ ਸਿੰਘ ਜੀ ਦਾ ਸਵਰੂਪ ਔਰ ਜੀਵਨ ਦਰਸ਼ਨ (ਹਿੰਦੀ)। ਸੁਰਜੀਤ ਸਿੰਘ ਜੋਬਨ ਦੀ ਰਾਮਗੜ੍ਹੀਆ ਸ਼੍ਰੋਮਣੀ (ਹਿੰਦੀ)। ਹਰਬੰਸ ਸਿੰਘ ਚਾਨਾ ਦੀ ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਤੋਂ ਦਖਣ ਨਦੇੜ ਤਕ। ਰਜਵੰਤ ਸੈਲਾਨੀ ਦੀ ਸਬਰ। ਗੁਰਮੁਖ ਸਿੰਘ ਰਤਨ ਦੀ ਬਖਸ਼ਿਸ਼। ਡਾ. ਇਕਬਾਲ ਸਿੰਘ ਨਾਮਧਾਰੀ ਦੀ ਸ਼ਹਿਦ ਦੇ ਗੁਣ ਆਦਿ ਪੁਸਤਕਾਂ ਵੀ ਇਸੇ ਕਾਲ ਖੰਡ ਵਿਚ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਪਾਠਕਾਂ ਤਕ ਪੁਜੀਆਂ।

ਜਸਪਾਲ ਕੌਰ ਪਾਠ ਪੁਸਤਕ ਲੇਖਿਕਾਂ ਨੇ ਨਿਧਾਨ ਸਿੰਘ ਆਲਿਮ ਦੀਆਂ ਪੁਸਤਕਾਂ ਦਾ ਸਿੱਖ ਧਰਮ ਏਵੰ ਮਾਸ ਤੇ ਸਿਖ ਸਿਧਾਂਤ ਪਰੀਚੈ ਦੇ ਰੂਪ ਵਿਚ ਹਿੰਦੀ ਅਨੁਵਾਦ ਕੀਤਾ ਤੇ ਤਾਰਾ ਸਿੰਘ ਅਨਜਾਣ ਦੀ ਪੁਸਤਕ ਸ਼ਹੀਦ ਬਾਬਾ ਲਹਿਣਾ ਸਿੰਘ ਦਾ ਵੀ। ਇਹਨਾਂ ਤੋਂ ਇਲਾਵਾ ਪੱਤਰਕਾਰੀ ਦੇ ਖੇਤਰ ਵਿਚ ਬਰਮਿੰਘਮ ਯੂ. ਕੇ. ਤੋਂ ਕੂਕ, ਬੈਂਕਾਕ (ਥਾਈਲੈਂਡ) ਤੋਂ Serenity, ਮੰਡੀ (ਹਿਮਾਚਲ ਪ੍ਰਦੇਸ) ਤੋਂ ਯੁਗ ਮਰਯਾਦਾ (ਹਿੰਦੀ), ਨਾਮਧਾਰੀ ਦਰਪਣ, ਗੁਰਸਿਖੀ ਵਿਚਾਰਧਾਰਾ, ਸੁਨੇਹੜੇ ਤੇ ਸ਼ਤਾਬਦੀ ਨਿਊਜ਼ ਆਦਿ ਪਰਚੇ ਨਿਕਲਣੇ ਸ਼ੁਰੂ ਹੋਏ। ਨਾਮਧਾਰੀ ਸਾਹਿਤ ਸਭਾ ਸ੍ਰੀ ਜੀਵਨ ਨਗਰ ਦੇ ਕਵੀਆਂ ਨੇਆਪਣੀ ਵਿਸ਼ੇਸ਼ ਥਾਂ ਬਣਾਈ। ਸੁਰਜੀਤ ਸਿੰਘ ਜੀਤ ਨੇ ਖੋਜ ਦੇ ਖੇਤਰ ਵਿਚ ਵਿਸ਼ੇਸ਼ ਹਿੱਸਾ ਪਾਇਆ।

ਡਾ. ਜਸਵੰਤ ਸਿੰਘ ਜੱਸ—ਬਾਬਾ ਰਾਮ ਸਿੰਘ ਨਾਮਧਾਰੀ, ਸੁਖਦੇਵ ਮਾਦਪੁਰੀ, ਜਸਵੰਤ ਰਾਏ ਦੀਆਂ ਰਚਨਾਵਾਂ ਵੀ ਪਛਾਣਯੋਗ ਹਨ।

ਇਸ ਤਰ੍ਹਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਸਾਹਿਤ ਸਿਰਜਣਾ ਨੂੰ ਜੋ ਹੁਲਾਰਾ ਮਿਲਿਆ ਹੈ ਉਸ ਲਈ ਆਪ ਜੀ ਦੀ ਬਖਸ਼ਿਸ਼ ਦਾ ਪ੍ਰਭਾਵ ਕਬੂਲਿਆ ਜਾਂਦਾ ਹੈ। ■

Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਜੀ ਦੇ ਪ੍ਰਵਚਨ
ਸਿਦਕ ਦੀ ਸਾਣ ਤੇ ਚੜ੍ਹੇ ਪੈਗੰਬਰੀ ਬੋਲ

✍ ਡਾ. ਮਹਿੰਦਰ ਕੌਰ ਗਿੱਲ

ਪ੍ਰਿੰਸੀਪਲ (ਰਿਟਾ.) ਮਾਤਾ ਸੁੰਦਰੀ ਕਾਲਜ ਦਿੱਲੀ

ਪ੍ਰਵਚਨ ਵਿਸ਼ੇਸ਼ ਕਰਕੇ ਨਾਮਧਾਰੀ ਜੀਵਨ ਜਾਚ ਨੂੰ ਰੂਬਰੂ ਕਰਦੇ ਹਨ। ਇਕੱਠੇ ਬੈਠਕੇ ਨਾਮ ਸਿਮਰਨ ਕਰੋ, ਬੱਚਿਆਂ ਨੂੰ ਨਾਮਧਾਰੀ ਹੋਣ ਦਾ ਪਤਾ ਲਗੇ, ਸਤਿਗੁਰੂ ਸਾਡਾ ਜਨਮ ਮਰਨ ਕੱਟਦਾ ਹੈ।' ਚੰਡੀ ਦੀ ਵਾਰ ਦਾ ਪਾਠ ਜਰੂਰ ਕਰਿਆ ਕਰੋ, ਸਾਡਾ ਸਾਰਾ ਕੁਝ ਸ੍ਰੀ ਭੈਣੀ ਸਾਹਿਬ ਹੈ, ਸਿੱਖੀ ਵੱਲ ਤਗੜੇ ਹੋ ਕੇ ਉਦਮ ਕਰੋ ਅਤੇ ਹੋਰ ਅਨੇਕ ਪ੍ਰਵਚਨ ਨਾਮਧਾਰੀ ਜੀਵਨ ਸ਼ੈਲੀ ਨੂੰ ਦ੍ਰਿੜ ਕਰਾਉਂਦੇ ਹਨ।

ਪ੍ਰਵਚਨ-ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਪੜ੍ਹੇ, ਸੁਣੇ। ਇਹ ਨਿਰੇ ਪ੍ਰਵਚਨ ਨਹੀ ਹਨ। ਇਹਨੂੰ ਪੂਰੀ ਤਰ੍ਹਾਂ ਇਤਿਹਾਸ ਵੀ ਨਹੀ ਕਿਹਾ ਜਾ ਸਕਦਾ, ਇਹ ਜੀਵਨ ਦੀ ਵੰਨ ਸੁਵੰਨ ਝਲਕੀਆਂ ਹੋ ਸਕਦੀਆਂ ਹਨ? ਸ਼ਾਇਦ ਨਹੀਂ ਕਿਉਂਕਿ ਝਲਕੀਆਂ ਲਈ ਉਹਨਾਂ ਦਾ ਅਗਲਾ ਪਿਛਲਾ ਕ੍ਰਮ ਸੰਦਰਭ ਹੋਣਾ ਚਾਹੀਦਾ ਹੈ। ਉਹ ਕਿਸੇ ਕ੍ਰਮ ਵਿੱਚ ਬੱਝ ਹੋ ਤੁਰਦੀਆਂ ਹਨ। ਲਗਦਾ ਹੈ ਇਹ ਤਾਂ ਨਜ਼ਾਰੇ ਹਨ। ਨਜ਼ਾਰੇ ਜਿਹਨਾਂ ਨੂੰ ਮਾਣਿਆ ਜਾ ਸਕਦੈ। ਸਿਦਕ ਦੀ ਨੀਝ ਥਾਣੀ ਸਮਝਿਆ - ਬੁੱਝਿਆ ਜਾ ਸਕਦਾ, ਭਾਵਨਾ ਨਾਲ ਹੰਢਾਇਆ ਜਾ ਸਕਦੈ। ਇਹਨਾਂ ਪ੍ਰਵਚਨਾਂ ਵਿਚੋਂ ਗਿਆਨ ਨਾਲੋਂ ਵੱਧ ਚਿੰਤਨ ਬੋਲਦਾ ਹੈ। ਚਿੰਤਨ ਜੋ ਸਰਲ, ਸਵੱਛ, ਬੋਲਾਂ ਰਾਹੀ ਪ੍ਰਗਟ ਹੋ ਰਿਹਾ ਹੈ। ਇਸਦੀ ਬੁਨਿਆਦੀ ਤਹਿ ਗੁਰਬਾਣੀ ਹੈ। ਅਨੁਭਵੀ ਸਧਾਰਨ ਲੋਕਾਂ ਵਿੱਚ ਸਿਦਕ ਉਛਲ ਰਿਹਾ ਹੈ। ਇਹਨਾਂ ਪ੍ਰਵਚਨਾਂ ਨੂੰ ਪੜ੍ਹਦਿਆਂ ਅਨੇਕ ਵਾਰ ਗੱਚ ਭਰਿਆ, ਅੱਖਾਂ ਛਲਕੀਆਂ, ਦਿਲ ਅਸ਼ ਅਸ਼ ਕਰ ਉਠਿਆ। ਮੂੰਹੋਂ ਅਚੇਤ ਨਿਕਲਿਆ ਧੰਨ ਧੰਨ ਸਤਿਗੁਰੂ ! ਇਕ ਬਹਿਬਲਤਾ ਤਾਰੀ ਹੋ ਗਈ।

ਪ੍ਰਵਚਨ ਸੰਕਲਪ ਵਿਸ਼ੇਸ਼ ਜਾਂ ਨੁਕਤਾ ਵਿਸ਼ੇਸ਼ ਦੀ ਵਿਸਤਾਰ ਸਹਿਤ ਵਿਆਖਿਆ ਵਲ ਰੁਚਿਤ ਹਨ। ਉਦਾਹਰਣ ਲਈ "ਸੰਤ ਨਾ ਛਾਡੈ ਸੰਤਈ" ਪੰਕਤੀ ਦੇ ਅਧੀਨ ਵਰਣਿਤ ਕੀਤਾ ਗਿਆ ਪ੍ਰਵਚਨ। ਇਸ ਵਿਚ ਪਹਿਲੀ ਮਿਸਾਲ "ਤੇਰਾ ਕੀਆ ਮੀਠਾ ਲਾਗੈ" ਗੁਰੂ ਤੇਗ ਬਹਾਦਰ ਤੇ ਸੱਯਦ ਦਾ ਸੰਵਾਦ ਤੇ ਤਲਵਾਰ ਨਾਲ ਲਪੇਟਿਆ ਕੱਚਾ ਧਾਗਾ, ਦੀ ਹੈ। ਦੂਸਰੀ ਮਿਸਾਲ ਅਮਰ ਸਿੰਘ ਦੀ ਜੋ ਸਾਰਾ ਦਿਨ ਕਾਰ ਵਿਹਾਰ ਕਰਦਾ ਭਾਵੇਂ ਰਾਤ ਦਾ ਇਕ ਵਜ ਜਾਵੇ, ਉਹ ਤੇਰਾਂ ਤੋਂ ਸਤਵੰਜਾ ਸਾਲ ਦੀ ਉਮਰ ਤਕ ਰਾਤ ਦੋ ਵਜੇ ਉਠਕੇ ਇਸ਼ਨਾਨ ਉਪਰੰਤ ਸਿਮਰਨ ਕਰਨ ਬੈਠ ਜਾਂਦੇ। ਤੀਸਰੀ ਮਿਸਾਲ ਅੰਗਰੇਜ਼ ਦੀ ਜਿਸਨੇ ਕਪਟ ਕਰਕੇ ਰਾਜ ਹੀ ਨਹੀ ਕੀਤਾ ਸਗੋਂ ਗਲਤ ਇਤਿਹਾਸ ਵੀ ਲਿਖਵਾਇਆ ਜੇਹਾ ਕਿ ਕਨਿੰਘਮ ਨੇ ਲਿਖਿਆ, ਦੱਖਣ ਹੈਦਰਾਬਾਦ ਵਿਚ ਦਸਮ ਗੁਰੂ ਪਹੁੰਚ ਕੇ ਬਹਾਦਰ ਸ਼ਾਹ ਦੇ ਨੌਕਰ ਹੋ ਗਏ। ਚੌਥੀ ਮਿਸਾਲ ਸੰਤ ਤੇ ਠੂੰਹੇਂ ਦੀ ਦੇ ਕੇ ਇਹ ਜ਼ਿਹਨ-ਨਸ਼ੀਨ ਕਰਵਾਇਆ ਕਿ ਸੰਤ ਆਪਣਾ ਗੁਣ ਨਹੀ ਛੱਡਦਾ। ਅੰਤ ਵਿਚ ਬਾਣੀ ਦੀ ਪੰਕਤੀ ਨਾਲ ਸਮਾਪਤੀ ਦਾ

Namdhari Elibrary NamdhariElibrary@gmail.com

ਅਰਥ ਏਨਾ ਹੀ ਹੈ ਕਿ ਇਹ ਗੁਣ ਸਾਡੇ ਵੀ ਆਤਮਸਾਤ ਹੋ ਜਾਵੇ।

ਕਬੀਰ ਸੰਤੁ ਨ ਛਾਡੈ ਸੰਤਈ
ਜਉ ਕੋਟਿਕ ਮਿਲਹਿ ਅਸੰਤ।
ਮਲਿਆਗਰੁ ਭੁਯੰਗਮ ਬੇਢਿਓ
ਤ ਸੀਤਲਤਾ ਨ ਤਜੰਤ।

ਦੂਸਰੀ ਤਰ੍ਹਾਂ ਦੇ ਪ੍ਰਵਚਨ ਵਿਸ਼ੇਸ਼ ਕਰਕੇ ਨਾਮਧਾਰੀ ਜੀਵਨ ਜਾਚ ਨੂੰ ਰੂਬਰੂ ਕਰਦੇ ਹਨ। ਇਕੱਠੇ ਬੈਠਕੇ ਨਾਮ ਸਿਮਰਨ ਕਰੋ, ਬੱਚਿਆਂ ਨੂੰ ਨਾਮਧਾਰੀ ਹੋਣ ਦਾ ਪਤਾ ਲਗੇ, ਸਤਿਗੁਰੂ ਸਾਡਾ ਜਨਮ ਮਰਨ ਕੱਟਦਾ ਹੈ।' ਚੰਡੀ ਦੀ ਵਾਰ ਦਾ ਪਾਠ ਜ਼ਰੂਰ ਕਰਿਆ ਕਰੋ, ਸਾਡਾ ਸਾਰਾ ਕੁਝ ਸ੍ਰੀ ਭੈਣੀ ਸਾਹਿਬ ਹੈ, ਸਿੱਖੀ ਵੱਲ ਤਗੜੇ ਹੋ ਕੇ ਉਦਮ ਕਰੋ ਅਤੇ ਹੋਰ ਅਨੇਕ ਪ੍ਰਵਚਨ ਨਾਮਧਾਰੀ ਜੀਵਨ ਸ਼ੈਲੀ ਨੂੰ ਦ੍ਰਿੜ ਕਰਾਉਂਦੇ ਹਨ। ਸਤਿਗੁਰੂ ਜਗਜੀਤ ਸਿੰਘ ਜੀ ਪ੍ਰੰਪਰਿਕ ਗੁਰ - ਉਪਦੇਸ਼ ਉਦਾਹਰਣਾਂ ਦੇ ਕੇ ਦ੍ਰਿੜ ਕਰਾਉਂਦੇ ਹਨ। ਦੁਹਰਾ ਸਾਡੇ ਸਭਿਆਚਾਰ ਦਾ ਆਦਿਮ - ਮਾਡਲ ਹੈ। ਜਿਸ ਤਰ੍ਹਾਂ ਖਾਣ ਪੀਣ ਵਿੱਚ ਦੁਹਰਾਉ ਹੈ। ਸੌਣ - ਬਹਿਣ ਵਿੱਚ ਦੁਹਰਾਉ ਹੈ। ਇਹ ਦੁਹਰਾਉ ਕੇਵਲ ਮਨੁੱਖੀ ਜੀਵਨ ਵਿੱਚ ਹੀ ਨਹੀਂ ਸਗੋਂ ਬ੍ਰਹਿਮੰਡੀ ਗਤੀ ਵਿਚ ਹੀ ਹੈ। ਦਿਨ-ਰਾਤ ਦਾ ਚੜ੍ਹਨਾ - ਡੁੱਬਣਾ, ਰੁੱਤਾਂ ਦਾ ਆਉਣਾ - ਜਾਣਾ, ਸੂਰਜ ਦਾ ਨੇਮ ਨਾਲ ਰੁੱਤਾਂ ਨੂੰ ਬਦਲਾਉਣਾ ਆਦਿ ਇਹ ਸਾਰਾ ਕੁਝ ਦੁਹਰਾਉ ਦਾ ਹੀ ਚਮਤਕਾਰ ਹੈ।, ਇਸੇ ਤਰ੍ਹਾਂ ਨਿਤ ਕਾਰ ਵਿਹਾਰ ਕਰਦਿਆਂ ਆਪਣੇ ਪਰਿਵਾਰ ਦੇ ਬੱਚਿਆਂ ਵਿਚ ਨਾਮ ਜਪਣ ਦੇ ਆਦੇਸ਼ ਦਾ ਦੁਹਰਾਉ ਕਰਿਆ ਕਰੋ।

ਇਹਨਾਂ ਪ੍ਰਵਚਨਾਂ ਵਿੱਚ ਰਹੱਸਮਈ ਘਟਨਾਵਾਂ ਦਾ ਘੇਰਾ ਬੜਾ ਵਿਸ਼ਾਲ ਹੈ। ਇਸ ਤਰਕ ਨੂੰ ਸਮਝਣ ਲਈ 'ਸਤਿਗੁਰੂ ਜੀ ਦੀ ਕਿਰਪਾ ਹੋਵੇ'। ਨਾਮ ਦੇ ਪ੍ਰਵਚਨ ਉਪਰ ਧਿਆਨ ਕੇਂਦਰਤ ਕਰਕੇ ਇਸ ਰਹੱਸ ਨੂੰ ਵਿਚਾਰਨਾ ਚਾਹੀਦਾ ਹੈ। 'ਅਬ ਨ ਭਜਸਿ ਭਜਸਿ ਕਬ ਭਾਈ' ਏਸ ਕਥਨ ਦੀ ਸਾਰਥਕਤਾ ਨੂੰ ਸਮਝਣ ਵਾਲਾ ਦੂਸਰਾ ਪ੍ਰਵਚਨ ਹੈ। ਇਸ ਵਿਚ ਸਾਧੂ ਦਾ ਗਊ ਨੂੰ ਦੱਸਣ ਦਾ ਇਸ਼ਾਰਾ, ਉਸ ਨੂੰ ਮਿਲੀ ਸਜ਼ਾ ਆਦਿ। ਲੁਕਮਾਨ ਹਕੀਮ ਦੇ ਪੁੱਤਰ ਨੂੰ ਸ਼ਰਾਬ ਨਾ ਪੀਣ ਦਾ ਉਪਦੇਸ਼, ਕੋਲੇ ਦੀ ਕਾਲਖ ਲਗਣ ਦੇ ਉਦਾਹਰਣ ਨਾਲ ਸਮਝਾਈ ਹੈ। ਇਹਨਾਂ ਪ੍ਰਵਚਨਾਂ ਦੀ ਬਿਰਤੀ ਉਪਦੇਸ਼ਾਤਮਕ ਹੈ। ਸਤਿਗੁਰੂ ਜੀ ਇਕ ਨਹੀਂ ਬਲਕਿ ਇਕ ਹੀ ਪ੍ਰਵਚਨ ਵਿਚ ਕਈ ਕਈ ਮਿਸਾਲਾਂ, ਘਟਨਾਵਾਂ ਦਾ ਜ਼ਿਕਰ ਕਰਕੇ ਆਮ ਸੰਗਤ ਦੀ ਮਨ ਸਮਝਾਉਣੀ ਕਰਦੇ ਹਨ। ਥਾਂ ਥਾਂ ਤੇ ਬਾਣੀ ਦੀਆਂ ਪੰਕਤੀਆਂ ਉਸ ਕਥਨ ਦੀ ਸਾਰਥਕਤਾ ਨੂੰ ਉਜਾਗਰ ਕਰਦੀਆਂ ਹਨ। ਬਾਣੀ ਪੌਰਸ਼ੇਯ ਹੈ। ਇਸ ਨੂੰ ਕਿਸੇ ਹੋਰ ਦਲੀਲ ਦੀ ਲੋੜ ਨਹੀਂ ਸਗੋਂ ਇਸ ਦੀ ਦਲੀਲ ਸਰਬ ਪ੍ਰਵਾਨਿਤ ਹੈ। ਇਹ ਪ੍ਰਵਚਨ 'ਸੱਚੇ ਵਪਾਰ' ਦਾ ਉਪਦੇਸ਼ ਦ੍ਰਿੜ ਕਰਵਾਉਂਦਾ ਹੈ। ਸੰਤ ਝੂਠ ਦਾ ਵਪਾਰ ਨਹੀਂ ਕਰਦੇ। ਉਹ ਨਾਮ ਧਨ ਲਦਦੇ ਹਨ ਪਰ "ਮੂਰਖ ਸਚੁ ਨ ਜਾਣਨੀ' ਮੂਰਖ ਸਚ ਨੂੰ ਨਹੀਂ ਜਾਣਦੇ। ਇਥੇ "ਭੈਰੋਂ ਸਿੰਘ" ਦੀ ਮਿਸਾਲ ਦੇ ਕੇ ਸੱਚ ਨੂੰ ਦ੍ਰਿੜ ਕਰਾਇਆ। ਸਤਿਗੁਰੂ ਜੀ ਨੇ "ਹੁਣਤਾ" ਉੱਤੇ ਬਲ ਦਿੱਤਾ ਹੈ। ਹੁਣੇ ਜੋ ਸਜਣ ਦਿਵਾਨ ਵਿਚ ਬੈਠੇ ਹਨ, ਉਹਨਾਂ ਦੀ ਬਿਰਤੀ ਇਸ ਵੇਲੇ ਨਿਰਮਲ ਹੈ। ਉਹ ਘਰ ਪਹੁੰਚ ਕੇ ਇਸਦਾ ਲਾਭ ਉਠਾਉਣ। ਭਜਨ ਬਾਣੀ ਕਰਨ। ਇਹ ਤਾਂ ਸਚ ਹੀ ਹੈ :

"ਹਰ ਜਪਦਿਆਂ
ਇਕ ਖਿਨ ਢਿਲ ਨਾ ਕੀਜੈ
ਮੇਰੀ ਜਿੰਦੜੀਏ
ਮਤ ਕੇ ਜਾਪੈ ਇਹ ਸਾਹ ਆਵੇ
ਕਿ ਨ ਆਵੇ ਰਾਮ"।

ਇਹਨਾਂ ਵਿਚ ਸੰਸਥਾਵੀ ਬਿਰਤੀ ਬਾਰੰਬਾਰ ਆਪਣਾ ਸੁਰ ਉਚਾਰਦੀ ਰਹੀ ਹੈ। "ਸਾਰੇ ਜਥੇਦਾਰ, ਸੂਬੇ ਸਾਹਿਬਾਨ, ਪਾਠੀਆਂ ਦਾ ਨਾਂ ਲਿਖ ਕੇ ਆਪਣੇ ਆਪਣੇ ਇਲਾਕੇ ਵਿਚੋਂ ਦੱਸਣ। ਘਰਾਂ ਵਿਚ ਬੀੜਾਂ ਰਖ ਕੇ ਪਾਠ ਕੀਤੇ ਜਾਣ। ਘਰਾਂ ਵਿਚ ਇਕ ਮਹੀਨੇ ਦੇ ਚਾਰ ਚਾਰ ਪਾਠ ਹੋਣ......।

Namdhari Elibrary NamdhariElibrary@gmail.com

ਦਸਵੰਧ ਜ਼ਰੂਰ ਕਢਿਆ ਕਰੋ। ਭਜਨ ਬਾਣੀ ਵਾਲਾ ਪਾਸਾ ਕਦੇ ਨਹੀਂ ਛੱਡਣਾ ਚਾਹੀਦਾ। ਕਿਸੇ ਦਾ ਬੁਰਾ ਨਾ ਮੰਗੋ, ਭਲਾ ਮੰਗੋ ਸਭ ਦਾ" ਜ਼ਾਹਿਰ ਹੈ, ਸਤਿਗੁਰੂ ਜੀ ਨਾਮਧਾਰੀ ਸਮਾਜ ਨੂੰ ਅਧਿਆਤਮਕ ਪਖੋਂ ਬਲਵਾਨ, ਸਮਾਜਿਕ ਪਖੋਂ ਸੁਧਰਿਆ ਹੋਇਆ, ਸੁਚੇਤ, ਨੈਤਿਕ ਮੁਲਾਂ ਨਾਲ ਭਰਪੂਰ ਬਣਾਉਣਾ ਚਾਹੁੰਦੇ ਹਨ। ਇਸੇ ਦਾ ਬਾਰੰਬਾਰ ਦੁਹਰਾਉ ਹੈ।

ਧਿਆਨ ਰਹੇ, ਜਿਥੇ ਪ੍ਰਵਚਨਾਂ ਵਿਚ ਸਿੱਖੀ ਸਿਧਾਂਤਾਂ ਉਤੇ ਚਲਣ ਦਾ ਆਦੇਸ਼ ਹੈ, ਉਥੇ ਭਾਣਾ ਮੰਨਣ ਉਪਰ ਵੀ ਜ਼ੋਰ ਹੈ। ਇਕ ਪ੍ਰਵਚਨ ਦਾ ਸਿਰਲੇਖ ਹੈ

"ਬਹੁਤ ਜ਼ੋਰ ਨਾਲ ਕੀਤੀ ਅਰਜ਼ ਹੁਕਮ ਵਰਗੀ ਹੁੰਦੀ ਹੈ"

ਇਸ ਸਿਰਲੇਖ ਦਾ ਸਪਸ਼ਟ ਸੰਕੇਤ ਹੈ ਕਿ ਜਦੋਂ ਜਗਿਆਸੂ ਬਹੁਤ ਜ਼ੋਰ ਦੇ ਕੇ ਅਰਜ਼ ਗੁਜ਼ਾਰਦਾ ਹੈ ਤਾਂ ਸਤਿਗੁਰੂ ਨੂੰ ਪੂਰੀ ਕਰਨੀ ਪੈਂਦੀ ਹੈ। ਇਹ ਇਸੇ ਤਰ੍ਹਾਂ ਹੈ ਜਿਵੇਂ ਕੋਈ ਜਗਿਆਸੂ ਗੁਰੂ ਨੂੰ ਹੁਕਮ ਕਰ ਰਿਹਾ ਹੋਵੇ ਕਿ ਮੇਰੀ ਅਰਜ਼ ਪੂਰੀ ਕਰੋ। ਇਸ ਤੋਂ ਉਲਟ ਇਸ ਪ੍ਰਵਚਨ ਵਿੱਚ ਦੋ-ਚਾਰ ਉਦਾਹਰਣ ਇਸ ਤਰ੍ਹਾਂ ਦੇ ਹਨ ਕਿ ਭਾਣੇ ਵਿਚ ਰਹਿ ਕੇ ਦੁਖ-ਸੁਖ ਦਾ ਭੋਗ ਕਰੋ। ਮਿਸਾਲ ਵਜੋ :

ਇਸ ਪ੍ਰਵਚਨ ਦਾ ਮੁੱਖ ਬਲ ਰੱਬ ਦੀ ਰਜ਼ਾ ਵਿਚ ਰਹਿਣਾ ਚਾਹੀਦਾ ਹੈ। ਅਸੀਂ ਜਗਿਆਸੂ ਬੇਨਤੀ ਕਰ ਕਰ ਇਕ ਤਰ੍ਹਾਂ ਹੁਕਮ ਦੀ ਅਦੂਲੀ ਕਰਦੇ ਹਾਂ। ਅਜੇ ਕਿ ਜਗਿਆਸੂ ਨੂੰ ਅਰਦਾਸ - ਬੇਨਤੀ ਕਰਨ ਦਾ ਹੱਕ ਹੈ ਪਰ ਚੰਗਾ ਹੋਵੇ ਜੋ ਜਗਤ ਵਿਚ ਵਿਚਰਦਿਆਂ ਦੁੱਖ ਸੁੱਖ ਆਵੇ ਉਸਨੂੰ ਖਿੜੇ ਮੱਥੇ ਪ੍ਰਵਾਨ ਕਰ ਲਿਆ ਜਾਵੇ।

-ਸੰਤ ਰਲਾ ਸਿੰਘ ਜੀ ਹੁੰਦੇ ਸਨ ਉਹਨਾਂ ਨੂੰ ਪਿਛਲੀ ਉਮਰੇ ਮਾਤਾ ਨਿਕਲ ਆਈ ਪਰ ਉਹਨਾਂ ਨੇ ਇਸ ਦੀ ਨਿਵਰਤੀ ਦੀ ਅਰਦਾਸ ਨਾ ਕਰਕੇ ਸਗੋਂ ਬਾਣੀ ਦੀ ਇਸ ਤੁਕ ਦਾ ਜਾਪ ਕਰਦੇ ਰਹੇ:

'ਸਹੁ ਵੇ ਜੀਆ ਆਪਣਾ ਕੀਆ"

-ਦੂਜੀ ਮਿਸਾਲ ਮੰਗਲ ਸਿੰਘ ਦੀ ਹੈ। ਇਸ ਨੂੰ ਕੋਹੜ ਹੋ ਗਿਆ। ਉਸਨੂੰ ਇਕ ਸਿੱਖ ਨੇ ਰਾਇ ਦਿੱਤੀ "ਤੂੰ ਸਤਿਗੁਰੂ ਅੱਗੇ ਅਰਦਾਸ ਕਰ" ਉਸ ਉੱਤਰ ਦਿੱਤਾ "ਮੇਰਾ ਕੀਤਾ ਮੇਰੇ ਅਗੇ ਆਇਆ"। ਮੈਂ ਕਾਹਦੇ ਲਈ ਅਰਦਾਸ ਕਰਾਂ। ਏਥੇ ਹੀ ਭੋਗ ਕੇ ਚਲੇ ਜਾਣੈ, ਅਗਾਂਹ ਵਾਸਤੇ ਕੰਮ ਮੁਕ ਜਾਏਗਾ।"

-ਤੀਸਰੀ ਘਟਨਾ ਇਕ ਹੋਰ ਸਿੱਖ ਦੀ ਹੈ। ਉਸਨੇ ਸਤਿਗੁਰੂ ਪ੍ਰਤਾਪ ਸਿੰਘ ਕੋਲ ਅਰਜ਼ ਕੀਤੀ ਮੇਰੀਆਂ ਲੱਤਾਂ ਵਿਚੋਂ ਛੋਰ ਵਗਦੀ ਹੈ-ਏਥੇ ਹੀ ਸਾਡਾ ਹਾਲ ਇਹ ਹੈ-ਅਗੇ ਕੀ ਹੋਵੇਗਾ। ਉਹ ਜੇ ਚਾਹੁੰਦੇ ਤਾਂ ਰੋਗ ਕੱਟ ਸਕਦੇ ਸਨ ਪਰ ਕਿਹਾ-ਏਥੇ ਵਾਲਾ ਭੁਗਤ ਲਵੋ ਅਗੇ ਠੀਕ ਹੈ।

-ਚੌਥੀ ਘਟਨਾ-ਇਕ ਮਾਈ ਸ੍ਰੀ ਭੈਣੀ ਸਾਹਿਬ ਵਿਖੇ ਰਹਿੰਦੀ ਸੀ ਉਸ ਦੀਆਂ ਅੱਖਾਂ ਚਲੀਆਂ ਗਈਆਂ। ਉਹਦਾ ਬੜਾ ਜੀਅ ਕਰਦਾ ਉਹਦੀਆਂ ਅੱਖਾਂ ਠੀਕ ਹੋ ਜਾਣ। ਪਰ ਸੋਝੀ ਇਹੀ ਦਿਤੀ ਕਿ ਸਤਿਗੁਰੂ ਦੇ ਚਰਨਾਂ ਵਿਚ ਅਰਦਾਸ ਕਰਿਆ ਕਰੋ ਕਿ "ਸਾਨੂੰ ਸਿਖੀ ਮਿਲੇ ਅਗੋਂ ਜੋ ਉਹਨਾਂ ਦੀ ਰਜ਼ਾ।"

—ਏਕ ਵਾਰੀ ਸਿੱਖਾਂ ਨੇ ਸਤਿਗੁਰੂ ਰਾਮ ਸਿੰਘ ਅਗੇ ਬੇਨਤੀ ਕੀਤੀ "ਤੁਸੀਂ ਕੀਹਦੇ ਤੇ ਰਾਜ਼ੀ ਓ"। ਉਹਨਾਂ ਉਤਰ ਦਿੱਤਾ ਸੀ "ਜਿਹੜਾ ਰਜ਼ਾ ਵਿਚ ਰਾਜ਼ੀ ਰਵ੍ਹੇ।"

ਕੁਲ ਮਿਲਾਕੇ ਇਸ ਪ੍ਰਵਚਨ ਦਾ ਮੁੱਖ ਬਲ ਰੱਬ ਦੀ ਰਜ਼ਾ ਵਿਚ ਰਹਿਣਾ ਚਾਹੀਦਾ ਹੈ। ਅਸੀ ਜਗਿਆਸੂ ਬੇਨਤੀ ਕਰ ਕਰ ਇਕ ਤਰ੍ਹਾਂ ਹੁਕਮ ਦੀ ਅਦੂਲੀ ਕਰਦੇ ਹਾਂ। ਅਜੇ ਕਿ ਜਗਿਆਸੂ ਨੂੰ ਅਰਦਾਸ - ਬੇਨਤੀ ਕਰਨ ਦਾ ਹੱਕ ਹੈ ਪਰ ਚੰਗਾ ਹੋਵੇ ਜੋ ਜਗਤ ਵਿਚ ਵਿਚਰਦਿਆਂ ਦੁੱਖ ਸੁੱਖ ਆਵੇ ਉਸਨੂੰ ਖਿੜੇ ਮੱਥੇ ਪ੍ਰਵਾਨ ਕਰ ਲਿਆ ਜਾਵੇ। ਰੱਬ ਦੀ ਪ੍ਰਸੰਨਤਾ ਰਜ਼ਾ ਵਿਚ ਰਹਿਣ ਵਾਲਿਆਂ ਉਤੇ

Namdhari Elibrary NamdhariElibrary@gmail.com

ਵਧੇਰੇ ਹੈ।

ਅੰਤ ਵਿਚ ਇਹ ਪ੍ਰਵਚਨ ਜਨ ਸਧਾਰਨ ਨੂੰ ਸਾਂਝਾ ਪੱਧਰ ਜੀਵਨ ਜਿਉਣ ਲਈ ਸਰਬਪੱਖੀ ਰਹਿਨੁਮਾਈ ਦੇਂਦੇ ਹਨ। ਇਸ ਲੋੜ ਪ੍ਰਤੀ ਧਾਰਮਿਕ ਆਗੂ ਹਮੇਸ਼ਾ ਸੁਚੇਤ ਰਹੇ ਹਨ। ਇਹਨਾਂ ਪ੍ਰਵਚਨਾਂ ਵਿਚ ਇਹ ਅੰਸ਼ ਚੋਖੀ ਮਾਤਰਾ ਵਿਚ ਹੈ। ਇਹਨਾਂ ਪ੍ਰਵਚਨਾਂ ਦੀ ਜੇ ਧਿਆਨ ਨਾਲ ਵਿਚਾਰ ਕੀਤੀ ਜਾਵੇ ਤਾਂ ਇਹਨਾਂ ਵਿਚੋਂ ਦੋ ਸੁਰ ਵਿਸ਼ੇਸ਼ ਕਰਕੇ ਉਘੜਦੇ ਹਨ ਪਹਿਲਾ ਪ੍ਰਵਿਰਤੀ ਅਤੇ ਦੂਜਾ ਨਿਰਵਿਰਤੀ। ਪਹਿਲੇ ਦਾ ਸੰਬੰਧ ਗ੍ਰਹਿਣ ਕਰਨ ਨਾਲ ਹੈ। ਦੂਜੇ ਦਾ ਤਿਆਗਣ ਨਾਲ। ਅਨੇਕ ਦਿਸ਼ਾਵੀ ਮਨੁੱਖੀ ਜੀਵਨ ਨੂੰ ਉਚੇਰਾ ਬਨਾਣ ਲਈ ਪ੍ਰਵਚਨਾਂ ਵਿਚ ਵਿਵਿਧਤਾ ਦਾ ਰੰਗ ਮੌਜੂਦ ਹੈ। ਸਤਿਗੁਰੂ ਕੇਵਲ ਵਿਵਿਧ ਰੰਗ ਹੀ ਨਹੀਂ ਭਰਦੇ ਸਗੋਂ ਰੰਗਾਂ ਦੀਆਂ ਵੰਨ ਸੁਵੰਨੀਆਂ ਲਸਾਂ ਤੋਂ ਵੀ ਜਾਣੂੰ ਹਨ। ਇਸੇ ਕਰਕੇ ਇਕ ਹੀ ਪ੍ਰਵਚਨ ਵਿਚ ਬਾਣੀ ਦੀਆਂ ਕਈ ਕਈ ਪੰਕਤੀਆਂ ਦੀ ਵਰਤੋਂ ਕਰਕੇ, ਵੰਨ ਸੁਵੰਨੇ ਪਾਤਰਾਂ ਅਤੇ ਘਟਨਾਵਾਂ ਦਾ ਜ਼ਿਕਰ ਕਰਕੇ ਉਪਦੇਸ਼ ਕਰਦੇ ਹਨ ਤਾਂ ਜੁ ਜਗਿਆਸੂ ਦੇ ਮਨਾਂ ਵਿਚ ਇਹ ਉਪਦੇਸ਼ ਘਰ ਕਰ ਜਾਵੇ। ਉਪਦੇਸ਼-ਪਾਤਰ ਇਕ ਹੈ ਜਾਂ ਬਹੁਤੇ-ਕੇਂਦਰੀ ਨੁਕਤਾ ਇਕੋ ਹੀ ਹੈ ਸਦਗੁਣਾਂ ਨੂੰ ਗ੍ਰਹਿਣ ਕਰਨਾ ਤੇ ਵਿਸ਼ੇ-ਵਿਕਾਰਾਂ ਨੂੰ ਤਿਆਗਣਾ। ਨਾਮ ਜਪ ਕੇ ਹਰੀ ਨੂੰ ਪ੍ਰਾਪਤ ਕਰਨਾ ਤੇ ਮਾਇਆ-ਮੋਹ ਨੂੰ ਤਿਆਗਣਾ। ਧਿਆਨ ਜੋਗ ਨੁਕਤਾ ਇਹ ਹੈ, ਉਪਦੇਸ਼-ਵਸਤੂ ਤੇ ਉਪਦੇਸ਼-ਪਾਤਰ ਇਕ ਦੂਜੇ ਵਿਚ ਓਤਪੋਤ ਹਨ। ਉਪਦੇਸ਼ ਕਰਤਾ ਤੇ ਉਪਦੇਸ਼ ਪ੍ਰਾਪਤ ਕਰਨ ਵਾਲੇ ਦੋਵੇਂ ਵਿਧੀ-ਨਿਸ਼ੇਧ ਦੇ ਬੰਧਨ ਵਿਚ ਪਰਸਪਰ ਜੁੜੇ ਹੋਏ ਹਨ।

ਵਿਧਾਨਾਤਮਕ ਉਪਦੇਸ਼ ਦਾ ਵਾਤਾਵਰਣ ਵੰਨ ਸੁਵੰਨਾ ਹੈ। ਨਾਮ ਜਪਣ ਨਾਲ ਸਰਬ ਸੁਖਾਂ ਦੀ ਪ੍ਰਾਪਤੀ ਹੁੰਦੀ ਹੈ। ਵਾਤਾਵਰਣ ਆਕਰਸ਼ਿਤ ਵੀ ਹੈ ਤੇ ਫਲ ਦਾ ਪ੍ਰਲੋਭਨ ਵੀ ਦਿੰਦਾ ਹੈ। ਜਿਥੇ ਰੌਚਿਕ ਉਪਦੇਸ਼ ਦਾ ਵਿਸ਼ੇਸ਼ ਸਥਾਨ ਹੈ ਉਥੇ ਪ੍ਰਾਣੀ ਮਾਤਰ ਦੇ ਭਲੇ ਲਈ ਤਾੜਨਾ ਲਈ ਉਪਦੇਸ਼ ਵੀ ਕੀਤਾ ਗਿਆ ਹੈ। ਮੰਦੇ ਕਰਮਾਂ ਦਾ ਫਲ ਮੰਦਾ ਹੀ ਹੈ। ਅਜੇਹੇ ਸਮੇਂ ਉਪਦੇਸ਼ ਵਿਚ ਭੈਅ ਅਤੇ ਭਿਅੰਕਰਤਾ ਦਾ ਰੰਗ ਭਰਿਆ ਗਿਆ ਹੈ। ਦੰਡ ਦੋਮੁਖਾ ਹੁੰਦਾ ਹੈ ਸਰੀਰਕ ਅਤੇ ਮਾਨਸਿਕ। ਇਹਨਾਂ ਪ੍ਰਵਚਨਾਂ ਵਿਚ ਮਨ ਪੀੜਾ ਵੀ ਉਭਾਸਰਦੀ ਹੈ ਅਤੇ ਤਨ ਪੀੜਾ ਵੀ। ਪਰ ਬਲ ਹਮੇਸ਼ਾ ਭਜਨ, ਬਾਣੀ ਸਤਿਸੰਗ ਅਤੇ ਸੇਵਾ ਉਪਰ ਹੈ। ਕਈ ਪ੍ਰਵਚਨ ਅਜੇਹੇ ਵੀ ਹਨ ਜੋ ਮਨੁੱਖ ਦੇ ਸਾਹਮਣੇ ਰੋਜ਼ਮਰਾ ਦੇ ਜੀਵਨ ਦੀ ਝਲਕੀ ਪੇਸ਼ ਕਰਦੇ ਹਨ। ਸਤਿਗੁਰੂ ਜੀ ਸ਼ਰਧਾਲੂਆਂ ਨੂੰ ਘਰੋਗੀ ਘੇਰੇ ਵਿਚ ਬੰਨ੍ਹ ਕੇ ਅਸਲੀਅਤ ਦਾ ਚਾਨਣ ਕਰਾਉਂਦੇ ਹਨ। ਬਾਰੰਬਾਰ ਨਾਮ ਜਪਣ ਨੂੰ ਦ੍ਰਿੜ ਕਰਵਾਇਆ ਗਿਆ ਹੈ। ਕਦੀ ਕਦੀ ਪੌਰਾਣਿਕ ਵੇਰਵੇ, ਗੀਤਾ ਅਤੇ ਰਮਾਇਣ ਦੇ ਪਾਤਰਾਂ ਦੇ ਵਿਹਾਰ ਨੂੰ ਗੁਰੂ ਜਸ ਦੇ ਵਿਹਾਰ ਨਾਲ ਜੋੜ ਕੇ ਮਨ ਸਮਝਾਉਣੀ ਵੀ ਕੀਤੀ ਗਈ ਹੈ ਤੇ ਤਾੜਨਾ ਵੀ। ਰਜ਼ਾ ਵਿਚ ਰਹਿਣ ਦਾ ਆਦੇਸ਼ ਅਨੇਕ ਵਾਰ ਦੁਹਰਾਇਆ ਗਿਆ ਹੈ ਕੇਵਲ ਤੇ ਕੇਵਲ ਜਗਿਆਸੂਆਂ ਦੇ ਭਲੇ ਲਈ।

ਇਹ ਪ੍ਰਵਚਨ ਸਭ ਤੋਂ ਅਧਿਕ ਬਲ ਨਾਮਧਾਰੀ ਸਦਾਚਾਰਕ ਉਪਰ ਦਿੰਦੇ ਹਨ। ਇਹਨਾਂ ਦਾ ਓਟ ਆਸਰਾ ਗੁਰਬਾਣੀ ਰਚਨਾਵਾਂ ਵੀ ਹਨ। ਇਹ ਪ੍ਰਵਚਨ ਨਾਮਧਾਰੀ ਸਤਿਗੁਰੂ ਸਾਹਿਬਾਨ ਦਾ ਜ਼ਿਕਰ ਅਨੇਕ ਵਾਰ ਕਰਦੇ ਹਨ। ਬਲੀਦਾਨੀ ਸਿੰਘ ਜਿਹਨਾਂ ਗਲਾਂ ਵਿਚ ਰੱਸੇ ਪਾ ਕੇ ਕੁਰਬਾਨੀਆਂ ਦਿੱਤੀਆਂ ਉਹ ਜਿਹਨਾਂ ਨੇ ਨਾਮਧਾਰੀ ਜੀਵਨ ਸ਼ੈਲੀ ਅਪਨਾਉਣ ਕਰਕੇ ਅੰਗਰੇਜ਼ੀ ਸਰਕਾਰ ਦੇ ਜ਼ੁਲਮ ਸਹੇ,

ਜੇ ਇਹਨਾਂ ਪ੍ਰਵਚਨਾਂ ਉਪਰ ਝਾਤ ਮਾਰੀਏ ਤਾਂ ਇਹ ਨਾਮਧਾਰੀ ਸਮਾਜ ਨੂੰ ਵਡੇਰੇ ਕਰਨ ਵਿਚ ਸੰਸਾਰ ਨਾਲ ਜੋੜਦੇ ਹਨ। ਗਹਿਰਾ ਅਨੁਭਵ ਤੇ ਪ੍ਰਚੰਡ ਗਿਆਨ ਇਸ ਦੇ ਮੂਲ ਸਰੋਤ ਹਨ। ਐਵੇਂ ਨਹੀਂ ਨਾਮਧਾਰੀ ਸਿੰਘ ਕੌਮੀ ਮੁਫਾਦ ਖਾਤਰ ਹੱਸ ਹੱਸ ਕੇ ਜਾਨਾਂ ਵਾਰਦੇ ਰਹੇ।

Namdhari Elibrary NamdhariElibrary@gmail.com

ਜੀਵਨ ਬਲੀਦਾਨ ਦਿੱਤੇ ਉਹਨਾਂ ਦਾ ਜੀਵਨ ਬ੍ਰਿਤਾਂਤ ਵੀ ਇਹਨਾਂ ਪ੍ਰਵਚਨਾਂ ਵਿਚ ਅਨੇਕਾਂ ਵਾਰ ਉਭਰਦਾ ਹੈ। ਕਈ ਇਤਿਹਾਸਕ ਘਟਨਾਵਾਂ ਦਾ ਵਰਨਣ ਅਜੋਕੇ ਸ਼ਰਧਾਲੂਆਂ ਦਾ ਪ੍ਰੇਰਨਾ ਸਰੋਤ ਬਣ ਨਿਬੜਦਾ ਹੈ।

ਆਮ ਤੌਰ ਤੇ ਧਾਰਮਕ ਭਾਵਨਾ ਦੀ ਗੱਲ ਕੀਤੀ ਜਾਂਦੀ ਹੈ। ਸਵਾਲ ਹੈ ਅਜੇਹਾ ਕਿਹੜਾ ਤੱਤ ਹੈ ਜੇਹੜਾ ਧਰਮ ਭਾਵਨਾ ਨੂੰ ਧਰਮ ਵਿਸ਼ਵਾਸ ਬਣਾ ਦਿੰਦਾ ਹੈ। ਧਰਮ ਮਨੁੱਖੀ ਭਾਵ ਅਤੇ ਵਿਸ਼ਵਾਸ ਵਿੱਚ ਇਕ ਅਦੁੱਤੀ ਵਸਤ ਹੈ। ਸਦਾਚਾਰਕ ਦਿਖ ਹੋਣ ਕਰਕੇ ਧਰਮ ਦਾ ਇਕ ਪੱਖ ਕ੍ਰਿਆਤਮਕ ਹੁੰਦਾ ਹੈ। ਧਰਮ ਸਦਾਚਾਰਕ ਕੋਡ ਨਾਲ ਸਭ ਤੋਂ ਪਹਿਲਾਂ ਜੋਸ਼ ਨੂੰ ਰੀਢਦਾ ਹੈ। ਇਹ ਜੋਸ਼ ਇਤਿਹਾਸਕ ਨੀਤੀ ਕਥਾ (Paracode) ਪੌਰਾਣਿਕ ਰਸਮਾਂ, ਰੀਤਾਂ ਅਤੇ ਗੀਤਾਂ ਨਾਲ ਉਭਾਰਿਆ ਜਾਂਦਾ ਹੈ। ਧਰਮ ਜਿਥੇ ਜੀਵਨ ਨੂੰ ਜ਼ਬਤ ਦਿੰਦਾ ਹੈ ਉਥੇ ਨਿਘ ਵੀ। ਧਰਮ ਆਪਣੇ ਪੈਰੋਕਾਰਾਂ ਉਤੇ ਨਿਰਾ ਹੁਕਮ ਹੀ ਨਹੀਂ ਚਲਾਉਂਦਾ ਬਦਲੇ ਵਿਚ ਕੁਝ ਦਿੰਦਾ ਵੀ ਹੈ। ਜਿਸ ਲਈ ਉਹ ਜੀਅ ਸਕਦੇ ਹਨ ਤੇ ਲੋੜ ਪੈਣ ਤੇ ਮਰ ਵੀ ਸਕਦੇ ਹਨ। ਧਰਮ ਦਾ ਢਾਂਚਾ ਕਰਮ ਅਨੁਕੂਲ ਤੇ ਗਿਆਨ ਦੇ ਸਹਾਰੇ ਖੜ੍ਹਾ ਹੈ। ਇਹ ਤਿੰਨੇ ਮਿਲ ਕੇ ਸਰਬਾਂਗ ਸੰਤੁਲਨ ਦਿੰਦੇ ਹਨ। ਮਨੁੱਖੀ ਜੀਵਨ ਨਾਲ ਸਾਂਝ ਪਾਉਂਦੇ ਹਨ। ਇਸ ਧਾਰਨਾ ਦੀ ਦ੍ਰਿਸ਼ਟੀ ਤੋਂ ਜੇ ਇਹਨਾਂ ਪ੍ਰਵਚਨਾਂ ਉਪਰ ਝਾਤ ਮਾਰੀਏ ਤਾਂ ਇਹ ਨਾਮਧਾਰੀ ਸਮਾਜ ਨੂੰ ਵਡੇਰੇ ਕਰਨ ਵਿਚ ਸੰਸਾਰ ਨਾਲ ਜੋੜਦੇ ਹਨ। ਗਹਿਰਾ ਅਨੁਭਵ ਤੇ ਪ੍ਰਚੰਡ ਗਿਆਨ ਇਸ ਦੇ ਮੂਲ ਸਰੋਤ ਹਨ। ਐਵੇਂ ਨਹੀਂ ਨਾਮਧਾਰੀ ਸਿੰਘ ਕੌਮੀ ਮੁਫਾਦ ਖਾਤਰ ਹੱਸ ਹੱਸ ਕੇ ਜਾਨਾਂ ਵਾਰਦੇ ਰਹੇ। ਧਿਆਨ ਰਹੇ, ਇਹ ਓਹੀ ਸਿੰਘ ਸਨ ਜੋ ਧਰਮ ਦੇ ਉਚੇਰੇ ਜਜ਼ਬੇ ਅਤੇ ਜੋਸ਼ ਨਾਲ ਭਰੇ ਨਾਮ ਬਾਣੀ ਦੇ ਪੱਕੇ ਵਿਸ਼ਵਾਸੀ ਸਤਿਗੁਰਾਂ ਦੇ ਆਗਿਆਕਾਰੀ ਸੱਚੇ ਸੁਚੇ ਜੀਵਨ ਵਾਲੇ ਸਨ। ਇਹਨਾਂ ਉਚੇਰੇ ਦੈਵੀ ਗੁਣਾਂ ਦੀ ਵਿਆਖਿਆ ਹੀ ਇਹਨਾਂ ਪ੍ਰਵਚਨਾਂ ਦਾ ਖਾਸਾ ਹੈ। ਪ੍ਰਵਚਨ ਅਮੋਲਕ ਹਨ ਅਤੇ ਜਨ ਕਲਿਆਣ ਕਰਨ ਵਾਲੇ ਹਨ। ■

ਗੁਰੂ ਜਗਜੀਤ ਮੀਤ ਸਾਰੇ ਸੰਸਾਰ ਦਾ

✍ **ਹਰਭਜਨ ਸਿੰਘ 'ਰਾਜਾ' (ਐਲਨਾਬਾਦ)**

ਜਮਾਂ ਵਾਲੀ ਫਾਂਸੀ ਉਹਦੀ ਕੱਟੀ ਜਾਂਦੀ ਤੱਤਕਾਲ,
ਇਕ ਵਾਰੀ ਮੁੱਖੋਂ ਜਗਜੀਤ ਜੋ ਉਚਾਰਦਾ।
ਪਲਾਂ ਵਿਚ ਮੰਗ ਪੂਰੀ ਹੋ ਜਾਂਦੀ ਉਸਦੀ ਹੈ,
ਸ਼ਰਧਾ ਦੇ ਨਾਲ ਜੋ ਵੀ ਦਿਲ ਵਿਚ ਧਾਰਦਾ।
ਕੱਢੀ ਏ ਕੰਗਾਲੀ ਏਸ ਲੱਖਾਂ ਹੀ ਸੁਦਾਮਿਆਂ ਦੀ,
ਮਿਹਰ ਵਾਲੀ ਨਿਗ੍ਹਾ ਪਾਕੇ ਕੋਠੀਆਂ ਉਸਾਰਦਾ।
ਏਸ ਦਾ ਦਿਦਾਰ ਕਰਵਾਂਦਾ ਹੱਜ ਮੱਕਿਆ ਦਾ,
ਗੁਰੂ ਜਗਜੀਤ ਮੀਤ ਸਾਰੇ ਸੰਸਾਰ ਦਾ।

ਜਿਸ ਰੋਗੀ ਤਾਂਈਂ ਦਿਤਾ ਵੈਦ ਨੇ ਜੁਆਬ ਹੋਵੇ,
ਕਰਕੇ ਤੇ ਮੇਹਰ ਉਹਦੇ ਦੁਖੜੇ ਨਵਾਰ ਦਾ।
ਆ ਜਾਵੇ ਵੈਰੀ ਵੀ ਜੇ ਏਸ ਦੀ ਦਹਿਲੀਜ ਚਲ,
ਲਾ ਲੈਂਦਾ ਗਲੇ ਨਾਹੀ ਔਗਣ ਚਤਾਰਦਾ।
ਕਰਦਾ ਪਿਆਰ ਜੋ ਵੀ ਇਸ ਤਾਂਈਂ ਦਿਲੋਂ ਹੋਕੇ,
ਭੀਲਣੀ ਦੇ ਵਾਂਗੂੰ ਨਹੀਂ ਜੇ ਦਿਲ ਚੋ ਵਸਾਰਦਾ।
ਬੰਦ ਹੋਏ ਨੇਤਰਾਂ ਨੂੰ ਰੋਸ਼ਨੀ ਵੀ ਦੇ ਦੇਂਦਾ,
ਗੁਰੂ ਜਗਜੀਤ ਮੀਤ ਸਾਰੇ ਸੰਸਾਰ ਦਾ।

ਰਾਜੇ ਮਹਾਰਾਜੇ ਮਥਾ ਟੇਕਦੇ ਨੇ ਏਸ ਤਾਂਈਂ,
ਪਾਰਾਵਾਰ ਆਂਵਦਾ ਨਾ ਏਸ ਪਤਵਾਰ ਦਾ।
ਕੱਖਾਂ ਤੋਂ ਵੀ ਹੌਲਿਆਂ ਨੂੰ ਲੱਖਾਂ ਦਾ ਬਣਾ ਦੇਵੇਂ,
ਇਕ ਵਾਰੀ ਜਿਸ ਵੱਲ ਨਿਗ੍ਹਾ ਹੈ ਇਹ ਮਾਰਦਾ।
ਲੋਕ ਪ੍ਰਲੋਕ ਦਿਆਂ ਸੁਖਾਂ ਨੂੰ ਉਹ ਭੁੱਲ ਜਾਂਦਾ,
ਆ ਜਾਂਦਾ ਨਿਘ ਜਿਨੂੰ ਏਸ ਦੇ ਪਿਆਰ ਦਾ।
ਏਹਦੇ ਦਰ ਉਤੇ ਆਕੇ ਲਛਮੀ ਵੀ ਦੇਵੇ ਝਾੜੂ,
ਗੁਰੂ ਜਗਜੀਤ ਮੀਤ ਸਾਰੇ ਸੰਸਾਰ ਦਾ।

ਵੰਡਦਾ ਭੰਡਾਰੇ ਭਰ ਭਰ ਬੁੱਕ ਲਛਮੀ ਦੇ,
ਬਣਕੇ ਕੁਬੇਰ ਉਚੇ ਨੀਵੇਂ ਨਰ ਨਾਰ ਦਾ।
ਜੱਗ ਵਿਚ ਏਸ ਦਾ ਨਾ ਸਾਨੀ ਕੋਈ ਦਿਸਦਾ ਏ,
ਝੱਲਿਆ ਨਾ ਤੇਜ ਜਾਵੇ ਏਸ ਦੀ ਨੁਹਾਰ ਦਾ।
ਹਰ ਵੇਲੇ ਖੁਲ੍ਹਾ ਦਰਵਾਜਾ ਰਹਿੰਦਾ ਰਹਿਮਤਾਂ ਦਾ,
ਲਾਕੇ ਤੇ ਗਲੇ ਛਾਤੀ ਸਭਨਾਂ ਦੀ ਠਾਰਦਾ।
ਸਹਿਮ ਫੱਣੀ ਕੋਲੋਂ ਜੱਸ ਹੋਵੇ ਨਾ ਬਿਆਨ 'ਰਾਜਾ',
ਗੁਰੂ ਜਗਜੀਤ ਮੀਤ ਸਾਰੇ ਸੰਸਾਰ ਦਾ।

Namdhari Elibrary NamdhariElibrary@gmail.com

ਨਾਮਧਾਰੀ ਵਿਦਿਅਕ ਜਥੇ ਦਾ ਹੁਲਾਰ

✍ ਜਗਦੀਸ਼ ਸਿੰਘ ਵਰਿਆਮ

ਉਹਨਾਂ ਦਾ ਪਿੰਡ ਖਾਰਾ ਸੀ ਸਿਆਲਕੋਟ ਦੇ ਜ਼ਿਲੇ ਵਾਲਾ ਜਿਥੇ ਸਾਰੇ ਹੀ ਰਾਗੀ ਹੁੰਦੇ ਸਨ ਅਤੇ ਦੂਸਰਾ ਉਹਨਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸੰਗਤ ਕੀਤੀ ਸੀ ਅਤੇ ਬਹੁਤ ਨਾਯਾਬ ਸੁਰ ਸੰਜੋਗ ਉਹਨਾਂ ਕੋਲ ਹੈ ਸਨ। ਉਹਨਾਂ ਵੱਖਰਿਆਂ ਵੀ ਕਦੀ ਢੋਲਕ ਲੈ ਕੇ ਮੈਨੂੰ ਹਾਰਮੋਨੀਅਮ ਤੇ ਬਿਠਾ ਕੇ ਅਭਿਆਸ ਕਰਾਉਣਾ। ਸੰਗੀਤ ਹੁੰਦਾ ਤਾਂ ਨਕਲ ਹੀ ਹੈ।

ਸੰਨ ੧੯੬੪ ਦੇ ਦਸੰਬਰ ਵਿਚ ਮੈਂ ਜੰਮੂ ਚਲਾ ਗਿਆ ਸਾਂ। ਜ਼ਾਹਰਾ ਤੌਰ ਤੇ ਤਾਂ ਕਮਾਈ ਕਰਨ ਗਿਆ ਪਰ ਅੱਜ ਸੋਚਦਾ ਹਾਂ ਕਿ ਹਰ ਗੱਲ ਕਿਸੇ ਚੱਕਰ ਦੇ ਅਧੀਨ ਹੁੰਦੀ ਹੈ, ਉਸ ਚੱਕਰ ਨੂੰ ਸਤਿਗੁਰੂ ਹੀ ਜਾਣਦਾ ਹੈ। ਇਸ ਵਾਸਤੇ ਜੰਮੂ ਜਾਣ ਵਾਸਤੇ ਰੋਜ਼ਗਾਰ ਦਾ ਬਹਾਨਾ ਹੀ ਸੀ। ਜੰਮੂ ਜਾ ਕੇ ਪਤਾ ਲੱਗਾ ਕਿ ਇਥੇ ਸੰਤਾਂ ਦੇ ਅਹਾਤੇ ਜਾਂ ਸੰਤ ਬ੍ਰਦਰਜ਼ ਟਰੱਕ ਬਾਡੀਆਂ ਬਨਾਉਣ ਵਾਲੇ ਨਾਮਧਾਰੀ ਸਿੰਘਾਂ ਦੇ ਘਰ ਕਾਫੀ ਹਨ। ਉਹਨਾਂ ਦੀ ਮਦਦ ਨਾਲ ਮੈਂ ਦੁਕਾਨਦਾਰੀ ਕਰਨ ਲੱਗਾ। ਇਸ ਤੋਂ ਪਹਿਲਾਂ ਮੇਰੀ ਠਾਹਰ ਸੰਤ ਹਰਨਾਮ ਸਿੰਘ ਹੋਰਾਂ ਦਾ ਪਰਵਾਰ ਸੀ ਜੋ ਰਿਸ਼ਤੇਦਾਰ ਲੱਗਦੇ ਸਨ। ਉਹਨਾਂ ਦੇ ਪੁੱਤਰ ਸ. ਪ੍ਰੀਤਮ ਸਿੰਘ ਉਦੋਂ ਹੀ ਕਾਫੀ ਮਸ਼ਹੂਰ ਸਨ ਪਰ ਉਸ ਵਕਤ ਉਹ ਜੰਮੂ ਦੀ ਬਜਾਏ ਦਿੱਲੀ ਵਿਚ ਸਨ।

ਨੌਜਵਾਨਾਂ 'ਚੋਂ ਸਭ ਤੋਂ ਪਹਿਲੀ ਪਛਾਣ ਗੁਰਦੇਵ ਸਿੰਘ ਸੀ, ਜੋ ਦੋਸਤ ਬਣ ਗਿਆ ਅਤੇ ਇਥੋਂ ਤਕ ਅਸੀਂ ਇਕੱਠੇ ਰਹਿਣ ਲੱਗ ਪਏ। ਇਕ ਦਿਨ ਨਵੀਂ ਵਿਆਹੀ ਸ੍ਰੀਮਤੀ ਗੁਰਦੇਵ ਸਿੰਘ ਨੇ ਤੰਗ ਆ ਕੇ ਮੈਨੂੰ ਬਾਡੀਗਾਰਡ ਦੀ ਉਪਾਧੀ ਨਾਲ ਸਨਮਾਨਿਤ ਕਰ ਦਿਤਾ। ਸੱਚੀ ਗੱਲ ਤਾਂ ਇਹ ਹੈ ਕਿ ਅਸੀਂ ਆਪਣਾ ਕਾਰੋਬਾਰ ਤਾਂ ਭੁੱਲ ਕੇ ਦਿਨ ਰਾਤ ਘਰ ਬਜ਼ਾਰ ਤੇ ਖੇਡ ਮੈਦਾਨ ਵਿਚ ਵੀ ਇਕੱਠੇ ਰਹਿਣ ਲੱਗੇ। ਇਕ ਮੁੰਡਾ ਸੀ ਜਿਹੜਾ ਹਰ ਵੇਲੇ ਢਿਲਮ ਢਿਲੀ ਪਗੜੀ ਤੇ ਖੁਲ੍ਹੀ ਦਾੜ੍ਹੀ ਨਾਲ ਇਵੇਂ ਲਗਦਾ ਸੀ ਜਿਵੇਂ ਕਿਸੇ ਟਰੱਕ ਦਾ ਡਰਾਈਵਰ ਹੋਵੇ। ਇਕ ਦਿਨ ਇਹੀ ਮੁੰਡਾ ਅੰਗਰੇਜ਼ੀ ਸੂਟ ਪੈਂਟ ਕੋਟ ਪਾ ਕੇ ਟਾਈ ਲਾਈ ਦਾੜ੍ਹੀ ਨੂੰ ਫਿਕਸੋ ਲਾ ਕੇ ਉਚਾ ਲੰਮਾ ਸਰਦਾਰ ਬਣ ਕੇ ਗੁਰਦੇਵ ਨਾਲ ਆਇਆ ਤਾਂ ਮੈਨੂੰ ਪਤਾ ਲੱਗਾ ਕਿ ਇਹ ਤਾਂ ਜ਼ਿਲੇ ਦਾ ਖੇਤੀਬਾੜੀ ਅਫਸਰ ਹੈ। ਗੁਰਦੇਵ ਸਿੰਘ ਦਾ ਚਾਚੇ ਦਾ ਪੁੱਤਰ ਭਰਾ। ਇਹ ਕਰਮ ਸਿੰਘ ਸੀ ਜੋ ਸਰੀਰੋਂ ਕੁਝ ਬਿਮਾਰ ਹੋਣ ਕਰਕੇ ਢਿਲੀ ਪੱਗ ਤੇ ਪਜ਼ਾਮੇ ਨਾਲ ਬੈਠਾ ਰਹਿੰਦਾ ਸੀ। ਗੁਰਦੇਵ ਸਿੰਘ ਦਾ ਵੱਡਾ ਭਰਾ ਬਖਸ਼ੀਸ਼ ਸਿੰਘ ਓਵਰਸੀਅਰ ਸੀ। ਹੌਲੀ ਹੌਲੀ ਮਿੱਤਰ ਮੰਡਲੀ ਵਿਚ ਬਹੁਤ ਵਿਸਥਾਰ ਹੋ ਗਿਆ। ਮੇਰੇ ਦਫਤਰ ਜਾਂ ਦੁਕਾਨ ਤੇ ਗਾਹਕ ਘੱਟ ਹੀ ਆਉਂਦੇ ਸਨ ਅਤੇ ਜੋ ਆਉਂਦੇ ਸਨ ਉਹ ਉਧਾਰ ਹੀ ਮੰਗਦੇ ਸਨ। ਜੇ ਇਹ ਉਧਾਰ ਨਾ ਮਾਲ ਖੜਦੇ ਤਾਂ ਮੈਂ ਜੰਮੂ ਤੋਂ ਵਾਪਿਸ ਕਿਥੇ ਆਉਣਾ ਸੀ? ਇਹਨਾਂ ਦੀ ਕਿਰਪਾ ਸਦਕਾ ਅੰਤ ਮੈਨੂੰ ਅੱਠ ਸਾਲ ਬਾਅਦ ਜੰਮੂ ਛੱਡਕੇ ਜਲੰਧਰ ਵਾਪਿਸ ਆਉਣਾ ਪਿਆ।

Namdhari Elibrary NamdhariElibrary@gmail.com

ਗਾਹਕਾਂ ਦੀ ਥਾਂ ਤੇ ਮਿਤਰ ਮੰਡਲੀ ਦੀਆਂ ਰੌਣਕਾਂ ਰਹਿੰਦੀਆਂ। ਕਦੀ ਜੰਮੂ ਦੀਆਂ ਪਹਾੜੀਆਂ ਦੀ ਚੜਾਈ, ਕਦੀ ਤਵੀ ਨਦੀ ਦੀ ਸੈਰ, ਕਦੇ ਨਹਿਰ ਦੇ ਬਰਫੀਲੇ ਪਾਣੀ ਦੇ ਇਸ਼ਨਾਨ, ਕਦੇ ਹਾਕੀ ਦੇ ਮੈਚ। ਜੰਮੂ ਵਿਚ ਦੋ ਭਰਾ ਸਨ ਕਵੀ ਕੁਲਤਾਰ ਸਿੰਘ ਅਤੇ ਦਾਤਾ ਦਾਤਾਰ ਸਿੰਘ, ਏਹਨਾਂ ਆਪ ਜਾਂ ਇਹਨਾਂ ਦੇ ਕਿਸੇ ਬੰਦੇ ਨੇ ਆ ਜਾਣਾ ਕਿ ਕੱਲ੍ਹ ਜਾਂ ਅੱਜ ਮੈਚ ਹੈ। ਮੈਂ ਹਾਕੀ ਫੜ ਕੇ ਚੱਲ ਪੈਣਾ। ਗੱਲ ਕੀ ਵੇਹਲ ਦਾ ਰੁਝੇਵਾਂ ਬੁਰੀ ਤਰ੍ਹਾਂ ਵਧ ਗਿਆ।

ਸੰਤਾਂ ਦੇ ਬਹੁਤ ਵੱਡੇ ਅਹਾਤੇ ਵਿਚ ਟਰੱਕ ਖੜ੍ਹੇ ਹੁੰਦੇ। ਵਿਚ ਇਕ ਬਹੁਤ ਛੋਟਾ ਜਿਹਾ ਲੱਕੜ ਦਾ ਕਮਰਾ ਸੀ ਜੋ ਦਫਤਰ ਵਜੋਂ ਵਰਤਿਆ ਜਾਂਦਾ ਸੀ। ਇਥੇ ਹਰ ਵੀਰਵਾਰ ਰਾਤ ਨੂੰ ਢੋਲਕੀ ਦੀ ਆਵਾਜ਼ ਆਉਣ ਲੱਗ ਪੈਂਦੀ। ਗੁਰਦੇਵ ਦੇ ਪਿਤਾ ਜੀ ਸੰਤ ਜਗਤ ਸਿੰਘ ਇਕੱਲੇ ਹੀ ਢੋਲਕ ਫੜ ਕੇ ਵਜਾਉਣ ਲੱਗ ਪੈਂਦੇ। ਸ਼ਬਦ ਕੀਰਤਨ ਵਿਚ ਤਕਰੀਬਨ ਸਾਰੇ ਹੀ ਹਿਸਾ ਲੈਂਦੇ। ਮੈਂ ਵੀ ਇਕ ਦੋ ਵਾਰ ਜਾ ਕੇ ਆ ਜਾਂਦਾ ਰਿਹਾ। ਇਕ ਦਿਨ ਮੈਂ ਉਤੇ ਛੱਤ ਵੱਲ ਵੇਖਿਆ ਤਾਂ ਉਥੇ ਇਕ ਹਾਰਮੋਨੀਅਮ (ਵਾਜਾ) ਚੰਗੀ ਤਰ੍ਹਾਂ ਬੰਨ ਕੇ ਟਿਕਾਇਆ ਹੋਇਆ ਸੀ। ਮੈਂ ਝੱਕਦੇ ਝੱਕਦੇ ਨੇ ਉਹਨੂੰ ਥੱਲੇ ਲਾਹ ਲਿਆ। ਜਲੰਧਰ ਵਿਚ ਹਾਰਮੋਨੀਅਮ ਵਜਾਉਣ ਦੀ ਮੇਰੀ ਰੀਝ ਸੀ। ਮੈਂ ਇਕ ਪੁਰਾਣਾ ਵਾਜਾ ਖਰੀਦਿਆ ਵੀ। ਹਾਰਮੋਨੀਅਮ ਟੀਚਰ ਦੀ ਪੁਸਤਕ ਵੀ ਖਰੀਦੀ। ਸੁਰਾਂ ਦੇ ਉਤੇ ਸਾ ਰੇ ਗਾ ਮਾ ਲਿਖ ਕੇ ਵਜਾਉਂਦਾ ਵੀ ਰਿਹਾ। ਘਰ ਵਿਚ ਵਾਜਾ ਠੀਕ ਵਜਦਾ ਪਰ ਜਦ ਕਿਸੇ ਦੇ ਨਾਲ ਵਜਾਉਂਦਾ ਤਾਂ ਫਰਕ ਹੁੰਦਾ। ਅਸਲ ਵਿਚ ਗੱਲ ਇਹ ਹੁੰਦੀ ਕਿ ਨਾ ਤਾਂ ਮੈਂ ਹੀ ਗਾਉਣ ਵਾਲਿਆਂ ਨਾਲ ਮਿਲਦਾ ਅਤੇ ਨਾ ਹੀ ਗਾਉਣ ਵਾਲੇ ਮੇਰੇ ਵਾਜੇ ਨਾਲ ਮਿਲ ਸਕਦੇ। ਜੰਮੂ ਮੈਂ ਹਿਸਾਬ ਲਾਇਆ ਕਿ ਇਹ ਸਿਧੀਆਂ ਸਿਧੀਆਂ ਧਾਰਨਾ ਪੜ੍ਹ ਰਹੇ ਨੇ ਨਾਲ ਵਜਾਈ ਜਾਵਾਂਗਾ ਨਹੀਂ ਤਾਂ ਕੁਝ ਨਾ ਕੁਝ ਆਵਾਜ਼ ਤਾਂ ਨਿਕਲੇਗੀ, ਜੇ ਸੁਰ ਨਾ ਵੀ ਮਿਲੀ ਤਾਂ ਕਹਿ ਤਾਂ ਸਕਾਂਗਾ ਕਿ ਵਾਜਾ ਖਰਾਬ ਹੈ, ਕਰਨਾ ਰੱਬ ਦਾ ਕਿ ਜਦੋਂ ਮੈਂ ਉਂਗਲਾ ਫੇਰੀਆਂ ਤਾਂ ਇੰਜ ਲੱਗਾ ਕਿ ਕੰਮ ਬਣ ਗਿਆ ਹੈ ਜਾਂ ਸ਼ਬਦ ਪੜ੍ਹਨ ਵਾਲੇ ਮੇਰੇ ਵਾਜੇ ਦੀਆਂ ਸੁਰਾਂ ਨਾਲ ਆਪ ਹੀ ਮਿਲ ਗਏ ਹਨ। ਮੈਨੂੰ ਭਰਪੂਰ ਪ੍ਰਵਾਨਗੀ ਮਿਲ ਗਈ। ਜਥੇ ਨੂੰ ਹੋਰ ਕੀ ਚਾਹੀਦਾ ਹੈ ਕਿ ਇਕ ਹਾਰਮੋਨੀਅਮ ਕਲਾਕਾਰ ਉਹਨਾਂ ਕੋਲ ਹੋਵੇ। ਪਰ ਇਸ ਹਾਰਮੋਨੀਅਮ ਵਾਦਨ ਨੇ ਮੈਨੂੰ ਕੁੜਿਕੀ ਵਿਚ ਵੀ ਫਸਾ ਦਿਤਾ। ਸੰਤ ਸ਼ਬਦ ਬੜੇ ਠਰ੍ਹੰਮੇ ਨਾਲ ਪੜ੍ਹ ਰਹੇ ਸਨ ਅਤੇ ਸਿਧੀਆਂ ਧਾਰਨਾ ਵਿਚ। ਸੰਤ ਜਗਤ ਸਿੰਘ ਹੋਰਾਂ ਅਚਾਨਕ ਢੋਲਕ ਬੰਦ ਕਰ ਦਿਤੀ ਅਤੇ ਕਹਿਣ ਲੱਗੇ ਅੱਛਾ ਤੁਸੀਂ ਸ਼ਬਦ ਸੁਣਾਓ। ਮੈਂ ਸਾਰੀ ਉਮਰ ਸ਼ਬਦ ਸੁਣੇ ਸਨ ਅਤੇ ਛੈਣੇ ਵਜਾਏ ਸਨ। ਢੋਲਕ ਵੀ ਘਰ ਦੀ ਕਲਾ ਹੋਣ ਕਰਕੇ ਕੁਝ ਕੁਝ ਵਜਾ ਲੈਂਦਾ ਸੀ ਪਰ ਅੱਗੇ ਲਗਕੇ ਸ਼ਬਦ ਪੜ੍ਹਨਾ ਅਤੇ ਉਹ ਵੀ ਪੂਰਾ ਸ਼ਬਦ ਪੜ੍ਹਨਾ ਬਹੁਤ ਭਾਰੀ ਇਮਤਿਹਾਨ ਸੀ। ਪਰ ਸਾਰਿਆਂ ਨੇ ਜ਼ੋਰ ਪਾ ਦਿਤਾ ਸੀ। ਮੈਨੂੰ ਘਬਰਾਹਟ ਹਿਚਕਿਚਾਹਟ ਸਭ ਕੁਝ ਸੀ। ਉਸ ਵੇਲੇ ਮੇਰੇ ਪੂਰਬਲੇ ਕਰਮ ਕੰਮ ਆਏ। ਜਲੰਧਰ ਵਿਚ ਜਦੋਂ ਅਸੀਂ ਦੁਆਬਾ ਖ਼ਾਲਸਾ ਹਾਈ ਸਕੂਲ ਵਿਚ ਪੜ੍ਹਦੇ ਸਾਂ ਤਾਂ ਹਰ ਰੋਜ਼ ਸਵੇਰੇ ਅਰਦਾਸ ਵੇਲੇ ਸ਼ਬਦ ਪੜ੍ਹੇ ਜਾਂਦੇ ਸਨ ਅਤੇ ਜਿਸ ਦਿਨ ਸਾਡੀ ਜਮਾਤ ਦੀ ਵਾਰੀ ਆਉਂਦੀ ਤਾਂ ਮਾਸਟਰ ਜੀ ਮੈਨੂੰ ਤੇ ਮਨਮੋਹਨ ਸਿੰਘ ਭੱਲੇ ਨੂੰ ਅੱਗੇ ਪੜ੍ਹਨ ਲਈ ਭੇਜਦੇ। ਸਾਨੂੰ ਵੇਖ ਕੇ ਸਾਹਮਣੇ ਖੜਿਆਂ ਵਿਦਿਆਰਥੀਆਂ 'ਚੋਂ ਕੋਈ ਹੌਲੀ ਦੇਣੀ ਕਹਿ ਦਿੰਦਾ ਮਿਤਰ ਪਿਆਰੇ ਨੂੰ..... ਤੇ ਦੂਸਰਾ ਗੁਣ ਗੁਣਾ ਦਿੰਦਾ ਹਮ ਅਵਗਣ ਭਰੇ। ਉਹਨਾਂ ਨੂੰ ਪਤਾ ਹੁੰਦਾ ਸੀ ਕਿ ਇਸ ਜਥੇ ਨੇ ਇਹਨਾਂ ਦੋ ਸ਼ਬਦਾਂ ਤੋਂ ਇਲਾਵਾ ਕੋਈ ਹੋਰ ਸ਼ਬਦ ਪੜ੍ਹਨਾ ਹੀ ਨਹੀਂ। ਜਦੋਂ ਸੰਤਾਂ ਨੇ ਮੈਨੂੰ ਹੱਦੋਂ ਵਧ ਮਜਬੂਰ ਕੀਤਾ ਅਤੇ ਇਸ ਤੋਂ ਅੱਗੇ ਨਾਂਹ ਕਰਨੀ ਸੰਤਾਂ ਦੀ ਅਤੇ ਆਪਣੀ ਹੱਤਕ ਕਰਨ ਵਾਲੀ ਗਲ ਸੀ ਤਾਂ ਮੈਂ ਸੰਗਦਿਆਂ ਝਕਦਿਆਂ ਸ਼ੁਰੂ ਕਰ ਦਿਤਾ-

ਕੋਈ ਗੁਣ ਨਾ ਗੁਰੂ ਜੀ ਵਿਚ ਮੇਰੇ
ਔਗੁਣਾਂ ਦਾ ਮੈਂ ਭਰਿਆ।

ਇਹ ਧਾਰਨ ਆਪਣੇ ਪਿਤਾ ਜੀ ਤੋਂ ਕਈ ਵਾਰ ਸੁਣੀ ਸੀ ਅਤੇ ਜ਼ਬਾਨੀ ਯਾਦ ਸੀ। ਅੱਜ ਮੇਰੀ ਇਜ਼ਤ ਰਹਿ ਗਈ ਸੀ ਅਤੇ ਏਸ ਹਕੀਕਤ ਭਰੇ ਸ਼ਬਦ ਨੇ ਕਈ ਵਾਰ ਮੇਰੀ ਲਾਜ ਰੱਖੀ ਹੈ। ਅੱਜ ਮੈਨੂੰ ਕਈ ਰਾਗੀਆਂ ਦਾ ਪਤਾ ਹੈ ਜਿਹਨਾਂ ਨੂੰ ਜ਼ਬਾਨੀ ਸ਼ਬਦ ਥੋੜ੍ਹੇ ਹੀ ਆਉਂਦੇ ਹਨ। ਏਸੇ ਨਾਲ ਵੀ ਉਹਨਾਂ ਦੀ ਮਾਨਤਾ ਹੈ। ਉਸ ਤੋਂ ਬਾਦ ਮੈਂ ਹਰ ਵਾਰ ਨਵੇਂ ਸ਼ਬਦ ਨਾਲ ਲੈਸ ਹੋ ਕੇ ਜਾਂਦਾ ਅਤੇ ਹਾਰਮੋਨੀਅਮ ਤੇ ਪਹਿਲਾਂ ਅਭਿਆਸ ਵੀ ਕਰ

Namdhari Elibrary NamdhariElibrary@gmail.com

ਸਤਿਗੁਰੂ ਜੀ ਦੇ ਅਤਿ ਨੇੜਿਓਂ ਬਚਨ ਬਿਲਾਸ ਸੁਣ ਕੇ ਸਭ ਤ੍ਰਿਪਤ ਹੋ ਰਹੇ ਸਨ। ਸਤਿਗੁਰੂ ਜੀ ਹਰ ਇੱਕ ਛੋਟੇ ਵੱਡੇ ਬੱਚੇ-ਬੁੱਢੇ ਬਾਰੇ ਪੁਛਗਿਛ ਕਰ ਰਹੇ ਸਨ।

ਸਤਿਗੁਰੂ ਜੀ ਨੇ ਮੇਰੇ ਬਾਰੇ ਪੁਛਿਆ- ਇਹ ਕਾਕਾ ਕੌਣ ਹੈ? ਮਹੰਤ ਆਤਮਾ ਸਿੰਘ ਸਨਖਤਰਵੀ ਨੇ ਦਸਿਆ- ਇਹ ਜਲੰਧਰ ਵਾਲੇ ਜਥੇਦਾਰ ਨੱਥਾ ਸਿੰਘ ਦਾ ਪੁੱਤਰ ਹੈ ਅਤੇ ਜੰਮੂ ਵਿਚ ਕਾਰੋਬਾਰ ਲਈ ਆਇਆ ਹੈ। ਫਿਰ ਸਤਿਗੁਰੂ ਜੀ ਪੁਛਿਆ-ਕਿੰਨਾ ਪੜ੍ਹਿਆ ਹੈ? ਮੈਂ ਹੌਲੀ ਜਿਹੀ ਕਿਹਾ-ਜੀ, ਐਫ. ਏ., ਗਿਆਨੀ। ਸਤਿਗੁਰੂ ਜੀ ਨੇ ਇਸ ਗੱਲ ਤੇ ਬੜੀ ਖੁਸ਼ੀ ਅਤੇ ਹੈਰਾਨੀ ਪ੍ਰਗਟ ਕੀਤੀ।

ਲੈਂਦਾ। ਸੰਤ ਜਗਤ ਸਿੰਘ ਸਾਰੇ ਭਰਾਵਾਂ ਤੋਂ ਵੱਡੇ ਸਨ, ਉਹਨਾਂ ਨੂੰ ਵੱਡੇ ਸੰਤ ਕਿਹਾ ਜਾਂਦਾ ਸੀ। ਉਹ ਬਹੁਤ ਲੈਅ ਤਾਲ ਵਿਚ ਬੈਠਾਲ ਕੇ ਢੋਲਕ ਵਜਾਉਂਦੇ ਸਨ ਅਤੇ ਉਹਨਾਂ ਕੋਲ ਸ਼ਬਦਾਂ ਦੀਆਂ ਪੁਰਾਤਨ ਰੀਤਾਂ ਦਾ ਭੰਡਾਰ ਸੀ। ਇਕ ਤਾਂ ਉਹਨਾਂ ਦਾ ਪਿੰਡ ਖਾਰਾ ਸੀ ਸਿਆਲਕੋਟ ਦੇ ਜ਼ਿਲੇ ਵਾਲਾ ਜਿਥੇ ਸਾਰੇ ਹੀ ਰਾਗੀ ਹੁੰਦੇ ਸਨ ਅਤੇ ਦੂਸਰਾ ਉਹਨਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸੰਗਤ ਕੀਤੀ ਸੀ ਅਤੇ ਬਹੁਤ ਨਾਯਾਬ ਸੁਰ ਸੰਜੋਗ ਉਹਨਾਂ ਕੋਲ ਹੈ ਸਨ। ਉਹਨਾਂ ਵੱਖਰਿਆਂ ਵੀ ਕਦੀ ਢੋਲਕ ਲੈ ਕੇ ਮੈਨੂੰ ਹਾਰਮੋਨੀਅਮ ਤੇ ਬਿਠਾ ਕੇ ਅਭਿਆਸ ਕਰਾਉਣਾ। ਸੰਗੀਤ ਹੁੰਦਾ ਤਾਂ ਨਕਲ ਹੀ ਹੈ। ਸਾਡਾ ਕੰਮ ਰਿੜ੍ਹ ਪਿਆ ਅਤੇ ਜੰਮੂ ਵਿਚ ਸ਼ਬਦ ਕੀਰਤਨ ਦਾ ਸਾਰਾ ਕੰਮ ਅਸੀਂ ਵਧੀਆ ਸਾਰਨ ਲੱਗ ਪਏ। ਸਾਡੇ ਪੜ੍ਹੇ ਲਿਖੇ ਨੌਜਵਾਨਾਂ ਦਾ ਵੀ ਇਕ ਗਰੁੱਪ ਜਿਹਾ ਬਣ ਗਿਆ ਸੀ। ਖੁਸ਼ ਰਹਿਣ ਵਾਲਾ, ਕੀਰਤਨ ਕਰਨ ਵਾਲਾ ਅਤੇ ਦੇਸੀ ਘਿਓ ਦਾ ਤ੍ਰਿਭੋਲ ਕੜਾਹ ਪ੍ਰਸ਼ਾਦ ਛਕਣ ਵਾਲਾ।

ਸੰਨ ੧੯੬੫ ਦੀ ਵਸਾਖੀ ਤੋਂ ਬਾਦ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਜੰਮੂ ਆਏ। ਅਸੀਂ ਜਲੰਧਰ ਵਿਚ ਸਤਿਗੁਰੂ ਜੀ ਦੇ ਦਰਸ਼ਨ ਕਰਿਆ ਕਰਦੇ ਸਾਂ। ਜਿਹੜਾ ਬੰਦਾ ਸਤਿਗੁਰੂ ਜੀ ਨਾਲ ਸਿਧੀ ਗੱਲ ਕਰ ਸਕਦਾ ਹੁੰਦਾ ਸਾਨੂੰ ਬਹੁਤ ਹੀ ਵੱਡਾ ਲਗਦਾ। ਸਾਡੇ ਵਰਗੇ ਤਾਂ ਜਥੇਦਾਰਾਂ ਦੀ ਤਾਬਿਆ ਵਿਚਰਨ ਵਾਲੇ ਹੁੰਦੇ। ਜੰਮੂ ਵਾਲੇ ਤਾਂ ਸਤਿਗੁਰਾਂ ਬਾਰੇ ਇਵੇਂ ਗੱਲਾਂ ਕਰਦੇ ਜਿਵੇਂ ਬਹੁਤ ਨੇੜੇ ਹੋਣ ਅਤੇ ਸਚਮੁੱਚ ਗੱਲ ਹੈ ਵੀ ਇਵੇਂ ਹੀ ਸੀ ਪਰ ਮੈਨੂੰ ਨਹੀਂ ਪਤਾ ਸੀ। ਜਦੋਂ ਸਤਿਗੁਰੂ ਜੀ ਆਏ ਤਾਂ ਸੰਤਾਂ ਦੇ ਅਹਾਤੇ ਵਿਚ ਵੱਡੇ ਸਾਰੇ ਬਣੇ ਹੋਏ ਸ਼ੈਡ ਹੇਠ ਦਿਵਾਨ ਸਜੇ। ਮੈਂ ਕਾਲਰਾਂ ਵਾਲੀ ਚਿਟੀ ਕਮੀਜ਼ ਚਿਟਾ ਚੂੜੀਦਾਰ ਪਜਾਮਾ ਅਤੇ ਚਿਟੀ ਨੋਕ ਵਾਲੀ ਪੋਚਵੀਂ ਪੱਗ ਨਾਲ ਸੇਵਾ ਤੇ ਖੜ੍ਹਾ ਸਾਂ। ਦੂਸਰੇ ਦਿਨ ਮੁਖ ਦਿਵਾਨ ਤੋਂ ਪਹਿਲਾਂ ਜੰਮੂ ਦੇ ਜਥੇ ਨੇ ਸ਼ੁਰੂਆਤ ਕਰਨੀ ਸੀ। ਉਸ ਵੇਲੇ ਸਤਿਗੁਰੂ ਜੀ ਅਜੇ ਦਿਵਾਨ ਵਿਚ ਨਹੀਂ ਸਨ ਆਏ ਇਸ ਵਾਸਤੇ ਅਸੀਂ ਸੰਗਤ ਇਕੱਠੀ ਹੀ ਕਰਨੀ ਸੀ। ਇਕ ਸ਼ਬਦ ਪੜ੍ਹਿਆ ਤੇ ਪਿਛੋਂ ਫਿਰ ਵੱਡੇ ਜਥੇਦਾਰਾਂ ਦੇ ਦਿਵਾਨ ਲੱਗੇ। ਬਾਅਦ ਵਿਚ ਮੈਨੂੰ ਦਸਿਆ ਗਿਆ ਕਿ ਸਤਿਗੁਰੂ ਜੀ ਨੇ ਤੈਨੂੰ ਸ਼ਬਦ ਪੜ੍ਹਦੇ ਨੂੰ ਦੂਰੋਂ ਆਪਣੇ ਡੇਰੇ ਵਿਚੋਂ ਵੇਖ ਵੀ ਲਿਆ ਹੈ ਅਤੇ ਸੁਣ ਵੀ ਲਿਆ ਹੈ।

ਸ਼ਾਮ ਨੂੰ ਇਕ ਮੀਟਿੰਗ ਸੀ ਜਾਂ ਘਰੇਲੂ ਜਿਹੀ ਇਕੱਤਰਤਾ। ਸਤਿਗੁਰੂ ਜੀ ਇਕ ਕੁਰਸੀ ਤੇ ਆਰਾਮ ਨਾਲ ਸਸ਼ੋਭਿਤ ਸਨ। ਸਾਰੇ ਪਰਵਾਰ ਆਲੇ ਦੁਆਲੇ ਬੈਠੇ ਸਨ। ਮਾਨੋਂ ਸਭ ਨੂੰ ਮਹਾਂ ਆਨੰਦ ਦਾ ਆਭਾਸ ਹੋ ਰਿਹਾ ਸੀ। ਸਤਿਗੁਰੂ ਜੀ ਦੇ ਅਤਿ ਨੇੜਿਓਂ ਬਚਨ ਬਿਲਾਸ ਸੁਣ ਕੇ ਸਭ ਤ੍ਰਿਪਤ ਹੋ ਰਹੇ ਸਨ। ਸਤਿਗੁਰੂ ਜੀ ਹਰ ਇੱਕ ਛੋਟੇ ਵੱਡੇ ਬੱਚੇ-ਬੁੱਢੇ ਬਾਰੇ ਪੁਛਗਿਛ ਕਰ ਰਹੇ ਸਨ।

ਸਤਿਗੁਰੂ ਜੀ ਨੇ ਮੇਰੇ ਬਾਰੇ ਪੁਛਿਆ-ਇਹ ਕਾਕਾ ਕੌਣ ਹੈ? ਮਹੰਤ ਆਤਮਾ ਸਿੰਘ ਸਨਖਤਰਵੀ ਨੇ ਦਸਿਆ-ਇਹ ਜਲੰਧਰ ਵਾਲੇ ਜਥੇਦਾਰ ਨੱਥਾ ਸਿੰਘ ਦਾ ਪੁੱਤਰ ਹੈ ਅਤੇ ਜੰਮੂ ਵਿਚ ਕਾਰੋਬਾਰ ਲਈ ਆਇਆ ਹੈ। ਫਿਰ ਸਤਿਗਰੂ ਜੀ ਪੁਛਿਆ-ਕਿੰਨਾ ਪੜ੍ਹਿਆ ਹੈ? ਮੈਂ ਹੌਲੀ ਜਿਹੀ ਕਿਹਾ-ਜੀ, ਐਫ. ਏ., ਗਿਆਨੀ। ਸਤਿਗੁਰੂ ਜੀ ਨੇ ਇਸ ਗੱਲ ਤੇ ਬੜੀ ਖੁਸ਼ੀ ਅਤੇ ਹੈਰਾਨੀ ਪ੍ਰਗਟ ਕੀਤੀ।

ਸਤਿਗੁਰੂ ਜੀ ਕਹਿਣ ਲੱਗੇ, "ਜਥੇਦਾਰ ਏਨਾ ਕੰਮ ਕਰਦਾ ਹੈ ਤੂੰ ਵੀ ਏਸ ਬੰਨ੍ਹੇ ਅੱਗੇ ਆ।" ਮੇਰੇ ਵਾਸਤੇ ਇਹ ਬਹੁਤ ਵੱਡੇ ਭਾਗਾਂ ਦੀ ਗੱਲ ਸੀ ਕਿ ਸਤਿਗੁਰੂ ਜੀ ਪਹਿਲੀ ਵਾਰ ਸਿੱਧਾ ਮੈਨੂੰ ਮੁਖਾਤਬ ਹੋ ਕੇ ਕੋਈ ਬਚਨ ਕਰ ਰਹੇ ਸਨ ਇਹ ਬਹੁਤ ਖੁਸ਼ੀ ਵਾਲੀ ਗੱਲ ਸੀ, ਜਿਸ ਨਾਲ ਮੈਂ ਸਰਸ਼ਾਰ ਹੋ ਗਿਆ।

Namdhari Elibrary NamdhariElibrary@gmail.com

ਫੇਰ ਸਤਿਗੁਰੂ ਜੀ ਨੇ ਕਿਹਾ ਕਿ ਸ੍ਰੀ ਭੈਣੀ ਸਾਹਿਬ ਵਿਚ ਪੜ੍ਹੇ ਲਿਖੇ ਨੌਜਵਾਨਾਂ ਦਾ ਸੰਮੇਲਨ ਕਰਨਾ ਹੈ ਉਥੇ ਤੁਸੀਂ ਸਾਰੇ ਚਲੋ। ਉਪਰੰਤ ਪੁਛਿਆ ਕੌਣ ਕੌਣ ਚੱਲੇਗਾ? ਸਭ ਪਾਸੇ ਖਾਮੋਸ਼ੀ ਸੀ। ਕੁਝ ਵਕਫੇ ਬਾਅਦ ਸਤਿਗੁਰੂ ਜੀ ਕਿਹਾ ਕਿ ਗੁਰਦੇਵ, ਜਥੇਦਾਰ ਨੱਥਾ ਸਿੰਘ ਦੇ ਮੁੰਡੇ ਵੱਲ ਇਸ਼ਾਰਾ ਕਰ ਰਿਹਾ ਹੈ ਕਿ ਇਹ ਚੱਲੇ ਤਾਂ ਸਾਰੇ ਚੱਲਣਗੇ। ਅਸਲ ਵਿਚ ਗੁਰਦੇਵ ਸਿੰਘ ਮੇਰੇ ਪਿਛਲੇ ਪਾਸੇ ਖੜ੍ਹਾ ਸੀ ਅਤੇ ਉਥੋਂ ਹੀ ਉਹ ਇਸ਼ਾਰੇ ਕਰ ਰਿਹਾ ਸੀ। ਮੇਰੇ ਤਾਂ ਇਹ ਚਿੱਤ ਚੇਤੇ ਵੀ ਨਹੀਂ ਸੀ। ਮੈਂ ਦੁਕਾਨਦਾਰ ਆਦਮੀ ਦੁਕਾਨ ਬੰਦ ਕਰਕੇ ਕਿਵੇਂ ਜਾ ਸਕਦਾ ਸਾਂ? ਇਹ ਸਭ ਤੋਂ ਵੱਡੀ ਦਲੀਲ ਸੀ ਜੋ ਮੈਂ ਦੇ ਦਿਤੀ। ਸਤਿਗੁਰਾਂ ਅਜੇਹੀਆਂ ਕਈ ਦਲੀਲਾਂ ਸੁਣੀਆਂ ਪਰਖੀਆਂ ਹੋਈਆਂ ਸਨ, ਕਹਿਣ ਲੱਗੇ-ਜੇ ਬਿਮਾਰ ਹੋ ਜਾਵੇਂ, ਤਾਂ ਵੀ ਛੁੱਟੀ ਕਰੇਂਗਾ। ਇਸ ਗੱਲ ਨੇ ਮੇਰੀ ਛੁੱਟੀ ਕਰ ਦਿੱਤੀ। ਸਭ ਲਟਾ-ਪਲਾਣਾ ਛਡ ਛਡਾਕੇ ਨਿਤ ਮੇਲਿਆਂ ਸਮਾਗਮਾਂ ਤੇ ਤੁਰ ਜਾਣ ਦੇ ਜੀਵਨ ਦਾ ਆਗਾਜ਼ ਹੋ ਗਿਆ। ਉਸ ਤੋਂ ਪਹਿਲਾਂ ਸੋਆਂ ਸੁਣ ਕੇ ਹੀ ਜੀਵੀਦਾ ਸੀ।

ਮਈ ਦੇ ਅਖੀਰਲੇ ਤਪਦੇ ਦਿਨ....ਸਿਖਰ ਦੁਪਹਿਰ ਦੇ ਵੇਲੇ ਅਸੀਂ ਕਟਾਣੀ ਦੇ ਅੱਡੇ ਤੇ ਉਤਰੇ। ਆਪਣਾ ਆਪਣਾ ਸਮਾਨ ਸਿਰਾਂ ਤੇ ਚੁਕਿਆ ਹੋਇਆ ਅਤੇ ਗੁਰਦੇਵ ਸਿੰਘ ਕਹੇ ਸੜਕ ਦਾ ਵਲਾ ਨਹੀਂ ਪਾਉਣਾ, ਸਿਧਾ ਖੇਤਾਂ ਵਿਚੋਂ ਦੀ ਭੈਣੀ ਸਾਹਿਬ ਜਾਣਾ ਹੈ। ਭੱਠ ਵਰਗੀ ਤਪਦੀ ਬਾਲੂ ਰੇਤ ਪੈਰਾਂ ਹੇਠ ਅਤੇ ਅਸੀਂ ਮਾਹੀ ਦੇ ਇਸ਼ਕ ਵਿਚ ਅੰਨ੍ਹੇ ਉਸ ਤੇ ਛਪਾਛਪ ਤੁਰੇ ਜਾ ਰਹੇ ਸਾਂ।

ਕਾਮਰੇਡ ਦੇ ਦੱਸਣ ਅਨੁਸਾਰ ਉਸਦੀਆਂ ਅੱਖਾਂ ਵਿਚ ਅੱਥਰੂ ਆ ਗਏ। ਕਾਮਰੇਡ ਹਵਾਲਦਾਰ ਦੇ ਸ਼ਬਦ ਸਨ ਕਿ "ਯਾਰ! ਤੁਹਾਡਾ ਗੁਰੂ ਏਡਾ ਖਿਆਲ ਰੱਖਦਾ ਹੈ? ਇਕ ਮਾਮੂਲੀ ਵਰਕਰ ਦੇ ਆਉਣ ਤੇ ਉਸਨੂੰ ਉਚੇ ਚਿਆਂ ਮਿਲਣ ਗਿਆ! ਇਥੇ ਤਾਂ ਅਸੀਂ ਸਾਰੀ ਉਮਰ ਲਾ ਦਿਤੀ ਕਿਸੇ ਨੇ ਪੁਛਣਾ ਤਾਂ ਕੀ ਸਗੋਂ ਸ਼ੱਕ ਹੀ ਕੀਤਾ ਜਾਂਦਾ ਰਿਹਾ। ਬਈ ਕਮਾਲ ਏ ਤੁਹਾਡਾ ਗੁਰੂ!"

ਭੈਣੀ ਸਾਹਿਬ ਖੁਲ੍ਹਾ ਆਸ਼ਰਮ ਸੀ। ਕੋਈ ਚਾਰਦਿਵਾਰੀ ਨਹੀਂ ਸੀ। ਜਿਧਰੋਂ ਮਰਜ਼ੀ ਪ੍ਰਵੇਸ਼ ਕਰ ਜਾਵੋ। ਭੂਆ ਮਾਨ ਕੌਰ ਜੰਮੂ ਵਾਲਿਆਂ ਦੇ ਭੂਆ ਜੀ ਸਨ ਅਤੇ ਉਹ ਸ੍ਰੀ ਭੈਣੀ ਸਾਹਿਬ ਵਿਚ ਸੇਵਾ ਕਰਦੇ ਸਨ। ਉਹਨਾਂ ਸਾਨੂੰ ਵੱਖਰੇ ਕਮਰੇ ਵਿਚ ਬਿਠਾਇਆ। ਇਹ ਕੱਚਾ ਕਮਰਾ ਸੀ ਜਿਸ ਦੀ ਥਾਂ ਤੇ ਹੁਣ ਸੰਗੀਤ ਵਾਲਿਆਂ ਦਾ ਛੋਟਾ ਹਾਲ ਹੈ। ਇਸ ਤਰ੍ਹਾਂ ਵਿਸ਼ੇਸ਼ ਆਓ ਭਗਤ ਦਾ ਮੇਰਾ ਪਹਿਲਾ ਤਜ਼ਰਬਾ ਸੀ। ਮੇਰਾ ਮਨ ਭਾਉਂਦਾ ਭੋਜਨ ਦਹੀਂ ਚੌਲ ਵੀ ਸੀ। ਕਮਾਲ ਹੋਈ ਜਾ ਰਹੀ ਸੀ। ਫੇਰ ਹਲਚਲ ਜਿਹੀ ਹੋਈ। ਅਖੇ ਸੱਚੇ ਪਾਤਸ਼ਾਹ ਜੀ ਆ ਗਏ ਹਨ। ਏਧਰ ਦਰਵਾਜ਼ੇ ਵਿਚੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਹੋਏ। ਕਾਲੀ ਦਾੜ੍ਹੀ, ਖਿੜੀ ਮੁਸਕਾਨ। ਸਾਡੇ ਸਾਰਿਆਂ ਵੱਲ ਵੇਖ ਕੇ ਜਦੋਂ ਨਿਗਾਹ ਮੇਰੇ ਤੇ ਪਈ ਕਹਿਣ ਲੱਗੇ, "ਅੱਛਾ ਆ ਗਿਐਂ, ਮੈਂ ਤੈਨੂੰ ਹੀ ਵੇਖਣ ਆਇਆਂ ਹਾਂ।" ਏਨੇ ਬੋਲਾਂ ਨੇ ਤਾਂ ਮੇਰਾ ਤਾਰੀਖ ਜੁਗਰਾਫੀਆ ਬਦਲ ਕੇ ਰੱਖ ਦਿੱਤਾ।

ਚਲਦੇ ਪ੍ਰਸੰਗ ਵਿਚ ਇਹ ਗੱਲ ਲਿਖੀ ਹੈ। ਇਕ ਵਾਰ ਅੱਗੇ 'ਵਰਿਆਮ' ਵਿਚ ਵੀ ਇਸ ਤਰ੍ਹਾਂ ਦੀ ਗੱਲ ਛਪ ਚੁੱਕੀ ਹੈ। ਉਸ ਵੇਲੇ ਵਰਿਆਮ ਦੇ ਕੁਝ ਖਾਲੀ ਕਾਲਮ ਭਰਨ ਵਾਸਤੇ ਗਿਣਵੇਂ ਸ਼ਬਦਾਂ ਵਿਚ ਇਹ ਗੱਲ ਲਿਖੀ ਸੀ। ਇਕ ਸਧਾਰਨ ਵਰਤਾਰਾ ਸੀ। ਪਰ ਜਲੰਧਰ ਦਾ ਪ੍ਰਸਿੱਧ ਸਮਾਜ ਸੇਵਕ ਅਤੇ ਕਮਿਊਨਿਸਟ ਪਾਰਟੀ ਦਾ ਮਸ਼ਹੂਰ ਕਾਰਕੁੰਨ ਕਾਮਰੇਡ ਦਰਸ਼ਨ ਸਿੰਘ ਹਵਾਲਦਾਰ ਇਹ ਪੜ੍ਹ ਕੇ ਭਾਵੁਕ ਹੋ ਗਿਆ ਸੀ। ਇਕ ਕਾਮਰੇਡ ਬੰਦੇ ਵਲੋਂ ਇਸ ਧਾਰਮਕ ਗੱਲ ਤੇ ਭਾਵੁਕ ਹੋਣ ਦਾ ਕੋਈ ਕਾਰਨ ਨਹੀਂ ਸੀ ਪਰ ਕਾਮਰੇਡ ਨੇ ਇਹ ਗੱਲ ਉਚੇਚਿਆਂ ਆਣ ਕੇ ਵੀ ਦੱਸੀ ਅਤੇ ਲਿਖ ਕੇ ਵੀ ਭੇਜੀ। ਕਾਮਰੇਡ ਦੇ ਦੱਸਣ ਅਨੁਸਾਰ ਉਸਦੀਆਂ ਅੱਖਾਂ ਵਿਚ ਅੱਥਰੂ ਆ ਗਏ। ਕਾਮਰੇਡ ਹਵਾਲਦਾਰ ਦੇ ਸ਼ਬਦ ਸਨ ਕਿ "ਯਾਰ! ਤੁਹਾਡਾ ਗੁਰੂ ਏਡਾ ਖਿਆਲ ਰੱਖਦਾ ਹੈ? ਇਕ ਮਾਮੂਲੀ ਵਰਕਰ ਦੇ ਆਉਣ ਤੇ ਉਸਨੂੰ ਉਚੇਚਿਆਂ ਮਿਲਣ ਗਿਆ! ਇਥੇ ਤਾਂ ਅਸੀਂ ਸਾਰੀ ਉਮਰ ਲਾ ਦਿਤੀ ਕਿਸੇ ਨੇ ਪੁਛਣਾ

Namdhari Elibrary NamdhariElibrary@gmail.com

ਤਾਂ ਕੀ ਸਗੋਂ ਸ਼ੱਕ ਹੀ ਕੀਤਾ ਜਾਂਦਾ ਰਿਹਾ। ਬਈ ਕਮਾਲ ਏ ਤੁਹਾਡਾ ਗੁਰੂ!"

ਕੋਈ ਦਸ ਕੁ ਕਮਰੇ ਸਨ ਸਧਾਰਨ ਰੂਪ ਵਿਚ ਬਣੇ ਹੋਏ। ਇਹ ਉਹ ਥਾਂ ਹੈ ਜੋ ਅਜਕਲ ਕੋਠੀ ਦੇ ਸਾਹਮਣੇ ਤਿੰਨ ਮੰਜਲਾਂ ਵਿਚ ਨਿਵਾਸ ਕਮਰੇ ਬਣੇ ਹੋਏ ਹਨ। ਇਕ ਕੱਚਾ ਕੋਠਾ ਸਾਨੂੰ ਡੇਰਾ ਲਾਉਣ ਵਾਸਤੇ ਮਿਲਿਆ ਤਾਂ ਅਸਾਂ ਮਹਿਸੂਸ ਕੀਤਾ ਕਿ ਅਸੀਂ ਸੱਚਮੁਚ ਵੀ. ਆਈ. ਪੀ. ਹਾਂ। ਇਸ ਕਮਰੇ ਵਿਚ ਭੂੰਡਾਂ ਦਾ ਨਿਵਾਸ ਸੀ। ਕਮਰਾ ਸਾਫ਼ ਕੀਤਾ ਤਾਂ ਕੁਝ ਭੂੰਡਾਂ ਨੂੰ ਪਰੇਸ਼ਾਨੀ ਹੋਈ ਤੇ ਕੁਝ ਸਾਨੂੰ। ਫੇਰ ਦੋਹਾਂ ਧਿਰਾਂ ਨੇ ਸਮਝ ਲਿਆ ਕਿ ਬੇਹਤਰੀ ਇਸ ਗੱਲ ਵਿੱਚ ਹੈ ਕਿ ਇਕ ਦੂਜੇ ਨੂੰ ਕੁਝ ਨਾ ਕਿਹਾ ਜਾਵੇ।

ਦੁਪਹਿਰ ਦੇ ਬਾਅਦ ਦਿਵਾਨ ਵਿਚ ਅਸੀਂ ਹਰੀ ਮੰਦਰ ਵਿਚ ਜਾ ਸਤਿਗੁਰੂ ਜੀ ਨੂੰ ਮੱਥਾ ਟੇਕਿਆ। ਹਰੀ ਮੰਦਰ ਉਪਰ ਕੱਖਾਂ ਕਾਨਿਆਂ ਦਾ ਛੱਪਰ ਸੀ। ਪਰ ਅੰਦਰ ਇਕ ਸਲੀਕੇ ਵਿਚ ਨੌਜਵਾਨ ਬੈਠੇ ਹੋਏ ਸਨ। ਪ੍ਰੀਤਮ ਸਿੰਘ ਵੀ ਖੁਲ੍ਹੇ ਡੁੱਲੇ ਕਪੜਿਆਂ ਵਿਚ ਪੈਂਸਲ ਕਾਪੀ ਲੈ ਕੇ ਅੱਗੇ ਜੇਹੇ ਬੈਠੇ ਸਨ। ਮਹੰਤ ਆਤਮਾ ਸਿੰਘ ਸਨਖਤਰਾ ਵੀ ਸਨ। ਸਤਿਗੁਰੂ ਜੀ ਨਾਲ ਉਹਨਾਂ ਦੇ ਛੋਟੇ ਭਾਈ ਮਹਾਰਾਜ ਬੀਰ ਸਿੰਘ ਜੀ ਸਨ। ਆਮ ਦਿਵਾਨਾਂ ਤੇ ਮੇਲਿਆਂ ਦੇ ਵਿਪਰੀਤ ਬਹੁਤ ਸ਼ਾਂਤੀ ਸੀ ਗਿਣਤੀ ਕੋਈ ਸਵਾ ਕੁ ਸੌ ਦੀ ਸੀ। ਜੋ ਬਾਅਦ ਵਿਚ ਬਹੁਤ ਗਈ। ਸਟੇਜ ਦੀ ਕਾਰਵਾਈ ਇਕ ਗੋਰਾ ਨਿਛੋਹ ਨੌਜਵਾਨ ਚਲਾ ਰਿਹਾ ਸੀ। ਛੋਟੀ ਜਿਹੀ ਦਾਹੜੀ ਤੇ ਉਚਾ ਕੱਦ। ਇਹ ਸ੍ਰੀਮਾਨ ਜੀ ਉਹ ਸੱਜਣ ਨੇ ਜੋ ਬਾਅਦ ਵਿਚ ਦਲੀਪ ਸਿੰਘ ਨਾਮਧਾਰੀ ਕਰਕੇ ਮਸ਼ਹੂਰ ਹੋਏ ਅਤੇ ਜਥੇ ਦੇ ਪ੍ਰਧਾਨ ਰਹੇ ਹਨ। ਉਸ ਇਕੱਠ ਵਿਚ ਬਕਾਇਦਾ ਕੋਈ ਪ੍ਰਧਾਨ ਸਕੱਤਰ ਨਹੀਂ ਸੀ। ਸਮਾਗਮ ਤੋਂ ਬਾਅਦ ਹੋਰ ਕਈ ਸਾਰੇ ਨੌਜਵਾਨ ਮਿਲੇ ਜਿਹਨਾਂ ਨੂੰ ਮਿਲਣ ਦਾ ਪਹਿਲਾ ਮੌਕਾ ਸੀ। ਇਕ ਜ਼ਬਰਦਸਤ ਹੁਲਾਰ ਸੀ।

ਦਿਵਾਨ ਜਾਂ ਵਿਚਾਰ ਚਰਚਾ ਬਾਅਦ ਅਸੀਂ ਹੋਰ ਨੌਜਵਾਨਾਂ ਨੂੰ ਮਿਲੇ। ਰਾਤ ਦਾ ਲੰਗਰ ਵਰਾਂਡੇ ਵਿਚ ਛਕਿਆ। ਨੌਜਵਾਨਾਂ ਲਈ ਲੰਗਰ ਦੀ ਵਿਵਸਥਾ ਵੱਖਰੀ ਸੀ, ਬਹੁਤ ਵਧੀਆ। ਲੰਗਰ ਦੀ ਗੱਲ ਨਾਲ ਇਨਸਾਫ਼ ਤਦ ਹੀ ਹੋਵੇਗਾ। ਜੇ ਇਸ ਦਾ ਜ਼ਿਕਰ ਬਾਅਦ ਵਿਚ ਕੀਤਾ ਜਾਵੇ।

ਰਾਤ ਨੂੰ ਕਮਰਿਆਂ ਦੀ ਸਾਂਝੀ ਛੱਤ ਉਪਰ ਸੁੱਤੇ। ਹੇਠ ਕੱਖਾਂ ਦੀਆਂ ਸਫ਼ਾਂ ਅਤੇ ਉਤੇ ਅਸੀਂ। ਇਥੇ ਹੀ ਨੌਜਵਾਨਾਂ ਨੇ ਢੋਲਕ ਛੈਣਿਆਂ ਨਾਲ ਦਿਵਾਨ ਲਾ ਦਿਤਾ। ਥੋੜ੍ਹੀ ਹੀ ਦੇਰ ਬਾਅਦ ਸਤਿਗੁਰੂ ਜੀ ਖੁਦ ਆਕੇ ਦਿਵਾਨ ਵਿਚ ਸੁਸ਼ੋਭਿਤ ਹੋ ਗਏ। ਸਭ ਸੁਤੇ ਹੋਏ ਆਪ ਵੀ ਜਾਗ ਪਏ। ਨਾਲ ਹੀ ਸੁਤੇ ਭਾਗ ਵੀ ਜਾਗ ਪਏ। ਸਤਿਗੁਰੂ ਜੀ ਨੇ ਸਮਾਪਤੀ ਤੇ ਏਨਾ ਹੀ ਕਿਹਾ ਕਿ ਹੁਣ ਤੁਸੀਂ ਵੀ ਬਿਰਾਜ ਜਾਉ। ਤੜਕੇ ਤਿੰਨ ਵਜੇ ਆਸਾ ਦੀ ਵਾਰ ਦੇ ਕੀਰਤਨ ਵਾਸਤੇ ਜਾਗਣਾ ਹੈ। ਸ਼ਹਿਰਾਂ ਵਿਚੋਂ ਆਏ ਕਈ ਨੌਜਵਾਨਾਂ ਨੇ ਦੱਸਿਆ ਕਿ ਉਹਨਾਂ ਨੂੰ ਅੱਜ ਪਹਿਲੀ ਵਾਰ ਪਤਾ ਲਗਾ ਹੈ ਕਿ ਅਸਮਾਨ ਤੇ ਤਾਰੇ ਹੁੰਦੇ ਨੇ ਅਤੇ ਬਹੁਤ ਸੋਹਣੇ ਲਗਦੇ ਨੇ।

ਭੈਣੀ ਸਾਹਿਬ ਅੱਜ ਵਰਗਾ ਨਹੀਂ ਸੀ। ਬਹੁਤ ਸਾਰੇ ਕਮਰੇ ਹੋਣ, ਫਲਸ਼ ਤੇ ਗੁਸਲਖਾਨਿਆਂ ਵਾਲਾ। ਉਦੋਂ ਦੂਰ ਬਾਹਰ ਖੇਤਾਂ ਵਿਚ ਜੰਗਲ ਪਾਣੀ ਵਾਸਤੇ ਜਾਈਦਾ ਸੀ। ਜੇ ਕੋਈ ਖੂਹ ਚਲਦਾ ਹੋਵੇ ਤਾਂ ਉਥੇ ਇਸ਼ਨਾਨ ਕਰੀਦਾ ਸੀ, ਨਹੀਂ ਤਾਂ ਭੈਣੀ ਸਾਹਿਬ ਡੇਰੇ ਵਿਚ ਤਿੰਨ ਕੁ ਖੂਹੀਆਂ ਸਨ। ਉਥੇ ਕੁਝ ਨੌਜਵਾਨ ਇਹ ਕੰਮ ਕਰਦੇ ਸਨ ਕਿ ਉਹ ਵੱਡੇ ਵੱਡੇ ਗੜਵੇ ਡੋਰੀ ਨਾਲ ਖੂਹੀਆਂ ਵਿਚ ਸੁਟਦੇ ਸਨ। ਭਉਣੀਆਂ ਗੇੜ ਕੇ ਜਲ ਕਢਦੇ ਅਤੇ ਇਸ਼ਨਾਨ ਕਰਾਈ ਜਾਂਦੇ। ਇਹ ਸੇਵਾ ਕਾਰਜ ਲਈ ਸੇਵਾਦਾਰ ਬਦਲਦੇ ਵੀ ਰਹਿੰਦੇ। ਜਥਿਆਂ ਵਾਲੇ ਤਗੜੇ ਜੁਆਨ ਇਹ ਸੇਵਾ ਕਰਾਉਂਦੇ। ਨਾਮਧਾਰੀ ਮਰਯਾਦਾ ਵਿਚ ਤਾਂ ਹਰ ਇਸ਼ਨਾਨ ਨਾਲ ਕੇਸਾਂ ਵਿਚ ਜਲ ਪਾਉਣਾ ਹੁੰਦਾ ਹੈ। ਜਲ ਪਾ ਕੇ ਤੌਲੀਏ ਨਾਲ ਜਲ ਨਿਚੋੜ ਕੇ ਫੇਰ ਦਸਤਾਰ ਇਸ ਢੰਗ ਸਜਾਈ ਜਾਂਦੀ ਹੈ ਕਿ ਜਲ ਵਾਲੇ ਕੇਸ ਦਸਤਾਰ ਵਿਚ ਵਲੇਟੇ ਵਲੇਟੇ ਸੁਕਦੇ ਰਹਿਣ ਅਤੇ ਬਾਅਦ ਵਿਚ ਜਦੋਂ ਸਮਾਂ ਮਿਲੇ ਉਹਨਾਂ ਨੂੰ ਮੁੜ ਖੁਲ੍ਹੀ ਹਵਾ ਲਵਾ ਕੇ ਬਕਾਇਦਾ ਦਸਤਾਰ ਮੁੜ ਸਜਾਈ ਜਾਂਦੀ ਹੈ। ਇਸ ਤਰੀਕੇ ਨਾਲ ਰੋਜ਼ ਕੇਸੀਂ ਇਸ਼ਨਾਨ ਕਰਕੇ ਵਾਲ ਸੁਕਾਉਣ ਦੀ ਜ਼ਰਾ ਵੀ ਪ੍ਰੇਸ਼ਾਨੀ ਨਹੀਂ ਹੁੰਦੀ। ਬਾਅਦ ਦੇ ਸਮਾਗਮਾਂ ਵਿਚ ਸ੍ਰੀ ਸਤਿਗੁਰੂ ਜੀ ਨੇ ਇਹ ਗੱਲ ਆਪ ਦੱਸੀ। ਆਸਾ ਦੀ ਵਾਰ ਵਿਚ ਜਾਣ ਵਾਸਤੇ ਗਿੱਲੇ ਕੇਸਾਂ ਨੂੰ ਵਲੇਟਣ ਵਾਲੀ ਦਸਤਾਰ ਕਈ ਬਹੁਤ ਸੋਹਣੀ ਬੰਨਦੇ ਸਨ। ਮੈਂ ਤਾਂ ਪੱਗ ਵੀ ਨੋਕਦਾਰ ਬੰਨ੍ਹਦਾ ਸਾਂ। ਪਹਿਲੀ ਵਾਰ ਯਤਨ ਕੀਤਾ ਕਿ ਉਵੇਂ ਦੀ ਨਾਮਧਾਰੀ

Namdhari Elibrary NamdhariElibrary@gmail.com

ਦਸਤਾਰ ਬੰਨ੍ਹਾ। ਮੈਂ ਜਦੋਂ ਵੀ ਇਹ ਦਸਤਾਰ ਬੰਨ੍ਹੀ ਇਹ ਇਕ ਗੁੱਤ ਜਿਹੀ ਬਣ ਜਾਵੇ। ਮੈਨੂੰ ਪ੍ਰਭਾਵਸ਼ਾਲੀ ਨਾ ਲੱਗੇ। ਇਹ ਤਾਂ ਮਨ ਵਿਚ ਆਇਆ ਨਹੀਂ ਸੀ ਕਿ ਸਾਧ ਸੰਗਤ ਵਿਚ ਪ੍ਰਭਾਵਸ਼ਾਲੀ ਬਣ ਕੇ ਨਹੀਂ ਜਾਣਾ ਚਾਹੀਦਾ ਅਤੇ ਸ਼ਾਇਦ ਅਜੇ ਤੱਕ ਵੀ ਨਹੀਂ ਆਇਆ। ਚੰਗੀ ਦਸ਼ਤਾਰ ਵਾਸਤੇ ਉਸਤਾਦ ਦੀ ਲੋੜ ਸੀ। ਗੁਰਦੇਵ ਸਿੰਘ ਹੀ ਸੀ ਜੋ ਇਹ ਸਾਰੀਆਂ ਉਸਤਾਦੀਆਂ ਦੱਸਦਾ ਸੀ। ਜਦੋਂ ਉਸ ਜੁਗਤ ਸਮਝਾ ਦਿੱਤੀ ਤਾਂ ਮੈਨੂੰ ਪੱਗ ਦੇ ਵਲਾਂ ਦਾ ਵਲ ਆ ਗਿਆ।

ਖੁਲ੍ਹੇ ਆਕਾਸ਼ ਥੱਲੇ ਹੀ ਬੋਹੜਾਂ ਕੋਲ ਆਸਾ ਦੀ ਵਾਰ ਦਾ ਕੀਰਤਨ ਸੀ। ਥੱਲੇ ਸਫਾ ਵਿਛਾ ਕੇ ਸਾਧ ਸੰਗਤ ਬੈਠੀ ਸੀ। ਢੋਲਕ ਛੈਣਿਆਂ ਦਾ ਕੀਰਤਨ ਬਦੋ-ਬਦੀ ਆਕਰਸ਼ਤ ਕਰਦਾ ਸੀ।

ਸਵੇਰੇ ਅੱਠ ਵਜੇ ਪਹਿਲਾ ਸੈਸ਼ਨ ਸ਼ੁਰੂ ਹੋਇਆ। ਬਹੁਤ ਸਾਰੇ ਧਾਰਮਕ ਸਮਾਜਕ ਅਤੇ ਇਤਿਹਾਸਕ ਵਿਸ਼ੇ ਚੁਣ ਕੇ ਉਹਨਾਂ ਉਤੇ ਬੋਲਣ ਵਾਸਤੇ ਨੌਜਵਾਨਾਂ ਨੂੰ ਪੰਜ-ਪੰਜ ਦਸ-ਦਸ ਮਿੰਟ ਦਿੱਤੇ ਜਾ ਰਹੇ ਸਨ। ਬਾਅਦ ਵਿਚ ਕੋਈ ਵਿਦਵਾਨ ਸਿਆਣਾ ਜਾਂ ਸਤਿਗੁਰੂ ਜੀ ਆਪ ਕੋਈ ਨੁਕਤਾ ਸਮਝਾ ਦਿੰਦੇ।

ਇਸ ਸਮਾਗਮ ਵਿਚ ਮੈਥੋਂ ਇਕ ਗੁਸਤਾਖੀ ਹੋ ਗਈ। ਇਕ ਨੌਜਵਾਨ ਸ਼ਾਇਦ ਮੰਡੀ (ਹਿਮਾਚਲ) ਦਾ ਸੀ, ਜੋ ਤਕਰੀਰ ਕਰ ਰਿਹਾ ਸੀ ਉਹ ਸਮਾਜਕ ਕੁਰੀਤੀਆਂ ਤੇ ਬਹੁਤ ਬੇਬਾਕੀ ਨਾਲ ਬੋਲ ਰਿਹਾ ਸੀ। ਜਦੋਂ ਉਹ ਜੋਸ਼ ਵਿਚ ਬੋਲਦਿਆਂ ਕਹਿ ਰਿਹਾ ਸੀ "ਨਾਮਧਾਰੀਏ ਬਲੈਕ ਕਰਦੇ ਨੇ, ਆਹ ਕਰਦੇ ਨੇ, ਉਹ ਕਰਦੇ ਨੇ" ਤਾਂ ਮੇਰੇ ਮੂੰਹ ਅਚਾਨਕ ਨਿਕਲ ਗਿਆ 'ਸਬੂਤ ਪੇਸ਼ ਕਰੋ।' ਇਹ ਸੁੱਤੇ ਸਿੱਧ ਹੀ ਮੂੰਹੋਂ ਨਿਕਲਿਆ ਸੀ। ਜਵਾਬ ਦੀ ਤਕਰੀਰ ਵਿਚ ਫਰਕ ਪੈ ਗਿਆ। ਪਰ ਚੰਗੀ ਗੱਲ ਇਹ ਹੋਈ ਕਿ ਜਿਸ ਗੁਸਤਾਖੀ ਤੋਂ ਮੈਂ ਪ੍ਰੇਸ਼ਾਨ ਸਾਂ ਸਤਿਗੁਰੂ ਜੀ ਨੇ ਇਸੇ ਗੱਲ ਦੀ ਤਾਰੀਫ ਕਰ ਦਿੱਤੀ। ਕੋਈ ਗੱਲ ਬਗੈਰ ਠੋਸ ਸਬੂਤ ਦੇ ਨਹੀਂ ਕਰਨੀ ਚਾਹੀਦੀ ਅਤੇ ਮੇਰੀ ਟੋਕ ਨੂੰ ਸਲਾਹਿਆ ਵੀ ਕਿ ਇਵੇਂ ਕਹਿਣਾ ਜਾਇਜ਼ ਸੀ। ਸਾਡੀ ਗੱਲ ਦਾ ਮੁੱਲ ਪੈ ਗਿਆ ਸੀ।

ਦੁਪਹਿਰ ਬਾਅਦ ਦੇ ਸੈਸ਼ਨ ਵਿਚ ਬੋਲਣ ਵਾਸਤੇ ਬੁਲਾਰੇ ਦੀ ਆਪਣੀ ਮਰਜ਼ੀ ਹੁੰਦੀ ਅਤੇ ਹਰ ਜਥੇ ਵਲੋਂ ਇਕ ਦੋ ਜੁਆਨ ਬੋਲਦੇ (ਜਾਂ ਬੋਲਣ ਦਾ ਹੁਕਮ ਮੰਨਦੇ)। ਜੰਮੂ ਵਾਲਿਆਂ 'ਚੋਂ ਪ੍ਰੀਤਮ ਸਿੰਘ ਬਹੁਤ ਵਧੀਆ ਬੁਲਾਰੇ ਸਨ ਪਰ ਇਕ ਤਾਂ ਉਹ ਦਿੱਲੀ ਵਲੋਂ ਆਏ ਸਨ ਤੇ ਦੂਸਰਾ ਸ਼ਾਇਦ ਮਕਸਦ ਹੀ ਸੀ ਨਵੇਂ ਜੁਆਨਾਂ ਨੂੰ ਉਤਸ਼ਾਹਿਤ ਕਰਨਾ। ਇਸ ਵਾਸਤੇ ਮੇਰਾ ਨਾਂ ਦੇ ਦਿੱਤਾ ਗਿਆ। ਮੈਂ ਕੀ ਬੋਲਦਾ? ਬੱਸ ਕਹਿ ਦਿੱਤਾ ਕਿ ਇਥੇ ਆ ਕੇ ਬੜਾ ਆਨੰਦ ਆਇਆ। ਆਪਣੇ ਵਿਚ ਇਕ ਤਬਦੀਲੀ ਆਈ ਮਹਿਸੂਸ ਕੀਤੀ ਹੈ। ਨੌਜਵਾਨਾਂ ਦੇ ਇਹ ਪ੍ਰੋਗਰਾਮ ਚਲਣੇ ਚਾਹੀਦੇ ਹਨ। ਇਸ ਵਾਸਤੇ ਕੋਈ ਪੱਕੀ ਜਥੇਬੰਦੀ ਬਣਾਈ ਜਾਵੇ। ਇਹੋ ਜਿਹੀਆਂ ਗੱਲਾਂ ਹੋਰ ਸਿਆਣਿਆਂ ਵੀ ਕੀਤੀਆਂ। ਉਹਨਾਂ ਤਾਂ ਸ਼ਾਇਦ ਸੰਮੇਲਨ ਹੀ ਇਸੇ ਕਰਕੇ ਰੱਖਿਆ ਸੀ ਪਰ ਮੇਰੀ ਗੱਲ ਹੈ ਸੀ ਤਾਂ ਆਪਣੀ ਆਜ਼ਾਦ ਦਲੀਲ ਪਰ ਪ੍ਰੋੜਤਾ ਉਹਨਾਂ ਦੀ ਹੀ ਹੋ ਗਈ ਸੀ। ਇਹ ਬਾਅਦ ਵਿਚ ਪਤਾ ਲੱਗਾ।

ਰਾਤ ਨੂੰ ਆਰਾਮ ਕਰਨ ਤੋਂ ਪਹਿਲਾਂ ਛੱਤ ਉੱਤੇ ਮੁੜ ਸਤਿਗੁਰੂ ਜੀ ਆਏ। ਮੈਨੂੰ ਕਹਿਣ ਲੱਗੇ ਤੁਸੀਂ ਜਥੇਬੰਦੀ ਦਾ ਕੁਝ ਬਣਾਇਆ ਕਿ ਨਹੀਂ। ਮੈਨੂੰ ਇਸ ਕਥਨ ਦੀ ਸਚਾਈ ਪਤਾ ਲੱਗੀ। "ਪਹਿਲਾਂ ਤੋਲੋ ਫਿਰ ਬੋਲੋ"- ਜੋ ਗੱਲ ਕਹੀ ਹੈ ਤਾਂ ਉਸਦਾ ਮਤਲਬ ਵੀ ਕੁਝ ਹੁੰਦਾ ਹੈ। ਮੈਂ ਤਾਂ ਭਾਸ਼ਣ ਦੀ ਮਜਬੂਰੀ ਵਿਚ ਇਹ ਗੱਲ ਕਹੀ ਸੀ। ਜਿਵੇਂ ਆਮ ਤਕਰੀਰ ਵਾਲੇ ਕਰਦੇ ਹਨ। ਪਰ ਜੋ ਗੱਲਾਂ ਤਕਰੀਰ ਵਿਚ ਕਹੀਆਂ ਜਾਂਦੀਆਂ ਹਨ ਉਹ ਕਰਨੀਆਂ ਥੋੜ੍ਹੀਆਂ ਹੁੰਦੀਆਂ ਹਨ। ਪਰ ਇਥੇ ਦੁਨੀਆਂ ਨਾਲੋਂ ਵਰਤਾਰਾ ਹੋਰ ਸੀ। ਅੱਵਲ ਤਾਂ ਇਹ ਸੀ ਕਿ ਕਰੋ ਜ਼ਿਆਦਾ ਬੋਲੋ ਘੱਟ ਪਰ ਜੋ ਬੋਲੋ ਤਾਂ ਕਰੋ ਵੀ। ਸਤਿਗੁਰੂ ਜੀ

ਇਸ ਸੰਮੇਲਨ ਤੋਂ ਪਹਿਲਾਂ ਮੰਡੀ ਹਿਮਾਚਲ ਵਿਚ ਇਕ ਯੁਵਕ ਇਕੱਠ ਹੋਇਆ ਸੀ। ਪ੍ਰਬੰਧਕਾਂ ਦੀ ਅਖਬਾਰੀ ਖੁਲੀ ਮੰਗ ਤੇ ਮੈਂ ਆਪਣੇ ਵਿਚਾਰ ਲਿਖ ਕੇ ਭੇਜੇ ਸਨ। ਉਹ ਲਿਖਤ ਅਜੇ ਤਕ ਦੁਬਾਰਾ ਮੈਂ ਨਹੀਂ ਵੇਖੀ। ਪਤਾ ਨਹੀਂ ਕਿਥੇ ਗਈ ਜਿਵੇਂ ਹਥਲੇ ਮਜ਼ਮੂਨ ਵਰਗਾ ਇਕ ਲੇਖ ਅਲੋਪ ਹੋ ਗਿਆ ਪਰ ਕਵੀ ਜੀ ਨੂੰ ਯਾਦ ਸੀ ਮੈਨੂੰ ਅੰਕ ਲਈ ਖਤ ਲਿਖਣਾ ਅਤੇ ਮੰਡੀ ਵਿਚ ਮਜ਼ਮੂਨ ਪੁਜਣਾ। ਇਹਨਾਂ ਦੋਹਾਂ ਗੱਲਾਂ ਦੀ ਅਤੇ ਲਿਖਤ ਦੀ ਉਹਨਾਂ ਸਿਫਤ ਕੀਤੀ।

Namdhari Elibrary NamdhariElibrary@gmail.com

ਦੇ ਪ੍ਰਸ਼ਨ ਸਾਹਮਣੇ ਮੈਂ ਬੇਬੱਸ ਸਾਂ। ਉਂਜ ਵੀ ਸਤਿਗੁਰੂ ਜੀ ਦੇ ਸਨਮੁਖ ਅੱਜ ਤਕ ਵੀ ਗੱਲ ਨਹੀਂ ਹੁੰਦੀ। ਇਹ ਤਾਂ ਉਹੀ ਹਨ ਜੋ ਬੱਚਿਆਂ ਪ੍ਰਤੀ ਉਦਾਰ ਸਨ ਤੇ ਸਾਡੀਆਂ ਯਬਲੀਆਂ ਵੀ ਬਰਦਾਸ਼ਤ ਕਰਦੇ ਸਨ। ਉਹਨਾਂ ਦੀ ਪੁੱਛ ਦੇ ਉਤਰ ਵਿਚ ਮੇਰੇ ਮੂੰਹੋਂ ਇਹ ਸ਼ਬਦ ਨਿਕਲੇ "ਜੀ ਮੈਂ ਕਿਹਾ ਸੀ ਕਿ ਜਥੇਬੰਦੀ ਬਣਾਈ ਜਾ ਵੇ...।" ਜਾਵੇ ਸ਼ਬਦ ਨੂੰ ਮੈਂ ਲਮਕਾ ਕੇ ਕਿਹਾ। ਸਤਿਗੁਰੂ ਜੀ ਕਿਹਾ ਗੱਲ ਕਰਨ ਦਾ ਇਹ ਵਧੀਆ ਤਰੀਕਾ ਹੈ। ਅਗਲੇ ਦਿਨ ਪ੍ਰਵਚਨ ਵਿਚ ਮੇਰਾ ਨਾ ਲਏ ਤੋਂ ਬਗੈਰ ਕਿਹਾ ਕਿ ਗੱਲ ਇਵੇਂ ਵੀ ਕਹੀ ਜਾ ਸਕਦੀ ਹੈ। ਮੇਰੇ ਜੀਵਨ ਵਿਚ ਇਹ ਅਕਸਰ ਹੋਇਆ ਹੈ ਕਿ ਗੱਲ ਮੂੰਹੋਂ ਨਿਕਲੀ ਤਾਂ ਸੁਤੇ ਸਿੱਧ ਹੀ ਪਰ ਉਹ ਪਿਛਾ ਨਹੀਂ ਛੱਡਦੀ। ਅਸੀਂ ਜਥੇਬੰਦੀ ਬਣਾਉਣ ਵਾਸਤੇ ਮੀਟਿੰਗਾਂ ਕਰਨ ਵਿੱਚ ਰੁਝ ਗਏ।

ਇਸੇ ਸੰਮੇਲਨ ਵਿਚ ਮੈਂ ਭਾਰਤ ਦੇ ਪ੍ਰਮੁੱਖ ਵਿਅਕਤੀਆਂ ਨੂੰ ਪਹਿਲੀ ਵਾਰ ਮਿਲਿਆ ਸਾਂ। ਦੂਰ ਬਚਪਨ ਵਿਚ ਮੈਂ ਆਪਣੇ ਪਿਤਾ ਜੀ ਨੂੰ ਵੇਖਦਾ ਸਾਂ ਕਿ ਉਹ ਪੱਟੀ ਜਾਂ ਤਖਤੀ ਉਤੇ ਗੁਰਮੁਖੀ ਲਿਖਿਆ ਕਰਦੇ ਸਨ। ਮੈਂ ਕਿਹਾ ਤੁਸੀਂ ਕਿਸ ਦੇ ਕੋਲੋਂ ਪੜ੍ਹਦੇ ਹੋ? ਤਾਂ ਉਹਨਾਂ ਦੱਸਿਆ ਕਿ ਮਾਸਟਰ ਨਿਹਾਲ ਸਿੰਘ ਕੋਲੋਂ। ਮਾਸਟਰ ਨਿਹਾਲ ਸਿੰਘ ਰਾਵਲਪਿੰਡੀ ਸਕੂਲ ਵਿਚ ਅਧਿਆਪਕ ਸਨ, ਪਰ ਬਾਲਗ ਅਨਪੜ੍ਹਾਂ ਨੂੰ ਗੁਰਮੁਖੀ ਦੀ ਸਿਖਿਆ ਦਿੰਦੇ ਸਨ। ਉਹਨਾਂ ਦਾ ਨਾਂ ਵੀ ਸੁਣਿਆ ਸੀ। ਦਰਸ਼ਨ ਵੀ ਕੀਤੇ ਹੋਏ ਸਨ। ਮਨ ਵਿਚ ਬਹੁਤ ਸਤਿਕਾਰ ਸੀ ਪਰ ਨੇੜਿਓਂ ਦੇਖਣ ਦਾ ਇਹ ਪਹਿਲਾ ਮੌਕਾ ਸੀ। ਹਰ ਇਕ ਦੀ ਪ੍ਰਸੰਸਾ ਹੀ ਉਹਨਾਂ ਦੇ ਮੂੰਹੋਂ ਨਿਕਲਦੀ ਸੀ ਅਤੇ ਜਿਉਂ ਜਿਉਂ ਜਵਾਨਾਂ ਦੀ ਗਿਣਤੀ ਵਧਦੀ ਜਾਂਦੀ ਸੀ ਉਹਨਾਂ ਦੇ ਖੁਸ਼ ਚੇਹਰੇ ਦਾ ਫੈਲਾਓ ਵਧਦਾ ਜਾਂਦਾ ਸੀ। ਉਹ ਭਾਸ਼ਣ ਵੀ ਕਰਦੇ ਸਨ ਅਤੇ ਸਾਡੇ ਵਿਚ ਫੁੱਟਬਾਲ ਵੀ ਖੇਡ ਲੈਂਦੇ ਸਨ। (ਫੁਟਬਾਲ ਸਤਿਗੁਰੂ ਜੀ ਵੀ ਖੇਡਦੇ ਸਨ)। ਮਾਸਟਰ ਜੀ ਦੀ ਸੰਗਤ ਬਹੁਤ ਚੰਗੀ ਲੱਗੀ।

ਸ੍ਰੀ ਪ੍ਰੀਤਮ ਸਿੰਘ ਕਵੀ ਸਤਿਜੁਗ ਦੇ ਸੰਪਾਦਕ ਸਨ। ਹਰ ਗੱਲ ਦੀ ਸਿਫਤ ਲਈ ਕੋਈ ਰਾਹ ਕੱਢ ਲੈਣ ਵਾਲੇ। ਬੋਲਣ ਲੱਗਿਆਂ ਸ਼ਬਦਾਂ ਦੀਆਂ ਮਾਤਰਾਂ ਦਾ ਠੀਕ ਉਚਾਰਨ ਕਰਨ ਵਾਲੇ। ਖੂਬਸੂਰਤ ਪਹਿਰਾਵੇ ਵਾਲੇ। ਚੁਸਤੀ ਨਾਲ ਤੁਰਨ ਫਿਰਨ ਵਾਲੇ। ਥੋਹੜੇ ਕੁ ਲੰਮੇ ਦੰਦ ਅਤੇ ਕਰੜ ਬਰੜੀ ਦਾਹੜੀ। ਇਕ ਵਾਰ ਪਹਿਲਾਂ ਸਤਿਜੁਗ ਦੇ ਦੋ ਵਿਸ਼ੇਸ਼ ਅੰਕ ਡਾਕ ਵਿਚ ਨਾ ਮਿਲੇ ਜਿਵੇਂ ਅੱਜ ਵੀ ਹੋ ਜਾਂਦਾ ਹੈ ਤਾਂ ਮੈਂ ਇਕ ਛੋਟਾ ਜਿਹਾ ਖਤ ਲਿਖਿਆ। ਖਤ ਲਿਖਣਾ ਕੋਈ ਖਾਸ ਗੱਲ ਨਹੀਂ ਪਰ ਖਾਸ ਗੱਲ ਇਹ ਹੋਈ ਕਿ ਕਵੀ ਜੀ ਦਾ ਜੁਆਬ ਵੀ ਆ ਗਿਆ ਕਿ ਮੇਲੇ ਤੋਂ ਅੰਕ ਦਸਤੀ ਲੈ ਲੈਣਾ ਆਹ ਖਤ ਵਿਖਾ ਕੇ। ਮੇਲੇ ਉਤੇ ਮੈਂ ਅੰਕ ਪ੍ਰਾਪਤ ਕਰਕੇ ਬਹੁਤ ਖੁਸ਼ੀ ਪ੍ਰਾਪਤ ਕੀਤੀ। ਮੈਂ ਉਸ ਖੁਸ਼ੀ ਨੂੰ ਯਾਦ ਰਖਦਿਆਂ ਹੋਇਆਂ ਅਜ ਵਰਿਆਮ ਦੁਬਾਰਾ ਭੇਜਣ ਵਿਚ ਖੁਸ਼ੀ ਮਹਿਸੂਸ ਕਰਦਾ ਹਾਂ।

ਇਸ ਸੰਮੇਲਨ ਤੋਂ ਪਹਿਲਾਂ ਮੰਡੀ ਹਿਮਾਚਲ ਵਿਚ ਇਕ ਯੁਵਕ ਇਕੱਠ ਹੋਇਆ ਸੀ। ਪ੍ਰਬੰਧਕਾਂ ਦੀ ਅਖਬਾਰੀ ਖੁਲੀ ਮੰਗ ਤੇ ਮੈਂ ਆਪਣੇ ਵਿਚਾਰ ਲਿਖ ਕੇ ਭੇਜੇ ਸਨ। ਉਹ ਲਿਖਤ ਅਜੇ ਤਕ ਦੁਬਾਰਾ ਮੈਂ ਨਹੀਂ ਵੇਖੀ। ਪਤਾ ਨਹੀਂ ਕਿਥੇ ਗਈ ਜਿਵੇਂ ਹਥਲੇ ਮਜ਼ਮੂਨ ਵਰਗਾ ਇਕ ਲੇਖ ਅਲੋਪ ਹੋ ਗਿਆ ਪਰ ਕਵੀ ਜੀ ਨੂੰ ਯਾਦ ਸੀ ਮੈਨੂੰ ਅੰਕ ਲਈ ਖਤ ਲਿਖਣਾ ਅਤੇ ਮੰਡੀ ਵਿਚ ਮਜ਼ਮੂਨ ਪੁਜਣਾ। ਇਹਨਾਂ ਦੋਹਾਂ ਗੱਲਾਂ ਦੀ ਅਤੇ ਲਿਖਤ ਦੀ ਉਹਨਾਂ ਸਿਫਤ ਕੀਤੀ। ਇਸ ਗੱਲ ਨੇ ਉਹਨਾਂ ਨਾਲ ਗੱਲਾਂ ਕਰਨ ਦਾ ਝਾਕਾ ਘਟ ਗਿਆ।

ਸ. ਤੀਰਥ ਸਿੰਘ ਹੰਸਪਾਲ ਚੰਡੀਗੜ੍ਹ ਵਾਲੇ ਰਿਸ਼ਤੇਦਾਰ ਵੀ ਸਨ। ਉਹ ਪੰਜਾਬ ਦੇ ਲੋਕ ਸੰਪਰਕ ਵਿਭਾਗ ਵਿਚ ਕੰਮ ਕਰਦੇ ਸਨ। ਉਹ ਬਹੁਤ ਮਿਲਾਪੜੇ ਸੁਭਾਅ ਦੇ ਅਤੇ ਪੜ੍ਹਨ ਲਿਖਣ ਦੀ ਰੁਚੀ ਰਖਦੇ ਸਨ। ਉਹਨਾਂ ਬਹੁਤ ਪਿਆਰ ਦਿਤਾ।

ਦੋ 'ਸਨੇਹੀ' ਇਸ ਸਮਾਗਮ ਵਿਚ ਬਹੁਤ ਸਰਗਰਮ ਸਨ। ਸੰਤ ਸਵਰਨ ਸਿੰਘ ਸਨੇਹੀ ਸ਼ਾਹਪੁਰ ਦੁਆਬੇ ਵਾਲੇ ਅਤੇ ਸਤਿਪਾਲ ਸਿੰਘ ਫੋਟੋਗਰਾਫੀ ਦਾ ਕੰਮ ਕਰਦੇ ਸਨ ਅਤੇ ਇਕ ਸਾਲ ਪਹਿਲਾਂ ਮੰਡੀ ਵਾਲੇ ਸੰਮੇਲਨ ਵਿਚ ਉਹਨਾਂ ਦੀ ਖਾਸ ਭੂਮਿਕਾ ਸੀ ਅਤੇ ਮਸ਼ਹੂਰ ਵਿਅਕਤੀ ਸਨ। ਸਵਰਨ ਸਿੰਘ ਸੰਤੁਲਤ ਗੱਲ ਕਰਦੇ ਸਨ ਅਤੇ ਰਿਜ਼ਰਵ ਸੁਭਾਅ ਦੇ ਸਨ। ਦੁਆਬੇ 'ਚੋਂ ਹੀ ਸ. ਗੁਰਦੇਵ ਸਿੰਘ ਚੱਘਰ ਉਸ ਵੇਲੇ ਰਾਮਗੜ੍ਹੀਆ ਪਾਲੀਟੈਕਨਿਕ ਫਗਵਾੜਾ ਵਿਚ ਅਧਿਆਪਕ ਸਨ।

ਡਾਲਟਨਗੰਜ (ਬਿਹਾਰ) ਦਾ ਜਥਾ ਬਹੁਤ ਪ੍ਰਭਾਵ ਤੇ ਆਭਾ ਰੱਖਦਾ ਸੀ। ਇਕੋ ਜਿਹੇ ਖੂਬਸੂਰਤ

Namdhari Elibrary NamdhariElibrary@gmail.com

ਨੌਜਵਾਨ। ਬਹੁਤ ਸੋਹਣੇ ਚਿੱਟੇ ਕੱਪੜਿਆਂ ਨਾਲ ਮਾਇਆ ਲੱਗੀਆਂ ਸ਼ਾਨਦਾਰ ਪੱਗਾਂ ਬੰਨ੍ਹਣ ਵਾਲੇ ਹੱਸਣ ਖੇਡਣ ਵਾਲੇ ਅਤੇ ਇਕ ਦੂਜੇ ਨੂੰ ਨਰਮ ਨਰਮ ਮਸ਼ਕਰੀਆਂ ਕਰਨ ਵਾਲੇ। ਇਹ ਲੈਕਚਰ ਵੀ ਵਧੀਆ ਕਰਦੇ ਅਤੇ ਕੀਰਤਨ ਵੀ। ਹਰਫਨਮੌਲਾ ਸਨ। ਇਹਨਾਂ ਦਾ ਵੱਡਾ ਲੀਡਰ ਤਾਂ ਪ੍ਰੋ. ਇੰਦਰ ਸਿੰਘ ਸੀ, ਜੋ ਬਿਹਾਰ ਦੇ ਕਿਸੇ ਕਾਲਜ ਵਿਚ ਪੜ੍ਹਾਉਂਦਾ ਸੀ, ਜੋ ਬਾਅਦ ਵਿਚ ਰਾਜਨੀਤੀ ਦੀਆਂ ਪੌੜੀਆਂ ਚੜਦਾ ਬਿਹਾਰ ਸਰਕਾਰ ਵਿਚ ਮੰਤਰੀ ਵੀ ਰਿਹਾ ਹੈ। ਇਹਨਾਂ ਦਾ ਹੀ ਛੋਟਾ ਭਰਾ ਅਜੀਤ ਸਿੰਘ ਸੀ। ਅਜੇ ਥੋਹੜੀ ਥੋਹੜੀ ਦਾਹੜੀ ਸੀ। ਪਹਿਲੇ ਜਾਂ ਦੂਜੇ ਸੰਮੇਲਨ ਵਿਚ ਤਕਰੀਰ ਕੀਤੀ ਕਿ ਉਹ ਆਪਣਾ ਸਾਰਾ ਜੀਵਨ ਨਾਮਧਾਰੀ ਪੰਥ ਦੇ ਲੇਖੇ ਲਾਵੇਗਾ। ਇਕ ਬਿਹਾਰ ਤੋਂ ਹੀ ਆਇਆ ਸਹਿਜਧਾਰੀ ਨੌਜਵਾਨ ਅੰਗਰੇਜ਼ੀ ਤੋਂ ਹਿੰਦੀ ਵਿਚ ਤਰਜ਼ਮਾ ਕਰਦਾ ਸੀ। "ਸ. ਅਜੀਤ ਸਿੰਘ ਨੇ ਕਿਹਾ ਹੈ ਕਿ....." ਅਗੋਂ ਤਰਜ਼ਮਾ ਸ਼ੁਰੂ ਹੋ ਜਾਂਦਾ ਸੀ। ਸ੍ਰੀ ਜੀਵਨ ਨਗਰ ਦੇ ਇਕ ਜਵਾਨ ਦੇਵ ਨੂੰ ਮੌਕਾ ਮਿਲਿਆ ਉਹ ਭਾਸ਼ਨ ਕਰਦਾ ਕਰਦਾ ਅਜੀਤ ਸਿੰਘ ਦੁਆਲੇ ਹੋ ਗਿਆ। "ਏਥੇ ਆ ਜਾਂਦੇ ਨੇ ਅੰਗਰੇਜ਼ੀ ਵਿਚ ਤਕਰੀਰਾਂ ਕਰਨ। ਬਾਹਵਾਂ ਮਾਰ ਮਾਰ ਕੇ ਏਥੇ ਬੋਲਦੇ ਨੇ।" ਬਾਅਦ ਵਿਚ ਸਤਿਗੁਰੂ ਜੀ ਨੇ ਆਪਣੇ ਪ੍ਰਵਚਨ ਵਿਚ ਕਿਹਾ ਦੇਵ ਹੁਰਾਂ ਨੇ ਅਜੀਤ ਸਿੰਘ ਦੀ ਤਕਰੀਰ ਬਾਰੇ ਬਾਹਾਂ ਮਾਰਨ ਦੀ ਟਿਪਣੀ ਕੀਤੀ ਹੈ, ਇਸ ਵਾਸਤੇ ਉਹਨਾਂ ਆਪਣੀ ਬਾਂਹ ਕੱਸ ਕੇ ਫੜੀ ਰੱਖੀ ਹੈ। ਸਣੇ ਅਜੀਤ ਅਤੇ ਦੇਵ ਦੇ ਸਾਰੇ ਹੱਸ ਪਏ। ਦੇਵ ਨੇ ਆਪਣੀ ਇਕ ਬਾਂਹ ਨੂੰ ਲੱਕ ਦੇ ਪਿਛੇ ਤੇ ਦੂਜੀ ਬਾਂਹ ਨਾਲ ਫੜ ਕੇ ਰਖਿਆ ਸੀ। ਸਾਡੇ ਅੱਜਕਲ੍ਹ ਦੇ ਪ੍ਰਸਿੱਧ ਲੇਖਕ ਗੁਰੂਬਚਨ ਸਿੰਘ ਚੰਡੀਗੜ੍ਹ ਵੀ ਉਦੋਂ ਡਾਲਟਨਗੰਜ ਦੇ ਜਥੇ ਵਿਚ ਆਏ ਸਨ ਸ਼ਾਇਦ। ਅਜੇ ਦਾਹੜੀ ਨਹੀਂ ਸੀ ਆਈ। ਸੰਤੋਖ ਸਿੰਘ ਅਤੇ ਉਹਨਾਂ ਦੇ ਵੱਡੇ ਭਰਾ ਵੀ ਆਏ ਸਨ। ਇਹ ਡਾਲਟਨਗੰਜੀਏ ਅਕਸਰ ਸਾਡੇ ਡੇਰੇ ਆਉਂਦੇ ਅਤੇ ਅਸੀਂ ਉਹਨਾਂ ਦੇ ਜਾਂਦੇ। ਆਖਿਰ ਅਸੀਂ ਵੀ ਜੰਮੂ ਕਸ਼ਮੀਰ ਤੋਂ ਆਏ ਸਾਂ। ਕਸ਼ਮੀਰ ਮਸਲਾ ਤਾਂ ਉਦੋਂ ਵੀ ਕਾਇਮ ਸੀ। ਅਸੀਂ ਕੁਝ ਵੀ ਨਾ ਕਰਦੇ ਤਾਂ ਜੰਮੂ ਵਾਲੀ ਕਲਗੀ ਤਾਂ ਹੈ ਹੀ ਸੀ।

ਦਿੱਲੀ ਵਾਲੇ ਸੱਜ ਧਜ ਕੇ ਆਏ ਸਨ। ਸ. ਹਰਵਿੰਦਰ ਸਿੰਘ ਹੰਸਪਾਲ ਅਤੇ ਉਹਨਾਂ ਦੇ ਤਾਇਆ ਜੀ ਦਾ ਪੁੱਤਰ ਸ. ਯਸ਼ਪਾਲ ਸਿੰਘ ਹੰਸਪਾਲ ਦਰਸ਼ਨੀ ਜਵਾਨ ਸਨ। ਇਹਨਾਂ ਦੋਹਾਂ ਨੂੰ ਪਹਿਲੀ ਵਾਰ ਮੈਂ ਏਥੇ ਹੀ ਮਿਲਿਆ। ਭਾਵੇਂ ਦੂਰ ਦਰਸ਼ਨ ਪਹਿਲਾਂ ਕੀਤੇ ਹੋਏ ਸਨ। ਇਹ ਦੋਵੇਂ ਸਤਿਗੁਰੂ ਜੀ ਦੇ ਖਾਸ ਉਲ ਖਾਸ ਨਿਕਟੀਆਂ ਚੋਂ ਲਗਦੇ ਸਨ।

ਦਿੱਲੀ ਵਾਲੇ ਸੱਜ ਧਜ ਕੇ ਆਏ ਸਨ। ਸ. ਹਰਵਿੰਦਰ ਸਿੰਘ ਹੰਸਪਾਲ ਅਤੇ ਉਹਨਾਂ ਦੇ ਤਾਇਆ ਜੀ ਦਾ ਪੁੱਤਰ ਸ. ਯਸ਼ਪਾਲ ਸਿੰਘ ਹੰਸਪਾਲ ਦਰਸ਼ਨੀ ਜਵਾਨ ਸਨ। ਇਹਨਾਂ ਦੋਹਾਂ ਨੂੰ ਪਹਿਲੀ ਵਾਰ ਮੈਂ ਏਥੇ ਹੀ ਮਿਲਿਆ। ਭਾਵੇਂ ਦੂਰ ਦਰਸ਼ਨ ਪਹਿਲਾਂ ਕੀਤੇ ਹੋਏ ਸਨ। ਇਹ ਦੋਵੇਂ ਸਤਿਗੁਰੂ ਜੀ ਦੇ ਖਾਸ ਉਲ ਖਾਸ ਨਿਕਟੀਆਂ ਚੋਂ ਲਗਦੇ ਸਨ। ਹੰਸਪਾਲ ਜੀ ਜਾਲੀ ਪਾ ਕੇ ਦਾਹੜੀ ਬੰਨ੍ਹਦੇ ਸਨ ਅਤੇ ਪੱਗ ਨੋਕਦਾਰ ਫੈਸ਼ਨੇਬਲ ਸੀ। ਪ੍ਰਭਾਵਸ਼ਾਲੀ ਭਾਰਾ ਚਿਹਰਾ ਸੀ। ਪਰ ਇਥੇ ਉਹ ਨਾਮਧਾਰੀ ਗੁਰਮੁੱਖੀ ਦਸਤਾਰ ਅਤੇ ਖੁਲ੍ਹੇ ਦਾਹੜੇ ਨਾਲ ਸਨ। ਅੱਜਕਲ੍ਹ ਵਾਂਗ ਹੀ। ਉਹ ਕੋਈ ਨੁਕਤਾ ਲੱਭ ਕੇ ਉਸ ਦੁਆਲੇ ਹੋਰਨਾਂ ਨੂੰ ਇਕੱਠਾ ਕਰ ਲੈਂਦੇ ਸਨ। ਦਿੱਲੀ ਤੋਂ ਬਹੁਤ ਸਾਰੇ ਛੋਟੇ ਵੱਡੇ ਜੁਆਨ ਆਏ ਸਨ। ਸ. ਅਜੀਤ ਸਿੰਘ ਆਰਕੀਟੈਕਟ ਸਨ। ਉਹ ਅੱਜਕਲ੍ਹ ਯੂ. ਕੇ. ਵਿਚ ਹਨ। ਉਹ ਕਹਿੰਦੇ ਸਨ ਕਿ ਮੈਂ ਤਾਂ ਬਾਕੀਆਂ ਨਾਲ ਵੈਸੇ ਹੀ ਸਮਾਗਮ ਦੇਖਣ ਆ ਗਿਆ ਹਾਂ। ਭਾਵ ਇਹ ਸੀ ਕਿ ਉਹ ਸ਼ਾਇਦ ਪੁਰਾਣੇ ਨਾਮਧਾਰੀਏ ਨਹੀਂ ਸਨ। ਉਹ ਬਹੁਤ ਮਿੱਠੀ ਜ਼ੁਬਾਨ ਵਿਚ ਹੌਲੀ ਹੌਲੀ ਅਤੇ ਸਪਸ਼ਟ ਗੱਲ ਕਰਦੇ ਸਨ। ਤਕਰੀਰ ਵਿਚ ਸੁਖਬੀਰ ਸਿੰਘ ਗੁਲਾਟੀ ਬਹੁਤ ਪ੍ਰਭਾਵ ਪਾਉਂਦੇ ਸਨ। ਅੱਜਕਲ੍ਹ ਉਹ ਦਿੱਲੀ ਯੂਨੀਵਰਸਿਟੀ ਵਿਚ ਅਧਿਆਪਕ ਹਨ। ਪੰਜਾਬੀ ਹਿੰਦੀ ਐਮ. ਏ. ਦੇ ਗੋਲਡ ਮੈਡਲਿਸਟ ਹਨ। ਉਹ ਵੀ ਇਵੇਂ ਹੀ ਘਰੋਂ ਆ ਗਏ। ਪੈਂਟ ਸ਼ਰਟ ਨਾਲ, ਨੋਕ ਵਾਲੀ ਪੱਗ ਨਾਲ। ਪਰ ਇਥੇ ਕੱਪੜੇ ਪੂਰੇ ਨਾਮਧਾਰੀਆਂ ਵਾਲੇ ਸਨ। ਬਹੁਤ ਸਾਰੇ ਜਵਾਨਾਂ ਨੇ ਨਾਮਧਾਰੀ ਪਹਿਰਾਵਾ

Namdhari Elibrary NamdhariElibrary@gmail.com

ਇਥੇ ਹੀ ਆ ਕੇ ਪਾਇਆ ਸੀ। ਅਖੀਰੀ ਦਿਨਾਂ ਵਿਚ ਸਤਿਗੁਰੂ ਜੀ ਨੇ ਆਦੇਸ਼ ਦੇ ਦਿੱਤਾ ਕਿ ਤੁਸੀਂ ਸਾਰਿਆਂ ਨੇ ਇਹਨਾਂ ਬਸਤਰਾਂ ਵਿਚ ਹੀ ਘਰਾਂ ਨੂੰ ਜਾਣਾ ਹੈ। ਬਹੁਤ ਸਾਰੇ ਮੁੰਡੇ ਇਸ ਗੱਲ ਤੋਂ ਸ਼ਰਮਾਉਂਦੇ ਸਨ। ਪਰ ਸੁਖਬੀਰ ਹੋਰਾਂ ਸਪਸ਼ਟ ਐਲਾਨ ਕੀਤਾ ਕਿ ਮੈਂ ਤਾਂ ਇਹਨਾਂ ਕੱਪੜਿਆਂ ਨਾਲ ਜ਼ਰੂਰ ਹੀ ਜਾਵਾਂਗਾ ਅਤੇ ਆਪਣੇ ਪਾਸ ਹੀ ਰਖਾਂਗਾ। ਇਹਦੇ ਵਿਚ ਲੁਕਿਆ ਹੋਇਆ ਇਹ ਸੀ ਕਿ ਉਹਨਾਂ ਨੇ ਸਾਰੇ ਹੀ ਕਪੜੇ ਹੋਰਨਾਂ ਕੋਲੋਂ ਲੈ ਕੇ ਪਾਏ ਹੋਏ ਸਨ। ਗੁਰੂ ਕਾ ਹੁਕਮ ਮੰਨਣ ਦਾ ਉਹਨਾਂ ਨੂੰ ਤਾਂ ਤਟਫਟ ਫਾਇਦਾ ਹੋ ਗਿਆ ਸੀ। ਸ. ਮਨਮੋਹਨ ਸਿੰਘ ਦਿੱਲੀ ਵਾਲੇ ਵੀ ਆਏ ਸਨ। ਘਟ ਬੋਲਦੇ ਸਨ ਪਰ ਸੁਣਦੇ ਸਭ ਨੂੰ ਧਿਆਨ ਨਾਲ। ਭੋਪਾਲ ਤੋਂ ਅਤਿੰਦਰਪਾਲ ਸਿੰਘ ਲੰਮੇ ਜੁਆਨ ਸਨ। ਬਿਲਕੁਲ ਖਾਮੋਸ਼ ਰਹਿਣ ਵਾਲੇ।

ਇਕ ਛੋਟੇ ਬੱਚਿਆਂ ਦਾ ਜਥਾ ਸੀ, ਸ੍ਰੀ ਜੀਵਨ ਨਗਰ ਤੋਂ ਆਇਆ। ਇਹ ਢੋਲਕ ਛੈਣਿਆਂ ਤੇ ਤਬਲੇ ਨਾਲ ਵਧੀਆ ਕੀਰਤਨ ਕਰਦਾ। ਜਥੇ ਦਾ ਮੁਹਰੈਲ ਵਾਜਾ ਵਜਾਉਣ ਵਾਲਾ ਅਣਦਾਹੜੀਆ ਮੁੰਡਾ ਸੀ, ਜੋ ਅੱਜਕਲ੍ਹ ਦਾ ਪ੍ਰਸਿੱਧ ਸੰਗਤੀਕਾਰ ਉਸਤਾਦ ਹਰਭਜਨ ਸਿੰਘ ਹੈ।

ਲੰਗਰ ਦਾ ਤਾਂ ਬਹੁਤ ਵਧੀਆ ਪ੍ਰੋਗਰਾਮ ਸੀ। ਉਤਮ ਤੋਂ ਉਤਮ ਭੋਜਨ ਸੀ, ਕੜਾਹ ਪ੍ਰਸ਼ਾਦ, ਖੀਰ, ਲੱਡੂ, ਜਲੇਬੀਆਂ, ਚੌਲ, ਪ੍ਰਸ਼ਾਦੇ, ਅੰਬ, ਖਰਬੂਜੇ, ਲੀਚੀਆਂ, ਸ਼ਿਕੰਜਵੀ, ਸ਼ਰਦਾਈ, ਦੁੱਧ, ਚਾਹਟਾ, ਪਕੌੜੇ, ਮਿਸੀਆਂ ਰੋਟੀਆਂ, ਦਾਲਾਂ, ਸਬਜੀਆਂ ਅਤੇ ਵੱਖਰਾ ਪਾਉਣ ਲਈ ਦੇਸੀ ਘਿਓ ਪਦਾਰਥ ਗਿਣੇ ਨਹੀਂ ਸੀ ਜਾਂਦੇ। ਵਾਪਿਸ ਘਰੀਂ ਆ ਕੇ ਜਿਥੇ ਜਿਥੇ ਕੋਈ ਪੜ੍ਹਦਾ ਸੀ ਸਕੂਲ ਕਾਲਜ ਵਿਚ, ਉਥੇ ਇਸ ਲੰਗਰ ਦੀਆਂ ਧੁੰਮਾਂ ਪੈ ਗਈਆਂ। ਦੋਸਤ ਮਿੱਤਰ ਏਥੋਂ ਤੱਕ ਕਿ ਮਾਸਟਰ ਕਹਿਣ ਤੁਸਾਂ ਸਾਨੂੰ ਕਿਉਂ ਨਾ ਦੱਸਿਆ। ਸਤਿਗੁਰੂ ਜੀ ਬੱਚਿਆਂ ਨੂੰ ਲਾਡ ਲਡਾਉਂਦੇ। ਬਚਨ ਬਿਲਾਸ ਕਰਦੇ ਅਤੇ ਜੋ ਕਹਿੰਦੇ ਇਵੇਂ ਮੰਨ ਜਾਂਦੇ ਜਿਵੇਂ ਬਾਪ ਛੋਟੇ ਬੱਚਿਆਂ ਦੇ ਆਖੇ ਲਗ ਜਾਂਦਾ ਹੈ। ਇਵੇਂ ਲੱਗਦਾ ਜਿਵੇਂ ਸਤਿਗੁਰੂ ਹੈ ਹੀ ਇਹਨਾਂ ਬੱਚਿਆਂ ਦਾ। ਸਚਮੁਚ ਇਹ ਗੱਲ ਵਡਿਆਂ ਨੂੰ ਚੁਭੀ ਵੀ ਪਰ ਸਤਿਗੁਰੂ ਜੀ ਦਾ ਪੂਰਾ ਧਿਆਨ ਇਹਨਾਂ ਦੇ ਵੱਲ ਸੀ। ਇਕ ਦਿਨ ਇਕ ਜੁਆਨ ਕਹਿਣ ਲੱਗਾ ਜੀ ਅੱਜ ਕੜਾਹ ਪ੍ਰਸ਼ਾਦ ਨੂੰ ਜੀਅ ਕਰਦੈ, ਕਿਸੇ ਦੂਸਰੇ ਨੇ ਕਹਿ ਦਿੱਤਾ ਜੀ ਅੱਜ ਖੀਰ ਬਣਨੀ ਚਾਹੀਦੀ ਹੈ। ਜਦੋਂ ਲੰਗਰ ਵਿਚ ਗਏ ਤਾਂ ਕੜਾਹ ਪ੍ਰਸ਼ਾਦ ਅਤੇ ਖੀਰ ਦੋਵੇਂ ਹੀ ਹਾਜ਼ਰ ਸਨ ਅਤੇ ਇਹਨਾਂ ਦੀ ਯੁਗਲਬੰਦੀ ਦਾ ਆਪਣਾ ਹੀ ਆਨੰਦ ਸੀ।

ਇਹ ਸੰਮੇਲਨ ਨਾਮਧਾਰੀ ਯੁਵਕਾਂ ਦਾ ਸੀ ਅਤੇ ਖਾਸ ਕਰਕੇ ਗ੍ਰੈਜੂਏਟ ਪੱਧਰ ਦੇ ਪੜ੍ਹੇ ਲਿਖੇ ਨੌਜਵਾਨਾਂ ਦਾ ਸੀ। ਇਹ ਵਰਗ ਪੜ੍ਹਾਈ ਦੇ ਲੋਰ ਵਿਚ ਆਪਣੇ ਧਾਰਮਿਕ ਅਕੀਦੇ, ਸਰੂਪ ਅਤੇ ਰਹੁ ਰੀਤ ਤੋਂ ਲਗਾਤਾਰ ਦੂਰ ਜਾ ਰਿਹਾ ਸੀ। ਇਸ ਨੂੰ ਪ੍ਰੇਰਨ ਵਾਸਤੇ ਕੋਈ ਦਿਲਚਸਪ ਪ੍ਰੋਗਰਾਮ ਵੀ ਸਮਾਜ ਕੋਲ ਨਹੀਂ ਸੀ ਜਾਪਦਾ। ਪੁਰਾਣੀਆਂ ਪ੍ਰੇਰਕ ਕਦਰਾਂ ਕੀਮਤਾਂ, ਬਜ਼ੁਰਗਾਂ ਨੇ ਸਿਰੜ ਨਾਲ ਨਿਭਾਈਆਂ ਸਨ। ਅੱਗੋਂ ਗੱਲ ਕੱਥ ਦਾ ਮੁਹਾਵਰਾ ਬਦਲ ਗਿਆ ਸੀ। ਸਕੂਲੀ ਵਿਦਿਆ ਦੇ ਯਕਦਮ ਫੈਲਾਓ ਨੇ ਪੀੜ੍ਹੀਆਂ ਦੇ ਫਰਕ ਨੂੰ ਬਹੁਤ ਵਧਾਅ ਦਿੱਤਾ ਸੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਆਪ ਯੁਵਾ ਉਮਰ ਵਿਚ ਸਨ। ਕਾਲੀ ਦਾਹੜੀ ਅਤੇ ਪਤਲਾ ਸਰੀਰ। ਉਹਨਾਂ ਕੋਲ "ਪਿਓ ਦਾਦੇ ਦਾ ਖਜ਼ਾਨਾ" ਪਿਆ ਸੀ। ਇਸ ਅਮੀਰ ਖਜ਼ਾਨੇ ਨੂੰ ਉਹ ਵੰਡਣ ਲਈ ਤੱਤਪਰ ਸਨ ਪਰ ਅੱਗੇ ਕੋਈ ਪਾਤਰ ਵੀ ਹੋਵੇ। ਨੌਜਵਾਨ ਵਰਗ ਹੀ ਜੇ ਇਸ ਵਿਰਾਸਤ ਤੋਂ ਦੂਰ ਚਲਾ ਗਿਆ ਤਾਂ ਨਾਮਧਾਰੀ ਸਮਾਜ ਇਕ ਲਟ ਲਟ ਬਲਦਾ ਜਿਉਂਦਾ ਜਾਗਦਾ ਸਮਾਜ ਨਹੀਂ ਸੀ ਰਹਿ ਸਕਦਾ। ਆਪ ਜੀ ਨੇ ਨੌਜਵਾਨਾਂ ਨਾਲ ਸਿੱਧਾ ਸੰਪਰਕ ਸਥਾਪਤ ਕੀਤਾ ਅਤੇ ਇਹਨਾਂ ਨਾਲ ਇਹਨਾਂ ਵਰਗੇ ਹੋ ਕੇ ਵਿਚਰਦੇ ਰਹੇ। ਆਏ ਹੋਏ ਜਵਾਨਾਂ 'ਚੋਂ ਚਿੰਤਕ ਵਰਗ ਨੇ ਇਸ ਗੱਲ ਨੂੰ ਮਹਿਸੂਸ ਕੀਤਾ ਕਿ ਇਸ ਇਕੱਠ ਦੇ ਉਤਸ਼ਾਹ ਅਤੇ ਜੋਸ਼ ਨੂੰ ਇੱਕ ਪ੍ਰਣਾਲੀ ਵਿਚ ਤਬਦੀਲ ਕਰਨ ਵਾਸਤੇ ਇਕ ਜਥੇਬੰਦਕ ਢਾਂਚਾ ਕਾਇਮ ਕੀਤਾ ਜਾਵੇ, ਜਿਸ ਕੋਲ ਸੰਮੇਲਨ ਤੋਂ ਇਲਾਵਾ ਕਰਨ ਵਾਸਤੇ ਇਕ ਸੇਧ ਹੋਵੇ। ਜਿਸ ਦੇ ਆਧਾਰ ਉਤੇ ਉਹ ਆਪਣੇ ਪ੍ਰੋਗਰਾਮ ਚਲਾਉਣ, ਆਪਣੇ ਆਪਣੇ ਪਿੰਡ ਜਾਂ ਸ਼ਹਿਰ ਵਿਚ ਇਕੱਠੇ ਹੋ ਕੇ ਜਥੇਬੰਦ ਹੋ ਕੇ ਨਿਰੰਤਰ ਪ੍ਰੋਗਰਾਮ ਚਲਾਉਣ।

ਜਥੇਬੰਦੀ ਨੂੰ ਸਥਾਪਤ ਕਰਨ ਵਾਸਤੇ ਪ੍ਰੋਗਰਾਮ ਤੋਂ ਇਲਾਵਾ ਇਕੱਤਰਤਾਵਾਂ ਹੋਈਆਂ। ਜਥੇਬੰਦੀ ਦਾ ਕਾਰਜਕ੍ਰਮ ਨਿਯਮ, ਉਪਨਿਯਮ ਭਾਵ ਸੰਵਿਧਾਨ

Namdhari Elibrary NamdhariElibrary@gmail.com

ਅਤੇ ਮਨੋਰਥ ਪੱਤਰ ਤਿਆਰ ਕਰਨ ਵਾਸਤੇ ਇਕ ਕਮੇਟੀ ਦਾ ਆਯੋਜਨ ਕੀਤਾ ਗਿਆ। ਇਸ ਵੇਲੇ ਲਿਸਟ ਤਾਂ ਪ੍ਰਾਪਤ ਨਹੀਂ ਸੀ। ਪਰ ਇਸ ਵਿਚ ਮਾਸਟਰ ਨਿਹਾਲ ਸਿੰਘ, ਪ੍ਰੀਤਮ ਸਿੰਘ ਕਵੀ, ਸਵਰਨ ਸਿੰਘ ਸਨੇਹੀ, ਪ੍ਰੀਤਮ ਸਿੰਘ ਜੰਮੂ, ਸ. ਤੀਰਥ ਸਿੰਘ ਚੰਡੀਗੜ੍ਹ, ਜਗਦੀਸ਼ ਸਿੰਘ ਜੰਮੂ ਵਰਿਆਮ ਸ਼ਾਮਲ ਸਨ।

ਮੀਟਿੰਗ ਸ਼ੁਰੂ ਹੋਈ ਤਾਂ ਲਿਖਣ ਲਿਖਾਉਣ ਵਿਚ ਕੁਝ ਦਿਕਤ ਆਈ। ਇਸ ਵੇਲੇ ਪ੍ਰੀਤਮ ਸਿੰਘ ਕਵੀ ਨੇ ਕਿਹਾ ਤੁਸੀਂ ਮੈਨੂੰ ਸਕੱਤਰ ਬਣਾ ਲਓ ਅਤੇ ਉਹ ਚੌਕੜਾ ਮਾਰ ਕੇ ਕਾਗਜ਼ ਲੈ ਕੇ ਬੈਠ ਹੀ ਗਏ।

ਪਹਿਲਾਂ ਲਿਖਿਆ ਜਥੇਬੰਦੀ ਦਾ ਨਾਮ। ਬਹੁਤ ਸਾਰੇ ਨਾਮ ਵਿਚਾਰੇ ਗਏ ਸਨ। ਮਾਸਟਰ ਨਿਹਾਲ ਸਿੰਘ ਦੀ ਤਜ਼ਵੀਜ ਸੀ ਨਾਮ ਹੋਵੇ 'ਨਾਮਧਾਰੀ ਵਿਦਿਅਕ ਜਥਾ'। ਇਹ ਨਾਮ ਸਤਿਗੁਰੂ ਜੀ ਵਲੋਂ ਵੀ ਪ੍ਰਵਾਨ ਸੀ। ਸੋ ਇਹੀ ਨਾਮ ਮਨਜ਼ੂਰ ਹੋਇਆ। ਉਸ ਸਮੇਂ ਹਮਾਤੜਾਂ ਨੂੰ ਇਹ ਨਾਮ ਹੋਰ ਤਰਾਂ ਦਾ ਲਗਦਾ ਸੀ। ਅਖਬਾਰਾਂ ਵਿਚ ਖਾਸ ਕਰਕੇ ਉਰਦੂ ਅਤੇ ਅੰਗਰੇਜ਼ੀ ਦੀਆਂ ਅਖ਼ਬਾਰਾਂ ਵਿਚ ਵਿਦਿਅਕ ਲਿਖਣਾ ਔਖਾ ਹੁੰਦਾ ਸੀ। ਉਹ ਕਦੀ ਕੁਝ ਲਿਖ ਦਿੰਦੇ ਕਦੇ ਕੁਝ। ਉਹ "ਨਾਮਧਾਰੀ ਵਿਧਾਇਕ ਜਥਾ" ਵੀ ਲਿਖ ਦਿੰਦੇ ਸਨ, ਜਿਵੇਂ ਕਿ ਇਹ ਪੰਜਾਬ ਅਸੰਬਲੀ ਵਿਚ ਨਾਮਧਾਰੀਆਂ ਦਾ ਗਰੁੱਪ ਹੋਵੇ। ਆਮ ਸੰਗਤਾਂ ਵਿਦਿਅਕ ਸੰਮੇਲਨ ਨੂੰ ਅਕਸਰ "ਮੁੰਡਿਆਂ ਦਾ ਮੇਲਾ" ਕਹਿੰਦੀਆਂ ਸਨ। ਆਪਣੀਆਂ ਕੰਨਿਆਵਾਂ ਵਾਸਤੇ ਯੋਗ ਵਰ ਲੱਭਣ ਵਾਸਤੇ ਵੀ ਲੋਕ ਇਸ ਸੰਮੇਲਨ ਵਿਚ ਆ ਜਾਂਦੇ ਸਨ। ਹੌਲੀ ਹੌਲੀ ਨਾਮਧਾਰੀ ਵਿਦਿਅਕ ਜਥਾ ਨਾਮਧਾਰੀ ਸਮਾਜ ਵਿਚ ਇਕ ਸਸ਼ਕਤ ਜਥੇਬੰਦੀ ਵਜੋਂ ਪ੍ਰਵਾਨ ਹੋ ਗਿਆ।

ਪ੍ਰੀਤਮ ਸਿੰਘ ਕਵੀ ਦੀ ਕਲਮ ਹਵਾ ਵਾਂਗ ਚੱਲ ਰਹੀ ਸੀ ਅਤੇ ਉਹਨਾਂ ਬਹੁਤਾ ਕੰਮ ਥੋਹੜੇ ਸਮੇਂ ਵਿਚ ਪੂਰਾ ਕਰ ਦਿਤਾ। ਜਥੇ ਦੇ ਉਦੇਸ਼ਾਂ ਬਾਰੇ ਉਹਨਾਂ ਲਿਖਿਆ-

੧. ਸ੍ਰੀ ਸਤਿਗੁਰੂ ਜੀ ਦੇ ਆਦੇਸ਼ਾਂ ਦਾ ਦ੍ਰਿੜਤਾ ਨਾਲ ਪਾਲਣਾ ਕਰਨਾ।

੨. ਪੜ੍ਹੇ ਲਿਖੇ ਨੌਜਵਾਨਾਂ ਨੂੰ ਸੰਗਿਠਤ ਕਰਨਾ। ਉਹਨਾਂ ਵਿਚ ਨਾਮਧਾਰੀ ਆਚਾਰ ਤੇ ਵਿਚਾਰ ਦਾ ਵਿਕਾਸ ਕਰਨਾ ਅਤੇ ਵਿਸ਼ੇਸ਼ ਕਰਕੇ ਨਾਮਧਾਰੀ ਪਹਿਰਾਵੇ ਲਈ ਸਨਮਾਨ ਤੇ ਉਤਸ਼ਾਹ ਪੈਦਾ ਕਰਨਾ।

ਪਤਾ ਹੀ ਨਾ ਲੱਗਾ ੭-੮ ਦਿਨ ਕਿਵੇਂ ਲੰਘ ਗਏ ਸਨ। ਅਖੀਰਲੇ ਦਿਨ ਸਤਿਗੁਰਾਂ ਆਪਣੀ ਕੋਠੀ ਵਿਚ ਆਪਣੇ ਹੱਥੀਂ ਕੜਾਹ ਪ੍ਰਸ਼ਾਦ ਦੇ ਗੱਫੇ ਵਰਤਾਏ ਅਤੇ ਲੰਗਰ ਛਕਾਇਆ। ਲਗਦਾ ਸੀ ਜਿਵੇਂ ਇਕ ਬਾਪ ਦੇ ਸੈਂਕੜੇ ਬੱਚੇ ਹੋਣ ਅਤੇ ਸਾਰਿਆਂ ਨੂੰ ਇਕੋ ਜਿਹਾ ਪਿਆਰ ਮਿਲੇ। ਹਰ ਬੱਚਾ ਸਮਝਦਾ ਸੀ ਕਿ ਉਸ ਦਾ ਬਾਪ ਨਾਲ ਖਾਸ ਪਿਆਰ ਹੈ।

੩. ਪੰਥ ਅੰਦਰ ਸੁਚੱਜੇ ਡਸਿਪਲਨ ਦਾ ਵਿਕਾਸ ਕਰਨਾ। ਦੋ ਵੱਡੇ ਮੇਲਿਆਂ ਦਾ ਪ੍ਰਬੰਧ ਉਥੋਂ ਦੇ ਮੁਖੀਆਂ ਦੀ ਸਹਾਇਤਾ ਲਈ ਕਰਨਾ। ਸਥਾਨਕ ਮੇਲਿਆਂ ਵਾਸਤੇ ਨੇੜੇ ਦੇ ਜਥੇ ਦੀ ਸਹਾਇਤਾ ਕਰਨਾ।

੪. ਤਾਲੀਮ, ਬਿਮਾਰੀ, ਬੇਕਾਰੀ ਵਿਚ ਨਾਮਧਾਰੀਆਂ ਦੀ ਸਰਗਰਮ ਮਦਦ ਕਰਨਾ।

੫. ਆਮ ਮਿਲਵਰਤੋਂ ਵਾਸਤੇ ਸਦਾ ਤਿਆਰ ਰਹਿਣਾ।

੬. ਨਾਮਧਾਰੀ ਮਤ ਦਾ ਵਿਗਿਆਨਕ ਢੰਗ ਨਾਲ ਪ੍ਰਚਾਰ ਕਰਨਾ ਅਤੇ ਵਿਦਿਆਲੇ, ਪੁਸਤਕਾਲੇ, ਪੁਸਤਕਾਂ, ਕਲੰਡਰ ਸੇਵਾ ਪ੍ਰਬੰਧ ਅਤੇ ਔਸ਼ਧਾਲਿਯ ਆਦਿ ਸਥਾਪਤ ਅਤੇ ਤਿਆਰ ਕਰਨਾ।

੭. ਗੈਰ ਨਾਮਧਾਰੀਆਂ ਨਾਲ ਆਪਣੇ ਅਸੂਲਾਂ ਤੇ ਕਾਇਮ ਰਹਿਕੇ ਸ਼ੁਭ ਇਛਕਾਂ ਨੂੰ ਅਮਲੀ ਮਿਲਵਰਤਣ ਦੇਣਾ।

੮. ਕੌਮੀ ਅਤੇ ਕੌਮਾਂਤਰੀ ਰਾਜਨੀਤਕ ਸਮੱਸਿਆਵਾਂ ਉੱਤੇ ਕੇਂਦਰ ਵਲੋਂ ਪਰਵਾਨਿਤ ਦ੍ਰਿਸ਼ਟੀਕੋਣ ਉਤੇ ਪੁਰਜ਼ੋਰ ਅਮਲ ਕਰਨਾ ਤੇ ਕਰਵਾਉਣਾ।

੯. ਵਿਸ਼ਵ ਧਰਮ ਸਮਾਨਤਾ, ਵਿਸ਼ਵ ਸ਼ਾਂਤੀ ਅਤੇ ਗਊ ਰੱਖਿਆ ਦੇ ਸੰਬੰਧ ਵਿਚ ਸੁਚੇਤ ਯਤਨ ਕਰਨਾ।

Namdhari Elibrary NamdhariElibrary@gmail.com

ਜਥੇਬੰਦੀ ਦੀ ਬਣਤਰ ਵਿਚ ਇਕ ਪ੍ਰਧਾਨ, ਮੀਤ ਪ੍ਰਧਾਨ, ਸਕੱਤਰ, ਮੀਤ ਸਕੱਤਰ, ਖਜ਼ਾਨਚੀ, ਆਡੀਟਰ ਆਦਿ ਲਿਖੇ ਗਏ। ਪਹਿਲੀ ਕਾਰਜ ਕਾਰਨੀ ਸਰਬ ਸੰਮਤੀ ਨਾਲ ਸਤਿਗੁਰੂ ਜੀ ਦੀ ਪ੍ਰਵਾਨਗੀ ਨਾਲ ਬਣਾਈ ਗਈ।

ਪ੍ਰਧਾਨ ਮਾਸਟਰ ਨਿਹਾਲ ਸਿੰਘ, ਮੀਤ ਪ੍ਰਧਾਨ ਸ. ਤੀਰਥ ਸਿੰਘ ਹੰਸਪਾਲ, ਸਕੱਤਰ ਮਾਸਟਰ ਸ਼ੇਰ ਸਿੰਘ, ਮੀਤ ਸਕੱਤਰ ਮਾਸਟਰ ਸੰਤ ਸਿੰਘ, ਸਵਰਨ ਸਿੰਘ ਵਿਰਕ, ਖਜ਼ਾਨਚੀ ਪ੍ਰੋ. ਇੰਦਰ ਸਿੰਘ ਡਾਨਟਨਗੰਜ ਅਤੇ ਮਾਸਟਰ ਇਕਬਾਲ ਸਿੰਘ, ਆਡੀਟਰ ਸ. ਹਰਵਿੰਦਰ ਸਿੰਘ ਹੰਸਪਾਲ, ਮੈਂਬਰ ਪ੍ਰੀਤਮ ਸਿੰਘ ਕਵੀ, ਜਗਦੀਸ਼ ਸਿੰਘ ਜੰਮੂ, ਦਲੀਪ ਸਿੰਘ ਯਮੁਨਾ ਨਗਰ, ਕਰਤਾਰ ਸਿੰਘ-ਹਰਬੰਸ ਸਿੰਘ ਮੰਡੀ, ਸਤਵਿੰਦਰ ਸਿੰਘ ਡਾਲਟਨਗੰਜ, ਸਵਰਨ ਸਿੰਘ ਸਨੇਹੀ, ਪ੍ਰੀਤਮ ਸਿੰਘ-ਗੁਰਦੇਵ ਸਿੰਘ ਜੰਮੂ, ਮਨਮੋਹਨ ਸਿੰਘ ਦਿੱਲੀ। ਪਤਾ ਹੀ ਨਾ ਲੱਗਾ ੭-੮ ਦਿਨ ਕਿਵੇਂ ਲੰਘ ਗਏ ਸਨ। ਅਖੀਰਲੇ ਦਿਨ ਸਤਿਗੁਰਾਂ ਆਪਣੀ ਕੋਠੀ ਵਿਚ ਆਪਣੇ ਹੱਥੀਂ ਕੜਾਹ ਪ੍ਰਸ਼ਾਦ ਦੇ ਗੱਫੇ ਵਰਤਾਏ ਅਤੇ ਲੰਗਰ ਛਕਾਇਆ। ਲਗਦਾ ਸੀ ਜਿਵੇਂ ਇਕ ਬਾਪ ਦੇ ਸੈਂਕੜੇ ਬੱਚੇ ਹੋਣ ਅਤੇ ਸਾਰਿਆਂ ਨੂੰ ਇਕੋ ਜਿਹਾ ਪਿਆਰ ਮਿਲੇ। ਹਰ ਬੱਚਾ ਸਮਝਦਾ ਸੀ ਕਿ ਉਸ ਦਾ ਬਾਪ ਨਾਲ ਖਾਸ ਪਿਆਰ ਹੈ।

ਸ੍ਰੀ ਭੈਣੀ ਸਾਹਿਬ ਤੋਂ ਲੁਧਿਆਣਾ ਤੱਕ ਖਾਸ ਬੱਸਾਂ ਦਾ ਪ੍ਰਬੰਧ ਸੀ। ਇਹਨਾਂ ਬੱਸਾਂ ਨੇ ਮੁੜ ਉਸੇ ਸੜਦੀ ਬਲਦੀ ਦੁਨੀਆਂ ਵਿਚ ਪਹੁੰਚਾ ਦੇਣਾ ਸੀ ਜਿਥੋਂ ਆਏ ਸਾਂ। ਸਾਡੀ ਬੱਸ ਵਿਚ ਇਕ ਸੁਕੜਾ ਜਿਹਾ ਬੱਚਾ ਬੈਠਾ ਸੀ ਬੜਾ ਮਾਸੂਮ ਤੇ ਸਾਦਾ ਜਿਹਾ। ਵਾਕਫ ਮੁੰਡਿਆਂ ਰੌਲਾ ਪਾ ਕੇ ਉਸਨੂੰ ਮਨਾਇਆ-ਸ਼ਬਦ ਸੁਣਾ, ਗੀਤ ਸੁਣਾ। ਉਸ ਗਾਣਾ ਸ਼ੁਰੂ ਕੀਤਾ-ਮਿੱਤਰ ਪਿਆਰੇ ਨੂੰ ਹਾਲ ਫਕੀਰਾਂ ਦਾ ਕਹਿਣਾ। ਬੱਚੇ ਦੀ ਹੇਕ ਵਿਚ ਕਹਿਰਾਂ ਦਾ ਦਰਦ ਸੀ ਉਹਦੀ ਸੁਰੀਲੀ ਆਵਾਜ਼ ਸੀਨੇ ਚੀਰਦੀ ਜਾਵੇ। ਇਕ ਦੋ ਗੀਤ ਹੋਰ ਸੁਣਾਏ ਤੇ ਲੁਧਿਆਣਾ ਆ ਗਿਆ। ਇਹ ਬੱਚਾ ਸੀ ਗੁਰਦੇਵ ਸਿੰਘ ਕੋਇਲ।

ਜੰਮੂ ਐਤਵਾਰ ਅੱਧੀ ਰਾਤ ਦੇ ਦੋ ਵਜੇ ਖੜਕਾ ਹੋਣ ਲਗ ਪਿਆ। ਬਜ਼ੁਰਗ ਜਾਗੇ ਕੀ ਗੱਲ ਹੈ। ਦਸਿਆ ਗਿਆ ਕਿ ਸਾਰੇ ਮੁੰਡੇ ਤਵੀ ਨਦੀ ਤੇ ਇਸ਼ਨਾਨ ਕਰਨ ਚਲੇ ਗਏ ਹਨ।

ਜਗਜੀਤ ਖ਼ੁਦਾ

✍ **ਰਣਜੀਤ ਕੌਰ ਜੀਤ**

ਮੇਰੇ ਜਗਜੀਤ ਖ਼ੁਦਾ ਨਹੀਂ ਕੋਈ ਤੇਰੇ ਸਿਵਾ
ਨਜ਼ਰ ਤੂੰ ਹੀ ਆਉਨਾ ਏ ਮੈਨੂੰ ਚਾਰੋਂ ਦਿਸ਼ਾ
ਮੇਰਾ ਤੂੰ ਏ ਤੂੰ ਹੀ ਤੂੰ ਏ ਤੂੰ ਹੀ ਤੂੰ ਏ।

ਆਦਿ ਅੰਤ ਏਕੋ ਅਵਤਾਰ ਕਲਿਯੁਗ ਵਿਚ ਆਇਆ ਦੇਹਧਾਰ
ਤ੍ਰੇਤੇ ਦੇ ਵਿਚ ਰਾਮ ਚੰਦਰ ਦੁਆਪਰ ਦੇ ਵਿੱਚ ਕ੍ਰਿਸ਼ਨ ਮੁਰਾਰ
ਤੂੰ ਦਿਆਲੂ ਕ੍ਰਿਪਾਲੂ ਏਂ ਅੰਤ ਤੇਰਾ ਨਾ ਕੋਈ ਸਕਿਆ ਪਾ
ਮੇਰੇ ਜਗਜੀਤ ਖ਼ੁਦਾ......

ਸੁਣਿਆ ਉਹ ਤੂੰ ਹੀਂ ਤੇ ਹੈਂ ਜੋ ਪੱਥਰਾਂ ਵਿਚ ਵੀ ਪਾਲਦਾ
ਫਿਰ ਤੂੰ ਹੈਂ ਅਨਜਾਣ ਕਿਵੇਂ ਮੇਰੇ ਹੀ ਵੱਸ ਹਾਲ ਦਾ।
ਜੇ ਤੂੰ ਮੇਰੀ ਫਰਿਆਦ ਸੁਣੇ ਨਾ ਫੇਰ ਮੈਂ ਦਸ ਕਿਸ ਨੂੰ ਸੁਣਾਂ।
ਮੇਰੇ ਜਗਜੀਤ ਖ਼ੁਦਾ......

ਗਜ ਹਾਥੀ ਨੂੰ ਵੀ ਤੂੰ ਹੀ ਤੰਦੂਏ ਤੋਂ ਆਣ ਬਚਾਇਆ ਸੀ।
ਉਹ ਵੀ ਤੇ ਤੂੰਹੀਂਉ ਸੀ ਜੋ ਥੰਮ ਪਾੜ ਕੇ ਆਇਆ ਸੀ।
ਜਿਸ ਤੇ ਹੋਵੇ ਤੇਰੀ ਕ੍ਰਿਪਾ ਉਸ ਦੇ ਸਿਰ ਤੋਂ ਟਲੇ ਬਲਾ।
ਮੇਰੇ ਜਗਜੀਤ ਖ਼ੁਦਾ......

ਤੂੰ ਦਾਤਾ ਏਂ ਦੇਵਣਹਾਰ ਸਾਰਾ ਜਗਤ ਸਵਾਲੀ ਏ।
ਰਹਿਮਤ ਦੇ ਭੰਡਾਰ ਵੱਡੇ ਕਿਉਂ ਮੇਰੀ ਝੋਲੀ ਖਾਲੀ ਏ।
ਮੈਂ ਹਾਰਾ ਹਾਂ ਕਰਮਾਂ ਮਾਰਾ ਮੇਰਾ ਬੁਝਦਾ ਦੀਪ ਜਲਾ।
ਮੇਰੇ ਜਗਜੀਤ ਖ਼ੁਦਾ......

ਜੁਗਾਂ ਜੁਗਾਂ ਤੋਂ ਰੱਖਦਾ ਆਇਆ ਸਭ ਦੀ ਤੂੰ ਹੈ ਬਿਗੜੀ ਬਣਾਈ।
ਕਾਹਨੂੰ ਏਂ ਚੁਪ ਧਾਰ ਕੇ ਬੈਠਾ ਵਾਰੀ ਏ ਜਦ ਮੇਰੀ ਆਈ।
'ਜੀਤ' ਤੇਰੇ ਅੱਜ ਵਾਸਤੇ ਪਾਏ ਮੇਰੀ ਬੇੜੀ ਪਾਰ ਲਗਾ।

ਮੇਰੇ ਜਗਜੀਤ ਖ਼ੁਦਾ ਨਹੀਂ ਕੋਈ ਤੇਰੇ ਸਿਵਾ
ਨਜ਼ਰ ਤੂੰ ਹੀ ਆਉਨਾ ਏ ਮੈਨੂੰ ਚਾਰੋਂ ਦਿਸ਼ਾ
ਮੇਰਾ ਤੂੰ ਏ ਤੂੰ ਹੀ ਤੂੰ ਏ ਤੂੰ ਹੀ ਤੂੰ ਏ।

Namdhari Elibrary NamdhariElibrary@gmail.com

ਸਤਿਗੁਰੂ-ਬਿਲਾਸ ਅਤੇ ਹੁਕਮਨਾਮਿਆਂ ਦਾ ਪ੍ਰਕਾਸ਼ਨ

✍ ਜਸਵਿੰਦਰ ਸਿੰਘ ਹਿਸਟੋਰੀਅਨ

ਨਾਮਧਾਰੀ ਪੰਥ ਦੇ ਸਭ ਤੋਂ ਮਹੱਤਵਪੂਰਨ ਗ੍ਰੰਥ ਨੂੰ ਸੰਪੂਰਨ ਕਰਕੇ ਛਪਾਈ ਯੋਗ ਕਰਾਉਣ ਦਾ ਸਿਹਰਾ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਿਰ ਹੈ। ਆਪ ਜੀ ਬਚਪਨ ਤੋਂ ਹੀ ਇਸ ਗ੍ਰੰਥ ਦੀ ਕਥਾ ਸੁਣਦੇ ਆ ਰਹੇ ਸਨ ਅਤੇ ਇਸਨੂੰ ਛਪਵਾਉਣਾ ਚਾਹੁੰਦੇ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਹਸਤ ਲਿਖਤ ਗ੍ਰੰਥ ਨੂੰ ਚੰਡੀਗੜ੍ਹ ਤੋਂ ਭਗਤ ਸਿੰਘ ਨਾਮਧਾਰੀ ਪਾਸੋਂ ਟਾਈਪ ਕਰਵਾ ਲਿਆ ਸੀ। ਛਪਾਈ ਲਈ ਤਿਆਰ ਕਰਾਉਣ ਲਈ ਨਾਮਧਾਰੀ ਇਤਿਹਾਸ ਦੇ ਨਾਲ ਨਾਲ ਮਹਾਰਾਜਾ ਰਣਜੀਤ ਸਿੰਘ ਅਤੇ ਬਾਦ ਦੇ ਕਾਲ ਦੀ ਜਾਣਕਾਰੀ ਜ਼ਰੂਰੀ ਸੀ, ਸਰਕਾਰੀ ਦਸਤਾਵੇਜ਼ਾਂ ਅਨੁਸਾਰ ਘਟਨਾਵਾਂ ਦੀ ਜਾਣਕਾਰੀ ਚਾਹੀਦੀ ਸੀ ਅਤੇ ਬਰਮਾਂ ਬਾਰੇ ਵੀ ਜਾਣਕਾਰੀਆਂ ਤਰੀਖਾਂ ਅਨੁਸਾਰ ਚਾਹੀਦੀਆਂ ਸਨ ਛਾਪਣ ਯੋਗ ਬਣਾਉਣ ਲਈ। ਐਸੇ ਕੰਮ ਦੀ ਜ਼ੁੰਮੇਵਾਰੀ ਲੱਗੀ ਮੇਰੀ।

ਸੰਪਾਦਨ ਇਕ ਕਲਾ ਹੈ ਜਿਸ ਵਿਚ ਵਿਸ਼ੇਸ਼ ਮੁਹਾਰਤ ਅਤੇ ਜਾਣਕਾਰੀ ਦੀ ਲੋੜ ਹੁੰਦੀ ਹੈ। ਸੰਪਾਦਤ ਕੀਤੇ ਜਾਣ ਵਾਲੀ ਸਾਮਗ੍ਰੀ ਅਗਰ ਤਰਤੀਬਵਾਰ ਨਾ ਹੋਵੇ ਅਤੇ ਇਤਿਹਾਸਕ ਮਹੱਤਵ ਦੀ ਵੀ ਹੋਵੇ ਤਾਂ ਵਿਸ਼ੇਸ਼ ਮੁਹਾਰਤ ਦੀ ਲੋੜ ਹੁੰਦੀ ਹੈ ਤਾਂ ਜੋ ਸਾਮਗ੍ਰੀ ਨੂੰ ਠੀਕ ਤਰ੍ਹਾਂ ਵਿਉਂਤਬਧ ਅਤੇ ਇਤਿਹਾਸਕ ਜਾਣਕਾਰੀ ਭਰਪੂਰ ਬਣਾਇਆ ਜਾ ਸਕੇ। ਮੈਂ ਆਪਣੇ ਇਸ ਲੇਖ ਵਿਚ ਸਤਿਗੁਰੂ ਬਿਲਾਸ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਦੇ ਸੰਪਾਦਨ ਬਾਰੇ ਕੁਝ ਵਿਚਾਰ ਪੇਸ਼ ਕਰਾਂਗਾ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਗੁਰੂਤੱਵ ਕਾਲ ਵਿਚ ਨਾਮਧਾਰੀ ਪੰਥ ਦੀ ਹਰ ਪੱਖੋਂ ਤਰੱਕੀ ਹੋਈ ਹੈ। ਸ਼ਹੀਦੀ ਸਮਾਰਕ ਬਣੇ, ਬਹੁਤ ਸਾਰੀਆਂ ਸੜਕਾਂ ਦੇ ਨਾਂ ਨਾਮਧਾਰੀ ਪੰਥ ਅਨੁਸਾਰ ਰੱਖੇ ਗਏ ਹਨ। ਸ੍ਰੀ ਭੈਣੀ ਸਾਹਿਬ ਦੀ ਚਹੁਮੁੱਖੀ ਤਰੱਕੀ ਹੋਈ ਹੈ, ਨਾਮਧਾਰੀ ਭਾਈਚਾਰਾ ਸਾਰੇ ਮੁਲਕਾਂ ਵਿਚ ਨਾਮਧਾਰੀ ਦਸਤਾਰੇ ਦੇ ਦਰਸ਼ਨ ਕਰਵਾ ਰਿਹਾ ਹੈ। ਨਾਮਧਾਰੀ ਸੀਡਜ਼, ਨਾਮਧਾਰੀ ਹਾਕੀ ਟੀਮ, ਨਾਮਧਾਰੀ ਸੰਗੀਤ ਦੇ ਥਾਂ ਥਾਂ ਦਰਸ਼ਨ ਹੁੰਦੇ ਹਨ। ਇਸੇ ਤਰ੍ਹਾਂ ਸਾਹਿਤਕ ਅਤੇ ਇਤਿਹਾਸਕ ਖੇਤਰ ਵਿਚ ਵੀ ਵਰਨਣਯੋਗ ਕੰਮ ਹੋਏ ਹਨ ਅਤੇ ਅਨੇਕਾਂ ਪੁਸਤਕਾਂ ਅਤੇ ਸਾਹਿਤ ਰਚਿਆ ਗਿਆ ਹੈ ਪਿਛਲੇ ਪੰਜਾਹ ਸਾਲਾਂ ਵਿਚ। ਕਲਮ ਦੇ ਖੇਤਰ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਖਸ਼ਿਸ਼ ਅਤੇ ਉਦਮ ਨਾਲ ਦਸਤਾਵੇਜ਼ ਛਪੇ ਹਨ, ਪੁਰਾਣੇ ਖਰੜੇ ਅਤੇ ਕੈਸਟਾਂ ਨੂੰ ਪੁਸਤਕਾਂ ਦਾ ਰੂਪ ਦਿੱਤਾ ਗਿਆ ਹੈ ਅਤੇ ਕੂਕਾ ਮੂਵਮੈਂਟ ਅਤੇ ਨਾਮਧਾਰੀ ਭਾਈਚਾਰਾ ਵਿਲੱਖਣ ਅਤੇ ਪ੍ਰਮਾਣੀਕ ਰੂਪ ਵਿਚ ਸਾਹਮਣੇ ਉਜਾਗਰ ਹੋਇਆ ਹੈ। ਇਹ ਸਭ ਸਤਿਗੁਰੂ ਜੀ ਦੀ ਬਖਸ਼ਿਸ਼ ਅਤੇ ਕੰਮ ਕਰਨ ਦੇ ਵਾਤਾਵਰਨ ਨੂੰ ਸਿਰਜਣ ਕਰਕੇ ਹੀ ਸੰਭਵ ਹੋਇਆ ਹੈ। ਜਿਸ ਤਰ੍ਹਾਂ ਮੈਂ ਪਿਛੇ ਦੱਸ ਆਇਆ ਹਾਂ, ਇਸ ਲੇਖ ਵਿਚ ਮੈਂ ਸੰਤ ਸੰਤੋਖ ਸਿੰਘ ਬਾਹੋਵਾਲ ਦੀ ਰਚਨਾ 'ਸਤਿਗੁਰੂ ਬਿਲਾਸ' ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਦੇ ਸੰਪਦਾਨ ਬਾਰੇ ਗੱਲ ਕਰਾਂਗਾ।

੧੯੭੨ ਈ. ਤੋਂ ਬਾਅਦ ਨਾਮਧਾਰੀ ਸਿੱਖਾਂ ਤੇ ਸਖ਼ਤੀਆਂ ਦਾ ਦੌਰ ਚੱਲ ਪਿਆ ਸੀ। ਪਾਠ ਕਰਨ, ਵਿਆਹ ਸ਼ਾਦੀਆਂ ਤੇ ਇਕੱਠੇ ਹੋਣ, ਇਕ ਪਿੰਡ ਤੋਂ ਦੂਸਰੇ ਪਿੰਡ ਜਾਣ, ਕਿਸੇ ਵੀ ਤਰ੍ਹਾਂ ਦੇ ਇਕੱਠ ਕਰਨ ਤੇ ਪਾਬੰਦੀਆਂ ਤਾਂ ਸਨ ਹੀ, ਸਰਕਾਰੀ ਤੇ ਗੈਰ ਸਰਕਾਰੀ ਲੋਗ ਸਰਕਾਰ ਦੀ ਸ਼ਾਬਾਸ਼ੀ ਲੈਣ ਲਈ ਮੁਖਬਰੀ ਅਤੇ ਖ਼ਬਰਾਂ ਸਰਕਾਰ ਤੱਕ ਪਹੁੰਚਾ ਰਹੇ ਸਨ। ਸਤਿਗੁਰੂ ਰਾਮ ਸਿੰਘ ਜੀ ਦੇ

Namdhari Elibrary NamdhariElibrary@gmail.com

ਸਮੇਂ ਅਤੇ ਬਾਅਦ ਵਿਚ ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਪੰਥ ਨਾਲ ਜੋ ਬੀਤੀ, ਜੋ ਘਟਨਾਵਾਂ ਵਾਪਰੀਆਂ ਅਥਵਾ ਡੇਰੇ ਦੀਆਂ ਗਤੀਵਿਧੀਆਂ ਸਨ, ਉਨ੍ਹਾਂ ਨੂੰ ਇਕੱਤਰ ਕਰਨ ਵਾਲਾ ਕੋਈ ਨਹੀਂ ਸੀ। ਨਾਮਧਾਰੀ ਸਮਾਜ ਨੇ ਤਾਂ ਸਰਕਾਰ-ਰਸਮੀ ਪੜ੍ਹਾਈ ਲਿਖਾਈ ਦਾ ਬਾਈਕਾਟ ਕੀਤਾ ਹੋਇਆ ਸੀ, ਕੋਈ ਕੋਈ ਹੀ ਥੋੜ੍ਹਾ ਬਹੁਤ ਲਿਖਣਾ ਪੜ੍ਹਨਾ ਜਾਣਦਾ ਸੀ। ਐਸੇ ਸਮੇਂ ਕਲਾਲ ਜਾਤ ਦਾ ਇਕ ਵਿਅਕਤੀ ਕਈ ਪਾਸੇ ਘੁੰਮਣ ਤੋਂ ਬਾਅਦ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੀ ਸ਼ਰਨ ਆਇਆ ਅਤੇ ਫੇਰ ਏਥੇ ਦਾ ਹੀ ਹੋ ਕੇ ਰਹਿ ਗਿਆ। ਲਗਭਗ ੧੯੮੨ ਈ. ਵਿਚ ਬਾਹੋਵਾਲ ਦਾ ਨਿਵਾਸੀ ਸੰਤੋਖ ਸਿੰਘ ਡੇਰੇ ਆਇਆ ਅਤੇ ਉਸਨੇ ਏਥੇ ਹੀ ਰਹਿਣ ਦਾ ਮਨ ਬਣਾਇਆ। ਉਸ ਸਮੇਂ ਸ੍ਰੀ ਭੈਣੀ ਸਾਹਿਬ ਡੇਰੇ ਦੇ ਦਰਵਾਜ਼ੇ ਤੇ ਪੁਲਿਸ ਚੌਕੀ ਬੈਠੀ ਹੋਈ ਸੀ ਅਤੇ ਸਿਪਾਹੀ ਉਥੇ ਰਹਿਣ ਵਾਲਿਆਂ ਅਤੇ ਦਰਸ਼ਨ ਕਰਨ ਲਈ ਆਉਣ ਵਾਲਿਆਂ, ਸਭ ਨੂੰ ਬਹੁਤ ਤੰਗ ਕਰਿਆ ਕਰਦੇ ਸਨ। ਪਿੰਡ ਦੇ ਨੰਬਰਦਾਰ ਅਤੇ ਹੋਰ ਸਰਕਾਰ-ਭਗਤ ਵੀ ਘੱਟ ਨਹੀਂ ਸਨ ਕਰਦੇ। ਐਸੇ ਔਖੇ ਵਾਤਰਵਰਨ ਵਿੱਚ ਸੰਤ ਸੰਤੋਖ ਸਿੰਘ ਡੇਰੇ ਰਹਿ ਕੇ ਗੋਹੇ ਕੂੜੇ ਦੀ ਸੇਵਾ ਕਰਨੀ, ਬਾਹਰ-ਅੰਦਰ ਦੀ ਸਫਾਈ ਕਰਨੀ ਅਤੇ ਨਿਤਨੇਮ ਵੀ ਪੂਰਾ ਰੱਖਣਾ। ਭਾਵੇਂ ਸੰਤੋਖ ਸਿੰਘ ਡੇਰੇ ਦਾ ਸਥਾਈ ਰਹਿਣ ਵਾਲਾ ਨਹੀਂ ਸੀ, ਪਰ ਸਾਫ ਸਫਾਈ ਕਰਨ ਕਰਕੇ ਸਿਪਾਹੀ ਵੀ ਉਸਨੂੰ ਅਣਦੇਖਿਆ ਕਰ ਛੱਡਦੇ ਸਨ। ਉਸਨੂੰ ਲਿਖਣ ਪੜ੍ਹਨ ਦਾ ਸ਼ੌਕ ਸੀ ਅਤੇ ਦਿਨਚਰੀਆ ਚੋਂ ਜੋ ਵੀ ਥੋੜ੍ਹਾ ਬਹੁਤ ਸਮਾਂ ਮਿਲਦਾ, ਉਹ ਸ੍ਰੀ ਸਤਿਗੁਰੂ ਹਰੀ ਸਿੰਘ ਜੀ, ਮਾਤਾ ਜੀਵਨ ਕੌਰ ਅਤੇ ਆਏ ਗਏ ਸਾਧਾਂ ਪਾਸੋਂ ਪੁੱਛ-ਪੁੱਛ ਕੇ ਗੁਰ ਇਤਿਹਾਸ ਲਿਖਦਾ। ਸੰਤੋਖ ਸਿੰਘ ਦੇ ਪ੍ਰੇਰਨਾ ਸ੍ਰੋਤ ਸਨ ਸਤਿਗੁਰੂ ਹਰੀ ਸਿੰਘ ਜੀ। ਸੰਤਾਂ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਬਚਪਨ ਅਤੇ ਹੋਰ ਅਨੇਕਾਂ ਜਾਣਕਾਰੀਆਂ ਉਹਨਾਂ ਪਾਸੋਂ ਸੁਣਕੇ ਲਿਖੀਆਂ, ਬਰਮਾਂ ਦੀਆਂ ਜਾਣਕਾਰੀਆਂ, ਨਾਨੂੰ ਸਿੰਘ ਅਤੇ ਵਾਪਿਸ ਆਏ ਸੂਬਿਆਂ ਅਤੇ ਯਾਤਰਾ ਕਰਕੇ ਆਏ ਸਿੰਘਾਂ ਪਾਸੋਂ ਗੁਪ ਚੁਪ ਨੋਟ ਕੀਤੀਆਂ। ਸੰਤ ਸੰਤੋਖ ਸਿੰਘ ਸਾਰੀਆਂ ਜਾਣਕਾਰੀਆਂ ਲਿਖ ਕੇ ਸਤਿਗੁਰੂ ਹਰੀ ਸਿੰਘ ਜੀ ਨੂੰ ਸੁਣਾਉਂਦੇ ਅਤੇ ਲੋੜੀਂਦੀ ਸੁਧਾਈ ਕਰਦੇ। ਡੇਰੇ ਦੀਆਂ ਸਖ਼ਤੀਆਂ, ਪਿੰਡ ਵਾਲਿਆਂ ਦੇ ਗੁੱਸੇ ਅਤੇ ਅੱਗ ਤੋਂ ਬਚ ਕੇ ਇਕ ਐਸਾ ਬਹੁਮੁੱਲਾ ਖਜ਼ਾਨਾ ਸੰਤਾਂ ਨੇ ਤਿਆਰ ਕੀਤਾ ਜਿਸਦੀ ਕੀਮਤ ਨਹੀਂ ਲਗਾਈ ਜਾ ਸਕਦੀ। ਸੱਚੀ ਗੱਲ ਤਾਂ ਇਹ ਹੈ ਕਿ ਇਸ ਗ੍ਰੰਥ ਦੇ ਅਧਿਐਨ ਕੀਤੇ ਬਿਨਾਂ ਨਾਮਧਾਰੀ ਇਤਿਹਾਸ ਲਿਖਿਆ ਹੀ ਨਹੀਂ ਜਾ ਸਕਦਾ। ਐਸੀ ਕੀਮਤੀ ਲਿਖਤ ਸੀ ਸੰਤ ਸੰਤੋਖ ਸਿੰਘ ਦੀ ਜੋ ਨਾਮਧਾਰੀ ਪੰਥ ਵਿਚ ਸਦਾ ਯਾਦ ਰੱਖੀ ਜਾਵੇਗੀ।

ਸੰਤ ਸੰਤੋਖ ਸਿੰਘ ਜੀ ਨੇ ਗ੍ਰੰਥ ਤਿਆਰ ਤਾਂ ਕਰ ਲਿਆ, ਪਰ ਉਸਨੂੰ ਠੀਕ ਢੰਗ ਨਾਲ ਤਰਤੀਬ ਨਾ ਦੇ ਸਕੇ। ਹਾਲਾਤ ਦੀਆਂ ਕਈ ਮਜਬੂਰੀਆਂ ਸਨ ਜਿਨ੍ਹਾਂ ਨੂੰ ਅੱਜ ਅਸੀਂ ਮਹਿਸੂਸ ਵੀ ਨਹੀਂ ਕਰ ਸਕਦੇ। ਪਾਬੰਦੀਆਂ ਅਤੇ ਔਕੜਾਂ ਭਰੇ ਵਾਤਾਵਰਨ ਵਿਚ ਨਾਮਧਾਰੀ ਸਮਾਜ ਦੀ ਐਨੀ ਸਾਮਗ੍ਰੀ ਇਕੱਠੀ ਕਰ ਲਿਖ ਲੈਣੀ ਕੋਈ ਛੋਟੀ ਗੱਲ ਨਹੀਂ ਸੀ। ਸਤਿਗੁਰੂ ਹਰੀ ਸਿੰਘ ਜੀ ਤੋਂ ਬਾਅਦ ਗੱਦੀ ਨਸ਼ੀਨ ਹੁੰਦੇ ਹੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਸ ਗ੍ਰੰਥ ਦੀ ਮਹੱਤਤਾ ਸਮਝਦਿਆਂ ਹੋਇਆਂ, ਇਸ ਨੂੰ ਤਰਤੀਬ ਦੇਣੀ ਸ਼ੁਰੂ ਕਰ ਦਿੱਤੀ ਸੀ। ਨਹਿਰ ਦੇ ਕੰਢੇ, ਮੇਲਿਆਂ ਵਿਚ ਇਸ ਗ੍ਰੰਥ ਦੀ ਪੜ੍ਹਤ ਹੁੰਦੀ ਅਤੇ ਜਾਣਕਾਰ ਸਾਧਾਂ ਨੂੰ ਕੋਲ ਬਿਠਾ ਸਤਿਗੁਰੂ ਜੀ ਨੇ ਇਸ ਮਹੱਤਵਪੂਰਨ ਕੰਮ ਨੂੰ ਅੱਗੇ ਵਧਾਇਆ।

ਨਾਮਧਾਰੀ ਪੰਥ ਦੇ ਸਭ ਤੋਂ ਮਹੱਤਵਪੂਰਨ ਗ੍ਰੰਥ ਨੂੰ ਸੰਪੂਰਨ ਕਰਕੇ ਛਪਾਈ ਯੋਗ ਕਰਾਉਣ ਦਾ ਸਿਹਰਾ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਿਰ ਹੈ। ਆਪ ਜੀ ਬਚਪਨ ਤੋਂ ਹੀ ਇਸ ਗ੍ਰੰਥ ਦੀ ਕਥਾ ਸੁਣਦੇ ਆ ਰਹੇ ਸਨ ਅਤੇ ਇਸਨੂੰ ਛਪਵਾਉਣਾ ਚਾਹੁੰਦੇ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਹਸਤ ਲਿਖਤ ਗ੍ਰੰਥ ਨੂੰ ਚੰਡੀਗੜ੍ਹ ਤੋਂ ਭਗਤ ਸਿੰਘ ਨਾਮਧਾਰੀ ਪਾਸੋਂ ਟਾਈਪ ਕਰਵਾ ਲਿਆ ਸੀ। ਛਪਾਈ ਲਈ ਤਿਆਰ ਕਰਾਉਣ ਲਈ ਨਾਮਧਾਰੀ ਇਤਿਹਾਸ ਦੇ ਨਾਲ ਨਾਲ ਮਹਾਰਾਜਾ ਰਣਜੀਤ ਸਿੰਘ ਅਤੇ ਬਾਦ ਦੇ ਕਾਲ ਦੀ ਜਾਣਕਾਰੀ ਜ਼ਰੂਰੀ ਸੀ, ਸਰਕਾਰੀ ਦਸਤਾਵੇਜਾਂ ਅਨੁਸਾਰ ਘਟਨਾਵਾਂ ਦੀ ਜਾਣਕਾਰੀ ਚਾਹੀਦੀ ਸੀ ਅਤੇ ਬਰਮਾਂ ਬਾਰੇ ਵੀ ਜਾਣਕਾਰੀਆਂ ਤਰੀਖਾਂ ਅਨੁਸਾਰ ਚਾਹੀਦੀਆਂ ਸਨ ਛਾਪਣ ਯੋਗ ਬਣਾਉਣ ਲਈ। ਐਸੇ ਕੰਮ ਦੀ ਜ਼ੁੰਮੇਵਾਰੀ ਲੱਗੀ ਮੇਰੀ। ਸਤਿਗੁਰੂ ਤਾਂ ਆਪ ਸਮਰੱਥ ਹੁੰਦਾ ਹੈ ਅਤੇ ਜਿਸ ਤੋਂ ਚਾਹੇ ਕੰਮ ਲੈ ਸਕਦਾ ਹੈ, ਪਰ ਇਸ ਮਹੱਤਵਪੂਰਨ ਕੰਮ ਨੂੰ ਸੰਪੂਰਨ ਕਰਨ ਲਈ ੧੯੯੫

Namdhari Elibrary NamdhariElibrary@gmail.com

ਈ. ਵਿਚ ਮੇਰੀ ਡਿਊਟੀ ਲੱਗੀ। ਮੈਨੂੰ ਸ੍ਰੀ ਭੈਣੀ ਸਾਹਿਬ ਬੁਲਾ ਕੇ ਸਕੱਤਰ ਤਰਸੇਮ ਸਿੰਘ ਨੇ ਸਤਿਗੁਰੂ ਜੀ ਦਾ ਹੁਕਮ ਸੁਣਾਇਆ ਕਿ ਇਸ ਗ੍ਰੰਥ ਨੂੰ ਛਾਪਣ ਯੋਗ ਕਰਨਾ ਹੈ ਅਤੇ ਸਹਿਯੋਗ ਲਈ ਪੰਥ ਰਤਨ ਮਾਸਟਰ ਨਿਹਾਲ ਸਿੰਘ ਅਤੇ ਮਹੰਤ ਆਤਮਾ ਸਿੰਘ ਸਨਖਤਰਾ ਜੀ ਨੂੰ ਮੇਰੇ ਨਾਲ ਲਗਾਇਆ। ਸਾਲ ਕੁ ਬਾਅਦ ਸਨਖਤਰਾ ਜੀ ਚਲੇ ਗਏ ਅਤੇ ਮੇਰੇ ਨਾਲ ਕਵੀ ਜੀ ਆ ਗਏ ਜਿਨ੍ਹਾਂ ਦਾ ਪੂਰਨ ਸਹਿਯੋਗ ਮੈਨੂੰ ਮਿਲਿਆ। ਸਾਰੇ ਖਰੜੇ ਨੂੰ ਕਈ ਵਾਰੀ ਪੜ੍ਹਕੇ ਮੈਂ ਕੁਝ ਅਰਜ਼ਾਂ ਸਤਿਗੁਰੂ ਜੀ ਪਾਸ ਕੀਤੀਆਂ ਅਤੇ ਕੰਮ ਕਰਨ ਬਾਰੇ ਵਿਸਥਾਰ ਨਾਲ ਦੱਸਿਆ। ਸਤਿਗੁਰੂ ਬਿਲਾਸ ਗ੍ਰੰਥ ਨੂੰ ਸੰਪੂਰਨ ਕਰਨ ਵਿਚ ਮੈਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਤਾਂ ਮਿਲੀ ਹੀ, ਯੋਗ ਅਗਵਾਈ ਵੀ ਮਿਲੀ।

ਮਾਸਟਰ ਨਿਹਾਲ ਸਿੰਘ ਜੀ, ਕਵੀ ਜੀ ਅਤੇ ਮੈਂ, ਲੰਮਾ ਸਮਾਂ ਇਸ ਖਰੜੇ ਤੇ ਕੰਮ ਕੀਤਾ। ਇਸ ਨੂੰ ਬਰਾਬਰ ਪੜ੍ਹਿਆ। ਸੰਬੰਧਤ ਇਤਿਹਾਸ ਵਾਚੇ, ਦਸਤਾਵੇਜ ਵਾਚੇ ਅਤੇ ਤਾਰੀਖਾਂ ਅਨੁਸਾਰ ਘਟਨਾਵਾਂ ਨੂੰ ਸਿਲਸਿਲੇ ਵਾਰ ਕੀਤਾ, ਦੁਹਰਾਓ ਹਟਾਏ, ਪੈਰ੍ਹੇ ਬਣਾਏ, ਹੈਡਿੰਗ ਅਤੇ ਸਬ ਹੈਡਿੰਗ ਲਗਾਏ, ਫੁਟਨੋਟ ਦਿਤੇ ਅਤੇ ਚੈਪਟਰ ਬਣਾਏ। ਅਸੀਂ ਜੋ ਕੁਝ ਵੀ ਕਰਦੇ ਸਾਂ ਸ੍ਰੀ ਸਤਿਗੁਰੂ ਜੀ ਨੂੰ ਸੁਣਾਉਂਦੇ ਸਾਂ ਅਤੇ ਪ੍ਰਵਾਨਗੀ ਹੋਣ ਤੇ ਹੀ ਸੰਬੰਧਤ ਕੰਮ ਨੂੰ ਅੰਤਮ ਰੂਪ ਦਿੰਦੇ। ਹਰ ਬੈਠਕ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤਾਂ ਸਾਡੀ ਅਗਵਾਈ ਕਰਦੇ ਹੀ, ਸਹਿਯੋਗੀਆਂ ਦੇ ਤੌਰ ਤੇ ਪੰਡਤ ਗੋਪਾਲ ਸਿੰਘ, ਸੰਤ

ਇਕ ਘਟਨਾ ਸੀ ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਦੀ ਜੋ ਕਿਸੇ ਹੋਰ ਥਾਂ ਤੇ ਲਿਖੀ ਹੋਈ ਸੀ ਅਤੇ ਉਥੇ ਅਪ੍ਰਸੰਗਕ ਸੀ। ਮੈਂ ਉਸ ਘਟਨਾ ਨੂੰ ਆਰਜ਼ੀ ਤੌਰ ਤੇ ਹਟਾ ਦਿਤਾ ਕਿ ਉਹ ਘਟਨਾ ਓਥੇ ਪ੍ਰਸੰਗਕ ਨਹੀਂ ਹੈ। ਪੁਸ਼ਟੀ ਲਈ ਜਦੋਂ ਅਸੀਂ ਸ੍ਰੀ ਜੀ ਨੂੰ ਅਰਜ਼ ਕੀਤੀ ਤਾਂ ਹੁਕਮ ਹੋਇਆ- "ਘਟਨਾ ਕੱਢਣੀ ਨਹੀਂ ਹੈ, ਜਿਥੇ ਪ੍ਰਸੰਗਕ ਹੋਵੇ ਉਥੇ ਰਖ ਦਿਓ।" ਗੱਲ ਮੇਰੇ ਸਮਝ ਆ ਗਈ ਅਤੇ ਉਸੇ ਤਰ੍ਹਾਂ ਹੀ ਕੀਤਾ ਗਿਆ।

ਤਰਸੇਮ ਸਿੰਘ, ਕਵੀ ਜੀ, ਮਾਸਟਰ ਨਿਹਾਲ ਸਿੰਘ ਅਤੇ ਕਦੀ ਕਦੀ ਡਾ. ਗੁਰਦੇਵ ਸਿੰਘ ਵੈਦ ਵੀ ਸ਼ਾਮਲ ਹੁੰਦੇ। ਤਰਸੇਮ ਸਿੰਘ ਤੋਂ ਬਾਅਦ ਸੇਵਕ ਰਸ਼ਪਾਲ ਸਿੰਘ ਅਤੇ ਹਰਪਾਲ ਸਿੰਘ ਵੀ ਬੈਠਕਾਂ ਵਿਚ ਸ਼ਾਮਲ ਹੁੰਦੇ। ਇਸ ਤਰ੍ਹਾਂ ਇਹ ਮਹੱਤਵਪੂਰਨ ਗ੍ਰੰਥ ਤਿਆਰ ਹੋਇਆ ਜਿਸ ਨੂੰ ਬੜੀ ਹੀ ਰੀਝ ਨਾਲ ਹੰਸਪਾਲ ਜੀ ਨੇ ਦਿੱਲੀ ਤੋਂ ਛਪਵਾਇਆ।

ਦੋ ਭਾਗਾਂ ਵਿਚ ਸੰਤ ਸੰਤੋਖ ਸਿੰਘ ਬਾਹੋਵਾਲ ਦੀ ਅਮਰ ਰਚਨਾ ਸਤਿਗੁਰੂ ਬਿਲਾਸ ਛਪਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਖਸ਼ਿਸ਼ ਨਾਲ ਪੰਥ ਦੇ ਸਾਹਮਣੇ ਆ ਗਿਆ ਹੈ ਅਤੇ ਕੰਮ ਨੂੰ ਸੰਪੂਰਨ ਕਰਨ ਵਿਚ ਭਾਵੇਂ ਸਾਡਾ ਨਾਂ ਆਉਂਦਾ ਹੈ, ਪਰ ਮੈਨੂੰ ਪਤਾ ਹੈ ਇਸ ਕਾਰਜ ਵਿਚ ਸਤਿਗੁਰੂ ਜੀ ਦਾ ਕਿੰਨਾ ਸਹਿਯੋਗ ਸੀ, ਕਿਰਪਾ ਸੀ। ਦੋ ਘਟਨਾਵਾਂ ਦਾ ਜ਼ਿਕਰ ਕਰਾਂਗਾ ਇਥੇ ਮੈਂ। ਪਹਿਲੀ - ਇਕ ਘਟਨਾ ਸੀ ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਦੀ ਜੋ ਕਿਸੇ ਹੋਰ ਥਾਂ ਤੇ ਲਿਖੀ ਹੋਈ ਸੀ ਅਤੇ ਉਥੇ ਅਪ੍ਰਸੰਗਕ ਸੀ। ਮੈਂ ਉਸ ਘਟਨਾ ਨੂੰ ਆਰਜ਼ੀ ਤੌਰ ਤੇ ਹਟਾ ਦਿਤਾ ਕਿ ਉਹ ਘਟਨਾ ਓਥੇ ਪ੍ਰਸੰਗਕ ਨਹੀਂ ਹੈ। ਪੁਸ਼ਟੀ ਲਈ ਜਦੋਂ ਅਸੀਂ ਸ੍ਰੀ ਸਤਿਗੁਰੂ ਜੀ ਨੂੰ ਅਰਜ਼ ਕੀਤੀ ਤਾਂ ਹੁਕਮ ਹੋਇਆ- "ਘਟਨਾ ਕੱਢਣੀ ਨਹੀਂ ਹੈ, ਜਿਥੇ ਪ੍ਰਸੰਗਕ ਹੋਵੇ ਉਥੇ ਰਖ ਦਿਓ।" ਗੱਲ ਮੇਰੇ ਸਮਝ ਆ ਗਈ ਅਤੇ ਉਸੇ ਤਰ੍ਹਾਂ ਹੀ ਕੀਤਾ ਗਿਆ।

ਦੂਸਰੀ ਗੱਲ - ਸੰਤ ਸੰਤੋਖ ਸਿੰਘ ਦੇ ਪਿੰਡ ਬਾਹੋਵਾਲ ਬਾਰੇ ਹੈ। ਮੈਂ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦਾ ਮੈਂਬਰ ਬਣਿਆ ਸਾਂ ਯੂ. ਪੀ. ਤੋਂ। ਸਤਿਗੁਰੂ ਬਿਲਾਸ ਦਾ ਪਹਿਲਾ ਭਾਗ ਛਾਪਣ ਯੋਗ ਬਣਾਉਣ ਲਈ ਸੰਤ ਸੰਤੋਖ ਸਿੰਘ ਦੇ ਪਿੰਡ ਬਾਰੇ ਜਾਣਕਾਰੀ ਚਾਹੀਦੀ ਸੀ। ਤਰਨ ਸਿੰਘ ਵਹਿਮੀ ਜੀ ਨੇ ਸੰਤਾਂ ਦਾ ਪਿੰਡ ਗੁਰਦਾਸਪੁਰ ਲਿਖਿਆ ਹੋਇਆ ਹੈ ਜਸ ਜੀਵਨ ਵਿਚ। ਗੁਰਦਾਸਪੁਰ ਤੋਂ ਪਤਾ ਕੀਤਾ ਉਸ ਇਲਾਕੇ ਵਿਚ ਬਾਹੋਵਾਲ ਨਾਂ ਦਾ ਕੋਈ ਪਿੰਡ ਨਹੀਂ ਮਿਲਿਆ। ਇਕ ਦਿਨ ਮੈਂ ਕਮੇਟੀ ਦੀ ਗੱਡੀ ਤੋਂ ਹੁਸ਼ਿਆਰਪੁਰ ਵਲੋਂ ਰੋਪੜ ਨੂੰ ਜਾ ਰਿਹਾ ਸੀ ਕਿ ਰਸਤੇ ਵਿਚ ਇਕ ਪਿੰਡ ਦੇ ਚੌਕ ਤੇ ਬਾਹੋਵਾਲ ਲਿਖਿਆ ਮੈਂ ਪੜ੍ਹਿਆ। ਗੱਡੀ ਰੁਕਵਾ ਕੇ ਪਤਾ ਕੀਤਾ, ਉਸ ਪਿੰਡ ਦਾ ਨਾਂ ਬਾਹੋਵਾਲ ਸੀ। ਅਗਲੀ

Namdhari Elibrary NamdhariElibrary@gmail.com

ਵਾਰੀ ਫਿਰ ਉਸ ਇਲਾਕੇ ਵਿਚ ਗਿਆ ਅਤੇ ਕੁਝ ਫੋਟੋਆਂ ਲੈ ਲਈਆਂ। ਪੁਸਤਕ ਦੀ ਭੂਮਿਕਾ ਪੂਰੀ ਕਰਨੀ ਸੀ, ਕੋਈ ਚਾਰਾ ਨਾ ਚਲਦਾ ਦੇਖ ਕੇ ਮੈਂ ਸਤਿਗੁਰੂ ਜੀ ਦੇ ਹਜ਼ੂਰ ਜਾ ਪੁਜਾ ਅਤੇ ਫੋਟੋਆਂ ਦਿਖਾ ਕੇ ਸਾਰੀ ਅਰਜ਼ ਕੀਤੀ। ਮੇਰਾ ਔਖਾ ਕੰਮ ਸਤਿਗੁਰੂ ਜੀ ਨੇ ਪਲਾਂ ਵਿਚ ਸੁਖੈਨ ਬਣਾ ਦਿਤਾ। ਸੇਵਕ ਰਸ਼ਪਾਲ ਸਿੰਘ ਨੂੰ ਹੁਕਮ ਕਰਕੇ ਆਪਣੇ ਰਿਕਾਰਡ ਚੋਂ ਸਤਿਗੁਰੂ ਜੀ ਨੇ ਪੰਜਾਬ ਦੇ ਪਿੰਡਾਂ ਦੇ ਨਾਵਾਂ ਦੀ ਰੈਫਰੈਂਸ ਬੁੱਕ ਮੰਗਵਾਈ ਅਤੇ ਮੈਨੂੰ ਦਿਖਾ ਕੇ ਮੇਰੀ ਦੁਬਿਧਾ ਦੂਰ ਕਰ ਦਿਤੀ। ਇਸ ਤਰ੍ਹਾਂ ਦੀਆਂ ਹੋਰ ਵੀ ਘਟਨਾਵਾਂ ਹਨ, ਸਤਿਗੁਰੂ ਕਿਰਪਾ ਦੀਆਂ, ਲੇਕਿਨ ਇਹੀ ਸੱਚ ਹੈ ਕਿ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਗਵਾਈ ਬਿਨਾਂ ਇਹ ਔਖਾ ਕਾਰਜ ਏਨੇ ਸੁਗਮ ਢੰਗ ਨਾਲ ਸੰਪੂਰਨ ਨਾ ਹੁੰਦਾ ਅਤੇ ਗ੍ਰੰਥ ਬਣਨ ਦਾ ਜੋ ਭਵਿਖ ਵਾਕ ਸਤਿਗੁਰੂ ਰਾਮ ਸਿੰਘ ਜੀ ਨੇ ਕੀਤਾ ਸੀ, ਸਤਿਗੁਰੂ ਹਰੀ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਜੋ ਉਦਮ ਗ੍ਰੰਥ ਲਈ ਕੀਤੇ ਸਨ, ਉਹਨਾਂ ਨੂੰ ਪ੍ਰਫੁਲਤ ਕਰਨ, ਗ੍ਰੰਥ ਰੂਪ ਵਿਚ ਛਪਵਾ ਕੇ ਸਾਹਮਣੇ ਲਿਆਉਣ ਦਾ ਸਾਰਾ ਸਿਹਰਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਹੈ, ਉਹਨਾਂ ਕਰਕੇ ਹੀ ਇਹ ਕੰਮ ਨੇਪਰੇ ਚੜ੍ਹਿਆ ਹੈ ਭਾਵੇਂ ਦਿਖਾਵੇ ਦੇ ਤੌਰ ਤੇ 'ਸ੍ਰੀ' ਜੀ ਨੇ ਸਾਨੂੰ ਅੱਗੇ ਕੀਤਾ ਸੀ।

ਹੁਕਮਨਾਮਿਆਂ ਦਾ ਪ੍ਰਕਾਸ਼ਨ--

ਕੋਈ ਸਮਾਂ ਸੀ ਕਿ ਰੰਗੂਨ ਤੋਂ ਆਇਆ ਕੋਈ ਹੁਕਮਨਾਮਾ ਰਖਣਾ ਵੀ ਗੈਰ ਕਾਨੂੰਨੀ ਸੀ। ਨਾਮਧਾਰੀ ਸਿੰਘ ਗੁਪਤ ਰੂਪ ਵਿਚ ਰੰਗੂਨ ਜਾਂਦੇ ਅਤੇ ਪ੍ਰਦੇਸੀ ਪ੍ਰੀਤਮ ਦੇ ਦਰਸ਼ਨ ਕਰਕੇ ਗੁਰ ਪ੍ਰਸ਼ਾਦ ਵਜੋਂ ਹੁਕਮਨਾਮੇ ਲੈ ਕੇ ਪਰਤਦੇ। ਇਸ ਕੰਮ ਲਈ ਉਹ ਅਨੇਕਾਂ ਔਕੜਾਂ ਸਹਾਰਦੇ। ਰੰਗੂਨ ਤੋਂ ਆਏ ਹੁਕਮਨਾਮੇ ਗੁਪਤ ਰੂਪ ਵਿਚ ਸ੍ਰੀ ਭੈਣੀ ਸਾਹਿਬ ਸਤਿਗੁਰੂ ਹਰੀ ਸਿੰਘ ਜੀ ਪਾਸ ਪੁਜਦੇ। ਸ਼ਰਧਾ ਵਜੋਂ ਕਈ ਸਿੰਘ ਇਹਨਾਂ ਦੇ ਉਤਾਰੇ ਵੀ ਕਰ ਲੈਂਦੇ। ਡੇਰੇ ਦੇ ਬਾਹਰ ਪੁਲਿਸ ਚੌਕੀ ਬੈਠੀ ਹੁੰਦੀ ਸੀ ਅਤੇ ਅੰਦਰ ਪੁਲਿਸ ਦੇ ਮੁਖਬਰ ਨਾਮਧਾਰੀ ਬਾਣੇ ਵਿਚ। ਜਦੋਂ ਕਿਸੇ ਹੁਕਮਨਾਮੇ ਦੀ ਆਉਣ ਦੀ ਜਾਣਕਾਰੀ ਮਿਲਦੀ, ਡੇਰੇ ਦੀ ਤਲਾਸ਼ੀ ਹੁੰਦੀ, ਆਏ ਗਏ ਸਿਖ ਦੀ ਤਲਾਸ਼ੀ ਹੁੰਦੀ। ਇਨ੍ਹਾਂ ਹਾਲਤਾਂ ਕਾਰਨ ਕਈ

੧੯੯੭ ਈ. ਵਿਚ ਮੈਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਦੇ ਪ੍ਰਕਾਸ਼ਨ ਯੋਗ ਸੰਪਾਦਨ ਕਰਨ ਦਾ ਹੁਕਮ ਹੋਇਆ। ਜਿਵੇਂ ਮੈਂ ਉਪਰ ਦੱਸ ਆਇਆ ਹਾਂ, ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੀ ਰਜ਼ਾ ਅਨੁਸਾਰ ਪਹਿਲਾਂ ਹੀ ਐਸਾ ਵਾਤਾਵਰਨ ਮੇਰੇ ਲਈ ਸਿਰਜ ਦਿਤਾ ਹੋਇਆ ਸੀ, ਮੈਨੂੰ ਰੰਗੂਨ ਜਾਣ ਅਤੇ ਉਥੇ ਉਹਨਾਂ ਥਾਵਾਂ ਬਾਰੇ ਜਾਣਕਾਰੀ ਕਰਨ ਦਾ ਮੌਕਾ ਦੇ ਦਿੱਤਾ, ਜਿਸ ਬਾਰੇ ਮੈਂ ਅੱਗੇ ਚਲਕੇ ਕੰਮ ਕਰਨਾ ਸੀ। ਰੰਗੂਨ, ਮਰਗੋਈ ਅਤੇ ਮੌਲਮੀਨ ਮੈਂ ਉਹਨਾਂ ਥਾਵਾਂ ਨੂੰ ਦੇਖਿਆ ਜਿਥੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਸੂਬਿਆਂ ਨੂੰ ਰੱਖਿਆ ਗਿਆ ਸੀ।

ਮਹੱਤਵਪੂਰਨ ਹੁਕਮਨਾਮੇ ਸਮੇਂ ਦੀ ਗਰਦ ਵਿਚ ਗੁੰਮ ਹੋ ਗਏ, ਕਈ ਨਸ਼ਟ ਹੋ ਗਏ, ਕਈ ਫੜੇ ਗਏ (ਜਿਵੇਂ ਨਰਾਇਣ ਸਿੰਘ ਰੋਡਿਆਂ ਵਾਲੇ ਅਤੇ ਮਾਈ ਅਤਰੀ ਪਾਸੋਂ ਫੜੇ ਗਏ ਸਨ)। ਕਈਆਂ ਦੇ ਮੁਖਬਰਾਂ ਉਤਾਰੇ ਕਰਕੇ ਇਨਾਮ ਲੈਣ ਦੇ ਲਾਲਚ ਵਿਚ ਸਰਕਾਰ ਤੀਕ ਪਹੁੰਚਾਏ। ਕਈਆਂ ਨੇ ਤਲਾਸ਼ੀ ਦੇ ਡਰ ਤੇ ਤੌੜੀਆਂ ਵਿਚ ਲੁਕੋ ਕੇ ਕੰਧਾਂ ਵਿਚ ਗੱਡ ਦਿਤੇ ਅਤੇ ਸਮੇਂ ਦੀ ਸਲਾਭ ਨੇ ਖਰਾਬ ਕਰ ਦਿਤੇ। ਫੇਰ ਵੀ ਐਸੇ ਵਾਤਾਵਰਨ ਦੇ ਬਹੁਤ ਸਾਰੇ ਹੁਕਮਨਾਮੇ ਬਚ ਗਏ ਜੋ ਨਾਮਧਾਰੀ ਸਿੰਘਾਂ ਲਈ ਉਚੇਚੀ ਸ਼ਰਧਾ ਅਤੇ ਸਤਿਕਾਰ ਦਾ ਸਾਧਨ ਸਨ, ਪ੍ਰਦੇਸੀ ਪ੍ਰੀਤਮ ਦੇ ਹੁਕਮ ਸਨ, ਧਾਰਮਿਕ ਅਤੇ ਇਤਿਹਾਸਕ ਦਸਤਾਵੇਜ ਸਨ।

੧੯੯੭ ਈ. ਵਿਚ ਮੈਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਦੇ ਪ੍ਰਕਾਸ਼ਨ ਯੋਗ ਸੰਪਾਦਨ ਕਰਨ ਦਾ ਹੁਕਮ ਹੋਇਆ। ਜਿਵੇਂ ਮੈਂ ਉਪਰ ਦੱਸ ਆਇਆ ਹਾਂ, ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੀ ਰਜ਼ਾ ਅਨੁਸਾਰ ਪਹਿਲਾਂ ਹੀ ਐਸਾ ਵਾਤਾਵਰਨ ਮੇਰੇ ਲਈ ਸਿਰਜ ਦਿਤਾ ਹੋਇਆ ਸੀ, ਮੈਨੂੰ ਰੰਗੂਨ ਜਾਣ ਅਤੇ ਉਥੇ ਉਹਨਾਂ ਥਾਵਾਂ ਬਾਰੇ ਜਾਣਕਾਰੀ ਕਰਨ ਦਾ ਮੌਕਾ ਦੇ ਦਿੱਤਾ, ਜਿਸ ਬਾਰੇ ਮੈਂ ਅੱਗੇ ਚਲਕੇ ਕੰਮ ਕਰਨਾ ਸੀ। ਰੰਗੂਨ, ਮਰਗੋਈ ਅਤੇ ਮੌਲਮੀਨ ਮੈਂ ਉਹਨਾਂ ਥਾਵਾਂ ਨੂੰ ਦੇਖਿਆ ਜਿਥੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਸੂਬਿਆਂ ਨੂੰ ਰੱਖਿਆ ਗਿਆ ਸੀ। ਰੰਗੂਨ ਬਹਾਦੁਰ ਸ਼ਾਹ ਵਾਲੇ ਬੰਗਲੇ ਦੇ ਨੇੜੇ ਤੇੜੇ ਦਾ ਵਾਤਾਵਰਨ ਦੇਖਿਆ,

Namdhari Elibrary NamdhariElibrary@gmail.com

ਇਹਨਾਂ ਤੋਂ ਇਲਾਵਾ ਹੋਰ ਵੀ ਮਹੱਤਵਪੂਰਨ ਬੁਨਿਆਦੀ ਕੰਮ ਹੋਏ ਹਨ - ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਟੇਪ ਉਪਦੇਸ਼ਾਂ ਨੂੰ 'ਲਾਲ ਏਹਿ ਰਤਨ' (ਬੀਬੀ ਬੇਅੰਤ ਕੌਰ) ਰੂਪ ਦੇਣਾ, ਤਰਨ ਸਿੰਘ ਵਹਿਮੀ ਦੇ 'ਜਸ ਜੀਵਨ', ਸਤਿਗੁਰੂ ਜੀ ਦੇ ਪ੍ਰਵਚਨਾਂ ਦੀ ਪੁਸਤਕ 'ਪ੍ਰਵਚਨ' ਸਤਿਗੁਰੂ ਜਗਜੀਤ ਸਿੰਘ ਜੀ (ਹਰਵਿੰਦਰ ਸਿੰਘ ਹੰਸਪਾਲ) ਅਤੇ ਸਰਕਾਰੀ ਦਸਤਾਵੇਜ ਛਾਪਣੇ, (ਭਾਈ ਕਾਹਨ ਸਿੰਘ, ਜਸਵਿੰਦਰ ਸਿੰਘ)। ਇਸ ਤਰਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਗੁਰੂਤਵਕਾਲ ਵਿਚ ਅਨੇਕਾਂ ਦੁਰਲਭ ਅਤੇ ਮਹੱਤਵਪੂਰਨ ਰਚਨਾਵਾਂ ਪੰਥ ਦੇ ਸਾਹਮਣੇ ਆਈਆਂ ਹਨ।

ਸੜਕਾਂ ਅਤੇ ਬਹਾਦੁਰ ਸ਼ਾਹ ਦੀ ਕਬਰ ਦੇਖੀ ਜਿਸ ਨਾਲ ਅਗੇ ਚੱਲਕੇ ਹੁਕਮਨਾਮਿਆਂ ਦੇ ਸੰਪਾਦਨ ਦਾ ਕੰਮ ਸੌਖਾ ਅਤੇ ਯਥਾਰਥਪੂਰਨ ਹੋ ਗਿਆ। ਧੰਨ ਸਤਿਗੁਰੂ ਜਗਜੀਤ ਸਿੰਘ ਜੀ।

ਹੁਕਮਨਾਮਿਆਂ ਦੇ ਲਿਆਉਣ ਅਤੇ ਰੰਗੂਨ ਦੇ ਪ੍ਰਸੰਗ 'ਸਤਿਗੁਰੂ ਬਿਲਾਸ' ਵਿਚ ਵੀ ਆਏ ਸਨ। ਉਸ ਕੰਮ ਨੇ ਮੇਰੀ ਹੋਰ ਜਾਣਕਾਰੀ ਵਿਚ ਮਦਦ ਕੀਤੀ। ਜਦੋਂ ਸੰਪਾਦਨ ਕਰਨ ਦਾ ਹੁਕਮ ਹੋਇਆ ਤਾਂ ਮੈਂ ਅਲੱਗ ਅਲੱਗ ਸਰੋਤਾਂ ਤੋਂ ਹੁਕਮਨਾਮੇ ਇਕੱਤਰ ਕੀਤੇ। ਸਤਿਗੁਰੂ ਜੀ ਨੇ ਆਪਣੇ ਪਾਸੋਂ ਮੈਨੂੰ ਹੁਕਮਨਾਮੇ ਦਿਤੇ ਹੀ ਸਨ। ਹੋਰ ਜਾਣਕਾਰੀ ਲਈ ਆਰਕਾਈਵਜ਼, ਨਵੀਂ ਦਿੱਲੀ ਵਿਚ ਸਰਕਾਰੀ ਰਿਕਾਰਡ ਵਿਚ ਪਏ ਅਤੇ ਅੰਗਰੇਜ਼ੀ ਵਿਚ ਉਲੱਥਾ ਕੀਤੇ ਹੁਕਮਨਾਮਿਆਂ ਨੂੰ ਵਾਚਿਆ। ਸੰਤ ਜਗਤਾਰ ਸਿੰਘ ਜੀ ਪਾਸੋਂ ਵੀ ਕੁਝ ਉਤਾਰੇ ਪ੍ਰਾਪਤ ਕੀਤੇ ਅਤੇ ਜੀਵਨ ਨਗਰ ਇਲਾਕੇ ਤੋਂ ਤਿੰਨ ਅਲੱਗ ਅਲੱਗ ਸਰੋਤਾਂ ਤੋਂ ਹੁਕਮਨਾਮਿਆਂ ਦੀਆਂ ਨਕਲਾਂ ਇਕੱਠੀਆਂ ਕੀਤੀਆਂ ਅਤੇ ਡਾ. ਗੰਡਾ ਸਿੰਘ ਦੇ ਤਰੋੜ ਮਰੋੜ ਕੇ 'ਕੂਕਿਆਂ ਦੀ ਵਿਥਿਆ' ਵਿਚ ਛਾਪੇ ਹੁਕਮਨਾਮਿਆਂ ਨੂੰ ਵੀ ਵਾਚਿਆ। ਸਾਰੇ ਸਰੋਤਾਂ ਤੋਂ ਪ੍ਰਾਪਤ ਹੁਕਮਨਾਮਿਆਂ ਨੂੰ ਇਕ ਦੂਸਰੇ ਨਾਲ ਤੋਲ ਕੇ, ਮਿਲਾ ਕੇ ਦੇਖਿਆ ਗਿਆ। ਏਨਾ ਕੰਮ ਕਰਕੇ ਸ੍ਰੀ ਸਤਿਗੁਰੂ ਜੀ ਪਾਸ ਸਾਰੀਆਂ ਜਾਣਕਾਰੀਆਂ ਰੱਖੀਆਂ ਗਈਆਂ, ਵਿਚਾਰ ਹੋਏ, ਪ੍ਰਮਾਣਿਕਤਾ ਦੀ ਪਰਖ ਹੋਈ। ਸਿੱਟਾ 'ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ' ਛਪਕੇ ਪਾਠਕਾਂ ਸਾਹਮਣੇ ਆ ਸਕੇ।

ਭਾਵੇਂ ਉਪਰੋਕਤ ਦੋਵੇਂ ਕੰਮ ਸੰਪੂਰਨ ਕਰਨ ਵਿਚ ਕੁਝ ਔਕੜਾਂ ਆਈਆਂ ਜ਼ਰੂਰ ਪਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਕਰਕੇ ਸਭ ਠੀਕ ਹੋ ਗਿਆ। ਇਹ ਦੋਵੇਂ ਰਚਨਾਵਾਂ - ਸਤਿਗੁਰੂ ਬਿਲਾਸ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਨਾਮਧਾਰੀ ਪੰਥ ਲਈ ਧਾਰਮਿਕ ਪੱਖੋਂ ਮਹੱਤਵਪੂਰਨ ਤਾਂ ਹੈ ਹੀ, ਇਤਿਹਾਸਕ ਅਤੇ ਸਾਹਿਤ ਪੱਖੋਂ ਵੀ ਬਹੁਤ ਕੀਮਤੀ ਹਨ। ਜਿਥੇ ਇਹਨਾਂ ਰਚਨਾਵਾਂ ਦੇ ਅਧਿਐਨ ਤੋਂ ਬਿਨਾਂ ਨਾਮਧਾਰੀ ਸਮਾਜ ਦੇ ਇਤਿਹਾਸ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ, ਉਥੇ ਇਹ ਦੋਵੇਂ ਰਚਨਾਵਾਂ ਪੰਜਾਬੀ ਦੇ ਸਹਿਤ ਪੱਖੋਂ ਵੀ ਅਤਿ ਮਹਤੱਵਪੂਰਨ ਹਨ। ਉਨ੍ਹੀਵੀਂ ਸਦੀ ਦੇ ਦੂਜੇ ਅੱਧ ਦੇ ਪੰਜਾਬੀ ਸਾਹਿਤ ਵਿਚ ਇਹਨਾਂ ਦੀ ਮਹੱਤਵਪੂਰਨ ਥਾਂ ਹੈ ਅਤੇ ਯੂਨੀਵਰਸਿਟੀਆਂ ਵਿਚ ਇਹਨਾਂ ਦੇ ਅਧਿਐਨ ਪਖੋਂ ਵਰਤੋਂ ਹੋ ਰਹੀ ਹੈ। ਇਹ ਸਭ ਤਾਂ ਹੀ ਹੋ ਸਕਿਆ ਹੈ ਕਿ ਇਹ ਦੁਰਲਭ ਰਚਨਾਵਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਖਸ਼ਸ਼ ਨਾਲ ਛਪ ਕੇ ਸਾਹਮਣੇ ਆ ਸਕੀਆਂ ਹਨ। ਭਾਵੇਂ ਹੋਰ ਵੀ ਬਹੁਤ ਕਲਪੀ ਰੰਗ ਲੱਗੇ ਹੋਏ ਹਨ, ਪਿਛਲੇ 50 ਸਾਲਾਂ ਵਿਚ, ਪਰ ਇਹਨਾਂ ਦੁਰਲਭ ਪੁਸਤਕਾਂ ਦੀ ਆਪਣੀ ਕੀਮਤ ਹੈ, ਉਪਯੋਗਤਾ ਹੈ। ਇਹਨਾਂ ਤੋਂ ਇਲਾਵਾ ਹੋਰ ਵੀ ਮਹੱਤਵਪੂਰਨ ਬੁਨਿਆਦੀ ਕੰਮ ਹੋਏ ਹਨ - ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਟੇਪ ਉਪਦੇਸ਼ਾਂ ਨੂੰ 'ਲਾਲ ਏਹਿ ਰਤਨ' (ਬੀਬੀ ਬੇਅੰਤ ਕੌਰ) ਰੂਪ ਦੇਣਾ, ਤਰਨ ਸਿੰਘ ਵਹਿਮੀ ਦੇ 'ਜਸ ਜੀਵਨ', ਸਤਿਗੁਰੂ ਜੀ ਦੇ ਪ੍ਰਵਚਨਾਂ ਦੀ ਪੁਸਤਕ 'ਪ੍ਰਵਚਨ' ਸਤਿਗੁਰੂ ਜਗਜੀਤ ਸਿੰਘ ਜੀ (ਹਰਵਿੰਦਰ ਸਿੰਘ ਹੰਸਪਾਲ) ਅਤੇ ਸਰਕਾਰੀ ਦਸਤਾਵੇਜ ਛਾਪਣੇ, (ਭਾਈ ਕਾਹਨ ਸਿੰਘ, ਜਸਵਿੰਦਰ ਸਿੰਘ)। ਇਸ ਤਰਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਗੁਰੂਤਵਕਾਲ ਵਿਚ ਅਨੇਕਾਂ ਦੁਰਲਭ ਅਤੇ ਮਹੱਤਵਪੂਰਨ ਰਚਨਾਵਾਂ ਪੰਥ ਦੇ ਸਾਹਮਣੇ ਆਈਆਂ ਹਨ।

■

Namdhari Elibrary NamdhariElibrary@gmail.com

ਵਿਸ਼ਵ ਅਮਨ ਦੇ ਅਲੰਬਰਦਾਰ
ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

✍ ਸੁਵਰਨ ਸਿੰਘ ਵਿਰਕ

ਪੰਜਾਬੀ ਦਾ ਪੁਰਾਣਾ ਅਖਾਣ ਹੈ ਕਿ ਆਮ ਲੜਾਈਆਂ ਜ਼ਰ, ਜ਼ੋਰੂ (ਇਸਤਰੀ) ਅਤੇ ਜ਼ਮੀਨ ਦੀ ਵਜ੍ਹਾ ਕਰਕੇ ਹੁੰਦੀਆਂ ਹਨ। ਵਿਸ਼ਵ ਸਤਰ ਦੇ ਇਸੇ ਅਖਾਣ ਨੂੰ ਹੋਰ ਵਿਸਤਰਿਤ ਕਰਕੇ ਮਹਾਨ ਅਕਤੂਬਰ ਸੋਵੀਅਤ ਸਮਾਜਵਾਦੀ ਇਨਕਲਾਬ ਦੇ ਬਾਨੀ ਕਾਮਰੇਡ ਲੈਨਿਨ ਨੇ ਕਿਹਾ ਸੀ ਕਿ ਸੰਸਾਰ ਜੰਗਾਂ, ਸਾਮਰਾਜੀ ਦੇਸਾਂ ਦੁਆਰਾ ਦੁਨੀਆਂ ਦੀਆਂ ਮੰਡੀਆਂ ਤੇ ਕਬਜ਼ੇ ਵਾਸਤੇ ਲੜੀਆਂ ਜਾਂਦੀਆਂ ਹਨ।

ਜਿਸਨੇ ਜੰਗ ਦੀ ਤਬਾਹੀ ਵੇਖੀ ਹੋਵੇ, ਅਮਨ ਦੇ ਸਮੇਂ ਦੀ ਸੱਚੀ ਕਦਰ ਕੀਮਤ ਉਹੋ ਹੀ ਜਾਣ ਸਕਦਾ ਹੈ। ਸੰਸਾਰ ਅਜੇ ਤੱਕ ਵਿਸ਼ਵ ਯੁੱਧਾਂ ਦੀ ਭੱਠੀ ਵਿਚ ਦੋ ਵਾਰ ਝੋਕਿਆ ਗਿਆ ਹੈ। ਪਰ ਇਹਨਾਂ ਦੋਹਾਂ ਯੁੱਧਾਂ ਵਿਚ ਮਨੁੱਖੀ ਜਾਨਾਂ ਅਤੇ ਧਨ ਪਦਾਰਥ ਦਾ ਬੇਬਹਾ ਨੁਕਸਾਨ ਹੋਇਆ ਹੈ। ਦੂਜੀ ਸੰਸਾਰ ਜੰਗ ਸਮੇਂ ਇਕੱਲੇ ਸੋਵੀਅਤ ਯੂਨੀਅਨ ਦੀ ਵਸੋਂ ਦਾ ਘਟੋ ਘਟ ਦਸਵਾਂ ਹਿੱਸਾ ਭਾਵ ਦੋ ਕਰੋੜ ਲੋਕ ਮੌਤ ਦਾ ਖਾਜਾ ਬਣੇ ਸਨ। ਜ਼ਖਮੀਆਂ, ਅਪਾਹਜਾਂ ਦੀ ਸੰਖਿਆ ਇਸ ਤੋਂ ਵੀ ਕਿਤੇ ਵਧ ਸੀ। ਜਪਾਨ ਦੇ ਜਿਨਾਂ ਦੋ ਸ਼ਹਿਰਾਂ ਹੀਰੋਸ਼ੀਮਾ ਅਤੇ ਨਾਗਾਸਾਕੀ ਤੇ ਅਮਰੀਕਾ ਵਾਲਿਆਂ ਨੇ ਐਟਮ ਬੰਬ ਸੁੱਟੇ ਸਨ, ਉਸ ਸੜੀ ਧਰਤੀ ਤੇ ੬੪ ਸਾਲ ਬੀਤਣ ਬਾਅਦ ਵੀ ਬਨਸਪਤੀ ਨਹੀਂ ਉਗਦੀ। ਐਟਮੀ ਵਿਕੀਰਣ ਤੋਂ ਪ੍ਰਭਾਵਿਤ ਖਿਤਿਆਂ ਵਿਚ ਅਜੇ ਤੱਕ ਅੰਗਹੀਣ ਤੇ ਵਿਕਰਿਤ ਸਰੀਰਾਂ ਵਾਲੇ ਬਾਲ ਜਨਮ ਲੈਂਦੇ ਹਨ।

ਪੰਜਾਬੀ ਦਾ ਪੁਰਾਣਾ ਅਖਾਣ ਹੈ ਕਿ ਆਮ ਲੜਾਈਆਂ ਜ਼ਰ, ਜ਼ੋਰੂ (ਇਸਤਰੀ) ਅਤੇ ਜ਼ਮੀਨ ਦੀ ਵਜ੍ਹਾ ਕਰਕੇ ਹੁੰਦੀਆਂ ਹਨ। ਵਿਸ਼ਵ ਸਤਰ ਦੇ ਇਸੇ ਅਖਾਣ ਨੂੰ ਹੋਰ ਵਿਸਤਰਿਤ ਕਰਕੇ ਮਹਾਨ ਅਕਤੂਬਰ ਸੋਵੀਅਤ ਸਮਾਜਵਾਦੀ ਇਨਕਲਾਬ ਦੇ ਬਾਨੀ ਕਾਮਰੇਡ ਲੈਨਿਨ ਨੇ ਕਿਹਾ ਸੀ ਕਿ ਸੰਸਾਰ ਜੰਗਾਂ, ਸਾਮਰਾਜੀ ਦੇਸਾਂ ਦੁਆਰਾ ਦੁਨੀਆਂ ਦੀਆਂ ਮੰਡੀਆਂ ਤੇ ਕਬਜ਼ੇ ਵਾਸਤੇ ਲੜੀਆਂ ਜਾਂਦੀਆਂ ਹਨ। ਪਹਿਲੀ ਜੰਗ (੧੯੧੪-੧੮) ਦੇ ਖਾਤਮੇ ਬਾਅਦ ਲੈਨਿਨ ਨੇ ਭਵਿਖਬਾਣੀ ਕੀਤੀ ਸੀ ਕਿ ਜੇ ਦੁਨੀਆਂ ਦੇ ਪੱਧਰ ਤੇ ਸਾਮਰਾਜੀ ਤਾਕਤਾਂ ਦੇ ਹੱਥ ਵਿਚ ਹੀ ਤਾਕਤ ਦਾ ਤਵਾਜ਼ਨ ਰਿਹਾ ਤਾਂ ਉਹ ਵਿਸ਼ਵ ਦੀਆਂ ਮੰਡੀਆਂ ਦੀ ਨਵੇਂ ਸਿਰਿਓਂ ਵੰਡ ਕਰਨ ਲਈ ਇਕ ਆਲਮੀ ਜੰਗ ਹੋਰ ਛੇੜ ਸਕਦੀਆਂ ਹਨ। ਦੂਸਰੇ ਸੰਸਾਰ ਜੰਗ (੧੯੩੯-੪੫ ਈ.) ਨੇ ਮਹਾਨ ਲੈਨਿਨ ਦੇ ਉਪਰੋਕਤ ਭਵਿਖ ਵਾਕਾਂ ਨੂੰ ਛੇਤੀਂ ਹੀ ਪੂਰੇ ਹੁੰਦਿਆਂ ਵੇਖਿਆ ਸੀ। ਇਸ ਸੰਸਾਰ ਜੰਗ ਤੋਂ ਬਾਅਦ ਸ਼ਕਤੀਆਂ ਦਾ ਤੋਲ ਥੋਹੜਾ ਬਦਲਿਆ। ਸਾਮਰਾਜ ਪਹਿਲਾਂ ਜਿਉਂ ਅਜਿੱਤ ਸ਼ਕਤੀ ਨਾ ਰਹੀ। ਪੂਰਬੀ ਯੂਰਪ ਦੇ ਦੇਸ਼ਾਂ ਵਿਚ, ਸਮਾਜਵਾਦੀ ਪ੍ਰਣਾਲੀ ਨੂੰ ਪਰਣਾਏ ਦੇਸਾਂ ਦਾ ਇਕ ਗੁੱਟ ਉਭਰ ਆਇਆ। ਉਤਰੀ ਕੋਰੀਆ, ਮੰਗੋਲੀਆ, ਚੀਨ, ਕਿਊਬਾ ਅਤੇ ਲਾਤੀਨੀ ਅਮਰੀਕਾ ਦੇ ਕੁਝ ਦੇਸ਼ਾਂ ਨੇ ਵੀ ਆਪਣੇ ਲਈ ਸਮਾਜਵਾਦੀ ਰਸਤਾ ਚੁਣ ਲਿਆ। ਏਸ਼ੀਆ, ਅਫਰੀਕਾ ਆਦਿ ਦੇ ਤੀਜੀ ਦੁਨੀਆਂ ਦੇ ਦੇਸ਼ ਕਿਤੇ ਇਨਕਲਾਬੀ ਜਮਹੂਰੀਅਤਾਂ ਕਾਇਮ ਕਰ ਰਹੇ ਸਨ ਅਤੇ ਕਿਤੇ ਵਿਕਾਸ ਦਾ ਗੈਰ ਪੂੰਜੀਵਾਦ ਰਸਤਾ ਚੁਣਿਆ ਜਾ ਰਿਹਾ ਸੀ। ਭਾਰਤ ਸਮੇਤ ਕਈ ਦੇਸਾਂ

Namdhari Elibrary NamdhariElibrary@gmail.com

ਨੇ ਆਪਣੇ ਵਿਧਾਨ ਵਿਚ ਸਮਾਜਵਾਦੀ ਪ੍ਰਣਾਲੀ ਅਤੇ ਸੋਵੀਅਤ ਸੰਘ ਦੀ ਅਗਵਾਈ ਵਿਚ ਸਮਾਜਵਾਦੀ ਭਾਈਚਾਰੇ ਪ੍ਰਤੀ ਆਪਣਾ ਹੇਜ ਪ੍ਰਗਟ ਕੀਤਾ ਸੀ। ਪੂੰਜੀਵਾਦੀ ਦੁਨੀਆਂ ਵਿਚ ਵੀ ਮਜ਼ਦੂਰ ਅੰਦੋਲਨ ਜ਼ੋਰ ਫੜ ਰਿਹਾ ਸੀ।

ਦੁਨੀਆਂ ਵਿਚ ਸ਼ਕਤੀਆਂ ਦੀ ਇਸ ਨਵੀਂ ਕਤਾਰਬੰਦੀ ਤੋਂ ਸਾਮਰਾਜੀ ਤਾਕਤਾਂ ਭੈਭੀਤ ਹੋ ਰਹੀਆਂ ਸਨ। ਉਹਨਾਂ ਨੂੰ ਆਪਣੇ ਮੁਨਾਫੇ ਅਤੇ ਪੂੰਜੀ ਦੀ ਸਰਦਾਰੀ ਖਿਸਕਦੀ ਜਾਣ ਦਾ ਭੈਅ ਸਤਾ ਰਿਹਾ ਸੀ। ਇਸ ਲਈ ਆਪਣੀ ਲੁੱਟ ਖਸੁੱਟ ਕਾਇਮ ਰਖਣ ਲਈ, ਤੀਜੀ ਦੁਨੀਆਂ ਦੇ ਗਰੀਬ ਅਤੇ ਅਵਿਕਸਿਤ ਦੇਸਾਂ ਦੀ ਕਿਰਤ ਸ਼ਕਤੀ ਅਤੇ ਸੰਸਾਧਨਾਂ ਦੇ ਦੋਹਣ ਲਈ, ਸਾਮਰਾਜੀ ਦੇਸਾਂ ਨੇ ਮੁੜ ਯੁੱਧ ਉਨਮਾਦ ਪੈਦਾ ਕਰਨਾ ਸ਼ੁਰੂ ਕਰ ਦਿਤਾ। ਉਹਨਾਂ ਨੇ ਇਸ ਸਮੇਂ ਵੀਅਤਨਾਮ ਵਿਚ ਅਮਰੀਕਨ ਅਤੇ ਹੋਰ ਇਮਦਾਦੀ ਫੌਜਾਂ ਭਾਰੀ ਗਿਣਤੀ ਵਿਚ ਝੋਕ ਦਿਤੀਆਂ। ਕਿਊਬਾ, ਜੋ ਸਮਾਜਵਾਦੀ ਪ੍ਰਣਾਲੀ ਅਪਨਾਉਣ ਕਾਰਨ, ਸਾਮਰਾਜੀ ਅਮਰੀਕਾ ਨੂੰ ਵੱਖੀ ਦਾ ਫੋੜਾ ਮਾਲੂਮ ਹੁੰਦਾ ਸੀ ਉਸਦੀ ਘੇਰਾਬੰਦੀ ਸ਼ੁਰੂ ਕਰ ਦਿਤੀ। ਨਾਟੋ, ਸੀਟੋ ਅਤੇ ਸੈਂਟੋ ਆਦਿ ਫੌਜੀ ਗਠਬੰਧਨਾਂ ਦੁਆਰਾ ਅਮਰੀਕਨ ਸਾਮਰਾਜ ਆਪਣੇ ਖੇਤਰੀ ਅਤੇ ਕੌਮਾਂਤਰੀ ਹਿੱਤ ਦੀ ਰਾਖੀ ਕਰਨ ਵਿਚ ਬੁਰੀ ਤਰ੍ਹਾਂ ਜੁਟਿਆ ਹੋਇਆ ਸੀ।

ਸਾਮਰਾਜ ਹੁਣ ਬਦਲਦੀ ਵਿਸ਼ਵ ਪ੍ਰਸਥਿਤੀ ਵਿਚ, ਅਗੇ ਵਧੂ ਤਾਕਤਾਂ ਨੂੰ ਕੌਮਾਂਤਰੀ ਪੱਧਰ ਤੇ ਸਿੱਧੀ ਟੱਕਰ ਦੇਣ ਦੇ ਸਮਰਥ ਨਹੀਂ ਸੀ ਰਿਹਾ। ਇਸ ਲਈ ਉਸਨੇ ਹਥਿਆਰਾਂ ਅਤੇ ਫੌਜੀ ਸਾਜੋ ਸਮਾਨ ਤੇ ਆਪਣੇ ਖਰਚੇ ਬਹੁਤ ਵਧਾ ਦਿਤੇ। ਹਥਿਆਰਾਂ ਦੀ ਦੌੜ ਤੇਜ਼ ਕਰ ਦਿਤੀ। ਮਨੁਖ ਮਾਰੂ ਹਥਿਆਰਾਂ ਵਿਚ ਨਵੀਆਂ ਨਵੀਆਂ ਭਿਆਨਕ ਖੋਜਾਂ ਹੋਣ ਲੱਗੀਆਂ। ਨਿਊਟਰਾਨ ਬੰਬ, ਨਾਭਕੀਯ ਹਥਿਆਰ, ਹਾਈਡਰੋਜਨ ਬੰਬ, ਨੈਪਾਮ ਬੰਬ ਆਦਿ ਦੀਆਂ ਭਿਆਨਕ ਖੋਜਾਂ ਇਸੇ ਸਮੇਂ ਦੌਰਾਨ ਹੋਈਆਂ। ਅਮਰੀਕਾ ਅਤੇ ਸਾਮਰਾਜੀ ਦੇਸ਼ਾਂ ਵਿਚ ਸੈਨਿਕ ਉਦਯੋਗਿਕ ਧੜਾ ਧੜ ਹੋਂਦ ਵਿਚ ਆ ਰਹੇ ਸਨ। ਪੁਲਾੜ ਯੁਧ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ। ਸਮਾਜਵਾਦੀ ਦੇਸਾਂ ਦੇ ਖਿਲਾਫ ਦੁਸ਼ਪ੍ਰਚਾਰ ਦੁਮਛੱਲੇ ਮੀਡੀਏ ਦੁਆਰਾ ਜ਼ੋਰਾਂ ਤੇ ਸੀ। ਇਸ ਸਾਰੇ ਸਮੇਂ ਨੂੰ ਠੰਢੀ ਜੰਗ ਦਾ ਸਮਾਂ ਕਿਹਾ ਜਾਂਦਾ ਸੀ। ਸਾਮਰਾਜੀ ਦੇਸਾਂ ਦੀਆਂ ਮਾਨਵਤਾ ਵਿਰੁਧ ਇਹਨਾਂ ਭਿਆਨਕ ਸਾਜਸ਼ਾਂ ਦਾ ਪਰਦਾ ਫਾਸ਼ ਕਰਨ ਲਈ, ਸਮਾਜਵਾਦੀ ਦੇਸਾਂ ਦੇ ਸਕ੍ਰਿਅ ਸਹਿਯੋਗ ਦੇ ਨਾਲ, ਹਿੰਦੁਸਤਾਨ ਸਮੇਤ ਤੀਜੀ ਦੁਨੀਆਂ ਦੇ ਦੇਸ਼ਾਂ ਵਿਚ ੧੯੫੦ ਤੋਂ ਲੈਕੇ ਲਗਾਤਾਰ ਸਾਢੇ ਤਿੰਨ ਦਹਾਕਿਆਂ ਤੱਕ ਇਕ ਸ਼ਕਤੀਸ਼ਾਲੀ ਅਮਨ ਲਹਿਰ ਲਾਮਬੰਦ ਕੀਤੀ ਗਈ।

ਭਾਰਤ ਵਿਚ "ਕੁਲ ਹਿੰਦ ਸ਼ਾਂਤੀ ਅਤੇ ਇਕਜੁੱਟਤਾ ਸੰਗਠਨ (All India peace and Solidarity Organisation)। ਸੰਸਾਰ ਅਮਨ ਦੇ ਮੰਤਵ ਲਈ ਜੂਝਣ ਵਾਲੇ ਸਿਰੜੀ ਸੰਗਰਾਮੀਆਂ ਦੀ ਇਕ ਮਾਤਰ ਸਿਰਮੌਰ ਜਥੇਬੰਦੀ ਸੀ। ਇਸ ਦਾ ਜ਼ਿਲਾ ਰਾਜ, ਪਿੰਡਾਂ ਸ਼ਹਿਰਾਂ ਤਕ ਸੰਗਠਨ ਦਾ ਵਿਆਪਕ ਤਾਣਾ ਪੇਟਾ ਸੀ। ਇਸ ਸੰਸਥਾ ਨੇ ਕਦੇ ਤਾਂ ਦਸਤਖਤੀ ਮੁਹਿੰਮ ਚਲਾ ਕੇ ਕਰੋੜਾਂ ਲੋਕਾਂ ਦੇ ਦਸਤਖਤ ਸ਼ਾਂਤੀ ਲਈ ਕਰਵਾਏ। ਕਦੇ ਪਿੰਡਾਂ ਸ਼ਹਿਰਾਂ ਵਿਚ ਅਮਨ ਕਮੇਟੀਆਂ ਕਾਇਮ ਕਰਕੇ ਮੀਟਿੰਗਾਂ, ਜਲਸੇ, ਪ੍ਰਦਰਸ਼ਨ ਆਯੋਜਿਤ ਕੀਤੇ। ਪੰਜਾਬ ਦੀ ਸੂਬਾਈ ਕਮੇਟੀ ਨੂੰ ਇਹ ਮਾਣ ਹਾਸਿਲ ਹੋਇਆ ਕਿ ਬਹੁਤ ਸਾਲ ਇਸ ਦੀ ਅਗਵਾਈ ਪੰਜਾਬ ਵਿਚ ਚੱਲੀ ਪਹਿਲੀ ਬਸਤੀਵਾਦ- ਵਿਰੋਧੀ ਜਥੇਬੰਦ ਲੋਕ ਲਹਿਰ-ਕੂਕਾ ਅੰਦੋਲਨ ਦੀ ਵਿਰਾਸਤ ਨੂੰ ਅੱਗੇ ਤੋਰਨ ਵਾਲੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਿਭਾਈ। ਡਾ. ਸੈਫੂਦੀਨ ਕਿਚਲੂ ਵੀ ਸਤਿਗੁਰੂ ਜਗਜੀਤ ਸਿੰਘ ਹੋਰਾਂ ਤੋਂ ਪਹਿਲਾਂ ਪੰਜਾਬ ਅਮਨ ਕਮੇਟੀ ਦੇ ਉਘੇ ਆਗੂ ਸਨ। ਸੰਤ ਇੰਦਰ ਸਿੰਘ ਚੱਕਰਵਰਤੀ ਨੇ ਆਪਣੀ ਇਕ ਰਚਨਾ - ਰਾਸ਼ਟਰੀ ਬਾਣੀ ਵਿਚ ਡਾ. ਕਿਚਲੂ ਦੇ ਸੰਸਾਰ ਅਮਨ ਵਿਚ ਪਾਏ ਯੋਗਦਾਨ ਨੂੰ ਇਉਂ ਚੇਤੇ ਕੀਤਾ ਸੀ -

ਏਥੇ ਉਡੀਆਂ ਅਮਨ ਦੀਆਂ ਘੁੱਗੀਆਂ
ਕਿਚਲੂ ਦੇ ਸੁੱਚੇ ਹੱਥਾਂ 'ਚੋਂ।

ਸੰਤ ਇੰਦਰ ਸਿੰਘ ਚੱਕਰਵਰਤੀ ਸਤਿਗੁਰੂ ਰਾਮ ਸਿੰਘ ਜੀ ਦੁਆਰਾ ੧੨ ਅਪ੍ਰੈਲ ੧੮੫੭ ਈ. ਨੂੰ ਸ੍ਰੀ ਭੈਣੀ ਸਾਹਿਬ ਵਿਖੇ ਵਸਾਖੀ ਪੁਰਬ ਤੇ ਨਾਮਧਾਰੀ ਸੰਤ ਖਾਲਸਾ ਦੀ ਸਥਾਪਨਾ ਸਮੇਂ ਝੁਲਾਏ ਗਏ ਸਫੈਦ ਧਵਜ ਨੂੰ, ਵਿਸ਼ਵ ਸ਼ਾਂਤੀ ਦਾ ਪ੍ਰਤੀਕ ਦਸਦਿਆਂ ਆਪਣੇ ਮਹਾਂ ਕਾਵਿ ਮਾਲਵੇਂਦਰ ਵਿਚ ਲਿਖਦੇ ਹਨ ਕਿ ਸਮਾਂ ਆਉਣ ਤੇ ਸਤਿਗੁਰੂ ਜੀ ਦੇ ਇਸ

Namdhari Elibrary NamdhariElibrary@gmail.com

ਆਲਮੀ ਅਮਨ ਦੇ ਨਿਸ਼ਾਨ ਨੂੰ ਰੂਸ ਵਰਗੇ ਦੇਸ਼ ਨੇ ਵੀ ਅਪਨਾ ਲੈਣਾ ਹੈ। ਜਿਸਦਾ ਭਾਵ ਇਹ ਸੀ ਕਿ ਉਹ ਦੁਨੀਆਂ ਵਿਚ ਅਮਨ ਲਈ ਲੜਨ ਵਾਲੀਆਂ ਤਾਕਤਾਂ ਦਾ ਮੁਹਰੈਲ ਬਣ ਕੇ ਸਾਮਰਾਜ ਦੀ ਯੁੱਧ-ਪਿਪਾਸਾ ਨੂੰ ਰੋਕਣ ਦਾ ਇਕ ਵੱਡਾ ਕਾਰਨ ਬਣੇਗਾ। ਸੰਤ ਜੀ ਦੀ ਮਸਤਾਨੀ ਲਿਖਤ ਇਸ ਰੰਗ ਵਿਚ ਇਉਂ ਬਿਆਨ ਕਰਦੀ ਹੈ, ਜੋ ਸੰਸਾਰ ਅਮਨ ਲਈ ਨਾਮਧਾਰੀਆਂ ਦੇ ਯਤਨਾਂ ਦੀ ਵਧੀਆ ਨਿਸ਼ਾਨਦੇਹੀ ਹੈ, ਪਰਸੰਗ ਹਰਦੁਆਰ ਦੀ ਅਰਧ ਕੁੰਭੀ ਦੇ ਸਮੇਂ ੧੯੬੧ ਈ. ਦਾ ਹੈ -

ਬਾਂਸ ਉਤੇ ਪਾ ਕੱਪੜਾ, ਗੱਡਿਆ ਸਵੇਤ ਨਿਸ਼ਾਨ
ਉਸ ਨੂੰ ਸੀ ਝੁਲਾਇਆ, ਤੇ ਲੱਗੇ ਫੁਰਮਾਨ
ਇਹ ਹੈ ਝੰਡਾ ਅਮਨ ਦਾ, ਸ਼ਾਂਤੀ ਦਾ ਪ੍ਰਤੀਕ
ਸਾਰੇ ਝੰਡੇ ਰਾਜਨੀਤ, ਝੂਠੇ ਨੇ ਅਜ ਤੀਕ
ਇਸ ਦੇ ਅਗੇ ਝੁਕਣਗੇ, ਜਗ ਦੇ ਕੁਲ ਨਿਸ਼ਾਨ
ਇਸ ਦੇ ਜਿਹਾ ਨਾ ਦੂਸਰਾ, ਝੰਡਾ ਵਿਚ ਜਹਾਨ
ਇਸ ਨਿਸ਼ਾਨ ਨੂੰ ਰੂਸ ਨੇ, ਲੈਣਾ ਹੈ ਅਪਣਾਇ
ਪੈਣਾ ਗਲ ਅੰਗ੍ਰੇਜ਼ ਦੇ, ਇਸ ਨੇ ਬਣ ਕੇ ਫਾਹ
ਸਭ ਝੰਡਿਆਂ ਦਾ ਏਸ ਨੇ, ਬਣ ਜਾਣਾ ਸਰਦਾਰ
ਇਹ ਨਿਸ਼ਾਨ ਹੈ ਸੁਲਹ ਦਾ, ਤੇ ਇਨਸਾਨੀ ਪਿਆਰ
ਜਿਸ ਦਾ ਕਰਨਾ ਅਸਾਂ ਹੈ,
ਅਖਿਲ ਵਿਸ਼ਵ ਪ੍ਰਚਾਰ।(੧)

ਸਤਿਗੁਰੂ ਰਾਮ ਸਿੰਘ ਜੀ ਨੇ ਸਾਰੀਆਂ ਲੜਾਈਆਂ ਝਗੜਿਆਂ ਦੀ ਜੜ੍ਹ ਛੋਟੇ ਜਾਂ ਵੱਡੇ ਪੱਧਰ ਤੇ ਦੂਜੇ ਦਾ ਹੱਕ ਖੋਹ ਕੇ ਖਾਣਾ ਦੱਸਿਆ ਹੈ। ਇਸ ਲਈ ਆਪ ਜੀ ਦੀ ਸਿਖਿਆ ਦਾ ਸਾਰ ਤੱਤ ਹੈ ਕਿ ਬੇਗਾਨਾ ਹੱਕ ਨਹੀਂ ਖਾਣਾ। ਨਾਮਧਾਰੀ ਸੰਗਤ ਦੇ ਨਾਮ ਜਾਰੀ ਰਹਿਤਨਾਮੇ ਵਿਚ ਜੋ ਸ੍ਰੀ ਭੈਣੀ ਸਾਹਿਬ ਤੋਂ ਪੰਥ ਸਥਾਪਨ ਕਰਨ ਤੋਂ ਕੁਝ ਹੀ ਵਰ੍ਹੇ ਬਾਅਦ ਜਾਰੀ ਕੀਤਾ ਸੀ, ਵਿੱਚ ਆਪ ਜੀ ਫੁਰਮਾਉਂਦੇ ਹਨ :

ਪਰਾਇਆ ਹਕ ਗੁਰੂ ਜੀ ਨੇ ਅਗੇ ਹੀ ਲਿਖ ਛਡਿਆ ਹੈ ਹਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ।(੨)

ਗੁਰਦੁਆਰਾ ਸ੍ਰੀ ਭੈਣੀ ਸਾਹਿਬ ਦੀ ਗੁਰੂ ਹਰੀ ਸਿੰਘ ਜੀ ਦੇ ਪਹਿਰੇ ਸਮੇਂ ਉਗਰਾਹੀ ਦਾ ਮੁਢ ਬੰਨਣ ਵਾਲੇ ਕੁਝ ਕੁ ਪ੍ਰਮੁੱਖ ਕੂਕੇ ਸਿੰਘਾਂ ਵਿਚੋਂ ਭਾਈ ਨੱਥਾ ਸਿੰਘ ਗਾਦੜੀ (ਫਿਰੋਜ਼ਪੁਰ) ਵੀ ਇਕ ਸੀ। ਜਦੋਂ ਗੁਰੂ ਹਰੀ ਸਿੰਘ ਜੀ ਨੂੰ ਪਤਾ ਲਗਾ ਕਿ ੧੮੭੮ ਈ. ਵਿਚ ਅੰਗਰੇਜ਼ਾਂ ਅਤੇ ਅਫਗਾਨਿਸਤ੍ਹਾਨ ਵਿਚਾਲੇ ਜੰਗ ਦੀ ਤਿਆਰੀ ਹੋਣ ਤੇ ਭਾਈ ਨੱਥਾ ਸਿੰਘ ਨੇ ਵੀ ਘੋੜੇ ਖਰੀਦ ਕੇ ਜੰਗ ਵਿਚ ਭੇਜਣ ਵਾਸਤੇ ਲਿਆਂਦੇ ਹਨ ਤਾਂ ਗੁਰੂ ਹਰੀ ਸਿੰਘ ਜੀ ਨੇ ਦੋ ਕਾਰਨਾਂ ਕਰਕੇ ਉਸ ਨੂੰ ਵਰਜਿਆ, ਇਕ ਤਾਂ ਕੂਕਿਆਂ ਦਾ ਅੰਗਰੇਜ਼ ਸਰਕਾਰ ਨਾਲ ਅਸਹਿਯੋਗ ਸੀ, ਦੂਜਾ ਕੂਕੇ ਕਿਸੇ ਕਿਸਮ ਦੀ ਵੀ ਜੰਗ ਦੇ ਵਿਰੋਧੀ ਅਤੇ ਅਮਨ ਪਸੰਦ ਸਨ। ਉਹ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਕਿ ਜਿੰਨਾਂ ਚਿਰ ਸਾਰੇ ਮਨੁੱਖ ਮਾਰੂ ਹਥਿਆਰ ਸਮੁੰਦਰਾਂ ਵਿਚ ਨਹੀਂ ਸੁੱਟ ਦਿੱਤੇ ਜਾਂਦੇ ਸੰਸਾਰ ਵਿਚ ਅਮਨ ਨਹੀਂ ਹੋ ਸਕਦਾ, ਦੇ ਵੀ ਪਾਬੰਦ ਸਨ। ਬਾਹੋਵਾਲ ਜੀ ਲਿਖਦੇ ਹਨ :

"ਏਕ ਸਮੇਂ ਗੁਰੂ ਹਰੀ ਸਿੰਘ ਜੀ ਨੇ ਬਚਨ ਕੀਤਾ ਜਾਂ ਚੌਤੀਏ ਸਾਲ ਕੇ ਲਾਮ ਮੈ ਨੱਥਾ ਸਿੰਘ ਗਾਦੜੀ ਵਾਲੇ ਨੇ ਘੋੜੇ ਖਰੀਦੇ ਲਾਮ ਮੈ ਬੇਚਣ ਨੂੰ ਅਸਾਂ ਏਥੋਂ ਕਹਿ ਭੇਜਿਆ ਜੋ ਲਾਮ ਬਾਸਤੇ ਘੋੜੇ ਖਰੀਦੇਗਾ ਸੋ ਤਨਖਾਹੀਆ ਹੈ। ਨੱਥਾ ਸਿੰਘ ਹੁਕਮ ਸੁਣਕੇ ਉਸੀ ਵਕਤ ਪੰਦ੍ਹਾਂ ਸੌ ਰੁਪਈਆ ਲਿਆਇ ਭੇਟਾ ਕੀਤਾ ਨਾਲੇ ਘੋੜੇ ਭੇਟਾ ਕੀਤੇ ਗੁਰਦੁਆਰੇ।"(੩)

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਵਿਚ ਹੀ ਦੋ ਵਿਸ਼ਵ ਯੁੱਧ ਲੜੇ ਗਏ ਸਨ। ਆਪਨੇ ਵੀ ਪਹਿਲਾਂ ਵਾਲੀ ਸੰਸਾਰ ਅਮਨ ਦੀ ਨੀਤੀ ਅਤੇ ਅਸਹਿਯੋਗ ਨੂੰ ਬਰਕਰਾਰ ਰਖਦਿਆਂ, ਬਹੁਤ ਸਾਰੇ ਸਰਕਾਰੀ ਪ੍ਰਲੋਭਨਾਂ ਅਤੇ ਗਿੱਦੜ ਭਬਕੀਆਂ ਤੋਂ

ਸੰਸਾਰ ਅਮਨ ਲਹਿਰ ਨੂੰ ਭਾਵੇਂ ਕਮਿਊਨਿਸਟਾਂ ਵਲੋਂ ਚਲਾਈ ਆਖ ਕੇ ਛੁਟਿਆਇਆ ਜਾਂਦਾ ਸੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਕੁਲ ਹਿੰਦ ਪੱਧਰ ਉਤੇ ਵੀ ਉਸਨੂੰ ਸਰਗਰਮ ਅਗਵਾਈ ਦਿਤੀ ਅਤੇ ਪੰਜਾਬ ਵਿਚ ਤਾਂ ਉਸਦੀ ਪ੍ਰਧਾਨਗੀ ਦਾ ਕਾਰਜ ਸਾਲਾਂ ਬੱਧੀ ਨਿਭਾਇਆ। ਉਹ ਅਕਸਰ ਆਖਦੇ ਰਹੇ ਕਿ ਜੇ ਘਰ ਨੂੰ ਅੱਗ ਲੱਗ ਜਾਏ ਤਾਂ ਮੁੱਖ ਕੰਮ ਉਸਨੂੰ ਬੁਝਾਉਣਾ ਹੈ, ਇਹ ਵੇਖਣਾ ਨਹੀਂ ਕਿ ਜਿਹੜਾ ਬੰਦਾ ਪਾਣੀ ਦੀ ਬਾਲਟੀ ਲੈ ਕੇ ਆਇਆ ਹੈ ਉਹ ਕਿਸ ਜਾਤ ਜਮਾਤ ਦਾ ਹੈ।(੫)

Namdhari Elibrary NamdhariElibrary@gmail.com

ਪਾਸਾ ਵੱਟਦਿਆਂ ਜੰਗ ਵਿਚ ਆਪਣੇ ਸਿੱਖਾਂ ਦੀ ਭਰਤੀ ਜਾਂ ਸਾਜੋ ਸਮਾਨ ਵਿਚ ਕੋਈ ਮਦਦ ਦੇਣ ਦੀ ਨੀਤੀ ਦੇ ਵਿਰੋਧ ਦਾ ਪੈਂਤੜਾ ਮੱਲੀ ਰੱਖਿਆ। ਆਪਣੇ ਪਵਿੱਤਰ ਉਪਦੇਸ਼ਾਂ ਵਿਚ ਆਪ ਫੁਰਮਾਉਂਦੇ ਹਨ :

ਅਸੀਂ ਇਹ ਚੀਜ਼ ਚਾਹੁੰਦੇ ਹਾਂ, ਸਤਿਗੁਰੂ ਰਾਮ ਸਿੰਘ ਜੀ ਦਾ ਡੰਕਾ ਸਾਰੀ ਦੁਨੀਆਂ ਉੱਤੇ ਵਜੇ। ਕੋਈ ਕਿਸੇ ਦਾ ਦੁਸ਼ਮਣ ਨਾ ਰਹੇ। ਜਿਤਨਾ ਚਿਰ ਦੁਨੀਆਂ ਵਿਚ ਹਥਿਆਰ ਨੇ, ਉਤਨਾਂ ਚਿਰ ਕਦੇ ਵੀ ਜੰਗ ਖਤਮ ਨਹੀਂ ਹੋ ਸਕਦੀ। ਜੰਗ ਖਤਮ ਓਦਣ ਹੋਣਾ ਹੈ, ਜਿਦਣ ਲੋਕ ਮਾਲਾ ਫੇਰਨ ਲੱਗਣਗੇ। ਹਥਿਆਰ ਸਮੁੰਦਰਾਂ ਚ ਸਿੱਟੇ ਜਾਣਗੇ, ਜਿੰਨਾਂ ਚਿਰ ਇਹ ਚੀਜ਼ ਹੈ ਓਨਾਂ ਚਿਰ ਦੁਸ਼ਮਣੀ ਨਹੀਂ ਬੰਦ ਹੁੰਦੀ।

ਇਸ ਤੋਂ ਇਹ ਪ੍ਰਤੱਖ ਹੁੰਦਾ ਹੈ ਕਿ ਵਿਸ਼ਵ ਸ਼ਾਂਤੀ ਦੀਆਂ ਸ਼ਕਤੀਆਂ ਨਾਲ ਆਪਣੀ ਇਕਜੁੱਟਤਾ ਪ੍ਰਗਟ ਕਰਕੇ ਉਹਨਾਂ ਨੂੰ ਸਰਗਰਮ ਸਹਿਯੋਗ ਦੇ ਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਗੁਰਬਾਣੀ ਦੇ ਮੂਲ ਉਪਦੇਸ਼, **ਜਗਤ ਜਲੰਦਾ ਰਖ ਲੈ ਅਪਨੀ ਕਿਰਪਾ ਧਾਰਿ** ਅਤੇ ਸਤਿਗੁਰੂ ਰਾਮ ਸਿੰਘ ਜੀ ਦੀਆਂ ਸਿਖਿਆਵਾਂ ਨੂੰ ਹੀ ਹੋਰ ਵਿਸਥਾਰ ਦੇ ਰਹੇ ਸਨ। ਉਹਨਾਂ ਦੀ ਵਿਸ਼ਵ ਸ਼ਾਂਤੀ ਲਈ ਮਹਾਨ ਘਾਲਣਾ ਦਾ ਉਚ ਮੁਲਾਂਕਣ ਕਰਦਿਆਂ ਨਵਾਂ ਜਮਾਨਾ ਜਲੰਧਰ ਦੇ ਸੰਪਾਦਕ ਕਾਮਰੇਡ ਜਗਜੀਤ ਸਿੰਘ ਆਨੰਦ ਸਾਬਕਾ ਮੈਂਬਰ ਰਾਜ ਸਭਾ ਇਉਂ ਲਿਖਦੇ ਹਨ :

ਸੰਸਾਰ ਅਮਨ ਲਹਿਰ ਨੂੰ ਭਾਵੇਂ ਕਮਿਊਨਿਸਟਾਂ ਵਲੋਂ ਚਲਾਈ ਆਖ ਕੇ ਛੁਟਿਆਇਆ ਜਾਂਦਾ ਸੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਕੁਲ ਹਿੰਦ ਪੱਧਰ ਉਤੇ ਵੀ ਉਸਨੂੰ ਸਰਗਰਮ ਅਗਵਾਈ ਦਿਤੀ ਅਤੇ ਪੰਜਾਬ ਵਿਚ ਤਾਂ ਉਸਦੀ ਪ੍ਰਧਾਨਗੀ ਦਾ ਕਾਰਜ ਸਾਲਾਂ ਬੱਧੀ ਨਿਭਾਇਆ। ਉਹ ਅਕਸਰ ਆਖਦੇ ਰਹੇ ਕਿ ਜੇ ਘਰ ਨੂੰ ਅੱਗ ਲੱਗ ਜਾਏ ਤਾਂ ਮੁੱਖ ਕੰਮ ਉਸਨੂੰ ਬੁਝਾਉਣਾ ਹੈ, ਇਹ ਵੇਖਣਾ ਨਹੀਂ ਕਿ ਜਿਹੜਾ ਬੰਦਾ ਪਾਣੀ ਦੀ ਬਾਲਟੀ ਲੈ ਕੇ ਆਇਆ ਹੈ ਉਹ ਕਿਸ ਜਾਤ ਜਮਾਤ ਦਾ ਹੈ।(੫)

ਪੰਜਾਬ ਅਤੇ ਹਰਿਆਣਾ ਦੀ ਸਾਂਝੀ ਅਮਨ ਕਮੇਟੀ ਦੀ ਇਕ ਸੂਬਾਈ ਪੱਧਰ ਦੀ ਕਾਨਫਰੰਸ ੧੯੬੬ ਈ. ਵਿਚ ਸਿਰਸਾ ਵਿਖੇ ਹੋਈ ਸੀ। ਜਿਸ ਦੀ ਤਿਆਰੀ ਲਈ ਸੁਆਗਤੀ ਕਮੇਟੀ ਦਾ ਗਠਨ ਕੀਤਾ ਗਿਆ। ਜਿਸ ਦੇ ਚੇਅਰਮੈਨ (ਰਿਟਾਇਰਡ) ਕਰਨਲ ਬਲਦੇਵ ਸਿੰਘ ਬਾਜਵਾ ਸਨ। ਇਸ ਕਮੇਟੀ ਦੀ ਮੀਟਿੰਗ ਸਵ: ਸ. ਤੇਜਾ ਸਿੰਘ ਐਮ. ਐਲ. ਸੀ. ਦੇ ਸਿਰਸਾ ਸਥਿਤ ਨਿਵਾਸ ਸਥਾਨ ਤੇ ਹੋਈ ਸੀ। ਕਾਮਰੇਡ ਜਗਜੀਤ ਸਿੰਘ ਆਨੰਦ, ਕਾਮਰੇਡ ਬਲਦੇਵ ਬਖਸ਼ੀ ਤੇ ਹੋਰ ਬਹੁਤ ਸਾਰੀਆਂ ਪ੍ਰਸਿੱਧ ਹਸਤੀਆਂ ਇਸ ਸਵਾਗਤੀ ਕਮੇਟੀ ਦੀ ਮੀਟਿੰਗ ਵਿਚ ਸ਼ਾਮਲ ਸਨ। ਜਦੋਂ ਸਗਾਵਤੀ ਕਮੇਟੀ ਦੇ ਕੰਮਕਾਰ ਲਈ ਇਕ ਦਫਤਰ ਸੈਕਟਰੀ ਦੀ ਲੋੜ ਪਈ ਤਾਂ ਸਤਿਗੁਰੂ ਜੀ ਨੇ ਫੁਰਮਾਇਆ ਇਸ ਕੰਮ ਲਈ ਇਕ ਪੜ੍ਹਿਆ ਲਿਖਿਆ ਨੌਜਵਾਨ ਮੈਂ ਤੁਹਾਨੂੰ ਦਿੰਦਾ ਹਾਂ। ਕਾਮਰੇਡ ਆਨੰਦ ਹੁਰਾਂ ਦੇ ਪੁਛਣ ਤੇ ਕਿ ਨਾਂ ਕੀ ਹੈ? ਤਾਂ ਆਪ ਨੇ ਕਿਹਾ ਸਵਰਨ ਸਿੰਘ। ਇਸ ਤੇ ਆਨੰਦ ਜੀ ਨੇ ਫਿਰ ਦੂਹਰ ਲਾਈ-ਸਵਰਨ ਸਿੰਘ ਸਨੇਹੀ? ਨਹੀਂ ਸਵਰਨ ਸਿੰਘ ਵਿਰਕ। ਸਤਿਗੁਰੂ ਜੀ ਬੋਲੇ ਅਤੇ ਮੈਨੂੰ ਇਸ਼ਾਰਾ ਕੀਤਾ ਕਿ ਉਠ ਕੇ ਖੜਾ ਹੋ ਜਾਵਾਂ। ਇਉਂ ਇਸ ਕਾਨਫਰੰਸ ਵਿਚ ਮੈਂ ਨੈਸ਼ਨਲ ਕਾਲਜ ਸਿਰਸਾ ਦੇ ਆਪਣੇ ਵਿਦਿਆਰਥੀ ਜੀਵਨ ਸਮੇਂ ਸਰਗਰਮ ਸ਼ਿਰਕਤ ਕੀਤੀ। ਕਾਨਫਰੰਸ ਦੇ ਇਜਲਾਸ ਅਤੇ ਮੁੱਖ ਦਫਤਰ ਤੁਲਾ ਰਾਮ ਧਰਮਸ਼ਾਲਾ ਸਿਰਸਾ ਵਿਖੇ ਹੋਈ। ਇਥੇ ਹੀ ਸਤਿਗੁਰੂ ਜੀ ਵਲੋਂ ਭੇਜੀ ਰਸਤ ਨਾਲ ਤਿਆਰ ਹੋਇਆ ਲੰਗਰ ਬਣਦਾ ਸੀ। ਕਾਨਫਰੰਸ ਦਾ ਖੁਲ੍ਹਾ ਸਮਾਗਮ ਬਹੁਤ ਵੱਡੀ ਜਨ ਸਭਾ ਦੇ ਰੂਪ ਵਿੱਚ ਨਹਿਰੂ ਪਾਰਕ ਵਿਖੇ ਹੋਇਆ। ਜਿਸਨੂੰ ਸਤਿਗੁਰੂ ਜੀ ਹੋਰ ਅਮਨ ਸੰਗਰਾਮੀਆਂ ਅਤੇ ਰੂਸ, ਵੀਅਤਨਾਮ ਆਦਿ ਦੇ ਵਿਦੇਸ਼ੀ ਪ੍ਰਤੀਨਿਧੀਆਂ ਨੇ ਵੀ ਸੰਬੋਧਿਤ ਕੀਤਾ। ਇਸ ਤੋਂ ਪਹਿਲਾਂ ਸਤਿਗੁਰੂ ਜੀ ਦੇ ਹੁਕਮ ਮੁਤਾਬਿਕ ਹੇਲਸਿੰਕੀ ਦੀ ਸੰਸਾਰ ਅਮਨ ਕਾਨਫਰੰਸ ਵਿਚ ਪੰਜਾਬ ਤੋਂ ਗਏ ਪ੍ਰਤੀਨਿਧਾਂ ਵਿਚ ਮਹਾਰਾਜ ਬੀਰ ਸਿੰਘ ਸ਼ਿਰਕਤ ਕਰ ਚੁੱਕੇ ਸਨ। ਕਾਨਫਰੰਸ ਵਿਚ ਇਕ ਰੂਸੀ ਪ੍ਰਤੀਨਿਧ ਨੇ ਅਟਕ ਅਟਕ ਕੇ ਹਿੰਦੀ ਵਿਚ ਬੋਲਦਿਆਂ ਦਸਿਆ ਕਿ ਮਹਾਰਾਜ ਬੀਰ ਸਿੰਘ ਜੀ ਲਈ ਕਾਨਫਰੰਸ ਵਿਚ ਪਾਣੀ ਦਾ ਵਿਸ਼ੇਸ਼ ਪ੍ਰਬੰਧ ਕਰਨਾ ਪਿਆ ਸੀ ਕਿਉਂਕਿ ਉਹ ਟੂਟੀ ਦਾ ਪਾਣੀ ਨਹੀਂ ਸਨ ਪੀਂਦੇ। ਇਸ ਲਈ ਨਦੀ ਦਾ ਪਾਣੀ ਲਿਆਂਦਾ ਗਿਆ। ਉਹ ਨਦੀ ਨੂੰ ਨਾਦੀ ਬੋਲਦਾ ਸੀ। ਇਸ ਕਾਨਫਰੰਸ ਦੀ ਸਮਾਪਤੀ ਬਾਅਦ ਹੀ

Namdhari Elibrary NamdhariElibrary@gmail.com

ਹਰਿਆਣਾ ਅਤੇ ਪੰਜਾਬ ਲਈ ਵਖ ਵਖ ਸੂਬਾਈ ਕਮੇਟੀਆਂ ਗਠਤ ਕੀਤੀਆਂ ਗਈਆਂ। ਮੇਰੇ ਮਗਰਲੇ ਜੀਵਨ ਸਮੇਂ ਭਾਰਤੀ ਕਮਿਊਨਿਸਟ ਪਾਰਟੀ ਵਿਚ ਸ਼ਾਮਲ ਹੋਣ ਲਈ ਵੀ ਇਹ ਸਿਰਸਾ ਵਾਲੀ ਅਮਨ ਕਾਨਫਰੰਸ ਰਾਹ ਵਿਖਾਵੀ ਬਣੀ।

ਵੀਅਤਨਾਮ ਤੇ ਅਮਰੀਕੀ ਹਮਲੇ ਵਿਰੁੱਧ ਦੇਸ਼ ਭਰ ਵਿਚ ਅਕਸਰ ਰੋਹ ਭਰੇ ਵਿਖਾਵੇ ਹੁੰਦੇ ਰਹਿੰਦੇ ਸਨ। ਕਲਮਕਾਰਾਂ ਨੇ ਆਪਣੀਆਂ ਲਿਖਤਾਂ ਦੁਆਰਾ ਲਗਾਤਾਰ ਅਖਬਾਰਾਂ, ਰਸਾਲਿਆਂ ਵਿਚ ਲਿਖਿਆ। ਪੰਜਾਬੀ ਸ਼ਾਇਰਾਂ ਨੇ ਵੀ ਇਹੋ ਜਿਹੀ ਰਚਨਾ ਕੀਤੀ :

ਤੁਰਿਆ ਅਮਨ ਦਾ ਕਾਫਲਾ ਜਹਾਨ ਨਾਲ ਹੈ
ਕਾਮਗਾਰ ਨਾਲ ਹੈ ਕਿਸਾਨ ਨਾਲ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਇਕ ਚਰਨ ਸੇਵਕ ਅਤੇ ਆਪ ਜੀ ਦੇ ਨਿਜੀ ਸਕੱਤਰ ਰਹੇ ਸੰਤ ਸਵਰਨ ਸਿੰਘ ਸਨੇਹੀ ਨੇ ਇਸ ਹਮਲੇ ਵਿਰੁੱਧ ਆਪਣੇ ਲੇਖਾਂ ਦੇ ਸੰਗਹਿ ਦੀ ਪੁਸਤਕ 'ਰੱਤੇ ਵਹਿਣ' ਛਪਵਾਈ ਸੀ। ਜਿਸਨੂੰ 'ਸੋਵੀਅਤ ਲੈਂਡ ਨਹਿਰੂ ਪੁਰਸਕਾਰ' ਨਾਲ ਸਨਮਾਨਿਆ ਗਿਆ ਸੀ।

੧੮ ਅਕਤੂਬਰ ੧੯੭੮ ਨੂੰ ਸਤਿਗੁਰੂ ਜੀ ਥਾਈਲੈਂਡ ਦੇ ਦੌਰੇ ਤੇ ਸਨ। ਡਾ. ਸੁਚਾਟ ਇਸ ਸਮੇਂ ਉਥੇ ਪੰਜ ਕਰੋੜ ਟਿਕਲ ਦੀ ਲਾਗਤ ਨਾਲ ਇਕ ਸ਼ਾਂਤੀ ਮੰਦਰ ਦੀ ਉਸਾਰੀ ਵਿਚ ਰੁਝੇ ਸਨ। ਸਤਿਗੁਰੂ ਜੀ ਨੇ ਆਪਣੀ ਸੰਗਤ ਵਲੋਂ ਇਸ ਵਿਚ ਦੋ ਲਖ ਟਿਕਲ (ਥਾਈ ਸਿੱਕਾ) ਦੇਣ ਦਾ ਹੁਕਮ ਸਾਦਰ ਕੀਤਾ। ਜਿਸਦੀ ਤਾਮੀਲ ਹੋ ਗਈ। ਇਸੇ ਦਿਨ ਸ਼ਾਮ ਨੂੰ ਸੰਗਤ ਨੂੰ ਆਪਣੇ ਸੰਬੋਧਨ ਵਿਚ ਆਪ ਨੇ ਇਉਂ ਫੁਰਮਾਇਆ :

ਲੋਕ ਰੂਸ ਵਾਲਿਆਂ ਨੂੰ ਨਾਸਤਕ ਕਹਿੰਦੇ ਹਨ। ਹੋਣਗੇ, ਪਰ ਮੈਂ ਤਾਂ ਉਸ ਦੇਸ਼ ਵਿਚ ਧਰਮ ਪਰਾਇਣ ਲੋਕਾਂ ਬਾਰੇ ਸੁਣਦਾ ਹਾਂ। ਮੈਂ ਉਹਨਾਂ ਨਾਲ ਸ਼ਾਂਤੀ ਦੇ ਮਿਸ਼ਨ ਵਿਚ ਕੰਮ ਕੀਤਾ ਹੈ। ਮੈਂ ਵੇਖਿਆ ਹੈ ਕਿ ਉਹ ਸੰਸਾਰ ਅਮਨ ਵਿਚ ਭਰਪੂਰ ਹਿਸਾ ਪਾ ਰਹੇ ਹਨ ਅਤੇ ਇਥੇ ਡਾ. ਸੁਚਾਟ ਵੀ ਇਹੋ ਕੰਮ ਕਰ ਰਿਹਾ ਹੈ। ਉਸਦੀ ਮਦਦ ਕਰਨ ਲਈ ਮੇਰਾ ਤਾਂ ਜੀਅ ਕਰਦਾ ਹੈ ਪੰਜ ਦਾ ਪੰਜ ਕਰੋੜ ਹੀ ਉਸਦੇ ਪ੍ਰੋਜੈਕਟ ਦਾ ਅਸੀਂ ਹੀ ਤਾਰੀਏ। ਪਰ ਜੇ ਅਜੇ ਨਹੀਂ ਤਾਂ ਦੋ ਲਖ ਬਾਟ ਤਾਂ ਅਸੀਂ ਜ਼ਰੂਰ ਕੱਲ੍ਹ ਦੇਈਏ।

ਅੱਜ ਜਦੋਂ ਸਾਰਾ ਨਾਮਧਾਰੀ ਜਗਤ ਸ੍ਰੀ ਸਤਿਗੁਰੂ ਜੀ ਦੀ ਗੁਰਗੱਦੀ ਤੇ ਬਿਰਾਜਮਾਨ ਹੋਣ ਦੀ ਗੋਲਡਨ ਜ਼ੁਬਲੀ ਮਨਾ ਰਿਹਾ ਹੈ ਤਾਂ ਇਕ ਧਰੁਵੀ ਵਿਸ਼ਵ ਕਾਇਮ ਕਰਕੇ, ਨਵ-ਸਾਮਰਾਜੀ ਸ਼ਕਤੀਆਂ ਫਿਰ ਆਪਣੇ ਮਨੁੱਖ ਮਾਰੂ ਪੂੰਜੀ ਪ੍ਰਸਤ ਕਿਰਦਾਰ ਨਾਲ ਆਪਣੀਆਂ ਖ਼ੂਨੀ ਨਹੁੰਦਰਾਂ ਏਸ਼ੀਆ ਦੇ ਮੁਲਕਾਂ ਦੀ ਛਾਤੀ ਤੇ ਗੱਢਣ ਦੀਆਂ ਤਿਆਰੀਆਂ ਵਿਚ ਹਨ।

ਡਾ. ਸੁਚਾਟ ਦੇ ਪ੍ਰੇਮ ਕਾਰਨ ਹੀ ਮੈਂ ਕੱਲ ਟੀ. ਵੀ. ਸਟੇਸ਼ਨ ਤੇ ਗਿਆ ਹਾਂ। ਨਹੀਂ ਤਾਂ ਮੈਨੂੰ ਅਜੇਹੀਆਂ ਗੱਲਾਂ ਤੋਂ ਵੀ ਸੰਗ ਆਉਂਦੀ ਹੈ।[੬]

ਥਾਈਲੈਂਡ ਦੇ ਟੀ. ਵੀ. ਪ੍ਰੋਗਰਾਮ ਵਿਚ ਵੀ ਸਤਿਗੁਰੂ ਜੀ ਦੇ ਆਖੇ ਹੇਠਲੇ ਸ਼ਬਦਾਂ ਨੂੰ ਥਾਈ ਭਾਸ਼ਾ ਵਿਚ ਅਨੁਵਾਦਤ ਕਰਕੇ ਪ੍ਰਸਾਰਿਆ ਗਿਆ ਸੀ :

"ਜਿਹੜੇ ਧਰਮੀ ਪੁਰਸ਼ ਥਾਈਲੈਂਡ ਵਿਚ ਵਸਦੇ ਹਨ ਉਹਨਾਂ ਨੂੰ ਮਾਣ ਹੋਣਾ ਚਾਹੀਦਾ ਹੈ ਕਿ ਅਮਨ ਅਤੇ ਸ਼ਾਂਤੀ ਦੇ ਦੂਤ ਡਾ. ਸੁਚਾਟ ਉਹਨਾਂ ਦੇ ਆਪਣੇ ਖ਼ੂਨ ਵਿਚੋਂ ਹਨ। ਥਾਈ ਧਰਤੀ ਵਿਚੋਂ ਹਨ। ਤੁਸੀਂ ਥਾਈ ਲੋਕ ਆਪਣੀ ਧਰਤੀ ਦੇ ਮਾਲਕ ਹੋ। ਤੁਹਾਡਾ ਇਹ ਪਵਿੱਤਰ ਫਰਜ਼ ਹੈ ਕਿ ਸਾਰੇ ਸੰਸਾਰ ਦੇ ਅਮਨ ਅਤੇ ਸ਼ਾਂਤੀ ਲਈ ਜੋ ਹਾਲ ਡਾ. ਸੁਚਾਟ ਤਿਆਰ ਕਰਵਾ ਰਹੇ ਹਨ, ਇਸ ਦੀ ਉਸਾਰੀ ਵਿਚ ਭਰਪੂਰ ਸਹਿਯੋਗ ਦੇਵੋ।

ਅਮਨ ਅਤੇ ਸ਼ਾਂਤੀ ਦਾ ਕਾਰਜ ਕੇਵਲ ਥਾਈ ਸਰਕਾਰ ਦਾ ਨਹੀਂ, ਕਿਸੇ 'ਕੱਲ੍ਹੇ ਕਾਰੇ ਸ਼ਹਿਰੀ ਦਾ ਨਹੀਂ। ਸਗੋਂ ਦੁਨੀਆਂ ਭਰ ਦੇ ਮਾਨਵ ਹਿਤੈਸ਼ੀ ਮਿਸ਼ਨਾਂ ਦਾ ਹੈ। ਇਸ ਲਈ ਸਭਨਾਂ ਦਾ ਕਰਤਵ ਹੈ ਕਿ ਸਾਰੇ ਮਿਲਕੇ ਸੰਸਾਰ ਸ਼ਾਂਤੀ ਲਈ ਪ੍ਰਯਤਨ ਕਰਨ।

ਥਾਈਲੈਂਡ ਵਿਚ ਵਸਦੇ ਜਾਂ ਬਾਹਰਲੇ ਮੁਲਕਾਂ

Namdhari Elibrary NamdhariElibrary@gmail.com

ਵਿਚ ਰਹਿੰਦੇ ਸਮੂਹ ਸਿਖਾਂ ਲਈ ਜ਼ਰੂਰੀ ਹੈ ਕਿ ਉਹ ਡਾ. ਸੁਚਾਟ ਦੇ ਮਨੁੱਖ ਭਲੇ ਦੇ ਜਤਨਾਂ ਵਿਚ ਸਹਾਇਕ ਹੋਣ।"(੭)

ਸਤਿਗੁਰੂ ਜੀ ਸੰਸਾਰ ਅਮਨ ਨੂੰ ਠੀਕ ਹੀ ਮਨੁੱਖ ਭਲੇ ਦਾ ਕਾਰਜ ਦੱਸ ਰਹੇ ਹਨ। ਡਾ. ਸੁਚਾਟ ਨੇ ਵੀ ਇਸੇ ਲਈ ਉਪਰੋਕਤ ਟੀ. ਵੀ. ਪ੍ਰੋਗਰਾਮ ਵਿਚ ਸਤਿਗੁਰੂ ਜੀ ਦੀ ਜਾਣਕਾਰੀ ਇਹਨਾਂ ਸ਼ਬਦਾਂ ਨਾਲ ਕਰਵਾਈ ਸੀ :

"ਆਪ ਮੇਰੇ ਸੁਜਤਨਾਂ ਵਿਚ ਸਹਾਇਕ ਹੋਣ ਲਈ ਅਤੇ ਇਸ ਦਾ ਆਰੰਭ ਕਰਨ ਹਿਤ ਭਾਰਤ ਦੇ ਪੰਜਾਬ ਪ੍ਰਾਂਤ ਵਿਚੋਂ ਆਏ ਹਨ।"

ਬਹੁਤ ਸਾਰੇ ਹੋਲੇ ਮਹੱਲਿਆਂ, ਅਸੂ ਦੇ ਮੇਲਿਆਂ ਅਤੇ ਵਿਸ਼ਵ ਨਾਮਧਾਰੀ ਵਿਦਿਅਕ ਜਥੇ ਦੇ ਸਾਲਾਨਾ ਸਮਾਗਮਾਂ ਸਮੇਂ ਸ੍ਰੀ ਸਤਿਗੁਰੂ ਜੀ ਦੇ ਹੁਕਮਾਂ ਅਨੁਸਾਰ ਵਿਸ਼ੇਸ਼ ਅਮਨ ਸੰਮੇਲਨ ਆਯੋਜਿਤ ਹੁੰਦੇ ਰਹੇ ਹਨ। ਜਿਸ ਵਿਚ ਸ੍ਰੀ ਸਤਿਗੁਰੂ ਜੀ ਪੰਜਾਬ ਅਤੇ ਭਾਰਤ ਦੇ ਚੋਟੀ ਦੇ ਅਮਨ ਸੰਗਰਾਮੀਆਂ ਨੂੰ ਵਿਸ਼ੇਸ਼ ਸੱਦੇ ਤੇ ਬੁਲਾ ਕੇ ਉਹਨਾਂ ਦੇ ਵਿਚਾਰ ਤੋਂ ਆਪਣੀ ਸੰਗਤ ਨੂੰ ਲਾਭਵੰਦ ਹੋਣ ਦੇ ਮੌਕੇ ਪ੍ਰਦਾਨ ਕਰਦੇ ਰਹੇ ਹਨ। ਉਹ ਆਪਣੇ ਸਦ ਉਪਦੇਸ਼ਾਂ ਵਿਚ ਅਕਸਰ ਫੁਰਮਾਇਆ ਕਰਦੇ ਹਨ ਕਿ ਪ੍ਰੇਮ ਪਿਆਰ ਅਤੇ ਸ਼ਾਂਤੀ ਪੂਰਨ ਸਹਿ ਹੋਂਦ ਨਾਲ ਮਨੁੱਖ ਤਾਂ ਕੀ ਜ਼ਹਿਰੀ ਜੀਵਾਂ ਨੂੰ ਵੀ ਵਸ ਕੀਤਾ ਜਾ ਸਕਦਾ ਹੈ। ਆਪ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਨਾਮਧਾਰੀ ਸੰਗਤ ਦੇ ਰੋਪੜ ਨਹਿਰ ਵਾਲੇ ਡੇਰੇ ਦਾ ਜ਼ਿਕਰ ਕਰਦਿਆਂ ਦੱਸਿਆ ਕਰਦੇ ਹਨ ਕਿ ਉਥੇ ਇਕ ਬਹੁਤ ਵੱਡਾ ਫਨੀਅਰ ਸੱਪ ਆ ਗਿਆ। ਸਿੰਘਾਂ ਨੇ ਇਕ ਘੜਾ ਉਸ ਦੀ ਰਿਹਾਇਸ਼ ਲਈ ਰਾਖਵਾਂ ਕਰ ਦਿੱਤਾ। ਉਸ ਦਾ ਜਦੋਂ ਜੀਅ ਕਰਨਾ ਨਹਿਰ ਕਿਨਾਰੇ ਤੁਰ ਫਿਰ ਕੇ ਉਦਰ ਪੂਰਤੀ ਕਰ ਲੈਣੀ ਅਤੇ ਫਿਰ ਸੰਤੁਸ਼ਟ ਹੋ ਕੇ ਉਸੇ ਘੜੇ ਵਿਚ ਆ ਟਿਕਣਾ। ਨਾ ਸਿੰਘ ਉਸ ਨੂੰ ਕੁਝ ਕਹਿੰਦੇ ਸਨ ਅਤੇ ਨਾ ਉਸ ਨੇ ਕਿਸੇ ਜਣੇ ਦਾ ਨੁਕਸਾਨ ਕੀਤਾ। ਕਦੇ ਕਦੇ ਫੁਕਾਰੇ ਮਾਰ ਕੇ ਆਪਣੀ ਹੋਂਦ ਦਾ ਅਹਿਸਾਸ ਕਰਾ ਦਿਆ ਕਰਦਾ ਸੀ। ਸਿੰਘਾਂ ਨੇ ਉਸਦਾ ਨਾਂ 'ਫੂੰਗਰ ਨਾਥ' ਰੱਖਿਆ ਸੀ। ਪੰਜਾਬ ਸਮੱਸਿਆ ਦੇ ਦਿਨਾਂ ਵਿਚ ਜਦੋਂ ਬਹੁਤ ਸਾਰੀਆਂ ਬੇਦੋਸ਼ ਜਾਨਾਂ ਇਸ ਦੀ ਬਲੀ ਚੜ ਰਹੀਆਂ ਸਨ ਤਾਂ ਸਤਿਗੁਰੂ ਜੀ ਬਹੁਤ ਕਸ਼ਟ ਮਨਾਉਂਦੇ ਸਨ। ਉਸ ਸਮੇਂ ਜ਼ਿਆਦਾਤਰ ਹਿੰਦੀ ਪੰਜਾਬੀ ਅਖਬਾਰਾਂ ਫਿਰਕੂ ਉਲਾਰ ਦਾ ਸ਼ਿਕਾਰ ਹੋਕੇ ਇਕ ਤਰਫਾ ਲਿਖਦੀਆਂ ਸਨ। ਆਪ ਨੇ ਨਾਮਧਾਰੀ ਸਿੰਘਾਂ ਨੂੰ ਕਈ ਵਾਰ ਹਿਦਾਇਤ ਕੀਤੀ ਕਿ ਇਹਨਾਂ ਘਟਨਾਵਾਂ ਪ੍ਰਤੀ ਸੰਤੁਲਿਤ ਦ੍ਰਿਸ਼ਟੀਕੋਣ ਅਪਨਾਉਣ ਲਈ ਸੰਗਤ ਨੂੰ ਜਲੰਧਰ ਤੋਂ ਛਪਦੇ ਪੰਜਾਬੀ ਦੇ ਅੱਗੇ ਵਧੂ ਰੋਜ਼ਾਨਾ ਅਖਬਾਰ ਨਵਾਂ ਜਮਾਨਾਂ ਨੂੰ ਹੀ ਪੜ੍ਹਨਾ ਚਾਹੀਦਾ ਹੈ। ਜਗਜੀਤ ਸਿੰਘ ਆਨੰਦ ਅਤੇ ਜਤਿੰਦਰ ਪੰਨੂ ਦੀਆਂ ਸੰਪਾਦਕੀ ਟਿਪਣੀਆਂ ਕਈ ਵੇਰ ਆਪ ਦੀ ਪ੍ਰਸੰਸਾ ਦਾ ਪਾਤਰ ਬਣਦੀਆਂ ਸਨ।

ਕੁਝ ਸੰਸਥਾਵਾਂ ਨੇ ਆਪ ਨੂੰ ਧਰਮ ਰਤਨ ਸਨਮਾਨ ਭੇਟ ਕੀਤਾ। ਇਸ ਮੌਕੇ ਤੇ ਆਪਣੇ ਸੰਬੋਧਨ ਵਿਚ ਆਪ ਨੇ ਫੁਰਮਾਇਆ :

ਜਿਹੜਾ ਮਸਾਲਾ ਬਣ ਚੁੱਕਾ ਏ, ਬੰਬ ਜਿਹੜੇ ਬਣ ਚੁੱਕੇ ਨੇ, ਅਗਰ ਉਹ ਚੱਲ ਜਾਣ ਤਾਂ ਸਾਰੀ ਦੁਨੀਆਂ ਇਕ ਵੇਰਾਂ ਨਹੀਂ ਕਈ ਵੇਰਾਂ ਖਤਮ ਹੋ ਸਕਦੀ ਹੈ। ਇਸ ਦੇ ਵਾਸਤੇ ਬਹੁਤ ਜ਼ਰੂਰੀ ਹੈ ਕਿ ਇਸਨੂੰ ਸਮਾਪਤ ਕੀਤਾ ਜਾਏ। ਜਿਹੜੀ ਵਿਸ਼ਵ ਸ਼ਾਂਤੀ ਹੈ ਇਹਨੂੰ ਲਿਆਂਦਾ ਜਾਵੇ। ਅਸ਼ਾਂਤੀ ਖਤਮ ਕੀਤੀ ਜਾਵੇ। ਮੈਨੂੰ ਬੜੀ ਖੁਸ਼ੀ ਹੈ ਕਿ ਜਿਹੜੇ ਲੋਕ ਇਹ ਕੰਮ ਕਰਦੇ ਨੇ, ਉਹਦੇ ਨਾਲ ਸੰਸਾਰ ਤੇ ਸ਼ਾਂਤੀ ਹੋ ਸਕਦੀ ਹੈ। ਤੁਸੀਂ ਜੇ ੪੦-੫੦ ਦੇਸ਼ਾਂ ਵਿਚ ਜਾਓਗੇ ਤਾਂ ਲੋਕ ਹੋਰ ਉਦਮ ਕਰਨਗੇ। ਇਸ ਤਰ੍ਹਾਂ ਕਰਨ ਨਾਲ ਸੰਸਾਰ ਤੇ ਸ਼ਾਂਤੀ ਹੋ ਸਕਦੀ ਹੈ। (੮)

ਇਸ ਤਰ੍ਹਾਂ ਆਪ ਨਿਸ਼ਸਤਰੀਕਰਨ ਨੂੰ ਹੀ ਵਿਸ਼ਵ ਸ਼ਾਂਤੀ ਦਾ ਇਕ ਮਾਤਰ ਕਾਰਗਾਰ ਤਰੀਕਾ ਪ੍ਰਚਾਰਦੇ ਹਨ। ਪੈਸਾ ਜਿਹੜਾ ਹਥਿਆਰਾਂ ਦੀ ਦੌੜ ਤੇਜ਼ ਕਰਨ ਤੇ ਲਗਦਾ ਹੈ ਉਸ ਨਾਲ ਗਰੀਬ ਦੇਸ਼ਾਂ ਵਿਚ ਭੁਖ ਨੰਗ, ਅਨਪੜ੍ਹਤਾ, ਜਹਾਲਤ ਅਤੇ ਮਾਰੂ ਰੋਗਾਂ ਦਾ ਟਾਕਰਾ ਕਰਕੇ ਦੁਨੀਆਂ ਨੂੰ ਹੋਰ ਬੇਹਤਰ ਬਣਾਇਆ ਜਾ ਸਕਦਾ ਹੈ। ਵਿਸ਼ਵ ਦੇ ਅਫਰੀਕਨ ਮਹਾਂਦੀਪਾਂ ਵਿਚ ਜੋ ਜੋਮੋ ਕਨਿਆਟਾ ਜਿਹੇ ਸਾਮਰਾਜ ਵਿਰੋਧੀ ਅਤੇ ਸੰਸਾਰ ਅਮਨ ਦੇ ਆਗੂਆਂ ਨਾਲ ਆਪ ਦੇ ਬੜੇ ਨੇੜੇ ਦੇ ਸੰਬੰਧ ਰਹੇ ਹਨ

ਅੱਜ ਜਦੋਂ ਸਾਰਾ ਨਾਮਧਾਰੀ ਜਗਤ ਸ੍ਰੀ ਸਤਿਗੁਰੂ ਜੀ ਦੀ ਗੁਰਗੱਦੀ ਤੇ ਬਿਰਾਜਮਾਨ ਹੋਣ ਦੀ ਗੋਲਡਨ ਜ਼ੁਬਲੀ ਮਨਾ ਰਿਹਾ ਹੈ ਤਾਂ ਇਕ ਧਰੁਵੀ ਵਿਸ਼ਵ ਕਾਇਮ ਕਰਕੇ, ਨਵ-ਸਾਮਰਾਜੀ ਸ਼ਕਤੀਆਂ

Namdhari Elibrary NamdhariElibrary@gmail.com

ਫਿਰ ਆਪਣੇ ਮਨੁੱਖ ਮਾਰੂ ਪੂੰਜੀ ਪ੍ਰਸਤ ਕਿਰਦਾਰ ਨਾਲ ਆਪਣੀਆਂ ਖ਼ੂਨੀ ਨਹੁੰਦਰਾਂ ਏਸ਼ੀਆ ਦੇ ਮੁਲਕਾਂ ਦੀ ਛਾਤੀ ਤੇ ਗੱਢਣ ਦੀਆਂ ਤਿਆਰੀਆਂ ਵਿਚ ਹਨ। ਨਾਮਧਾਰੀ ਪੰਥ ਦੀ ਇਸ ਸਾਮਰਾਜ ਵਿਰੋਧੀ, ਜਮਹੂਰੀ ਤੇ ਲੋਕ ਪੱਖੀ ਰਵਾਇਤ ਨੂੰ ਹੋਰ ਮਜ਼ਬੂਤ ਕਰਕੇ ਅਸੀਂ ਆਪਣੇ ਨਰੋਏ ਸੱਭਿਆਚਾਰ ਨੂੰ ਪ੍ਰਦੂਸ਼ਤ ਹੋਣ ਤੋਂ ਵੀ ਬਚਾਣਾ ਹੈ ਅਤੇ ਇਤਿਹਾਸ ਵਿਚ ਆਪਣੀ ਸਾਰਥਕ ਭੂਮਿਕਾ ਨਿਭਾਉਣ ਲਈ ਆਪਣੀ ਵਚਨਬੱਧਤਾ ਨੂੰ ਫਿਰ ਮਜ਼ਬੂਤ ਕਰਨ ਦਾ ਸੰਕਲਪ ਵੀ ਲੈਣਾ ਹੈ। ਸਭ ਲਈ ਅਮਨ ਮਨੁੱਖ ਜਾਤੀ ਦੇ ਉਜਲ ਭਵਿਖ ਲਈ, ਸ਼ਾਂਤੀ ਕਾਮੀ ਸ਼ਕਤੀਆਂ ਨੂੰ ਫਿਰ ਮਜ਼ਬੂਤ ਕਰਨਾ ਬਹੁਤ ਜ਼ਰੂਰੀ ਹੈ।

ਵਿਸ਼ਵ ਅਮਨ ਲਈ ਨਰੋਈਆਂ ਤੇ ਨਿਵੇਕਲੀਆਂ ਪਹਿਲੀ ਕਦਮੀਆਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਸਿਖਿਆ ਦਾ ਹਮੇਸ਼ਾ ਟੁੰਬਵਾਂ ਤੇ ਉਭੰਰਵਾਂ ਪੱਖ ਬਣੀਆਂ ਰਹਿਣਗੀਆਂ।

ਫੁਟ ਨੋਟ :

੧. ਮਾਲਵੇਂਦਰ-ਇੰਦਰ ਸਿੰਘ ਚਕਰਵਰਤੀ - ੧੯੫੭ ਈ. - ਦਿੱਲੀ, ਸਫਾ ੧੪੬

੨. ਨਾਮਧਾਰੀ ਨਿਤਨੇਮ - ੧੯ਵੀਂ ਵਾਰ - ਸੰਮਤ ੨੦੬੫ - ਸ੍ਰੀ ਭੈਣੀ ਸਾਹਿਬ ਪੰਨਾ (ਗ, ਜ਼.)

੩. ਸਤਿਗੁਰੂ ਬਿਲਾਸ ਭਾਗ ਦੂਜਾ - ਭਾਈ ਸੰਤੋਖ ਸਿੰਘ ਬਾਹੋਵਾਲ - (ਸੰਪਾਦਕ ਜਸਵਿੰਦਰ ਸਿੰਘ) - ਸੰਨ ੨੦੦੫ ਈ. - ਸ੍ਰੀ ਭੈਣੀ ਸਾਹਿਬ ਸਫਾ ੩੫੬

੪. ਲਾਲ ਏਹਿ ਰਤਨ (ਚੌਥਾ ਭਾਗ) - (ਸੰਪਾਦਕ ਪ੍ਰਿੰਸੀਪਲ ਬੇਅੰਤ ਕੌਰ) - ਸੰਨ ੨੦੦੩ ਈ. - ਸ੍ਰੀ ਭੈਣੀ ਸਾਹਿਬ, ਸਫਾ ੧੨੦

੫. ਸਤਿਜੁਗ ਗੁਰਗੱਦੀ ਦੇ ੪੦ ਸਾਲ ਵਿਸ਼ੇਸ਼ ਅੰਕ - ਸੰਮਤ ੨੦੫੬ ਬਿਕਰਮੀ - ਦਿੱਲੀ - ਸਫਾ ੩੭, ੩੮

੬. ਬੀਤੇ ਦੀਆਂ ਪੈੜਾਂ - ਭਾਗ ੩ - ਪ੍ਰੀਤਮ ਸਿੰਘ ਕਵੀ - ੧੯੯੨ ਈ. - ਨਵੀਂ ਦਿਲੀ - ਸਫਾ ੨੬੭-੬੮

੭. ਓਹੀ - ਸਫਾ ੨੬੦

੮. ਪ੍ਰਵਚਨ-ਸ੍ਰੀ ਸਤਿਗੁਰੂ ਜਗਜੀਤ ਸਿੰਘ - (ਸੰਗ੍ਰਹਿ ਕਰਤਾ ਹਰਵਿੰਦਰ ਸਿੰਘ ਹੰਸਪਾਲ) - ੨੦੦੧ ਈ. - ਸ੍ਰੀ ਭੈਣੀ ਸਾਹਿਬ, ਸਫਾ ੨੫੫-੫੬

ਜਗਜੀਤ ਗੁਰੂ ਤੇਰੀ ਉਪਮਾ ਹਰ ਥਾਂ ਭਾਰੀ ਏ

✍ ਕੁਲਦੀਪ ਸਿੰਘ ਦੀਪ

ਜਗਜੀਤ ਗੁਰੂ ਤੇਰੀ ਉਪਮਾ ਹਰ ਥਾਂ ਭਾਰੀ ਏ।
ਝੁਕ ਝੁਕ ਸਿਜਦੇ ਕਰਦੀ ਦੁਨੀਆਂ ਸਾਰੀ ਏ।
ਜੋ ਵੀ ਦਰ ਤੇ ਆਇਆ ਖਾਲੀ ਮੋੜਿਆ ਨਾ।
ਕੀਤੇ ਕਾਰਜ ਪੂਰੇ ਦਿਲਾਂ ਨੂੰ ਤੋੜਿਆ ਨਾ।
ਤਾਂਹੀ ਇਹ ਗੀਤ ਗੋਂਦੀ ਦੁਨੀਆਂ ਸਾਰੀ ਏ।
ਜਗਜੀਤ ਗੁਰੂ ਤੇਰੀ ਉਪਮਾ....

ਤੂੰ ਦੁਖੀਆਂ ਦਾ ਸਦਾ ਹੀ ਦੁੱਖ ਵੰਡਾਨਾ ਏ।
ਲੋੜਵੰਦਾਂ ਦੀ ਝੋਲੀ ਭਰਦਾ ਜਾਨਾਂ ਏ।
ਪਾਂਦੇ ਮਿਠੜੇ ਮੇਵੇ ਸਭ ਨਰ ਨਾਰੀ ਏ।
ਜਗਜੀਤ ਗੁਰੂ ਤੇਰੀ ਉਪਮਾ....

ਦਰ ਤੇਰੇ ਤੇ ਸਦਾ ਹੀ ਰਹਿਮਤ ਵਸਦੀ ਏ।
ਬਖ਼ਸ਼ਿਸ਼ ਦੇ ਦਰਵਾਜੇ ਖੁਲ੍ਹੇ ਦੱਸਦੀ ਏ।
ਕਰੇਂ ਮੁਰਾਦਾਂ ਪੂਰੀਆਂ ਨਾ ਇਨਕਾਰੀ ਏ।
ਜਗਜੀਤ ਗੁਰੂ ਤੇਰੀ ਉਪਮਾ....

ਸਭ ਦੁਨੀਆਂ ਨੂੰ ਰੋਜ਼ੀ ਤੂੰ ਪਹੁੰਚਾਨਾ ਏ।
ਡਿਗੇ ਪਏ ਗਰੀਬਾਂ ਤਾਈਂ ਤੂੰ ਉਠਾਨਾ ਏ।
ਰਸਤਾਂ ਵੰਡੇਂ 'ਦੀਪ' ਨੂੰ ਬਣ ਭੰਡਾਰੀ ਏ।
ਜਗਜੀਤ ਗੁਰੂ ਤੇਰੀ ਉਪਮਾ ਹਰ ਥਾਂ ਭਾਰੀ ਏ।

ਰੁਬਾਈ

✍ ਪ੍ਰੀਤਮ ਸਿੰਘ ਕਵੀ

ਵੰਨ ਸੁਵੰਨੇ ਰੂਪ ਧਾਰਦਾ ਜੁਗ ਜਗਾਂਤਰੋਂ ਆਇਆ।
ਦਇਆ ਧਰਮ ਦੀਆਂ ਕਿਰਨਾਂ ਸੁਟ ਸੁਟ, ਇਸ ਜੱਗ ਨੂੰ ਰੁਸ਼ਨਾਇਆ।
ਸਦਕੇ ਉਸ ਪਿਆਰ ਦੇ, ਸਾਨੂੰ ਲਾਵਾਰਸ ਨਹੀਂ ਕੀਤਾ।
ਦੇ ਜਗਜੀਤ ਸਤਿਗੁਰੂ ਪਿਆਰਾ, ਉਸ ਵਿਚ ਆਪ ਛੁਪਾਇਆ।

Namdhari Elibrary NamdhariElibrary@gmail.com

ਉਸਤਾਦਾਂ ਦੇ ਉਸਤਾਦ

✍ ਹਰਭਜਨ ਸਿੰਘ ਯੂ. ਕੇ.

ਸ੍ਰੀ ਸਤਿਗੁਰੂ ਜੀ ਦਾ ਸੁਭਾਅ ਬਹੁਤ ਵਿਨੋਦੀ ਹੈ। ਤੁਸੀਂ ਉਹਨਾਂ ਨੂੰ ਮਿਲਦੇ ਹੋ ਤਾਂ ਉਹ ਤੁਹਾਨੂੰ ਕਦੇ ਵੀ ਇਹ ਮਹਿਸੂਸ ਨਹੀਂ ਹੋਣ ਦੇਣਗੇ ਕਿ ਤੁਸੀਂ ਕਿਸੇ ਉਚ ਸ਼ਖਸੀਅਤ ਕੋਲ ਬੈਠੇ ਹੋ ਤੁਹਾਨੂੰ ਇੱਦਾਂ ਹੀ ਲਗੇਗਾ ਕਿ ਤੁਸੀਂ ਆਪਣੇ ਪਿਤਾ ਨਾਲ ਗੱਲਾਂਬਾਤਾਂ ਕਰ ਰਹੇ ਹੋ।

ਤੂੰ ਬੇਅੰਤ ਤੇਰੀ ਮਿਤ ਨਹੀਂ ਪਾਇਐ।।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਇਕ ਬਹੁਪੱਖੀ ਸ਼ਖਸੀਅਤ ਦੇ ਮਾਲਿਕ ਹਨ। ਉਹਨਾਂ ਬਾਰੇ ਕਿਸੇ ਵੀ ਪੱਖ ਤੇ ਲਿਖਿਆ ਜਾ ਸਕਦਾ ਹੈ। ਪਰ ਮੈਂ ਇੱਕ ਛੋਟਾ ਜਿਹਾ ਸੰਗੀਤਕਾਰ ਹੋਣ ਦੇ ਨਾਤੇ ਉਹਨਾਂ ਦੀ ਸੰਗੀਤਕ ਹਸਤੀ ਬਾਰੇ ਹੀ ਕੁਛ ਲਿਖਾਂਗਾ।

ਮੈਂ ਬਹੁਤ ਹੀ ਭਾਗਸ਼ਾਲੀ ਹਾਂ ਕਿ ਮੈਨੂੰ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਰਹਿਕੇ ਸੰਗੀਤ ਸਿਖਣ ਦਾ ਅਵਸਰ ਮਿਲਿਆ ਹੈ ਤੇ ਉਹਨਾਂ ਦੀ ਅਸੀਮ ਪਿਆਰ ਦਾ ਨਿੱਘ ਵੀ ਮਾਣਿਆ ਹੈ।

ਸ੍ਰੀ ਜੀਵਨ ਨਗਰ ਮੇਰਾ (ਉਸਤੰਾਦ ਹਰਭਜਨ ਸਿੰਘ ਪੁੱਤਰ ਸੰਤ ਗੁਰਮੁਖ ਸਿੰਘ) ਪਿੰਡ ਸੀ ਉਥੇ ਸ੍ਰੀ ਗੁਰੂ ਹਰੀ ਸਿੰਘ ਵਿਦਿਆਲੇ ਪੜ੍ਹਨ ਦੇ ਨਾਲ ਨਾਲ ਸੰਗੀਤ ਸਿਖਣ ਦਾ ਮੌਕਾ ਵੀ ਮਿਲਿਆ।

ਕੁਦਰਤ ਵਲੋਂ ਹਰ ਆਦਮੀ ਕੁਝ ਨਾ ਕੁਝ ਕਿਸੇ ਨਾ ਕਿਸੇ ਚੀਜ਼ ਵੱਲ ਹੁੰਦਾ ਹੈ ਤੇ ਸਮਾਂ ਪਾਕੇ ਉਸਦਾ ਕਿੱਤਾ ਜਾਂ ਮਨ ਪਰਚਾਵੇ ਦਾ ਸਾਧਨ ਬਣ ਜਾਂਦਾ ਹੈ।

ਸੰਗੀਤ ਮੈਨੂੰ ਬਚਪਨ ਤੋਂ ਹੀ ਆਕਰਸ਼ਿਤ ਕਰਦਾ ਸੀ ਤੇ ਮੈਂ ੧੦-੧੨ ਸਾਲ ਦੀ ਉਮਰ ਵਿਚ ਹਾਰਮੋਨੀਅਮ ਵਜਾਉਣ ਲੱਗ ਪਿਆ, ਜੋ ਅੱਗੇ ਚਲਕੇ ਮੈਨੂੰ ਸੰਗੀਤ ਦੇ ਖੇਤਰ 'ਚ ਲੈ ਜਾਣ ਲਈ ਸਹਾਈ ਹੋਇਆ। ਮੇਰੇ ਜੀਵਨ ਨਗਰ ਦੇ ਵਸਨੀਕ ਹੋਣ ਕਾਰਨ ਸੋਨੇ ਤੇ ਸੁਹਾਗੇ ਵਾਲੀ ਗੱਲ ਬਣ ਗਈ।

ਉਥੇ ਸ੍ਰੀ ਸਤਿਗੁਰੂ ਜੀ ਦੀ ਰਿਹਾਇਸ਼ ਹੋਣ ਕਾਰਨ ਹਮੇਸ਼ਾ ਸੰਗੀਤ ਦਾ ਮਾਹੌਲ ਬਣਿਆ ਰਹਿੰਦਾ ਸੀ ਤੇ ਇਸਦਾ ਮੈਨੂੰ ਭਰਪੂਰ ਲਾਭ ਮਿਲਿਆ। ਮੈਂ ਉਥੇ ਰੋਜ਼ ਆਸਾ ਦੀ ਵਾਰ (ਵਾਰੇ) ਵਿਚ ਹਾਰਮੋਨੀਅਮ ਵਜਾਉਂਦਾ ਤੇ ਫਿਰ ਇਕ ਦਿਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਮੈਨੂੰ ਛੋਟੇ ਜਿਹੇ ਨੂੰ ਹਾਰਮੋਨੀਅਮ ਵਜਾਉਂਦਾ ਵੇਖਕੇ ਬੜੇ ਖੁਸ਼ ਹੋਏ। ਉਸ ਦਿਨ ਤੋਂ ਸ੍ਰੀ ਸਤਿਗੁਰੂ ਜੀ ਮੈਨੂੰ ਰਾਗਾ ਕਹਿ ਕੇ ਹੀ ਬੁਲਾਉਂਦੇ ਸਨ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸੰਗੀਤ ਦੇ ਕਿਤਨੇ ਮਰਮੱਗ ਸਨ ਇਹ ਤਾਂ ਸਰਵਵਿਦਿਤ ਹੈ। ਉਸ ਵਕਤ ਦੇ ਸਭ ਹਿੰਦੁਸਤਾਨ ਦੇ ਸੰਗੀਤਕਾਰ ਉਹਨਾਂ ਦੇ ਚਰਨਾਂ ਵਿਚ ਹਾਜ਼ਰ ਹੋ ਕੇ ਆਪਣੀ ਕਲਾ ਦਾ ਪ੍ਰਦਰਸ਼ਨ ਕਰਨਾ ਆਪਣਾ ਮਾਣ ਸਮਝਦੇ ਸਨ। ਸ੍ਰੀ ਸਤਿਗੁਰੂ ਜੀ ਨੇ ਸ੍ਰੀ ਭੈਣੀ ਸਾਹਿਬ ਸੰਗੀਤ ਵਿਦਿਆਲੇ ਦੀ ਸਥਾਪਨਾ ਕੀਤੀ। ਉਥੇ ਉਚ ਕੋਟੀ ਦੇ ਸੰਗੀਤਕਾਰਾਂ ਤੋਂ ਵਿਦਿਆਰਥੀਆਂ ਨੂੰ ਸਿਖਿਆ ਦਿਵਾਈ, ਉਸਤਾਦ ਹਰਨਾਮ ਸਿੰਘ, ਉਸਤਾਦ ਊਧੋ ਖਾਂ ਤੇ ਉਸਤਾਦ ਰਹੀਮ ਬਖਸ਼ ਸ਼ਾਸਤਰੀ ਸੰਗੀਤ ਵਿਚ ਧਰੁਪਦ, ਧਮਾਰ, ਖਿਆਲ, ਠੁਮਰੀ, ਤਰਾਨੇ

Namdhari Elibrary NamdhariElibrary@gmail.com

ਆਦਿ ਸਿਖਾਂਦੇ ਤੇ ਭਾਈ ਤਾਬਾ ਜੀ ਰਬਾਬੀ ਤੇ ਭਾਈ ਨਸੀਰ ਜੀ ਗੁਰਬਾਣੀ ਕੀਰਤਨ ਦੀਆਂ ਟਕਸਾਲੀ ਰੀਤਾਂ ਤੇ ਪਖਾਵਜ ਦੀ ਸਿਖਿਆ ਦਿੰਦੇ ਸਨ।

ਉਸ ਵਿਦਿਆਲੇ ਦੇ ਵਿਦਿਆਰਥੀ ਸਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਸ੍ਰੀ ਮਹਾਰਾਜ ਬੀਰ ਸਿੰਘ ਜੀ, ਸ੍ਰੀ ਹਜ਼ੂਰ ਸਿੰਘ ਚੰਦ੍ਰਹਾਂਸ, ਉਸਤਾਦ ਤਾਰਾ ਸਿੰਘ, ਪੰਡਿਤ ਰਾਜਿੰਦਰ ਸਿੰਘ ਤੇ ਸ੍ਰੀ ਪ੍ਰੀਤਮ ਸਿੰਘ ਕਵੀ ਆਦਿ।

ਅੱਜ ਜਦੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ਾਂ ਦੀ ਰਿਕਾਰਡਿੰਗ ਸੁਣਦੇ ਹਾਂ, ਤਾਂ ਉਹ ਬਾਰ ਬਾਰ ਹਰ ਸਿੱਖ ਨੂੰ ਸੰਗੀਤ ਕੀਰਤਨ ਸਿਖਣ ਦੀ ਪ੍ਰੇਰਨਾ ਕਰਦੇ ਹਨ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਬਾਅਦ ਇਹਨਾਂ ਸੱਚੇ ਪਾਤਸ਼ਾਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਤਾਂ ਸੰਗੀਤ ਦਾ ਯੱਗ ਹੀ ਲਾ ਦਿਤਾ ਹੈ। ਸੰਗੀਤ ਦਾ ਕੋਈ ਵੀ ਸਵਾਲੀ ਆਇਆ ਭਾਵੇਂ ਉਹ ਕਿਸੇ ਭੇਖ ਦਾ ਵੀ ਹੋਵੇ ਉਸ ਦੀ ਹਰ ਤਰ੍ਹਾਂ ਨਾਲ ਮਦਦ ਕੀਤੀ। ਜਿਸ ਵੀ ਗੁਰੂ, ਉਸਤਾਦ ਕੋਲੋਂ ਉਸਨੇ ਸਿਖਣਾ ਚਾਹਿਆ ਉਥੇ ਹੀ ਉਸਦਾ ਆਪਣੇ ਖਰਚ ਤੇ ਪ੍ਰਬੰਧ ਕਰ ਦਿਤਾ।

ਮੈਨੂੰ ਯਾਦ ਹੈ ਇਹਨਾਂ ਸੱਚੇ ਪਾਤਸ਼ਾਹ ਜੀ ਦੀ ਸੰਗੀਤ ਬੈਠਕ ਮੈਂ ਸਭ ਤੋਂ ਪਹਿਲਾਂ ਸ੍ਰੀ ਭੈਣੀ ਸਾਹਿਬ ਪੰਡਤ ਗੋਪਾਲ ਸਿੰਘ ਦੇ ਡੇਰੇ ਤੇ ਸੁਣੀ ਸੀ। ਉਸ ਦਿਨ ਸ੍ਰੀ ਅੰਮ੍ਰਿਤਸਰ ਤੋਂ ਪੰਡਤ ਮਹਾਂਦੇਵ ਪ੍ਰਸ਼ਾਦ (ਕੱਥਕ) ਤੇ ਹੋਰ ਕਲਾਕਾਰ ਉਚੇਚੇ ਤੌਰ ਤੇ ਆਏ ਸਨ। ਸ੍ਰੀ ਸਤਿਗੁਰੂ ਜੀ ਨੇ ਉਸ ਦਿਨ ਰਾਗ ਸ਼ੰਕਰਾ ਤਾਲ ਧਮਾਰ ਵਿਚ ਗਾਇਆ। ਸ਼ਬਦ ਸੀ - **ਲਾਗੀ ਹੋਇ ਸੁ ਜਾਨੈ ਪੀਰ॥** ਬਹੁਤ ਹੀ ਗੱਡੀ ਹੋਈ ਲੈਅ ਵਿਚ ਗਾਇਨ ਹੋ ਰਿਹਾ ਸੀ। ਸ੍ਰੀ ਸਤਿਗੁਰੂ ਜੀ ਐਸ ਖੂਬਸੂਰਤੀ ਨਾਲ ਸਮ ਤੇ ਆਉਂਦੇ ਕਿ ਪੰਡਤ ਜੀ ਤੇ ਹੋਰ ਸਭ ਵਾਹ ਵਾਹ ਦੀ ਝੜੀ ਲਾ ਦਿੰਦੇ। ਉਹ ਅਲੌਕਿਕ ਸਮਾਂ ਅਜੇ ਵੀ ਅੱਖਾਂ ਅੱਗੇ ਤਾਰੀ ਹੋ ਜਾਂਦਾ ਹੈ। ਮੇਰੇ ਖਿਆਲ ਵਿਚ ਉਹ ਬੈਠਕ ਸ੍ਰੀ ਭੈਣੀ ਸਾਹਿਬ ਸੰਗੀਤ ਵਿਦਿਆਲੇ ਦੀ ਦੂਸਰੀ ਪਾਰੀ ਸ਼ੁਰੂ ਕਰਨ ਸਮੇਂ ਹੋਈ ਸੀ। ਉਸ ਦਿਨ ਸਾਨੂੰ ਸਭ ਵਿਦਿਆਰਥੀਆਂ ਨੂੰ ਪੰਡਤ ਮਹਾਂਦੇਵ ਦਾ ਸ਼ਗਿਰਦ ਬਣਾਇਆ। ਠਾਕੁਰ ਦਲੀਪ ਸਿੰਘ ਤੇ ਮੇਰੇ ਛੋਟੇ ਵੀਰ ਮਨਜੀਤ ਸਿੰਘ ਨੂੰ ਸੁਰਾਂ ਭਰਾਕੇ ਇਸਦਾ ਸ਼ੁਭਾਰੰਭ ਕੀਤਾ ਗਿਆ।

ਸ੍ਰੀ ਸਤਿਗੁਰੂ ਜੀ ਨੇ ਆਪਣੇ ਪਿਤਾ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਵਿਚ ਬਹੁਤ ਹੀ ਵੱਡੇ ਪੈਮਾਨੇ ਤੇ ਹਿੰਦੁਸਤਾਨ ਦੇ ਅਲੱਗ ਅਲੱਗ ਸ਼ਹਿਰਾਂ ਵਿੱਚ ਕਈ ਸੰਗੀਤ ਸੰਮੇਲਨ ਕਰਵਾਏ ਤੇ ਛੋਟੀਆਂ-ਛੋਟੀਆਂ ਸੰਗੀਤ ਬੈਠਕਾਂ ਤੇ ਗੋਸ਼ਟੀਆਂ ਦਾ ਤਾਂ ਕੋਈ ਅੰਤ ਹੀ ਨਹੀਂ ਰਿਹਾ। ਇਸ ਨਾਲ ਭਾਰਤ ਦੇ ਵੱਡੇ ਵੱਡੇ ਕਲਾਕਾਰ ਸ੍ਰੀ ਸਤਿਗੁਰੂ ਜੀ ਦੇ ਪ੍ਰੇਮ ਵਿਚ ਬੱਝ ਗਏ ਅਤੇ ਅੱਜ ਸਭ ਸ੍ਰੀ ਸਤਿਗੁਰੂ ਜੀ ਨੂੰ ਸੰਗੀਤ ਰੱਖਿਅਕ ਦੇ ਤੌਰ ਤੇ ਮੰਨਦੇ ਹਨ।

ਸ੍ਰੀ ਸਤਿਗੁਰੂ ਜੀ ਸੰਗੀਤ ਵਿਚ ਇੰਨਾਂ ਖੋ ਜਾਂਦੇ ਹਨ ਕਿ ਵਕਤ ਦਾ ਪਤਾ ਹੀ ਨਹੀਂ ਲਗਦਾ। ਸਾਰੀ ਸਾਰੀ ਰਾਤ ਦੀਆਂ ਬੈਠਕਾਂ ਵਿਚ ਚੌਕੜਾ ਵੀ ਨਹੀਂ ਬਦਲਦੇ। ਮੈਨੂੰ ਯਾਦ ਹੈ ਇਕ ਵਾਰ ਸ੍ਰੀ ਭੈਣੀ ਸਾਹਿਬ ਸ੍ਰੀ ਸਤਿਗੁਰੂ ਜੀ ਬਾਥਰੂਮ ਵਿਚੋਂ ਬਾਹਰ ਆਏ ਤੇ ਆਪ ਪੋਟਿਆਂ ਤੇ ਮਾਤ੍ਰਾ ਗਿਣ ਰਹੇ ਸਨ। ਬੇਬੇ ਦਲੀਪ ਕੌਰ (ਧਰਮ ਪਤਨੀ ਮਹਾਰਾਜ ਬੀਰ ਸਿੰਘ) ਵੇਖਕੇ ਕਹਿਣ ਲੱਗੇ ਕਿ ਇਹ ਕੀ ਹਰ ਵਕਤ ਕਰਦੇ ਰਹਿੰਦੇ ਹੋ ਹੋਰ ਕੋਈ ਕੰਮ ਨਹੀਂ ਤੁਹਾਨੂੰ? ਇਸਤੇ ਸਤਿਗੁਰੂ ਜੀ ਮੁਸਕਰਾ ਪਏ।

ਸ੍ਰੀ ਸਤਿਗੁਰੂ ਜੀ ਲੈਅ ਤਾਲ ਨੂੰ ਇਸ ਬਾਰੀਕੀ ਨਾਲ ਵੇਖਦੇ ਹਨ ਕਿ ਸੰਸਾਰ ਪ੍ਰਸਿੱਧ ਸਿਤਾਰ ਵਾਦਕ ਪੰਡਤ ਰਵੀ ਸ਼ੰਕਰ ਇਕ ਵਾਰ ਲੰਡਨ ਸ੍ਰੀ ਸਤਿਗੁਰੂ ਜੀ ਪਾਸ ਇਕ ਸੰਗੀਤ ਬੈਠਕ ਵਿਚ ਆਏ ਤਾਂ ਉਹ ਵੀ ਇਹਨਾਂ ਦਾ ਤਾਲ ਤੇ ਅਧਿਕਾਰ ਦੇਖਕੇ ਦੰਗ ਰਹਿ ਗਏ। ਜਿਵੇਂ ਪ੍ਰਸਿੱਧ ਤਬਲਾ ਵਾਦਕ ਪੰਡਿਤ ਕਿਸ਼ਨ ਮਹਾਰਾਜ ਨੇ ਸ੍ਰੀ ਸਤਿਗੁਰੂ ਜੀ ਦੀ ਉਸਤਤੀ ਵਿਚ ਇਕ ਕਵਿਤਾ ਲਿਖੀ ਹੈ ਉਸਦੀ ਇਕ ਤੁਕ ਹੈ :

ਜਿਨਕੇ ਹੀਏ ਸੁਰ ਲੈ ਬਸੇ
ਔਰ ਬਸੇ ਸੰਗੀਤ।

ਸ੍ਰੀ ਸਤਿਗੁਰੂ ਜੀ ਦਾ ਸੁਭਾਅ ਬਹੁਤ ਵਿਨੋਦੀ ਹੈ। ਤੁਸੀਂ ਉਹਨਾਂ ਨੂੰ ਮਿਲਦੇ ਹੋ ਤਾਂ ਉਹ ਤੁਹਾਨੂੰ ਕਦੇ ਵੀ ਇਹ ਮਹਿਸੂਸ ਨਹੀਂ ਹੋਣ ਦੇਣਗੇ ਕਿ ਤੁਸੀਂ ਕਿਸੇ ਉਚ ਸ਼ਖਸੀਅਤ ਕੋਲ ਬੈਠੇ ਹੋ ਤੁਹਾਨੂੰ ਇੱਦਾਂ ਹੀ ਲਗੇਗਾ ਕਿ ਤੁਸੀਂ ਆਪਣੇ ਪਿਤਾ ਨਾਲ ਗੱਲਾਂਬਾਤਾਂ ਕਰ ਰਹੇ ਹੋ।

ਇਕ ਵਾਰ ਸ੍ਰੀ ਜੀਵਨ ਨਗਰ ਗਾਇਨ ਹੋ ਰਿਹਾ ਸੀ ਸ੍ਰੀ ਕੇ. ਮਹਾਵੀਰ (ਪੁੱਤਰ ਪੰਡਤ ਮਹਾਂਦੇਵ

Namdhari Elibrary NamdhariElibrary@gmail.com

ਪ੍ਰਸ਼ਾਦ) ਖਿਆਲ ਗਾ ਰਹੇ ਸਨ। ਖਿਆਲ ਦੇ ਬੋਲ ਸਨ- ਮਨ ਮੇਂ ਵੋਹੀ ਹੈ ਤਨ ਮੇਂ ਵੋਹੀ ਹੈ। ਸ੍ਰੀ ਸਤਿਗੁਰੂ ਜੀ ਨੇ ਉਹਨਾਂ ਨੂੰ ਇਸ ਵਿਚ ਤਿਹਾਈ ਲੈ ਕੇ ਆਉਣ ਨੂੰ ਕਿਹਾ। ਹਰ ਵਾਰ ਤਾਨ ਲੈਣ ਤੋਂ ਬਾਅਦ ਤਿਹਾਈ ਲਿਆਉਣ ਦਾ ਯਤਨ ਹੁੰਦਾ ਰਿਹਾ ਪਰ ਉਹ ਆ ਨਾ ਸਕੀ। ਸ੍ਰੀ ਸਤਿਗੁਰੂ ਜੀ ਹਰ ਵਾਰ ਵਿਨੋਦ ਨਾਲ ਕਹਿ ਦਿੰਦੇ ਕਿ 'ਵੋਹੀ ਹੈ'।

ਇਕ ਹੋਰ ਗੱਲ ਯਾਦ ਆ ਗਈ ਹੈ ਅਸੀਂ ਸਭ ਸ੍ਰੀ ਸਤਿਗੁਰੂ ਜੀ ਨਾਲ ਹੈਦਰਾਬਾਦ ਗਏ। ਸ੍ਰੀ ਮਹਾਰਾਜ ਤੇ ਹੋਰ ਪਰਵਾਰ ਵੀ ਨਾਲ ਸੀ। ਮੈਂ ਇਕ ਦਿਨ ਉਥੇ ਸਿਤਾਰ ਦਾ ਅਭਿਆਸ ਕਰ ਰਿਹਾ ਸੀ ਕਿ ਮਹਾਰਾਜ ਬੀਰ ਸਿੰਘ ਆ ਗਏ। (ਸ੍ਰੀ ਮਹਾਰਾਜ ਗਾਇਨ ਤੇ ਪਖਾਵਜ ਦੇ ਮਹਾਨ ਵਿਦਵਾਨ ਸਨ ਤੇ ਅਸੀਂ ਸਭ ਵਿਦਿਆਰਥੀਆਂ ਨੇ ਉਹਨਾਂ ਤੋਂ ਬਹੁਤ ਪੁਰਾਤਨ ਰੀਤਾਂ ਤੇ ਪਖਾਵਜ ਸਿਖੀ ਹੈ।) ਮੈਂ ਸਿਤਾਰ ਦੇ ਰਾਗ ਭੈਰਵੀ ਵਿਚ ਗਤ ਵਜਾ ਰਿਹਾ ਸੀ ਜਿਸਦੀ ਤਾਲੀਮ ਮੈਂ ਆਪਣੇ ਗੁਰੂ ਉਸਤਾਦ ਅਮਜ਼ਦ ਅਲੀ ਖਾਨ ਸਾਹਿਬ ਤੋਂ ਲਈ ਸੀ। ਗਤ ਦੀ ਲੈਅ ਬਹੁਤ ਟੇਢੀ ਸੀ ਤੇ ਉਸ ਨਾਲ ਤਾਲ ਰਖਣਾ ਕਾਫੀ ਮੁਸ਼ਕਲ ਸੀ। ਮੇਰੇ ਤੋਂ ਗੁਸਤਾਖ਼ੀ ਹੋ ਗਈ ਤੇ ਮੈਂ ਮਹਾਰਾਜ ਜੀ ਨੂੰ ਅਰਜ਼ ਕੀਤੀ ਕਿ ਜ਼ਰਾ ਤਾਲ ਦੇਣਾ। ਮਹਾਰਾਜ ਜੀ ਕਹਿਣ ਲੱਗੇ ਕਿ ਤੇਰੀ ਗਤ ਠੀਕ ਨਹੀਂ ਤੂੰ ਤਾਲ ਵਿਚ ਠੀਕ ਨਹੀਂ ਵਜਾਉਂਦਾ। ਮੈਂ ਕਿਹਾ ਕਿ ਤਬਲਾ ਵਜਾ ਲਉ ਜਦੋਂ ਉਹਨਾਂ ਤਬਲਾ ਵਜਾਇਆ ਤਾਂ ਕਹਿਣ ਲੱਗੇ ਕਿ ਜਦੋਂ ਮੈਂ ਤਬਲਾ ਵਜਾਉਂਦਾ ਹਾਂ ਤੇ ਤੈਨੂੰ ਤਾਲ ਦੀ ਸਮਝ ਪੈਣ ਲੱਗ ਪੈਂਦੀ ਹੈ ਤੇ ਜਦ ਮੈਂ ਹੱਥ ਨਾਲ ਤਾਲ ਦਿੰਦਾ ਹਾਂ ਤਾਂ ਤੇਰੇ ਤੋਂ ਗਤ ਠੀਕ ਨਹੀਂ ਵਜਦੀ। ਮੈਂ ਸਤਿ ਬਚਨ ਕਹਿ ਕੇ ਚੁਪ ਕਰ ਰਿਹਾ। ਇਸ ਤੋਂ ਬਾਦ ਮਹਾਰਾਜ ਜੀ ਚਲੇ ਗਏ ਤੇ ਥੋੜ੍ਹੇ ਚਿਰ ਪਿਛੋਂ ਹੀ ਸ੍ਰੀ ਸਤਿਗੁਰੂ ਜੀ ਆ ਗਏ ਤੇ ਤਾਲ ਦੇਣ ਲਗ ਪਏ। ਮੈਂ ਅਰਜ਼ ਕੀਤੀ ਕਿ ਗਤ ਠੀਕ ਹੈ। ਸਤਿਗੁਰੂ ਜੀ ਹੁਕਮ ਕੀਤਾ ਕਿ ਬਹੁਤ ਟੇਢੀ ਤੇ ਖੂਬਸੂਰਤ ਗਤ ਹੈ। ਫਿਰ ਮੈਂ ਸਤਿਗੁਰੂ ਜੀ ਨੂੰ ਮਹਾਰਾਜ ਜੀ ਬਾਰੇ ਦੱਸਿਆ ਕਿ ਉਹ ਕਹਿੰਦੇ ਹਨ ਕਿ ਤੇਰੀ ਗਤ ਠੀਕ ਨਹੀਂ। ਸਤਿਗੁਰੂ ਜੀ ਹੱਸਕੇ ਕਹਿਣ ਲੱਗੇ ਕਿ ਮਹਾਰਾਜ ਜੀ ਨੂੰ ਨਾ ਦੱਸੀਂ ਕਿ ਮੈਂ (ਸਤਿਗੁਰੂ ਜੀ ਨੇ) ਤਾਲ ਠੀਕ ਦਿੱਤੀ ਹੈ।

ਸ੍ਰੀ ਸਤਿਗੁਰੂ ਜੀ ਨੇ ਕਈ ਤਾਲਾਂ ਦੀ ਰਚਨਾ

ਭਾਰਤ ਵਿਚ ਤਾਂ ਸਾਡੇ ਇਹ ਵਾਦਕ ਹੈਨ ਹੀ ਪਰ ਤੁਸੀਂ ਕਨੇਡਾ, ਅਮਰੀਕਾ, ਇੰਗਲੈਂਡ, ਥਾਈਲੈਂਡ ਤੇ ਦੁਨੀਆਂ ਦੇ ਹੋਰ ਮੁਕਲਾਂ ਵਿਚ ਜਾ ਕੇ ਵੀ ਸਾਡੇ ਨਾਮਧਾਰੀ ਆਰਟਿਸਟਾਂ ਨੂੰ ਇਹ ਵਾਦਨ ਕਰਦਿਆਂ ਵੇਖ ਸਕਦੇ ਹੋ।

ਇਹ ਸਭ ਨੂੰ ਵੇਖ ਕੇ ਸਾਡੇ ਸਾਰੇ ਸਿੱਖ ਜਗਤ ਵਿਚ ਇਸਦਾ ਪ੍ਰਚਾਰ ਪ੍ਰਸਾਰ ਵੀ ਹੋਣ ਲਗਿਆ ਹੈ। ਪਰ ਇਸਦੇ ਪਿਛੇ ਵਰਦ ਹਸਤ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਹੀ ਹੈ।

ਕੀਤੀ ਹੈ। ਜਿਵੇਂ ਕਿ ਹਰੀ ਤਾਲ, ਪਰਤਾਪ ਤਾਲ ਆਦਿ। ੧੪$\frac{੩}{੪}$, ੧੪$\frac{੧}{੪}$, ੧੦$\frac{੩}{੪}$, ੧੩$\frac{੧}{੨}$ ਮਾਤ੍ਰਾਂ ਵਿਚ ਤੇ ਹੋਰ ਵੀ ਕਈ।

ਇਕ ਦਿਨ ਸ੍ਰੀ ਭੈਣੀ ਸਾਹਿਬ ਦਿਵਾਨ ਵਿਚ ਬੈਠੈ ਬੈਠੇ ਗੁਰੂ ਗੋਬਿੰਦ ਸਿੰਘ ਜੀ ਰਚਿਤ ਸ਼ਬਦ 'ਕਰੁਣਾ ਨਿਧਾਨ ਬੇਦ ਕਹਤ ਬਿਖਿਆਨ ਜਾਕੀ' ਦੀ ਰਾਗ ਯਮਨ ਵਿਚ ੧੪$\frac{੩}{੪}$ ਮਾਤ੍ਰਾ ਵਿਚ ਬੰਦਸ਼ ਬਣਾਈ ਤੇ ਮੈਨੂੰ ਇਹ ਸਿਖਾ ਕੇ ਹੁਕਮ ਕੀਤਾ ਕਿ ਇਸਦੀ ਨੋਟੇਸ਼ਨ ਬਣਾ ਦੇ। ਇਸਨੂੰ ਮੋਹਨ, ਸੁਖਦੇਵ ਤੇ ਬਲਜੀਤ ਨੂੰ ੨੦ ਦਿਨ ਲਗਾਤਾਰ ਰੋਜ਼ ਸਵੇਰੇ, ਦੁਪਹਿਰ ਤੇ ਸ਼ਾਮ ਨੂੰ ਸਿਖਾਕੇ ਯਾਦ ਕਰਵਾਈ ਸਤਿਗੁਰੂ ਜੀ ਨੇ।

ਪ੍ਰਸਿੱਧ ਗਾਇਕ ਪੰਡਤ ਰਾਜਨ-ਸਾਜਨ ਮਿਸ਼ਰਾ ਨੂੰ ਤਾਂ ਸ੍ਰੀ ਸਤਿਗੁਰੂ ਜੀ ਨੇ ਆਪਣੇ ਪੁੱਤਰਾਂ ਵਤ ਪ੍ਰੇਮ ਦਿਤਾ ਹੈ ਤੇ ਜੋ ਵੀ ਉਹਨਾਂ ਮੰਗ ਕੀਤੀ ਸ੍ਰੀ ਸਤਿਗੁਰੂ ਜੀ ਵਲੋਂ ਤਥਾ ਅਸਤੂ ਹੀ ਹੁੰਦਾ ਰਿਹਾ।

ਦੁਨੀਆਵੀ ਵਸਤੂਆਂ ਤੋਂ ਬਿਨਾਂ ਆਪ ਜੀ ਨੇ ਸੰਗੀਤ ਦੇ ਅਨਮੋਲ ਖਜ਼ਾਨੇ ਵਿਚੋਂ ਉਹਨਾਂ ਨੂੰ ਕਈ ਹੀਰੇ ਮੋਤੀ ਦਾਨ ਕੀਤੇ ਹਨ। ਇਕ ਵਾਰ ਰਾਜਨ ਮਿਸ਼ਰਾ ਨੇ ਅਰਜ਼ ਕੀਤੀ ਕਿ ਰਾਗ ਸ਼ੰਕਰਾ ਦੀ ਕੋਈ ਬੰਦਿਸ਼ ਚਾਹੀਦੀ ਹੈ। ਸ੍ਰੀ ਸਤਿਗੁਰੂ ਜੀ ਨੇ ਉਸੇ ਵਕਤ ਝਪਤਾਲ ਵਿਚ ਇਕ ਬਹੁਤ ਪੁਰਾਣੀ ਰੀਤ ਸਿਖਾ ਦਿਤੀ। ਬੋਲ ਸਨ :

ਖਵਾਜਾ ਅਮੀਨੁਦੀਨ ਆਜ ਅਜ਼ਮੇਰ ਆਏ।

ਇਹ ਚੀਜ਼ ਸੁਣਕੇ ਪ੍ਰਸਿੱਧ ਸਿਤਾਰ ਵਾਦਕ ਉਸਤਾਦ ਸ਼ਾਹਿਦ ਪ੍ਰਵੇਜ਼ ਨੇ ਕਿਹਾ ਕਿ ਸਾਰੀ ਜ਼ਿੰਦਗੀ ਦਾ ਸੰਗੀਤ ਦਾ ਅਭਿਆਸ ਇਕ ਪਾਸੇ ਤੇ ਇਹ ਬੰਦਿਸ਼ ਉਸ ਤੋਂ ਵੀ ਕੀਮਤੀ ਹੈ।

Namdhari Elibrary NamdhariElibrary@gmail.com

ਇਕ ਵਾਰ ਮੈਂ ਸ੍ਰੀ ਸਤਿਗੁਰੂ ਜੀ ਨਾਲ ਰਾਜਸਥਾਨ ਦੇ ਦੌਰੇ ਤੇ ਗਿਆ ਉਥੇ ਇਕ ਦਿਨ ਸ੍ਰੀ ਸਤਿਗੁਰੂ ਜੀ ਦਿਲਰੁਬਾ ਤੇ ਤਰਬ ਵਾਦਨ ਕਰ ਰਹੇ ਸਨ (ਇਹ ਦਿਲਰੁਬਾ ਤੇ ਇਕ ਖਾਸ ਤਰੀਕੇ ਨਾਲ ਤਾਰਾਂ ਲਗਾਈਆਂ ਜਾਂਦੀਆਂ ਹਨ, ਜਿਸਨੂੰ ਸ੍ਰੀ ਸਤਿਗੁਰੂ ਜੀ ਆਪਣੇ ਪੋਟਿਆਂ ਦੇ ਨਹੁੰਆਂ ਨਾਲ ਵਜਾਂਦੇ ਹਨ ਤੇ ਇਹ ਇਸ ਤਰ੍ਹਾਂ ਲਗਦਾ ਹੈ ਜਿਵੇਂ ਸੰਤੂਰ ਵੱਜ ਰਿਹਾ ਹੋਵੇ।) ਮੈਂ ਆਪ ਜੀ ਦੇ ਪਾਸ ਬੈਠਕੇ ਇਸਦਾ ਆਨੰਦ ਲੈ ਰਿਹਾ ਸਾਂ। ਬਹੁਤ ਪ੍ਰਕਾਰ ਦੀਆਂ ਲੈਅਕਾਰੀਆਂ ਕਰਕੇ ਤੇ ਬੜੀਆਂ ਮੁਸ਼ਕਿਲ ਤਿਹਾਈਆਂ ਲੈ ਕੇ ਸਮ ਤੇ ਆ ਰਹੇ ਸਨ ਪਰ ਮੈਨੂੰ ਇਹ ਨਹੀਂ ਸੀ ਪਤਾ ਕਿ ਇਹ ਕੀ ਲੈਅਕਾਰੀ ਕਰ ਰਹੇ ਹਨ। ਫਿਰ ਮੈਨੂੰ ਉਹਨਾਂ ਸਮਝਾਇਆ ਕਿ ਉਹ ਕਿਸ ਤਰ੍ਹਾਂ ਤਿੰਨ ਤਾਲ ਵਿਚ ਅਲੱਗ ਅਲੱਗ ਇਕਤਾਲ, ਰੂਪਕ, ਝਪਤਾਲ, ਗਿਆਰਾਂ ਮਾਤ੍ਰਾ ਤੇ ਹੋਰ ਤਾਲਾਂ ਸਮੋ ਕੇ ਉਹਨਾਂ ਵਿਚ ਹੀ ਤਿਹਾਈਆਂ ਲੈ ਕੇ ਆਉਂਦੇ ਹਨ। ਸਤਿਗੁਰੂ ਜੀ ਦੇ ਸਮਝਾਉਣ ਤੋਂ ਬਾਦ ਮੈਨੂੰ ਉਹਨਾਂ ਨੂੰ ਸੁਣਨ ਦਾ ਹੋਰ ਆਨੰਦ ਆ ਰਿਹਾ ਸੀ।

ਸ੍ਰੀ ਸਤਿਗੁਰੂ ਜੀ ਸਵੇਰੇ ਆਸਾ ਦੀ ਵਾਰ ਤੇ ਸ਼ਾਮ ਦੇ ਦਿਵਾਨ ਵਿਚ ਬੈਠੇ ਬੈਠੇ ਹੀ ਕਈ ਐਸੀਆਂ ਰਚਨਾਵਾਂ ਕਰ ਦਿੰਦੇ ਹਨ ਜੋ ਸੁਣਨ ਵਿਚ ਬਹੁਤ ਹੀ ਦਿਲਕਸ਼ ਹੁੰਦੀਆਂ ਹਨ। ਪਰ ਕਈ ਵਾਰ ਉਹਨਾਂ ਦੇ ਤਾਲ ਨੂੰ ਪਹਿਚਾਨਣਾ ਮੁਸ਼ਕਿਲ ਹੋ ਜਾਂਦਾ ਹੈ ਜਿਵੇਂ ਕਿ ਇਕ ਸ਼ਬਦ 'ਨ ਭੀਜੈ ਰਾਗੀ ਨਾਦੀ ਬੇਦ' ਨੂੰ ਰਾਗ ਆਸਾਵਰੀ ਵਿਚ ਸੁਰਬਧ ਕੀਤਾ ਹੈ। ਝੱਪਤਾਲ ਦੀ ਇਹ ਬੰਦਿਸ਼ ਇਸ ਤਰ੍ਹਾਂ ਲਗਦੀ ਹੈ ਜਿਵੇਂ ਤਿੰਨ ਤਾਲ ਵਿਚ ਹੋਵੇ। ਇਸ ਤਰ੍ਹਾਂ ਦੀਆਂ ਬਹੁਤ ਸਾਰੀਆਂ ਰੀਤਾਂ ਹਨ ਜੇ ਉਹਨਾਂ ਸਾਰੀਆਂ ਨੂੰ ਲਿਖੀਆ ਜਾਏ ਤਾਂ ਇਕ ਵੱਡੀ ਕਿਤਾਬ ਦਾ ਰੂਪ ਲੈ ਸਕਦੀਆਂ ਹਨ।

ਪ੍ਰਸਿੱਧ ਨ੍ਰਿਤਕਾਰ ਪੰਡਤ ਬਿਰਜੂ ਮਹਾਰਾਜ ਅਕਸਰ ਸਾਡੇ ਸੰਗੀਤ ਸੰਮੇਲਨਾਂ ਵਿਚ ਸ਼ਿਰਕਤ ਕਰਦੇ ਰਹੇ ਹਨ। ਇਕ ਵਾਰ ਸ੍ਰੀ ਸਤਿਗੁਰੂ ਜੀ ਨੇ ਉਹਨਾਂ ਨੂੰ ਫਰਮਾਇਸ਼ ਕੀਤੀ ਕਿ ਤੁਸੀਂ ਤਾਲ ਧਮਾਰ ਵਿਚ ਸਾਨੂੰ ਨ੍ਰਿਤ ਦਿਖਾਉ ਕਿਉਂਕਿ ਭਗਵਾਨ ਕ੍ਰਿਸ਼ਨ ਧਮਾਰ ਤਾਲ ਵਿਚ ਨ੍ਰਿਤ ਕਰਦੇ ਹੋਏ ਰਾਸ ਲੀਲਾ ਰਚਾਉਂਦੇ ਸਨ ਤੇ ਸਤਿਗੁਰੂ ਜੀ ਨੇ ਉਹਨਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਰਚਿਤ ਇਕ ਸ਼ਬਦ ਸੁਣਾਇਆ :

ਮਾਘ ਬਤੀਤ ਭਏ ਰੁਤਿ ਫਾਗੁਣ,
ਆਏ ਗਈ ਸਭ ਖੇਲਤ ਹੋਰੀ॥
ਗਾਵਤ ਗੀਤ ਬਜਾਵਤ ਤਾਲ
ਕਹੈ ਮੁਖਿ ਤੇ ਭਰੂਆ ਮਿਲਿ ਜੋਰੀ॥
ਡਾਰਤ ਹੈ ਅਲਿਤਾ ਬਨਿਤਾ
ਸਟਿਕਾ ਸੰਗ ਮਾਰਤ ਬੈਸਨ ਥੋਰੀ॥
ਖੇਲਤ ਸਯਾਮ ਧਮਾਰ ਅਨੂਪ
ਮਹਾ ਮਿਲਿ ਸੁੰਦਰ ਸਾਵਲ ਗੋਰੀ॥

ਇਹ ਸ਼ਬਦ ਸੁਣ ਕੇ ਮਹਾਰਾਜ ਬਹੁਤ ਪ੍ਰਸੰਨ ਹੋਏ ਤੇ ਉਹਨਾਂ ਕਿ ਠੀਕ ਹੈ ਮੈਂ ਧਮਾਰ ਨਚਾਂਗਾ ਪਰ ਇਸ ਸ਼ਬਦ ਨੂੰ ਸਵਰ ਬਧ ਆਪ ਜੀ ਹੀ ਕਰੋਗੇ। ਸਤਿਗੁਰੂ ਜੀ ਨੇ ਕਿਹਾ, ਠੀਕ ਹੈ। ਇਸ ਤੋਂ ਬਾਅਦ ਮੈਨੂੰ ਤੇ ਸ. ਅਵਤਾਰ ਸਿੰਘ (ਤਬਲਾ ਵਾਦਕ) ਨੂੰ ਸ੍ਰੀ ਸਤਿਗੁਰੂ ਜੀ ਨਾਲ ਯੂ. ਪੀ. ਆਪ ਜੀ ਦੇ ਫਾਰਮ ਤੇ ਜਾਣ ਦਾ ਅਵਸਰ ਮਿਲਿਆ। ਇਕ ਦਿਨ ਸ੍ਰੀ ਸਤਿਗੁਰੂ ਜੀ ਇਥੇ ਟਰੈਕਟਰਾਂ ਨਾਲ ਮਿਟੀ ਪਵਾਕੇ ਆਪਣੀ ਦੇਖ ਰੇਖ ਵਿਚ ਸੜਕ ਬਣਵਾ ਰਹੇ ਸਨ ਤੇ ਸਾਨੂੰ ਸ੍ਰੀ ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਤੁਸੀਂ ਉਧਰ ਇਕ ਤਰਫ ਬੈਠਕੇ ਇਸ ਸ਼ਬਦ ਦੀ ਤਰਜ਼ ਬਣਾਓ ਪਰ ਸਾਨੂੰ ਕੁਝ ਉਹੜ ਨਹੀਂ ਸੀ ਰਿਹਾ। ਇਤਨੇ ਚਿਰ ਨੂੰ ਸਤਿਗੁਰੂ ਜੀ ਆ ਗਏ ਤੇ ਸਾਨੂੰ ਸ਼ਸ਼ੋਪੰਜ ਵਿਚ ਪਇਆ ਨੂੰ ਵੇਖਕੇ ਕਹਿਣ ਲੱਗੇ ਕਿ ਲਉ ਮੈਂ ਦਸਦਾ ਹਾਂ। ਸ਼ਾਇਦ ਕੰਮ ਕਰਵਾਂਦਿਆਂ ਕਰਵਾਂਦਿਆਂ ਹੀ ਇਕ ਬਹੁਤ ਸੁੰਦਰ ਬੰਦਿਸ਼ ਉਹਨਾਂ ਨੇ ਬਣਾ ਲਈ ਸੀ। ਇਹ ਰਾਗ ਪੀਲੂ ਦੀ ਬੰਦਿਸ਼ ਸੀ ਜਿਸਦੇ ਚਾਰ ਹਿੱਸੇ ਸਨ : ਸਥਾਈ, ਅੰਤਰਾ, ਸੰਚਾਰੀ ਤੇ ਆਭੋਗ। ਤਾਲ ਧਮਾਰ ਦੀ ਇਸ ਬੰਦਿਸ਼ ਨੂੰ ਪੰਡਿਤ ਬਿਰਜੂ ਮਹਾਰਾਜ ਨੇ ਮੁੰਬਈ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸੰਗੀਤ ਸੰਮੇਲਨ ਸਮੇਂ ਆਪਣੇ ਨ੍ਰਿਤ ਰਾਹੀਂ ਪੇਸ਼ ਕੀਤਾ ਤੇ ਇਸਦਾ ਗਾਇਣ ਕੀਤਾ ਉਹਨਾਂ ਨਾਲ ਗਾਇਕ ਤੇ ਸ਼ਿਸ਼ ਹਰੀ ਸ਼ੰਕਰ ਨੇ।!

ਸ੍ਰੀ ਸਤਿਗੁਰੂ ਜੀ ਆਪਣੇ ਪੂਰਵ ਸਤਿਗੁਰੂਆਂ, ਅਵਤਾਰਾਂ ਨੂੰ ਆਪਣੇ ਸੰਗੀਤ ਰਾਹੀਂ ਕਿਵੇਂ ਸ਼ਰਧਾ ਸੁਮਨ ਅਰਪਿਤ ਕਰਦੇ ਰਹੇ ਹਨ ਇਸ ਦੀਆਂ ਇਕ ਦੋ ਮਿਸਾਲਾਂ ਦਿੰਦਾ ਹਾਂ।

ਤੁਧ ਚਿਤਵਤ ਸੁਖ ਅਧਿਕ ਹੋਇ
ਨਾਮਹਿ ਅਨਗਨ ਪਾਪ।।
ਕਰ ਕਿਰਪਾ ਮੋਹਿ ਰਿਦ ਬਸਹੁ

Namdhari Elibrary NamdhariElibrary@gmail.com

ਸ੍ਰੀ ਸਤਿਗੁਰ ਪਰਤਾਪ।।

ਸ੍ਰੀ ਸਤਿਗੁਰੂ ਜੀ ਨੇ ਇਹ ਦੋਹਾ ਲਿਖਕੇ ਇਸਨੂੰ ਰਾਗ ਪੂਰੀਆ ਕਲਿਆਣ ੧੩½ ਮਾਤ੍ਰਾ ਵਿਚ ਸਵਰ ਬਧ ਕਰਕੇ ਆਪਣੇ ਸੰਗੀਤ ਵਿਦਿਆਰਥੀਆਂ ਨੂੰ ਸਿਖਾਇਆ ਹੈ ਤੇ ਸ੍ਰੀ ਸਤਿਗੁਰੂ ਜੀ ਦਾ ਬਹੁਤ ਹੀ ਹੋਣਹਾਰ ਵਿਦਿਆਰਥੀ ਬਲਵੰਤ ਸਿੰਘ ਇਸਨੂੰ ਬੜੇ ਸੁੰਦਰ ਅੰਦਾਜ਼ ਵਿਚ ਗਾਉਂਦਾ ਹੈ।

ਇਸੇ ਤਰ੍ਹਾਂ ਮੈਂ ਇਕ ਵਾਰ ਸ੍ਰੀ ਸਤਿਗੁਰੂ ਜੀ ਨਾਲ ਗਵਾਲੀਅਰ ਤੋਂ ਕਾਰ ਰਾਹੀਂ ਆ ਰਿਹਾ ਸੀ ਰਸਤੇ ਵਿਚ ਮਥੁਰਾ ਦੇ ਇਲਾਕੇ ਵਿਚੋਂ ਲੰਘਦਿਆਂ ਹੋਇਆਂ ਸੱਚੇ ਪਾਤਸ਼ਾਹ ਜੀ ਨੇ ਭਗਵਾਨ ਕ੍ਰਿਸ਼ਨ ਨੂੰ ਯਾਦ ਕਰਦਿਆਂ ਇਕ ਬਹੁਤ ਸੁੰਦਰ ਬੰਦਿਸ਼ ੧੦¾ ਮਾਤ੍ਰਾ ਵਿਚ ਬਣਾਈ। ਗੁਰੂ ਗੋਬਿੰਦ ਸਿੰਘ ਰਚਿਤ ਇਸ ਸ਼ਬਦ :

ਮਥੁਰਾ ਮੰਡਲ ਕੇ ਬਿਖੈ
ਜਨਮ ਧਰਿਓ ਹਰਿ ਰਾਇ॥

ਨੂੰ ਰਾਗ ਪੂਰੀਆ ਕਲਿਆਣ ਦੇ ਸੁਰਾਂ ਵਿਚ ਪਰੋਇਆ ਗਿਆ।

ਸਾਡੇ ਸਿਖ ਜਗਤ ਵਿਚ ਕੀਰਤਨ ਨਾਲ ਕਿਸੇ ਸਮੇਂ ਤੰਤੀ ਸਾਜ ਦਿਲਰੁਬਾ, ਤਾਊਸ, ਸਰੰਦਾ ਆਦਿ ਵਜਾਉਣ ਦੀ ਪ੍ਰੰਪਰਾ ਸੀ, ਜੋ ਹੌਲੀ ਹੌਲੀ ਲੁਪਤ ਹੋ ਚਲੀ ਸੀ। ਸ੍ਰੀ ਸਤਿਗੁਰੂ ਜੀ ਨੇ ਅਪਾਰ ਕਿਰਪਾ ਕੀਤੀ ਹੈ ਤੇ ਇਸਨੂੰ ਦੁਬਾਰਾ ਜੀਵਨ ਦਾਨ ਦੇ ਕੇ ਸਭ ਸੰਗੀਤ ਸਿਖਿਆਰਥੀਆਂ ਨੂੰ ਸਿਰਫ ਤੰਤੀ ਸਾਜਾਂ ਨਾਲ ਹੀ ਕੀਰਤਨ ਕਰਨ ਦਾ ਹੁਕਮ ਦਿਤਾ ਹੈ। ਇਸਦਾ ਸਦਕਾ ਅੱਜ ਸਾਡੇ ਪੰਥ ਵਿਚ ਸਿਤਾਰ, ਦਿਲਰੁਬਾ, ਤਾਊਸ, ਸਾਰੰਗੀ, ਸਰੋਦ, ਸੰਤੂਰ, ਰਬਾਬ, ਬੰਸਰੀ ਆਦਿ ਵਜਾਉਣ ਵਾਲੇ ਬਹੁਤ ਸਾਰੇ ਕਲਾਕਾਰ ਹਨ।

ਭਾਰਤ ਵਿਚ ਤਾਂ ਸਾਡੇ ਇਹ ਵਾਦਕ ਹੈਨ ਹੀ ਪਰ ਤੁਸੀਂ ਕਨੇਡਾ, ਅਮਰੀਕਾ, ਇੰਗਲੈਂਡ, ਥਾਈਲੈਂਡ ਤੇ ਦੁਨੀਆਂ ਦੇ ਹੋਰ ਮੁਕਲਾਂ ਵਿਚ ਜਾ ਕੇ ਵੀ ਸਾਡੇ ਨਾਮਧਾਰੀ ਆਰਟਿਸਟਾਂ ਨੂੰ ਇਹ ਵਾਦਨ ਕਰਦਿਆਂ ਵੇਖ ਸਕਦੇ ਹੋ।

ਇਹ ਸਭ ਨੂੰ ਵੇਖ ਕੇ ਸਾਡੇ ਸਾਰੇ ਸਿੱਖ ਜਗਤ ਵਿਚ ਇਸਦਾ ਪ੍ਰਚਾਰ ਪ੍ਰਸਾਰ ਵੀ ਹੋਣ ਲਗਿਆ ਹੈ। ਪਰ ਇਸਦੇ ਪਿਛੇ ਵਰਦ ਹਸਤ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਹੀ ਹੈ।

ਗੁਰੂ ਜਗਜੀਤ ਸਾਰੇ ਜੱਗ ਦੇ ਪਿਆਰੇ

✍ ਪੂਰਨ ਸਿੰਘ ਨਿਰਾਲਾ

ਗੁਰੂ ਜਗਜੀਤ ਸਾਰੇ ਜੱਗ ਦੇ ਪਿਆਰੇ।
ਆਜਜ਼ਾਂ ਗਰੀਬਾਂ ਦੇ ਨੇ ਸਜਨੋਂ ਸਹਾਰੇ।
ਸਾਰਾ ਹੀ ਜਹਾਨ ਇਹਦੇ ਦਰ ਉਤੇ ਝੁਕਦਾ।
ਹਰ ਇਕ ਬੋਲ ਪੂਰਾ ਹੁੰਦਾ ਇਹਦੇ ਮੁਖ ਦਾ।
ਲਗਦੇ ਦਿਦਾਰਿਆਂ ਚੋਂ ਆਂਵਦੇ ਨਜ਼ਾਰੇ।
ਗੁਰੂ ਜਗਜੀਤ ਸਾਰੇ ਜੱਗ ਦੇ ਪਿਆਰੇ।

ਗੁਰਾਂ ਦੀਆਂ ਰਹਿਮਤਾਂ 'ਚ ਵੇਖੀਆਂ ਰਵਾਨੀਆਂ।
ਮੋਇਆਂ ਤਾਂਈ ਬਖਸ਼ ਦੇਵੇ ਫਿਰ ਜ਼ਿੰਦਗਾਨੀਆਂ।
ਡਿਗਿਆ ਤੇ ਢਠਿਆਂ ਦੇ ਬਣ ਦੇ ਚਬਾਰੇ।
ਗੁਰੂ ਜਗਜੀਤ ਸਾਰੇ ਜੱਗ ਦੇ ਪਿਆਰੇ।

ਗੁਰਾਂ ਦਾ ਉਦਾਰ ਚਿਤ ਕਿਵੇਂ ਮੈਂ ਬਿਆਨਾ।
ਪਰ ਉਪਕਾਰ ਇਹਦੇ ਜਾਣਦਾ ਜਮਾਨਾ।
ਨਾਮ ਦਾਨ ਦੇ ਕੇ ਸਾਡੀ ਜਿੰਦਗੀ ਸਵਾਰੇ।
ਗੁਰੂ ਜਗਜੀਤ ਸਾਰੇ ਜੱਗ ਦੇ ਪਿਆਰੇ।

ਕਰਕੇ ਯਕੀਨ ਆਉਣ ਸੰਗਤਾਂ ਪਿਆਰੀਆਂ।
ਲੱਖਾਂ ਤੇ ਕਰੋੜਾਂ ਦੀਆਂ ਕੱਟਦੇ ਬਿਮਾਰੀਆਂ।
ਜਾਕੇ ਇੰਗਲੈਂਡ ਪਾਏ ਅੰਬਰੋਂ ਫੁਹਾਰੇ।
ਗੁਰੂ ਜਗਜੀਤ ਸਾਰੇ ਜੱਗ ਦੇ ਪਿਆਰੇ।

ਨਵੇਂ ਨਵੇਂ ਮਾਹੀ ਮੇਰਾ ਕੌਤਕ ਰਚਾਵੇ।
ਅਪਣੇ ਪਿਆਰਿਆਂ ਨੂੰ ਦਰਸ ਦਿਖਾਵੇ।
ਡੁਬਦੇ 'ਨਿਰਾਲਾ' ਮੰਝਧਾਰ ਵਿਚੋਂ ਤਾਰੇ।
ਗੁਰੂ ਜਗਜੀਤ ਸਾਰੇ ਜੱਗ ਦੇ ਪਿਆਰੇ।

Namdhari Elibrary NamdhariElibrary@gmail.com

ਅੱਖੀਂ ਵੇਖੀਆਂ [illegible]

✍ ਸਾਧੂ ਸਿੰਘ ਕਿਸਾਨ

ਸਰਕਾਰੀ ਤਸ਼ੱਦਦ ਦੀ ਨਾ ਪੰਜਵੇਂ ਪਾਤਸ਼ਾਹ ਪਰਵਾਹ ਕੀਤੀ ਨਾ ਨੌਵੇਂ ਨਜ਼ਰ ਝੁਕਾਈ ਹੁਣ ਕੂੜ ਕਚਹਿਰੀ ਅੱਗੇ ਖੜ੍ਹੇ ਹੋਣ ਤੋਂ ਵੱਡ ਪ੍ਰਤਾਪੀ ਨੇ ਪੁਰਾਤਨ ਰੀਤ ਚਿਤਾਰਦਿਆਂ ਸਰੀਰ ਤਿਆਗਣਾ ਉਚਿਤ ਕਰਾਰ ਦਿੱਤਾ।

ਸਮੇਂ ਦੇ ਮਾਲਿਕ ਬਦਲੇ ਤਾਂ ਮੁਕਾਬਲੇ ਦੇ ਤਰੀਕੇ ਬਦਲ ਦਿੱਤੇ ਗਏ। ਉਸ਼ਟ ਲਸਟਕਾ, ਨਿਆਏ ਅਨੁਸਾਰ ਉਹਨਾਂ ਦੀਆਂ ਅਦਾਲਤਾਂ ਵਿਚੋਂ ਹੀ ਉਹਨਾਂ ਨੂੰ ਉਹ ਭਾਜੜਾਂ ਪਾਈਆਂ, ਉਂਗਲਾਂ ਮੂੰਹ ਵਿਚ ਪਾ ਕੇ ਵੇਂਹਦੇ ਰਹਿ ਗਏ।

ਵੱਡ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਦੇਹ ਤਿਆਗ ਸਮੇਂ ਇੱਕ ਸਿਖਰ ਕੀ ਸਿਰਜੀ ਬਿਅੰਤ ਕਲਧਾਰੀ ਵਾਸਤੇ ਅਨੰਤ ਸਿਖਰਾਂ ਸਿਰਜਣ ਦਾ ਰਸਤਾ ਹੀ ਖੁਲ੍ਹ ਗਿਆ।

ਵੰਡਾਰੇ ਪਿਛੋਂ ਕੂਕੇ ਸੱਚੇ ਤ੍ਰੁਕੇ ਸੱਚੇ ਦੇ ਗੀਤ ਗਾਉਣ ਵਾਲੇ ਹਕੂਮਤੀ ਹੰਡੋਲੇ ਤੇ ਚੜ੍ਹਕੇ ਆਪਣੀ ਔਕਾਤ ਭੁੱਲ ਗਏ।

ਪੁੱਤੋਂ ਕਪੁਤ ਹੋਏ ਕਈਆਂ ਦੇ ਮੋਢੇ ਚੜ੍ਹਕੇ ਕਾਨੂੰਨ ਦੇ ਅਰਥੋਂ ਅਨਰਥ ਕਰ ਸਤਿਗੁਰੂ ਜੀ ਨੂੰ ਕਟਹਿਰੇ ਵਿੱਚ ਖੜ੍ਹੇ ਕਰਨ ਦੇ ਮਨਸੂਬੇ ਤਿਆਰ ਕਰਨ ਲੱਗ ਪਏ।

ਸਰਕਾਰੀ ਤਸ਼ੱਦਦ ਦੀ ਨਾ ਪੰਜਵੇਂ ਪਾਤਸ਼ਾਹ ਪਰਵਾਹ ਕੀਤੀ ਨਾ ਨੌਵੇਂ ਨਜ਼ਰ ਝੁਕਾਈ ਹੁਣ ਕੂੜ ਕਚਹਿਰੀ ਅੱਗੇ ਖੜ੍ਹੇ ਹੋਣ ਤੋਂ ਵੱਡ ਪ੍ਰਤਾਪੀ ਨੇ ਪੁਰਾਤਨ ਰੀਤ ਚਿਤਾਰਦਿਆਂ ਸਰੀਰ ਤਿਆਗਣਾ ਉਚਿਤ ਕਰਾਰ ਦਿੱਤਾ।

ਸਮੇਂ ਦੇ ਮਾਲਿਕ ਬਦਲੇ ਤਾਂ ਮੁਕਾਬਲੇ ਦੇ ਤਰੀਕੇ ਬਦਲ ਦਿੱਤੇ ਗਏ। ਉਸ਼ਟ ਲ਼ਸਟਕਾ ਨਿਆਏ ਅਨੁਸਾਰ ਉਹਨਾਂ ਦੀਆਂ ਅਦਾਲਤਾਂ ਵਿਚੋਂ ਹੀ ਉਹਨਾਂ ਨੂੰ ਉਹ ਭਾਜੜਾਂ ਪਾਈਆਂ, ਉਂਗਲਾਂ ਮੂੰਹ ਵਿਚ ਪਾ ਕੇ ਵੇਂਹਦੇ ਰਹਿ ਗਏ।

ਅਣਹੋਏ ਕੇਸਾਂ ਵਿੱਚ ਅਸੀਂ ਮੁਨ੍ਹੇਰੇ ਘਰੋਂ ਰੋਟੀਆਂ ਖਾ ਦਿਨ ਦੀਆਂ ਪੱਲੇ ਬੰਨ੍ਹ ਅਜੋਕੇ ਚਾਲੀ ਕਿਲੋਮੀਟਰ ਪੈਦਲ ਸਿਰਸੇ (ਉਦੋਂ ਜ਼ਿਲ੍ਹਾ ਹਿਸਾਰ) ਜਾਂਦੇ। ਸਿਖਾਏ ਹੋਏ ਆਦਪਤੀ ਜਾਣਬੁਝ ਕੇ ਉਠਣ ਵੇਲੇ ਸ਼ਾਮ ਨੂੰ ਅਗਲੇ ਹਫਤੇ ਦੀ ਤਾਰੀਖ ਦੱਸ ਦਿੰਦੇ। ਜੇ ਮੁਕੱਦਮੇ ਮੁੱਕ ਗਏ ਤਾਂ ਜਮਾਨਤਾਂ ਦੀ ਦਰਖ਼ਾਸਤਾਂ ਪੱਜੋਂ ਹਰ ਪੰਦਰਵਾੜੇ ਪੰਧ ਪੂਰਾ ਕਰਨਾ ਪੈਂਦਾ। ਅੱਸੀ ਕਿਲੋਮੀਟਰ ਪੈਦਲ ਸਫਰ, ਨਾ ਸੜਕਾਂ, ਨਾ ਬੱਸਾਂ ਬਿਨਾਂ ਕੰਮ ਤੋਂ ਬੜਾ ਔਖਾ ਲਗਦਾ। ਕਈ ਵਡੇਰੇ ਤੇ ਮ੍ਰੇੜੇ ਭੁੱਖੇ ਭਾਣੇ ਰਾਤ ਰਹੇ ਰਹਿ ਜਾਂਦੇ। ਅਸੀਂ ਵਾਪਸ ਘਰੀਂ ਪੁਜਣ ਦੇ ਲਾਲਚ ਪਾਰੋਂ ਨਹਿਰ ਦੀ ਪਟੜੀ ਦੇ ਕਦੀ ਏਧਰ ਕਦੀ ਉਧਰ ਜਾ ਵਜਦੇ।

ਇਕ ਤਾਰੀਕ ਤੇ ਸਾਰਿਆਂ ਦੇ ਜਮਾਨਤੀ ਸੱਦ ਲਏ। ਨਿੱਕੀ ਜਿਹੀ ਕਚਹਿਰੀ ਡੇਢ ਦੋ ਸੌ ਆਦਮੀ ਕੁਰਬਲ ਕੁਰਬਲ ਪਈ ਹੋਵੇ। ਕੁਦਰਤੋਂ ਹਾਈਕੋਰਟ ਦਾ ਜੱਜ ਆ ਗਿਆ ਅਸਾਂ ਉਹਦੇ ਅੱਗੇ ਸਾਰੀ ਸਥਿਤੀ ਖੋਲ੍ਹ ਕੇ ਰੱਖ ਦਿੱਤੀ। ਉਸਨੇ ਮੌਕਿਆਂ ਦੇ ਮੈਜਿਸਟ੍ਰੇਟ ਤੋਂ ਸਾਰੇ ਹਾਲਾਤ ਸਮਝੇ। ਸਾਡੇ ਵਿਚ ਕਈ ੮੦-੯੦ ਸਾਲਾਂ ਦੇ ਵਡੇਰੇ ਵੀ ਸਨ। ਕਹਿੰਦਾ ਇਹਨਾਂ ਤੋਂ ਕਿਸੇ ਨੂੰ ਕੀ ਖਤਰਾ ਹੋ ਸਕਦਾ ਹੈ। ਉਧਰ ਵਕੀਲ ਰੌਲਾ ਪਾਂਦਾ ਰਹਿ ਗਿਆ। ਅਣਸੁਣਿਆ ਕਰਕੇ ਸਾਨੂੰ ਛੁੱਟੀਆਂ ਦੇ ਗਿਆ।

Namdhari Elibrary NamdhariElibrary@gmail.com

ਬਾਦ ਪਤਾ ਲੱਗਾ ਇਹ ਸਤਿਗੁਰੂ ਜਗਜੀਤ ਸਿੰਘ ਜੀ ਦੀ ਇਕ ਅਨੋਖੀ ਸੂਝ ਸਿਖ਼ਰ ਸੀ।

ਮੁਕੱਦਮਿਆਂ ਦੇ ਨਿਪਟਾਰੇ ਬਾਅਦ ਵਿਹਲੀ ਸੰਗਤ ਵਾਸਤੇ ਨਵੇਂ ਕੰਮ ਸੌਂਪੇ ਗਏ। ਇਲਾਕੇ ਵਿਚ ਰਾਹ ਖਹਿੜੇ ਦਾ ਬੁਰਾ ਹਾਲ ਸੀ। ਸਤਿਗੁਰੂ ਜੀ ਨੇ ਆਪ ਕਹੀ ਫੜ ਕੇ ਜੀਵਨ ਨਗਰ ਕਰੀਵਾਲਾ ਰੋਡ ਤੇ ਮਿੱਟੀ ਪਾਉਣੀ ਸ਼ੁਰੂ ਕਰ ਦਿਤੀ। ਦਿਨਾਂ ਵਿਚ ਹੀ ਸੜਕ ਦਾ ਮੂੰਹ ਮੱਥਾ ਸੁਧਰ ਗਿਆ।

ਘੱਘਰ ਦੇ ਹਰ ਸਾਲ ਹੜ ਆਉਣ ਕਰਕੇ ਅਮਰਾਸਰ ਵਾਲਾ ਪਾਸਾ ਅਜੇ ਬਿਖੜੀ ਹਾਲਤ ਵਿਚ ਹੀ ਸੀ। ਪਿੰਡ ਵਾਸੀਆਂ ਸ੍ਰੀ ਸਤਿਗੁਰੂ ਜੀ ਨੂੰ ਹੋਲਾ ਕਰਨ ਦੀ ਬੇਨਤੀ ਕੀਤੀ। ਮੈਂ (ਸਾਧੂ ਸਿੰਘ ਕਿਸਾਨ) ਤੇ ਮਾਸਟਰ ਅਮਰੀਕ ਸਿੰਘ ਨੇ ਨਾਲ ਹੀ ਚੱਪਾ ਕੁ ਚਿੱਠੀ ਪੇਸ਼ ਕਰ ਦਿੱਤੀ- ਏਥੇ ਹੋਲਾ ਸੜਕਾਂ ਬਣੀਆਂ ਬਾਅਦ ਹੀ ਕੀਤਾ ਜਾਵੇ। ਤੇ ਇੰਝ ਹੀ ਹੋਇਆ।

ਸਤਿਗੁਰੂ ਜੀ ਨੇ ਬੰਗਲੌਰੋਂ ਬਾਗ ਮਾਹਿਰਾਂ ਨੂੰ ਬੁਲਾ ਕੇ ਜੀਵਨ ਨਗਰ ਇਲਾਕੇ ਦੀ ਧਰਤੀ, ਪੌਣ ਪਾਣੀ ਵਿਖਾਏ। ਅੱਤ ਗਰਮੀ ਖੁਸ਼ਕੀ ਵੇਖ ਕੇ ਮਾਹਿਰ ਅੰਗੂਰਾਂ ਤੋਂ ਇਨਕਾਰ ਕਰ ਗਏ। ਕੁਝ ਸਾਲਾਂ ਬਾਅਦ ਫਿਰ ਬੁਲਾ ਕੇ ਜਦ ਕਈ ਕਿਸਮਾਂ ਦੇ ਜੀਵਨ ਨਗਰੀ ਅੰਗੂਰ ਛਕਾਏ ਤਾਂ ਮਾਹਿਰ ਨਤਮਸਤਕ ਹੋ ਗਏ।

ਸ੍ਰੀ ਸਤਿਗੁਰੂ ਜੀ ਸਰੀਰਕ ਉਮਰ ਪੱਖੋਂ ਪੂਰ ਹੋ ਕੇ ਪਗ ਖਿਸਣ ਵੱਲ ਵਧ ਰਹੇ ਸਨ, ਤਾਂ ਨੌਉਮਰਾਂ ਨੂੰ ਇਕੱਠੇ ਕਰਕੇ ਉਹਨਾਂ ਦੀ ਇੰਝ ਸਰਗਰਮ ਅਗਵਾਈ ਕੀਤੀ ਕਿ ਉਹਨਾਂ ਨੂੰ ਲੋਕ ਸਭਾ ਤੇ ਯੂ. ਐਨ. ਓ. ਤਕ ਨਾਮਧਾਰੀ ਬਾਣਾ ਪ੍ਰਦਰਸ਼ਤ ਕਰਨ ਦੇ ਸਮਰਥ ਬਣਾ ਦਿੱਤਾ।

ਮਸਤਾਨਗੜ੍ਹ ਦਰਸ਼ਨ ਕਰਨ ਗਏ ਨੂੰ ਹਾੜ੍ਹੀ ਦੀ ਫਸਲ ਵਖਾਣ ਬਹਾਨੇ ਇਕੱਲੇ ਨੂੰ ਲੈ ਤੁਰੇ। ਛੋਲਿਆਂ ਦੇ ਡੱਡੇ ਪਾਟਣ ਨੂੰ ਆਏ ਹੋਏ ਸਨ। ਫੁਰਮਾਇਓ ਨੇ ਕਿਵੇਂ ਲਗਦੇ ਨੇ? ਮੈਂ ਆਖਿਆ ਜਿਵੇਂ ਗੁਰ ਪੀਰ ਨੇ (ਇਕ ਬਹੁਤ ਛਕਣ ਵਾਲਾ ਬਿਹੰਗਮ ਢਿੱਡਲ ਬਜ਼ੁਰਗ) ਰੱਜ ਕੇ ਸ਼ਰਦਾਈ ਛਕੀ ਹੋਵੇ। ਖਿੜਖਿੜਾ ਕੇ ਹੱਸਦੇ ਕਿੰਨੀ ਦੂਰ ਚਲੇ ਗਏ। ਕਹਿੰਦੇ ਮੈਂ ਵੀ ਇਹੋ ਸੋਚਿਆ ਸੀ।

ਮੇਰੇ ਮੋਢੇ ਉਤੇ ਹੱਥ ਧਰ ਕੇ ਗੱਲਾਂ ਗੱਲਾਂ ਵਿਚ ਉਲਝਾ ਕੇ, ਮੈਨੂੰ ਉਕਸਾ ਲਿਆ। ਮੈਂ ਸਾਹਵੇਂ ਖਲੋ

ਸ੍ਰੀ ਭੈਣੀ ਸਾਹਿਬ ਕਈ ਮਹਾਂ ਰਾਗੀ ਆਏ ਹੋਏ ਸਨ। ਸੰਗੀਤ ਹਾਲ ਵਿਚ ਕਈ ਨਿੱਕੀਆਂ ਬੱਚੀਆਂ ਵਿਚੋਂ ਇਕ ਨੂੰ ਆਦੇਸ਼ ਹੋਇਆ ਕਾਨੜੇ ਦੇ ਕੁਝ ਪ੍ਰਕਾਰ ਸੁਣਾਏ ਜਾਣ। ਜਦੋਂ ਉਹ ਬਚੂੰਗੜੀ ਜਿਹੀ ਵੀਹ ਤੋਂ ਅਗੇ ਵਧੀ ਤਾਂ ਇਕ ਮਹਾਂ ਰਾਗੀ ਦੋ ਜ਼ਾਨੂੰ ਹੋ ਗਿਆ, "ਓਹ ਗੁਰੂ ਜੀ! ਆਪ ਨੇ ਏਹ ਕਿਆ ਕਰ ਦੀਆ। ਇਤਨੀ ਉਮਰ ਮੇਂ ਇਤਨੀ ਬਾਰੀਕੀ? ਯਾ ਖੁਦਾਇਆ।"

ਕੇ ਨਿਝਕ ਆਖ ਦਿੱਤਾ ਮੈਂ ਆਪ ਜੀ ਨੂੰ ਸਤਿਗੁਰੂ ਨਹੀਂ ਮੰਨਦਾ। ਸਤਿਕਾਰ ਭਾਵੇਂ ਉਦੋਂ ਵੱਧ ਕਰਦਾ ਹਾਂ। (ਮੈਂ ਹੁਣ ਸਮਝਦਾ ਹਾਂ ਮੇਰੇ ਮੂੰਹੋਂ ਇਹੋ ਗੱਲ ਸੁਣਨ ਵਾਸਤੇ ਮੈਨੂੰ ਇਕੱਲੇ ਨੂੰ ਬਾਹਰ ਲੈ ਗਏ ਸਨ।) ਅਖੀਰਲੇ ਅੱਧੇ ਫਿਕਰੇ ਤੋਂ ਪਹਿਲਾਂ ਹੀ ਗੱਲਾਂ ਪਤਾ ਨਹੀਂ ਕਿਧਰ ਨੂੰ ਚਲੀਆਂ ਗਈਆਂ। ਉਵੇਂ ਹੀ ਹੱਸਦੇ ਖੇਡਦੇ ਵਾਪਿਸ ਆ ਗਏ। ਮੈਨੂੰ ਅੱਜ ਤਕ ਉਹ ਸਮਾਂ ਇੰਨ ਬਿੰਨ ਚੇਤੇ ਆ ਕੇ ਰੜਕਦਾ ਰਹਿੰਦਾ ਹੈ। ਉਹਨਾਂ ਨੂੰ ਪਤਾ ਨਹੀਂ। ਸ੍ਰੀ ਭੈਣੀ ਸਾਹਿਬ ਕਈ ਮਹਾਂ ਰਾਗੀ ਆਏ ਹੋਏ ਸਨ। ਸੰਗੀਤ ਹਾਲ ਵਿਚ ਕਈ ਨਿੱਕੀਆਂ ਬੱਚੀਆਂ ਵਿਚੋਂ ਇਕ ਨੂੰ ਆਦੇਸ਼ ਹੋਇਆ ਕਾਨੜੇ ਦੇ ਕੁਝ ਪ੍ਰਕਾਰ ਸੁਣਾਏ ਜਾਣ। ਜਦੋਂ ਉਹ ਬਚੂੰਗੜੀ ਜਿਹੀ ਵੀਹ ਤੋਂ ਅਗੇ ਵਧੀ ਤਾਂ ਇਕ ਮਹਾਂ ਰਾਗੀ ਦੋ ਜ਼ਾਨੂੰ ਹੋ ਗਿਆ, "ਓਹ ਗੁਰੂ ਜੀ! ਆਪ ਨੇ ਏਹ ਕਿਆ ਕਰ ਦੀਆ। ਇਤਨੀ ਉਮਰ ਮੇਂ ਇਤਨੀ ਬਾਰੀਕੀ? ਯਾ ਖੁਦਾਇਆ।"

ਇਸੇ ਸੰਗੀਤ ਹਾਲ ਵਿਚ ਇਕ ਦਿਨ-ਮੋਹਨ ਕਰਉ ਜੋਦਰੀਆ, ਸਥਾਈ ਤੋਂ ਬਾਅਦ, ਆਪ ਜੀ ਨੇ ਇਤਨੇ ਅੰਤਰੇ ਲਾਏ-ਰਾਗ ਦੀ ਸਮਝ ਨਾ ਹੁੰਦਿਆਂ ਵੀ ਮੈਂ ਬਿਦੇਹ ਹੋ ਗਿਆ। ਪਤਾ ਨਾ ਲੱਗੇ ਕਿਥੇ ਬੈਠਾ ਹਾਂ। ਸੁਰਤ ਉਦੋਂ ਪਰਤੀ ਜਦੋਂ ਸ੍ਰੀ ਮੁਖ ਤੋਂ ਆਵਾਜ਼ ਆਈ ਸਾਧੂ.....(ਹਜ਼ੂਰ ਤੋਂ ਬਗੈਰ ਇੰਨੇ ਕੁ ਨਾਂ ਨਾਲ ਮੈਨੂੰ ਅੱਜ ਤਕ ਹੋਰ ਕਿਸੇ ਨੇ ਨਹੀਂ ਬੁਲਾਇਆ)। ਮੈਂ ਤ੍ਰਭਕਿਆ ਆਲੇ ਦੁਆਲੇ ਵੇਖਿਆ। ਅੱਧੀ ਸੰਗਤ ਉਠ ਰਹੀ ਸੀ। (ਬਾਕੀ ਸਫਾ ੫੮ 'ਤੇ)

Namdhari Elibrary NamdhariElibrary@gmail.com

ਗੁਰੂ ਜਗਜੀਤ ਮੀਤ ਸਾਰੇ ਸੰਸਾਰ ਦਾ

✍ ਗੁਰਦੀਸ਼ ਕੌਰ ਗਰੇਵਾਲ

ਜਦੋਂ ਵਾੜ ਖੇਤ ਨੂੰ ਹੀ ਵੱਢ ਵੱਢ ਖਾਣ ਲੱਗੇ, ਕਿਰਤੀਆਂ ਤੇ ਕਾਮਿਆਂ ਦੀ ਪੁੱਛੇ ਕੋਈ ਬਾਤ ਨਾ।
ਜਦੋਂ ਸਰਮਾਏਦਾਰੀ ਆਪਣਾ ਹੀ ਭਲਾ ਲੋਚੇ, ਪਰਜਾ ਨਿਮਾਣੀ ਦੀ ਤਾਂ ਜਾਣੇ ਕੋਈ ਜਾਤ ਨਾ।
ਔਰਤ ਨੂੰ ਜਦ ਲੋਕੀ ਪੈਰ ਦੀ ਸੀ ਜੁੱਤੀ ਕਹਿੰਦੇ, ਕੁੜੀਆਂ ਦੇ ਹਿੱਸੇ ਆਵੇ ਵਿਦਿਆ ਦੀ ਦਾਤ ਨਾ।
ਖੁਸ਼ਾਮਦੀ ਫਰੰਗੀਆਂ ਦੇ ਸਾਂਭ ਜਗੀਰਾਂ ਬੈਠੇ, ਦੇਸ਼ ਭਗਤਾਂ ਦੇ ਵਲ ਪਾਵੇ ਕੋਈ ਝਾਤ ਨਾ।
ਆਪ ਸਰਕਾਰ ਜਦੋਂ ਜ਼ਾਲਮ ਦਾ ਰੂਪ ਧਾਰੇ, ਇੱਕ ਯੁੱਗ ਪੁਰਸ਼ ਉਦੋਂ ਜੱਗ ਨੂੰ ਹੈ ਤਾਰਦਾ।
ਕਰਾਂ ਮੈਂ ਬਿਆਨ ਕਿਵੇਂ ਤੁੱਛ ਜਿਹੀ ਕਲਮ ਮੇਰੀ, ਗੁਰੂ ਜਗਜੀਤ ਮੀਤ ਸਾਰੇ ਸੰਸਾਰ ਦਾ।
ਔਰਤ ਦੀ ਜਦ ਲੋਕੀ ਗੁੱਤ ਪਿੱਛੇ ਮੱਤ ਕਹਿੰਦੇ, ਸਤਿਗੁਰੂ ਔਰਤਾਂ ਨੂੰ ਦੇਣ ਸੂਬੇਦਾਰੀਆਂ।
ਦਾਜ ਤੇ ਵੀ ਰੋਕ ਲਾਈ ਵਿਧਵਾ ਵਿਆਹ ਕੀਤੇ, ਤੋੜੀਆਂ ਸੀ ਕੁੜੀਮਾਰਾਂ ਨਾਲ ਨਾਤੇਦਾਰੀਆਂ।
ਸਮੂਹਕ ਵਿਆਹਾਂ ਦੀਆਂ ਕਰਕੇ ਮਿਸਾਲਾਂ ਕਾਇਮ, ਖਰਚੇ ਫਜ਼ੂਲ ਦੀਆਂ ਰਸਮਾਂ ਨਕਾਰੀਆਂ।
ਔਰਤ ਦੀ ਸਿਖਿਆ ਨੂੰ ਲਾਜ਼ਮੀ ਕਰਾਰ ਦੇ ਕੇ, 'ਪ੍ਰਯੋਗ', ਅਖੰਡ ਪਾਠਾਂ 'ਚ ਬਣਾਈਆਂ ਹਿਸੇਦਾਰੀਆਂ।
ਸਤਿਗੁਰਾਂ ਰਹਿਨੁਮਾਈ ਕੀਤੀ ਸਿੱਖ ਪੰਥ ਦੀ ਏ, ਉੱਚਾ ਮਾਣ ਹੋਇਆ ਨਾਮਧਾਰੀ ਦਰਬਾਰ ਦਾ।
ਉੱਚੀ ਸੁੱਚੀ ਸੇਧ ਜਿਸ ਦਿੱਤੀ ਹੈ ਸਮਾਜ ਤਾਈਂ, ਗੁਰੂ ਜਗਜੀਤ ਮੀਤ ਸਾਰੇ ਸੰਸਾਰ ਦਾ।
ਮਾਤ ਭੂਮੀ, ਮਾਤ-ਭਾਸ਼ਾ ਬਹੁਤ ਹੀ ਪਿਆਰੀ ਇਨ੍ਹਾਂ, ਸਾਹਿਤ ਤੇ ਕਲਾ ਦਾ ਵੀ ਕਰਦੇ ਸਤਿਕਾਰ ਏ।
'ਸਤਿਜੁਗ' ਪਰਚਾ ਮਿਆਰੀ ੮੮ ਸਾਲਾਂ ਤੋਂ ਏ, ਰਸਾਲਾ 'ਵਰਿਆਮ' ਵੀ ਗਿਆਨ ਦਾ ਭੰਡਾਰ ਏ।
ਕਵੀ ਅਤੇ ਸਾਹਿਤਕਾਰ ਨਾਮਧਾਰੀ ਪੈਦਾ ਕੀਤੇ, ਖੇਡਾਂ ਤੇ ਸੰਗੀਤ ਨੂੰ ਵੀ ਕਰਦੇ ਪਿਆਰ ਏ।
ਸਿਆਸਤ ਹੰਗਾਮਿਆਂ ਤੋਂ ਸਦਾ ਇਹ ਉਤਾਂਹ ਰਹਿੰਦੇ, ਥਾਂ ਥਾਂ ਜਪ ਪ੍ਰਯੋਗ ਬੇ-ਸ਼ੁਮਾਰ ਏ।
ਉੱਚੀ ਸ਼ਖਸੀਅਤ ਵਾਲਾ ਸਾਦਗੀ ਦਾ ਪਹਿਨ ਜਾਮਾ, ਸਿਮਰਨ ਬੰਦਗੀ 'ਚ ਜ਼ਿੰਦਗੀ ਗੁਜ਼ਾਰਦਾ।
ਸੇਵਾ ਤੇ ਤਿਆਗ ਵਾਲਾ ਪਰਉਪਕਾਰ ਵਾਲਾ, ਗੁਰੂ ਜਗਜੀਤ ਮੀਤ ਸਾਰੇ ਸੰਸਾਰ ਦਾ।
ਸੰਨ ਸੰਤਾਲੀ ਜਦੋਂ ਦੇਸ਼ ਦੀ ਸੀ ਵੰਡ ਹੋਈ, ਲਹੂ ਲੁਹਾਨ ਹੋਇਆ ਭਾਰਤ ਮਹਾਨ ਏ।
ਉੱਜੜੇ ਹੋਏ ਲੋਕਾਂ ਤਾਈਂ ਮੁੜ ਤੋਂ ਵਸਾਵਣੇ ਲਈ, ਨਾਮਧਾਰੀਆਂ ਹੀ ਦਿੱਤਾ ਪੂਰਨ ਧਿਆਨ ਏ।
ਉਜਾੜਾਂ 'ਚ ਬਹਾਰਾਂ ਜੀਵਨ ਨਗਰ ਰੁਸ਼ਨਾ ਦਿੱਤਾ, ਕੱਚਿਆਂ ਦੇ ਤਾਈਂ ਦਿੱਤਾ ਮਹਿਲਾਂ ਵਰਦਾਨ ਏ।
ਪਰਜਾ ਤੇ ਸ਼ਾਸਕਾਂ 'ਚ ਕੰਮ ਕਰੇ ਕੜੀ ਵਾਲਾ, ਸੱਚ ਇਨਸਾਫ ਦਾ ਵੀ ਕਰਦੇ ਸਨਮਾਨ ਏ।
ਸੇਵਾ ਦੀਨ ਦੁਖੀਆਂ ਦੀ ਸਿੱਖੀ ਦਾ ਉਸਾਰ ਮਹਿਲ, ਦਰਦ ਮਨੁੱਖਤਾ ਦਾ ਸੀਨੇ ਤੇ ਸਹਾਰਦਾ।
ਮਹਿਮਾ 'ਗੁਰਦੀਸ਼' ਤੇਰੀ ਕਰੇ ਤਾਂ ਬਿਆਨ ਕਿਵੇਂ ਗੁਰੂ ਜਗਜੀਤ ਮੀਤ ਸਾਰੇ ਸੰਸਾਰ ਦਾ।

Namdhari Elibrary NamdhariElibrary@gmail.com

ਗਊਆਨ ਕੇ ਰਖਵਾਲੇ

ਦੇਵਿੰਦਰ ਸਿੰਘ ਗਿੱਲ (ਜੀਆ ਨੱਥਾ)

ਦੁਸ਼ਟ ਦਮਨ ਸਾਹਿਬ ਸ੍ਰੀ ਗੁਰੂ ਦਸਮ ਪਾਤਸ਼ਾਹ ਜੀ ਆਪਣੀ ਬਾਣੀ ਵਿਚ ਅਕਾਲ ਪੁਰਖ ਅੱਗੇ ਸਾਰੀ ਪ੍ਰਿਥਵੀ ਤੋਂ ਗਊ ਘਾਤ ਖਤਮ ਕਰਨ ਲਈ ਬੇਨਤੀ ਕਰਦੇ ਹੋਏ ਇਸ ਪ੍ਰਕਾਰ ਅਰਦਾਸ ਕਰਦੇ ਹਨ :

-ਯਹੀ ਆਸ ਪੂਰਨ ਕਰਹੁ ਤੁਮ ਹਮਰੀ॥ ਮਿਟੈ ਕਸਟ ਗਊਅਨ ਛੁਟੈ ਖੇਦ ਭਾਰੀ॥

-ਯਹੀ ਦੇਹ ਆਗਿਆ ਤੁਰਕਨ ਗਹਿ ਖਪਾਊਂ॥ ਗਊ ਘਾਤ ਕਾ ਦੋਖ ਜਗ ਸਿਉਂ ਮਿਟਾਊਂ॥

ਮੈਂ ਗਊ ਨਾਲ ਹਿਸਾਬ ਨਹੀਂ ਕਰਦਾ
ਕਿਉਂਕਿ ਗਊ ਮੇਰੇ ਨਾਲ ਹਿਸਾਬ ਨਹੀਂ ਕਰਦੀ

-ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ
(ਸਤਿਜੁਗ ਅਖਬਾਰ ਦਾ-ਗਊ ਅੰਕ-1968 ਈ.)

ਗਊ ਗਰੀਬ ਦੀ ਰਖਿਆ ਕਰਨੀ, ਸਿੱਖ ਧਰਮ ਦੇ ਮੁਢਲੇ ਅਸੂਲਾਂ ਵਿਚ ਸ਼ਾਮਲ ਇਕ ਅਸੂਲ ਹੈ। ਇਹਨਾਂ ਦੀ ਰੱਖਿਆ ਕਰਨ ਦੀ ਅਕਾਲ ਪੁਰਖ ਅੱਗੇ ਅਰਦਾਸ ਰੋਜ਼ਾਨਾ ਹੀ ਸਿੱਖ ਕਰਦਾ ਆ ਰਿਹਾ ਹੈ। ਜਦੋਂ ਵੀ ਪਾਪ ਵਧਦਾ ਹੈ, ਰਾਜੇ ਕਸਾਈ ਬਣ ਜਾਂਦੇ ਹਨ ਅਤੇ ਵਾੜ ਹੀ ਖੇਤ ਨੂੰ ਖਾਣ ਲਗਦੀ ਹੈ ਤਾਂ ਗਊ ਗਰੀਬ ਦੀ ਭਖਿਆ ਹੁੰਦੀ ਹੈ। ਫਿਰ ਗਊ ਅਕਾਲ ਪੁਰਖ ਅੱਗੇ ਜ਼ੁਲਮ ਤੋਂ ਨਿਜ਼ਾਤ ਪਾਉਣ ਲਈ ਬੇਨਤੀ ਕਰਦੀ ਹੈ ਜਿਸਦੀ ਪੁਸ਼ਟੀ ਭਾਈ ਗੁਰਦਾਸ ਜੀ ਆਪਣੀਆਂ ਵਾਰਾਂ ਵਿੱਚ ਇਸ ਪ੍ਰਕਾਰ ਕਰਦੇ ਹਨ :

ਬਹੁ ਵਾਟੀਂ ਜਗ ਚਲੀਆਂ
ਜਬ ਹੀ ਭਏ ਮਹੰਮਦ ਯਾਰਾ।
ਕੌਮ ਬਹੱਤਰ ਸੰਗ ਕਰ
ਬਹੁ ਬਿਧਿ ਬੈਰ ਬਿਰੋਧ ਪਸਾਰਾ।
ਰੋਜ਼ੇ ਈਦ ਨਮਾਜ਼ ਕਰ
ਕਰਮੀ ਬੰਦ ਕੀਆ ਸੰਸਾਰਾ।
ਪੀਰ ਪਕੰਬਰ ਔਲੀਐ ਗ਼ੌਸ
ਕੁਤਬ ਬਹੁ ਭੇਖ ਸਵਾਰਾ।
ਠਾਕੁਰ ਦੁਆਰੈ ਢਾਹਿਕੈ
ਤਿਹ ਠਉੜੀਂ ਮਸੀਤ ਉਸਾਰਾ।
ਮਾਰਨ ਗਊ ਗਰੀਬ
ਧਰਤੀ ਉਪਰ ਪਾਪ ਬਿਥਾਰਾ।
ਕਾਫਰ ਮੁਲਹਦ ਇਰਮਨੀ
ਰੂੰਮੀ ਜੰਗੀ ਦੁਸਮਨ ਦਾਰਾ।
ਪਾਪੇ ਦਾ ਵਰਤਿਆ ਵਰਤਾਰਾ।

ਉਪਰੋਕਤ ਪਾਪੇ ਦੇ ਵਰਤਾਰੇ ਨੂੰ ਖਤਮ ਕਰਨ ਲਈ ਅਕਾਲ ਪੁਰਖ ਦੀ ਰਜ਼ਾ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮਾਤਲੋਕ ਵਿਚ ਅਵਤੀਰਣ ਹੋਇਆ। ਉਹਨਾਂ ਦੇ ਅਵਤਾਰ ਧਾਰਨ ਨਾਲ ਪਾਪ ਰੂਪੀ ਮਿਟੀ ਧੁੰਦ ਗੁਬਾਰ ਖਤਮ ਹੋ ਗਿਆ ਅਤੇ ਸਮੁਚੇ ਜਗਤ ਵਿਚ ਧਰਮ ਦਾ ਚਾਨਣ ਹੋ ਗਿਆ। ਸਾਰੇ ਗੁਰੂ ਸਾਹਿਬਾਨ ਨੇ ਗਊ ਨੂੰ ਬਹੁਤ ਆਦਰ ਸਤਿਕਾਰ ਦਿੱਤਾ। ਇਤਿਹਾਸ ਗਵਾਹ ਹੈ ਕਿ ਜਦੋਂ ਅਨੰਦਪੁਰ ਸਾਹਿਬ ਦੇ ਕਿਲ੍ਹੇ ਨੂੰ ਮੁਗਲਾਂ ਅਤੇ ਪਹਾੜੀ ਰਾਜਿਆਂ ਦੀਆਂ ਸੰਮਲਿਤ ਫੌਜਾਂ ਨੇ ਘੇਰਾ ਪਾਇਆ ਹੋਇਆ ਸੀ ਅਤੇ ਉਹ ਸਤਿਗੁਰੂ ਦਸਮ ਪਾਤਸ਼ਾਹ ਜੀ ਨੂੰ ਕਿਲ੍ਹੇ ਵਿਚੋਂ ਬਾਹਰ ਕੱਢਣ ਵਿੱਚ ਸਫਲ ਨਹੀਂ ਸੀ ਹੋ ਰਹੇ ਸਨ, ਉਸ ਸਮੇਂ ਕਾਫੀ

Namdhari Elibrary NamdhariElibrary@gmail.com

ਸੋਚ ਵਿਚਾਰਾਂ ਪਿਛੋਂ ਪਹਾੜੀ ਰਾਜਿਆਂ ਨੇ ਇੱਕ ਮੱਕਾਰੀ ਚਾਲ ਚੱਲੀ ਸੀ ਭਾਵ ਇਕ ਬ੍ਰਾਹਮਣ ਹੱਥ ਗੁਰੂ ਜੀ ਵੱਲ ਚਿਠੀ ਭੇਜੀ ਅਤੇ ਨਾਲ ਹੀ ਆਟੇ ਦੀ ਗਊ ਬਣਾ ਕੇ ਗਊ ਦੀ ਕਸਮ ਪਾਕੇ ਸਤਿਗੁਰੂ ਜੀ ਨੂੰ ਕਿਹਾ ਸੀ ਜੇਕਰ ਉਹ ਕਿਲ੍ਹਾ ਛੱਡ ਜਾਣ ਤਾਂ ਉਹ ਗੁਰੂ ਜੀ ਨੂੰ ਕੁਝ ਨਹੀਂ ਕਹਿਣਗੇ ਭਾਵ ਉਹਨਾਂ ਨੂੰ ਨੁਕਸਾਨ ਨਹੀਂ ਪਹੁੰਚਾਉਣਗੇ। ਸਤਿਗੁਰੂ ਦਸਮ ਪਾਤਸ਼ਾਹ ਜੀ ਨੇ ਉਹਨਾਂ ਦੀ ਝੂਠੀ ਗਊ ਦੀ ਕਸਮ ਤੇ ਇਤਬਾਰ ਕਰਕੇ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡ ਦਿੱਤਾ ਤਾਂ ਪਹਾੜੀ ਰਾਜਿਆਂ ਨੇ ਝੂਠੀ ਕਸਮ ਦਾ ਤਿਆਗ ਕਰਕੇ ਗੁਰੂ ਜੀ ਦੀਆਂ ਫੌਜਾਂ ਤੇ ਹਮਲਾ ਕਰ ਦਿੱਤਾ ਸੀ।

ਦੁਸ਼ਟ ਦਮਨ ਸਾਹਿਬ ਸ੍ਰੀ ਗੁਰੂ ਦਸਮ ਪਾਤਸ਼ਾਹ ਜੀ ਆਪਣੀ ਬਾਣੀ ਵਿਚ ਅਕਾਲ ਪੁਰਖ ਅੱਗੇ ਸਾਰੀ ਪ੍ਰਿਥਵੀ ਤੋਂ ਗਊ ਘਾਤ ਖਤਮ ਕਰਨ ਲਈ ਬੇਨਤੀ ਕਰਦੇ ਹੋਏ ਇਸ ਪ੍ਰਕਾਰ ਅਰਦਾਸ ਕਰਦੇ ਹਨ :

-ਯਹੀ ਆਸ ਪੂਰਨ ਕਰਹੁ ਤੁਮ ਹਮਰੀ॥
ਮਿਟੈ ਕਸਟ ਗਊਅਨ ਛੁਟੈ ਖੇਦ ਭਾਰੀ॥
-ਯਹੀ ਦੇਹ ਆਗਿਆ ਤੁਰਕਨ ਗਹਿ ਖਪਾਊਂ॥
ਗਊ ਘਾਤ ਕਾ ਦੋਖ ਜਗ ਸਿਉਂ ਮਿਟਾਊਂ॥

ਦਸਮ ਪਾਤਸ਼ਾਹ ਜੀ ਦੇ ਨੰਦੇੜ ਕੌਤਕ ਤੋਂ ਬਾਅਦ, ਪੰਜਾਬ ਵਿੱਚ ਬੰਦਾ ਬਹਾਦਰ ਦਾ ਆਗਮਨ ਹੋਇਆ। ਉਸਨੇ ਸਮੁਚੇ ਪੰਜਾਬ ਤੇ ਖਾਲਸਾਈ ਝੰਡਾ ਝੁਲਾ ਦਿੱਤਾ ਅਤੇ ਕੁਝ ਸਮੇਂ ਲਈ ਪੰਜਾਬ ਵਿਚੋਂ ਪੂਰੀ ਤਰ੍ਹਾਂ ਮੁਗਲ ਰਾਜ ਖਤਮ ਕਰ ਦਿੱਤਾ। ਉਹ ਜਿਸ ਵੀ ਇਲਾਕੇ ਤੇ ਕਬਜ਼ਾ ਕਰਦਾ ਸੀ ਤਾਂ ਉਥੇ ਸਭ ਤੋਂ ਪਹਿਲਾਂ ਗਊ ਹੱਤਿਆ ਨੂੰ ਬੰਦ ਕਰਿਆ ਕਰਦਾ ਸੀ। ਸਿਖ ਮਿਸਲਾਂ ਦੇ ਸਮੇਂ ਕਸੂਰ ਦੇ ਹਾਕਮ ਨੇ ਇਕ ਬ੍ਰਾਹਮਣ ਦੀ ਇਸਤਰੀ ਖੋਹ ਲਈ ਸੀ। ਉਸ ਬ੍ਰਾਹਮਣ ਨੇ ਇਸਤਰੀ ਪ੍ਰਾਪਤ ਕਰਨ ਲਈ ਅਨੇਕ ਜਤਨ ਕੀਤੇ ਪ੍ਰੰਤੂ ਉਸਨੂੰ ਸਫਲਤਾ ਨਾ ਮਿਲੀ ਤਾਂ ਫਿਰ ਉਸਨੇ ਗਿਆਨੀ ਗਿਆਨ ਸਿੰਘ ਦੇ ਗ੍ਰੰਥ ਪੰਥ ਪ੍ਰਕਾਸ਼ ਅਨੁਸਾਰ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਤਾਂ ਉਸਨੂੰ ਆਕਾਸ਼ਵਾਣੀ ਹੋਈ :

"ਗੋ ਗ੍ਰੀਬ ਧੇਨ ਦਿਜ ਸਾਧਨ ਕੇ ਰਖਣ ਕੋ
ਆਹਿ ਪੰਥ ਖਾਲਸਾ ਕਲੀ ਮੈਂ ਮੇਰ ਮਨੁ ਕੋ।"

ਫਿਰ ਉਸ ਬ੍ਰਾਹਮਣ ਨੇ ਖਾਲਸਾ ਪੰਥ ਕੋਲ ਸ੍ਰੀ ਅਕਾਲ ਤਖਤ ਸਾਹਿਬ ਆਕੇ ਬੇਨਤੀ ਕੀਤੀ ਤਾਂ ਸਿੱਖ ਸਰਦਾਰਾਂ ਨੇ ਅਰਦਾਸਾ ਸੋਧ ਕੇ ਕਸੂਰ ਦੇ ਹਾਕਮ ਤੇ ਹਮਲਾ ਕਰ ਦਿਤਾ ਅਤੇ ਜਿੱਤ ਪ੍ਰਾਪਤ ਕਰਕੇ ਬ੍ਰਾਹਮਣ ਦੀ ਇਸਤਰੀ ਉਸਨੂੰ ਵਾਪਿਸ ਦੁਆਈ।

ਸਿਖ ਮਿਸਲਾਂ ਦੇ ਰਾਜ ਤੋਂ ਬਾਅਦ ਪੰਜਾਬ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਦੇਖ ਰੇਖ ਹੇਠ ਖਾਲਸਾ ਰਾਜ ਕਾਇਮ ਹੋਇਆ। ਜਿਸਨੇ ਵਿਦੇਸ਼ੀ ਧਾੜਵੀਆਂ ਤੇ ਹਮਲਾਵਾਰਾਂ ਨੂੰ ਦੱਰਾ ਖੈਬਰ ਵਲੋਂ ਆਉਣ ਲਈ ਉਹਨਾਂ ਦਾ ਰਸਤਾ ਹਮੇਸ਼ਾ ਲਈ ਬੰਦ ਕਰ ਦਿੱਤਾ। ਮਹਾਰਾਜਾ ਦੇ ਰਾਜ ਵਿਚ ਗਊ ਘਾਤ ਤੇ ਪੂਰੀ ਤਰ੍ਹਾਂ ਪਾਬੰਦੀ ਸੀ। ਜੇਕਰ ਕੋਈ ਐਸਾ ਕਰਨ ਦਾ ਯਤਨ ਕਰਦਾ ਸੀ ਤਾਂ ਉਸਨੂੰ ਮੌਤ ਦੀ ਸਜ਼ਾ ਦਿੱਤੀ ਜਾਂਦੀ ਸੀ। ਇਸ ਬਾਰੇ ਜੇ. ਡਬਲਿਊ ਮੈਕਨਬ ਕਮਿਸ਼ਨਰ ਅੰਬਾਲਾ 9 ਫਰਵਰੀ 1872 ਈ. ਨੂੰ ਟਾਈਮਜ਼ ਅਖਬਾਰ ਨੂੰ ਲਿਖਦਾ ਹੈ :

Your readers will be aware that the killing kine as an abomination to all Hindus of whome the sikhs are ass off shoot. When the sikhs were in power, penality for killing kine was death.

"ਤੁਹਾਡੇ ਪਾਠਕ ਇਹ ਜਾਣਦੇ ਹੋਣਗੇ ਕਿ ਸਿੱਖ ਜੋ ਹਿੰਦੂਆਂ ਵਿਚੋਂ ਹੀ ਹਨ ਅਤੇ ਸਾਰੇ ਹਿੰਦੂ ਗਊ ਮਾਰਨ ਵਾਲਿਆਂ ਤੋਂ ਬੜੀ ਘਿਰਣਾ ਕਰਦੇ ਹਨ। ਸਿਖ ਰਾਜ ਸਮੇਂ ਗਊ ਮਾਰਨ ਵਾਲੇ ਨੂੰ ਮੌਤ ਦੀ ਸਜਾ ਦਾ ਹੁਕਮ ਸੀ।"

ਮਹਾਰਾਜਾ ਰਣਜੀਤ ਸਿੰਘ 1839 ਈ. ਵਿਚ ਸੁਰਗਵਾਸ ਹੋ ਗਿਆ ਤਾਂ ਉਸਦੇ ਅਯੋਗ ਵਾਰਸਾਂ ਅਤੇ ਚਲਾਕ ਦਰਬਾਰੀਆਂ ਦੀਆਂ ਚਲਾਕੀਆਂ ਕਾਰਨ ਦਸ ਸਾਲ ਬਾਅਦ ਹੀ ਸਮੁੱਚਾ ਖਾਲਸਾ ਰਾਜ ਅੰਗਰੇਜ਼ ਦੀ ਝੋਲੀ ਪੈ ਗਿਆ ਅਤੇ ਲਾਹੌਰ ਦੇ ਕਿਲ੍ਹੇ ਤੇ ਯੂਨੀਅਨ ਜੈਕ ਝੂਲਣ ਲੱਗਾ। ਅੰਗਰੇਜ਼ ਹਾਕਮ ਭਲੀਭਾਂਤ ਜਾਣਦੇ ਸਨ ਕਿ ਸਿੱਖ ਲੋਕ ਗਊ ਹੱਤਿਆ ਦੇ ਵਿਰੁਧ ਹਨ, ਇਸ ਲਈ ਸਰ ਹੈਨਰੀ ਲਾਰੰਸ ਨੇ ਅੰਮ੍ਰਿਤਸਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਤਾਂਬੇ ਦੀ ਪਲੇਟ ਤੇ ਹੇਠ ਲਿਖੇ ਸ਼ਬਦ ਲਿਖਵਾ ਕੇ ਬੋਰਡ ਟੰਗਿਆ ਸੀ-

Kine are not to be killed at Amritsar

ਜਦੋਂ ਅੰਗਰੇਜ਼ ਹਾਕਮ ਪੂਰੀ ਤਰ੍ਹਾਂ ਪੰਜਾਬ ਤੇ ਕਾਬਜ਼ ਹੋ ਗਏ ਅਤੇ ਸਿਰਕੱਢ ਪੰਜਾਬੀ ਸਰਦਾਰ ਜਗੀਰਦਾਰ ਅਤੇ ਗੁਰਦੁਆਰਿਆਂ ਦੇ ਮਹੰਤ ਅੰਗਰੇਜ਼ਾਂ ਦੇ ਗੁਣ ਗਾਉਣ ਲੱਗੇ, ਤਾਂ ਅੰਗਰੇਜ਼

Namdhari Elibrary NamdhariElibrary@gmail.com

ਸਤਿਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਕਰਨ ਆਏ ਸਿੱਖਾਂ ਨੂੰ ਪੁਲਿਸ ਵਾਲੇ ਨਾਜ਼ਾਇਜ਼ ਤੰਗ ਕਰਦੇ ਸਨ। ਏਨੀਆਂ ਤੰਗੀਆਂ ਦੇ ਬਾਵਜੂਦ ਵੀ ਸਤਿਗੁਰਾਂ ਨੇ ਸ੍ਰੀ ਭੈਣੀ ਸਾਹਿਬ ਵਿਖੇ ਗਊਸ਼ਾਲਾ ਕਾਇਮ ਰੱਖੀ ਅਤੇ ਲੰਗਰ ਵਿਚ ਗਊਆਂ ਦਾ ਦੁੱਧ ਸੇਵਨ ਕੀਤਾ ਜਾਂਦਾ ਰਿਹਾ।

ਹਾਕਮਾਂ ਨੇ ਆਪਣਾ ਰੰਗ ਦਿਖਾਉਣਾ ਸ਼ੁਰੂ ਕਰ ਦਿੱਤਾ। ਸਿਖਾਂ ਨੂੰ ਤੰਗ ਕਰਨ ਲਈ ਗੁਰਦੁਆਰਿਆਂ ਦੇ ਨੇੜੇ ਬੁਚੜਖਾਨੇ ਖੋਲ੍ਹੇ ਗਏ ਅਤੇ ਗਊ ਘਾਤ ਦੀ ਖੁਲ੍ਹ ਕਸਾਈਆਂ ਨੂੰ ਦਿੱਤੀ ਗਈ। ਅੰਮ੍ਰਿਤਸਰ ਸ੍ਰੀ ਹਰਿਮੰਦਰ ਸਾਹਿਬ ਦੇ ਨੇੜੇ ਘੰਟਾਘਰ ਵਾਲੇ ਪਾਸੇ ਬੁਚੜਖਾਨਾ ਖੋਲ੍ਹਿਆ ਗਿਆ, ਰਾਏਕੋਟ ਦਸਵੇਂ ਪਾਤਸ਼ਾਹ ਜੀ ਦੇ ਗੁਰਦੁਆਰੇ ਦੇ ਨੇੜੇ ਬੁਚੜਖਾਨਾ ਖੋਲ੍ਹ ਕੇ ਸਿਖਾਂ ਦੇ ਜਜ਼ਬਾਤਾਂ ਨਾਲ ਸਰਕਾਰ ਨੇ ਮਜ਼ਾਕ ਕਰਨੇ ਸ਼ੁਰੂ ਕਰ ਦਿੱਤੇ। ਨਾਮਧਾਰੀਆਂ ਤੋਂ ਬਿਨਾਂ ਹੋਰ ਸਿੱਖ ਜਗਤ ਵਿਚ ਕੋਈ ਨਹੀਂ ਸੀ ਜੋ ਸਰਕਾਰ ਦੇ ਉਸ ਕੁਕਰਮ ਦੇ ਖਿਲਾਫ ਆਵਾਜ਼ ਬੁਲੰਦ ਕਰ ਸਕੇ।

ਉਸ ਕੁਕਰਮ ਦੇ ਖਿਲਾਫ ਨਾਮਧਾਰੀ ਜਗਤ ਨੇ ਆਵਾਜ਼ ਬੁਲੰਦ ਕੀਤੀ ਅਤੇ ਗਊ ਘਾਤ ਨੂੰ ਖਤਮ ਕਰਨ ਲਈ ਅੰਮ੍ਰਿਤਸਰ, ਰਾਏਕੋਟ ਅਤੇ ਮਲੇਰਕੋਟਲੇ ਦੇ ਸਾਕੇ ਵਰਤਾ ਦਿਤੇ। ਸਰਕਾਰ ਤਾਂ ਮੌਕੇ ਦੀ ਭਾਲ ਵਿਚ ਸੀ ਕਿ ਕਦੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਦੋਸ਼ੀ ਠਹਿਰਾਇਆ ਜਾਵੇ। ਮਲੇਰਕੋਟਲੇ ਦੇ ਸਾਕੇ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਅਤੇ ਉਹਨਾਂ ਦੇ ਸੂਬਿਆਂ ਨੂੰ ਦੇਸ਼ ਤੋਂ ਜਲਾਵਤਨ ਕੀਤਾ ਗਿਆ। ਪਹਿਲਾਂ ਇਲਾਹਾਬਾਦ, ਫਿਰ ਕਲਕੱਤੇ ਤੋਂ ਸਮੁੰਦਰੀ ਜਹਾਜ਼ ਰਾਹੀਂ ਰੰਗੂਨ ਤੇ ਮਰਗੋਈ ਭੇਜਿਆ ਗਿਆ। ਸ੍ਰੀ ਭੈਣੀ ਸਾਹਿਬ ਵਿਚ ਪੁਲਿਸ ਚੌਕੀ ਬਿਠਾਈ ਗਈ ਜੋ ੫੦ ਸਾਲ ਗੁਰਦੁਆਰੇ ਦੇ ਗੇਟ ਅਗੇ ਕਾਇਮ ਰਹੀ। ਸਤਿਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਕਰਨ ਆਏ ਸਿੱਖਾਂ ਨੂੰ ਪੁਲਿਸ ਵਾਲੇ ਨਾਜ਼ਾਇਜ਼ ਤੰਗ ਕਰਦੇ ਸਨ। ਏਨੀਆਂ ਤੰਗੀਆਂ ਦੇ ਬਾਵਜੂਦ ਵੀ ਸਤਿਗੁਰਾਂ ਨੇ ਸ੍ਰੀ ਭੈਣੀ ਸਾਹਿਬ ਵਿਖੇ ਗਊਸ਼ਾਲਾ ਕਾਇਮ ਰੱਖੀ ਅਤੇ ਲੰਗਰ ਵਿਚ ਗਊਆਂ ਦਾ ਦੁੱਧ ਸੇਵਨ ਕੀਤਾ ਜਾਂਦਾ ਰਿਹਾ। ਆਪ ਜੀ ਰੋਜ਼ਾਨਾ ਅੰਮ੍ਰਿਤ ਵੇਲੇ ਤੋਂ ਸੂਰਜ ਚੜ੍ਹਨ ਤਕ ਨਿਤਨੇਮ ਤੋਂ ਵਿਹਲੇ ਹੋ ਕੇ ਗਊਸ਼ਾਲਾ ਵਿਚ ਦਰਸ਼ਨ ਦੇਣ ਜਾਇਆ ਕਰਦੇ ਸਨ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਨਾਮਧਾਰੀ ਸਿੱਖਾਂ ਤੇ ਕੁਝ ਪਾਬੰਦੀਆਂ ਨਰਮ ਹੋਈਆਂ ਤਾਂ ਸਤਿਗੁਰਾਂ ਨੇ ਪ੍ਰਚਾਰ ਦੌਰੇ ਪੰਜਾਬ ਤੋਂ ਬਾਹਰ ਕਰਨੇ ਸ਼ੁਰੂ ਕੀਤੇ। ਸ੍ਰੀ ਭੈਣੀ ਸਾਹਿਬ ਵਿਚ ਸੰਗਤਾਂ ਦੀਆਂ ਹੋਰ ਜ਼ਿਆਦਾ ਰੌਣਕਾਂ ਲੱਗਣ ਲੱਗੀਆਂ। ਹੋਲਾ ਅਤੇ ਜਪ ਪ੍ਰਯੋਗ ਤੋਂ ਬਿਨਾਂ ਹੋਰ ਕਾਨਫੰਰਸਾਂ ਤੇ ਸਮਾਗਮਾਂ ਦੇ ਮੇਲੇ ਅੰਤਰ ਰਾਸ਼ਟਰੀ ਪੱਧਰ ਤੇ ਮਨਾਏ ਜਾਣ ਲੱਗੇ। ਸੋ ਲੋੜ ਮੁਤਾਬਿਕ ਸਤਿਗੁਰੂ ਜੀ ਨੇ ਗਊਸ਼ਾਲਾ ਦਾ ਵਿਆਪਕ ਪੱਧਰ ਤੇ ਵਿਕਾਸ ਕੀਤਾ। ਭਾਰਤੀ ਸ਼ੁੱਧ ਨਸਲ ਦੀਆਂ ਖਾਸ ਕਰਕੇ ਸਾਹੀਵਾਲ ਅਤੇ ਹਰਿਆਣਾ ਨਸਲ ਦੀਆਂ ਗਊਆਂ ਗਊਸ਼ਾਲਾ ਵਿਚ ਸ਼ਾਮਲ ਕੀਤੀਆਂ। ਕਿਹੜੀ ਗਊ ਕਿੰਨਾ ਦੁੱਧ ਦਿੰਦੀ ਹੈ ਤੇ ਕਿੰਨਾਂ ਸਮਾਂ ਦੁੱਧ ਦਿੰਦੀ ਹੈ, ਉਹਨਾਂ ਦਾ ਪੂਰਾ ਰਿਕਾਰਡ ਸਤਿਗੁਰੂ ਜੀ ਵਲੋਂ ਰੱਖਿਆ ਜਾਂਦਾ ਸੀ। ਸਤਿਗੁਰੂ ਜੀ ਵਲੋਂ ਨਾਮਧਾਰੀ ਜਗਤ ਨੂੰ ਸਖਤ ਹੁਕਮ ਸੀ ਕਿ ਕੋਈ ਵੀ ਨਾਮਧਾਰੀ ਕਿਸੇ ਬੁੱਚੜ ਨੂੰ ਗਊ ਨਾ ਵੇਚੇ। ਉਹਨਾਂ ਨੇ ਭਾਰਤ ਵੰਡ ਤੋਂ ਬਾਅਦ ਹਰਿਆਣਾ ਪ੍ਰਦੇਸ਼ ਦੀ ਧਰਤੀ ਤੇ ਸ੍ਰੀ ਜੀਵਨ ਨਗਰ, ਸੰਤ ਨਗਰ ਆਦਿਕ ਨਵੇਂ ਨਗਰ ਵਸਾਏ ਅਤੇ ਨਾਮਧਾਰੀਆਂ ਨੂੰ ਅਨੇਕਾਂ ਬਿੱਘੇ ਜ਼ਮੀਨ ਮੁਫਤ ਵੰਡੀ ਅਤੇ ਨਾਲ ਹੀ ਉਹਨਾਂ ਨੂੰ ਮੁਫਤ ਗਊਆਂ ਵੀ ਦਿਤੀਆਂ। ਕੋਈ ਨਾਮਧਾਰੀ ਬੁੱਚੜ ਕੋਲ ਗਊ ਵੇਚਣ ਬਾਰੇ ਪਤਾ ਲੱਗ ਜਾਂਦਾ ਤਾਂ ਆਪ ਉਸਨੂੰ ਪੰਥ ਵਿਚੋਂ ਕੱਢ ਦਿਆ ਕਰਦੇ ਸਨ। ਆਪ ਜੀ ਨੇ ਇਕ ਵਾਰ ਉਚੇਚੇ ਤੌਰ ਤੇ ਕਲਕੱਤੇ ਬੁੱਚੜਖਾਨੇ ਜਾ ਰਹੀਆਂ ਗਊਆਂ ਨੂੰ ਆਪਣੇ ਸੇਵਕ ਕਲਕੱਤੇ ਭੇਜ ਕੇ ਸ੍ਰੀ ਭੈਣੀ ਸਾਹਿਬ ਲਿਆਂਦੀਆਂ। ਉਹਨਾਂ ਦੀ ਉਚੇਚੀ ਸੇਵਾ ਕੀਤੀ ਜੋ ਬਾਅਦ ਵਿਚ ਬੜੀਆਂ ਲਾਹੇਵੰਦ ਸਿਧ ਹੋਈਆਂ ਜੋ ਕਈ ਸੂਏ ਦੁੱਧ ਦੇ ਕੇ ਸੰਗਤ ਤੇ ਸਤਿਗੁਰਾਂ ਦੇ ਸਤਿਕਾਰ ਦਾ ਪਾਤਰ ਬਣੀਆਂ।

ਸਤਿਗੁਰੂ ਪ੍ਰਤਾਪ ਸਿੰਘ ਜੀ ਗਊ ਦੀ ਸੇਵਾ ਲਈ ਹਮੇਸ਼ਾ ਤਤਪਰ ਰਹਿੰਦੇ ਸਨ। ਬਿਕਰਮੀ ੧੯੯੪ (੧੯੩੭ ਈ.) ਨੂੰ ਲਾਹੌਰ ਵਿਚ ਅੰਗਰੇਜ਼ ਹਕੂਮਤ ਨੇ ਇਕ ਬਹੁਤ ਵੱਡਾ ਬੁਚੜਖਾਨਾ ਖੋਲ੍ਹਣ ਦੀ ਯੋਜਨਾ

Namdhari Elibrary NamdhariElibrary@gmail.com

ਬਣਾਈ। ਇਹ ਖਬਰ ਸਾਰੇ ਪੰਜਾਬ ਵਿਚ ਘਰ ਘਰ ਵਿਚ ਫੈਲ ਗਈ। ਕੁਝ ਹਿੰਦੂ ਜਥੇਬੰਦੀਆਂ ਦੇ ਮੈਂਬਰ ਸਤਿਗੁਰੂ ਜੀ ਕੋਲ ਸਹਿਯੋਗ ਦੀ ਮੰਗ ਕਰਨ ਆਏ ਤਾਂ ਕਿ ਨਵੇਂ ਉਸਾਰੇ ਜਾ ਰਹੇ ਬੁੱਚੜਖਾਨੇ ਨੂੰ ਰੋਕਿਆ ਜਾਵੇ। ਸਤਿਗੁਰੂ ਜੀ ਨੇ ਕਿਹਾ ਕਿ ਅਸੀਂ ਅਰਦਾਸ ਕਰਾਂਗੇ, ਸਤਿਗੁਰੂ ਭਲੀ ਕਰਨਗੇ। ਸਤਿਗੁਰੂ ਜੀ ਨੇ ਭੈਣੀ ਸਾਹਿਬ ਚੰਡੀ ਦੀ ਵਾਰ ਦੇ ਸਵਾ ਲੱਖ ਪਾਠ ਹਵਨ-ਯਗ ਸ਼ੁਰੂ ਕੀਤੇ। ਇਤਿਹਾਸ ਗਵਾਹ ਹੈ ਕਿ ਜਦੋਂ ਏਧਰ ਸ੍ਰੀ ਭੈਣੀ ਸਾਹਿਬ ਵਿਚ ਸਵਾ ਲੱਖ ਪਾਠ ਸੰਪੂਰਨ ਹੋਏ, ਉਧਰ ਸਰਕਾਰ ਨੇ ਉਹ ਬੁਚੜਖਾਨਾ ਲਗਾਉਣ ਦੀ ਸਕੀਮ ਨੂੰ ਬੰਦ ਕਰ ਦਿਤਾ। ਉਹ ਬੁੱਚੜਖਾਨਾ ਬੰਦ ਹੋਣ ਨਾਲ ਨਾਮਧਾਰੀ ਜਗਤ ਵਿਚ ਖੁਸ਼ੀ ਦੀ ਲਹਿਰ ਦੌੜ ਗਈ ਅਤੇ ਅਨੇਕ ਹਿੰਦੂ ਜਥੇਬੰਦੀਆਂ ਨੇ ਸ੍ਰੀ ਸਤਿਗੁਰੂ ਜੀ ਦਾ ਕੋਟਾਨਕੋਟ ਧੰਨਵਾਦ ਕੀਤਾ।

੧੯੫੯ ਈ. ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਜੋਤੀ ਜੋਤ ਸਮਾ ਗਏ ਤਾਂ ਪੰਥ ਦੀ ਵਾਗਡੋਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਕੋਲ ਆ ਗਈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਧਰਮ ਪ੍ਰਚਾਰ ਦੇ ਦੌਰੇ ਸ਼ੁਰੂ ਕੀਤੇ ਅਤੇ ਦੂਰ ਦੁਰਾਡੇ ਨਾਮਧਾਰੀ ਸੰਗਤ, ਜੋ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵਿਛੋੜੇ ਨਾਲ ਟੁੱਟ ਚੁੱਕੀ ਸੀ, ਨੂੰ ਧਰਵਾਸ ਦਿੱਤੀ ਅਤੇ ਉਹਨਾਂ ਨੂੰ ਨਾਮ ਸਿਮਰਨ ਕਰਨ ਅਤੇ ਗਊ ਪਾਲਕ ਹੋਣ ਦੀ ਪ੍ਰੇਰਨਾ ਦਿੱਤੀ। ਆਪ ਜੀ ਨੇ ਗਊ ਪਾਲਣਾ ਨੂੰ ਉਤਸ਼ਾਹਿਤ ਕਰਨ ਲਈ ਸਮੇਂ ਸਮੇਂ ਜਗ੍ਹਾ ਜਗ੍ਹਾ ਪਸ਼ੂ ਪ੍ਰਦਰਸ਼ਨੀਆਂ ਲਗਾਉਣੀਆਂ ਸ਼ੁਰੂ ਕੀਤੀਆਂ ਅਤੇ ਹਰਿਆਣਾ ਅਤੇ ਸਾਹੀਵਾਲ ਨਸਲ ਦੀਆਂ ਗਊਆਂ ਨੂੰ ਹੋਰ ਉਨਤ ਕੀਤਾ। ਆਪਣੀਆਂ ਗਊਸ਼ਾਲਾਵਾਂ ਵਿਚ ਗਊਆਂ ਦੀ ਗਿਣਤੀ ਵਧਾਈ। ਇਸ ਦੇ ਨਾਲ ਹੀ ਗਊ ਪਾਲਣਾ ਅਤੇ ਗਊ ਦੁੱਧ ਦੇ ਸੇਵਨ ਦੇ ਗੁਣਾਂ ਬਾਰੇ ਵਿਸ਼ੇਸ਼ ਤੌਰ ਤੇ ਨਾਮਧਾਰੀ ਜਗਤ ਲਈ ਸਮੇਂ ਸਮੇਂ ਸਾਹਿਤ ਪ੍ਰਕਾਸ਼ਨ ਕੀਤਾ ਜਾਂਦਾ ਹੈ। ਉਦਾਹਰਣ ਵਜੋਂ ਸਤਿਜੁਗ ਅਖਬਾਰ ਦਾ ੧੯੬੮ ਈ. ਵਿਚ ਸਤਿਗੁਰੂ ਜੀ ਦੀ ਪ੍ਰੇਰਨਾ ਸਦਕਾ ਗਊ ਅੰਕ ਪ੍ਰਕਾਸ਼ਿਤ ਹੋਇਆ ਸੀ ਜੋ ਲਾ-ਮਿਸਾਲ ਅੰਕ ਹੈ। ਇਸ ਤੋਂ ਬਿਨਾਂ ਸਤਿਜੁਗ ਅਖਬਾਰ ਵਿਚ ਸਮੇਂ ਸਮੇਂ ਗਊ ਪਾਲਣਾ ਅਤੇ ਗਊ ਦੇ ਦੁੱਧ ਦੇ ਗੁਣਾਂ ਬਾਰੇ ਲੇਖ ਛਪਦੇ ਰਹਿੰਦੇ ਹਨ।

ਗਊ ਦੀ ਸੇਵਾ ਕਰਨ ਨਾਲ ਗਊ ਦਾ ਦੁੱਧ ਤਾਂ ਪ੍ਰਾਪਤ ਹੁੰਦਾ ਹੀ ਹੈ ਜੋ ਕਿ ਕਈ ਸਰੀਰਕ ਰੋਗਾਂ ਦਾ ਨਾਸ ਕਰਦਾ ਹੈ, ਸਗੋਂ ਇਸ ਦੇ ਗੋਹੇ ਅਤੇ ਮੂਤਰ ਨਾਲ ਵੀ ਕਈ ਭਿਆਨਕ ਲਾ-ਇਲਾਜ ਰੋਗ ਖਤਮ ਹੋ ਜਾਂਦੇ ਹਨ। ਗਊ ਸੇਵਾ ਕਰਨ ਨਾਲ ਲੋਕ ਸੁਖੀ ਪ੍ਰਲੋਕ ਸੁਹੇਲਾ ਹੋ ਜਾਂਦਾ ਹੈ। ਇਸ ਦੀ ਪੁਸ਼ਟੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਵਚਨਾਂ ਤੋਂ ਹੋ ਜਾਂਦੀ ਹੈ। ਗਊ ਬਿਪਤਾ ਪੈਣ ਸਮੇਂ ਪਾਲਣਹਾਰ ਦੀ ਮਦਦ ਕਰਦੀ ਹੈ। ੧੯੬੪-੬੫ ਵਿਚ ਸ੍ਰੀ ਸਤਿਗੁਰੂ ਜੀ ਦੇ ਦਰਬਾਰ ਵਿਚ ਇਕ ਖੈਰਦੀਨ ਨਾਮ ਦਾ ਮੁਸਲਮਾਨ ਹਾਜ਼ਰ ਹੋਇਆ ਸੀ, ਜੋ ਪਿੰਡ ਤਪੇ (ਬਰਨਾਲੇ ਨੇੜੇ) ਦਾ ਰਹਿਣ ਵਾਲਾ ਸੀ। ਪਾਕਿਸਤਾਨ ਬਣਨ ਤੋਂ ਪਹਿਲਾਂ ਉਸਨੇ ਬੁੱਚੜਾਂ ਤੋਂ ਇਕ ਗਊ ਛੁਡਵਾਈ ਸੀ, ਜੋ ਉਸਨੇ ਪਾਲੀ ਪੋਸੀ ਤੇ ਉਸ ਨੇ ਦੋ ਸੂਏ ਉਸ ਦਾ ਦੁੱਧ ਪੀਤਾ ਤੇ ਫਿਰ ਉਸਨੇ ਇਕ ਗਊਸ਼ਾਲਾ ਵਿਚ ਦੇ ਦਿੱਤੀ। ਪਾਕਿਸਤਾਨ ਬਣਨ ਸਮੇਂ ਉਹ ਵੀ ਫਿਰਕੂ ਫਸਾਦਾਂ ਦੀ ਲਪੇਟ ਵਿਚ ਆ ਗਿਆ ਤਾਂ ਗਊ ਨੇ ਉਸ ਦੀ ਮਦਦ ਕੀਤੀ ਸੀ। ਇਸ ਬਾਰੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ (ਪੁਸਤਕ ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਪੰਨਾ ੨੫੪) ਇਸ ਪ੍ਰਕਾਰ ਕਿਰਪਾ ਕਰਦੇ ਹਨ :

"ਇਕ ਖੈਰਦੀਨ ਨਾਮ ਦਾ ਮੁਸਲਮਾਨ ਸੀ। ਪਾਕਿਸਤਾਨ ਬਣਨ ਤੋਂ ਕਈ ਸਾਲ ਪਹਿਲਾਂ ਉਸਨੇ ਤਿੰਨ ਗਊਆਂ ਜਿਹੜੀਆਂ ਮੁਸਲਮਾਨ ਮਾਰਨ ਵਾਸਤੇ ਲਿਆਏ ਸਨ, ਉਹਨਾਂ ਨੂੰ ਛੁਡਾਉਣ ਵਾਸਤੇ ਉਦਮ ਕੀਤਾ। ਉਹਨਾਂ ਮੁਸਲਮਾਨਾਂ ਨੂੰ ਕਿਹਾ ਕਿ ਤੂੰ ਪੈਸੇ ਦੇ ਕੇ ਖਰੀਦ ਲੈ। ਉਸਨੇ ਕਿਹਾ ਮੈਂ ਪੈਸਿਆਂ ਦਾ ਪ੍ਰਬੰਧ ਕਰਦਾ ਹਾਂ ਪਰ ਉਸਦੇ ਕੋਲ ਪੈਸੇ ਨਹੀਂ ਸਨ। ਉਸਨੇ ਫਿਰ ਆਪਣੀ ਭਰਜਾਈ ਦਾ ਹੱਸ ਲੈ ਕੇ, ੨੨ ਰੁਪਏ ਦਾ ਵੇਚ ਕੇ ਉਹਦੇ ਨਾਲ ਇਕ ਗਾਂ ਖਰੀਦੀ। ਉਹ ਇਕ ਦੋ ਸੂਏ ਉਸ ਕੋਲ ਸੂਈ ਤੇ ਫਿਰ ਉਸਨੇ ਉਹ ਗਾਂ ਗਊਸ਼ਾਲਾ ਨੂੰ ਦੇ ਦਿਤੀ। ਉਸ ਤੋਂ ਬਾਅਦ ਪਾਕਿਸਤਾਨ ਬਣਨਾ ਸ਼ੁਰੂ ਹੋ ਗਿਆ। ਜਿਸ ਵੇਲੇ ਪਾਕਿਸਤਾਨ ਬਣਨਾ ਸ਼ੁਰੂ ਹੋਇਆ ਤਾਂ ਉਹ ਮੁਸਲਮਾਨ ਕੁਝ ਹੋਰ ਮੁਸਲਮਾਨਾਂ ਦੇ ਨਾਲ ਹਿੰਦੂਆਂ ਨੇ ਜਾਂ ਸਿਖਾਂ ਨੇ ਘੇਰ ਕੇ ਸਲਾਹ ਕੀਤੀ ਕਿ ਇਹਨਾਂ ਨੂੰ ਅੰਦਰ ਦੇ ਕੇ ਸਾੜ ਕੇ ਮਾਰ ਦੇਈਏ। ਮੁਸਲਮਾਨ ਦੇ ਧਰਮ ਵਿਰੁੱਧ ਹੈ ਸੜਨਾ, ਸਾਰੇ ਮੁਸਲਮਾਨ ਕਿਸੇ ਤਰ੍ਹਾਂ ਅੱਗ ਵਿਚੋਂ ਨਿਕਲ ਕੇ

Namdhari Elibrary NamdhariElibrary@gmail.com

ਭੱਜ ਗਏ। ਖੈਰਦੀਨ 'ਕੱਲਾ ਰਹਿ ਗਿਆ। ਅੰਦਰ ਜਿਥੇ ਖੈਰਦੀਨ ਬੈਠਾ ਸੀ ਉਥੇ ਉਸਦੇ ਉਪਰ ਬੜਾ ਵੱਡਾ ਸ਼ਤੀਰ ਸੀ। ਐਸੀ ਕੁਦਰਤ ਵਰਤਾਈ ਸਤਿਗੁਰਾਂ ਨੇ ਉਹ ਸ਼ਤੀਰ ਉਸਦੇ ਸਿਰ ਵਲੋਂ ਨਹੀਂ ਸੜਿਆ। ਦੂਸਰੇ ਪਾਸਿਓਂ ਸੜ ਕੇ ਥੱਲੇ ਡਿੱਗ ਪਿਆ। ਖੈਰਦੀਨ ਨੂੰ ਕੋਈ ਆਂਚ ਨਹੀਂ ਆਈ। ਜਿੰਨਾ ਚਿਰ ਉਹ ਅੰਦਰ ਰਿਹਾ ਉਸਦੇ ਸਾਹਮਣੇ ਗਊ ਦੀ ਪੂਛ ਹਿਲਦੀ ਰਹੀ ਤੇ ਸੇਕ ਨਹੀਂ ਲੱਗਣ ਦਿੱਤਾ। ਇੰਜ ਗਾਂ ਦੀ ਰਖਿਆ ਮੁਸਲਮਾਨ ਨੇ ਕੀਤੀ ਤੇ ਗਊ ਨੇ ਮੁਸਲਮਾਨ ਦੀ ਰਖਿਆ ਕਰ ਦਿੱਤੀ।"

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸਦਾ ਗਊ ਸੇਵਾ ਤੇ ਗਊ ਦੀ ਸਾਂਭ ਸੰਭਾਲ ਤੇ ਉਸਦੀ ਭਾਰਤੀ ਨਸਲ ਦੀ ਸਾਂਭ ਸੰਭਾਲ ਲਈ ਹਮੇਸ਼ਾ ਤਤਪਰ ਰਹਿੰਦੇ ਹਨ। ਇਕ ਵਾਰ ਆਪ ਜੀ ਨੇ ਉਚੇਚੇ ਤੌਰ ਤੇ ਅਮਲੋਹ ਦੇ ਨੇੜੇ ਕੂਕਿਆਂ ਦੀ ਬੀੜ ਵਿਚ ਜਿਮੀਂਦਾਰ ਨਾਮਧਾਰੀ ਸਿਖਾਂ ਨੂੰ ਗਊਆਂ ਰੱਖਣ ਦਾ ਉਚੇਚਾ ਹੁਕਮ ਕੀਤਾ ਸੀ। ਆਪ ਜੀ ਦੇ ਹੁਕਮ ਨਾਲ ੧੯੬੪ ਈ. ਵਿਚ ਕਲਕੱਤੇ ਬੁਚੜਖਾਨੇ ਤੋਂ ਕੰਡਮ ਕੀਤੀਆਂ ਗਊਆਂ ਜੋ ਬੁੱਚੜਖਾਨੇ ਵਿਚ ਕਤਲ ਕਰਨੀਆਂ ਸਨ, ਉਹ ਭੈਣੀ ਸਾਹਿਬ ਲਿਆਂਦੀਆਂ ਗਈਆਂ। ਉਹਨਾਂ ਦੀ ਸੇਵਾ ਕੀਤੀ ਗਈ, ਸਤਿਗੁਰਾਂ ਦੀ ਕਿਰਪਾ ਸਦਕਾ ਉਹਨਾਂ ਗਊਆਂ ਵਿਚੋਂ ਬਹੁਤ ਸਾਰੀਆਂ ਨੇ ੭ ਕਿਲੋ ਤੋਂ ੧੪ ਕਿਲੋ ਤਕ ਦੁੱਧ ਰੋਜ਼ਾਨਾ ਦਿੱਤਾ ਸੀ। ਆਪ ਜੀ ਦੀ ਕਿਰਪਾ ਸਦਕਾ ਹਰਿਆਣਾ ਨਸਲ ਦੀ 'ਝੰਗੋ' ਨੇ ੬੪ ਪੌਂਡ ਰੋਜ਼ਾਨਾ ਅਤੇ ਸਾਹੀਵਾਲ ਨਸਲ ਦੀ ਨੌਲੱਖੀ ਨੇ ੭੪ ਪੌਂਡ ਦੁੱਧ ਰੋਜ਼ਾਨਾ ਦੇ ਕੇ ਭਾਰਤ ਭਰ ਵਿਚੋਂ ਅੱਵਲ ਆਉਣ ਕਰਕੇ ਭਾਰਤ ਦੀ ਨੀਮ ਸਰਕਾਰੀ ਸੰਸਥਾ ਗੋਵਰਧਨ ਸਮਿਤੀ ਨੇ ੧੯੬੪ ਈ. ਵਿਚ ਸਤਿਗੁਰੂ ਜਗਜੀਤ ਸਿੰਘ ਜੀ ਨੂੰ 'ਗੋਪਾਲ ਰਤਨ' ਦੀ ਉਪਾਧੀ ਭੇਟ ਕਰਕੇ ਸਨਮਾਨ ਦਿਤਾ ਸੀ।

ਜਿਥੇ ਆਪ ਜੀ ਸ੍ਰੀ ਜੀਵਨ ਨਗਰ ਜਾਂ ਹਿੰਦੁਸਤਾਨ ਦੀਆਂ ਹੋਰ ਥਾਵਾਂ ਤੇ ਪਸ਼ੂ ਪ੍ਰਦਰਸ਼ਨੀਆਂ ਕਰਦੇ ਅਤੇ ਉਹਨਾਂ ਵਿਚ ਸ਼ਾਮਲ ਹੁੰਦੇ ਹਨ ਉਥੇ ਆਪ ਵਿਦੇਸ਼ਾਂ ਵਿਚ ਵੀ ਜਾਂਦੇ ਹਨ। ਆਪ ਜੀ ਜਰਮਨੀ ਵਿਖੇ ਓਲਡਨ ਬਰਗ ਪਸ਼ੂ ਪ੍ਰਦਰਸ਼ਨੀ ਉਚੇਚੇ ਤੌਰ ਤੇ ਵੇਖਣ ਗਏ ਸਨ। ਉਥੇ ਆਪ ਨੇ ਉਚੇਚੇ ਤੌਰ ਤੇ ਬਚਨ ਕੀਤੇ ਸਨ ਜੇ ਤੁਸੀਂ ਉਚੇਚੇ ਤੌਰ ਤੇ ਇੰਨੇ ਚੰਗੇ ਦੁੱਧ ਵਾਲੀਆਂ ਗਊਆਂ ਤਿਆਰ ਕਰਦੇ ਹੋ ਉਥੇ ਇਕ ਉਦਮ ਹੋਰ ਵੀ ਕਰੋ। ਜਿਨ੍ਹਾਂ ਦਾ ਦੁੱਧ ਪੀਂਦੇ ਹਾਂ ਉਹਨਾਂ ਨੂੰ ਮਾਰਿਆ ਨਾ ਜਾਵੇ। ਸਗੋਂ ਉਹਨਾਂ ਦੀ ਸੇਵਾ ਕੀਤੀ ਜਾਵੇ।

ਆਪ ਜੀ ਦੀ ਕਿਰਪਾ ਸਦਕਾ ਅਨੇਕ ਪਸ਼ੂ ਪ੍ਰਦਰਸ਼ਨੀਆਂ ਸਮੇਂ ਸਮੇਂ ਸਿਰ ਜੀਵਨ ਨਗਰ ਵਿਖੇ ਕੀਤੀਆਂ ਗਈਆਂ। ੧੯੬੩ ਈ. ਵਿਚ ਹਰਿਆਣਾ ਨਸਲ ਦੀ ਗਊ 'ਪੁਤਲੀ' ਨੇ ੬੩ ਪੌਂਡ ਦੁੱਧ ਰੋਜ਼ਾਨਾ ਦੇਣ ਤੇ ਸਰਬ ਹਿੰਦ ਦੁੱਧ ਮੁਕਾਬਲੇ ਵਿਚ ਇਕ ਸਾਲ ਦਾ ੫੦੦੦ ਰੁਪਏ ਇਨਾਮ ਜਿਤਿਆ ਸੀ। ਉਸ ਪ੍ਰਦਰਸ਼ਨੀ ਸਮੇਂ ਉਚੇਚੇ ਤੌਰ ਤੇ ਭਾਰਤ ਸਰਕਾਰ ਦੇ ਖੇਤੀਬਾੜੀ ਅਤੇ ਖੁਰਾਕ ਮੰਤਰੀ ਡਾ. ਰਾਮ ਸੁਭਾਗ ਸਿੰਘ, ਪੰਜਾਬ ਦੇ ਪਸ਼ੂ ਪਾਲਣ ਡਾਇਰੈਕਟਰ ਸ. ਪ੍ਰੀਤਮ ਸਿੰਘ ਬਰਾੜ ਅਤੇ ਹਿਸਾਰ ਦੇ ਡਿਪਟੀ ਕਮਿਸ਼ਨਰ ਸ. ਇਕਬਾਲ ਸਿੰਘ ਆਦਿਕ ਪੁਤਲੀ ਗਊ ਨੂੰ ਵੇਖਣ ਆਏ ਸਨ। ਸਤਿਗੁਰੂ ਜੀ ਵਲੋਂ ਸਰਬ ਪ੍ਰਥਮ ਪਸ਼ੂ ਪ੍ਰਦਰਸ਼ਨੀ ੧੯੬੦ ਵਿਚ ਸ੍ਰੀ ਜੀਵਨ ਨਗਰ ਲਗਾਈ ਗਈ ਸੀ। ਜਿਸ ਵਿਚ ਨਾਮਧਾਰੀ ਪੰਥ ਦੀਆਂ ਪੈਦਾ ਕੀਤੀਆਂ ਤੇ ਸਾਂਭੀਆਂ ਹੋਈਆਂ ਗਊਆਂ ਨੂੰ ਇਨਾਮ ਦੇਣ ਲਈ ਪਸ਼ੂ ਪਾਲਣ ਅਤੇ ਖੇਤੀਬਾੜੀ ਮੰਤਰੀ ਚੌਧਰੀ ਸੂਰਜਮਲ ਸ੍ਰੀ ਜੀਵਨ ਨਗਰ ਆਏ ਸਨ।

ਸਤਿਗੁਰੂ ਜਗਜੀਤ ਸਿੰਘ ਜੀ ਹਮੇਸ਼ਾ ਗਊ ਸੇਵਾ ਤੇ ਸਤਿਕਾਰ ਲਈ ਤਿਆਰ ਰਹਿੰਦੇ ਹਨ। ਜੇ ਕੋਈ

ਸਹੀ ਅਰਥਾਂ ਵਿਚ ਸੱਚੇ ਪਾਤਸ਼ਾਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਰਤਾਮਨ ਸਮੇਂ ਵਿਚ ਗਊਅਨ ਕੇ ਰਖਵਾਰੇ ਹਨ। ਉਹਨਾਂ ਦੀ ਕਿਰਪਾ ਸਦਕਾ ਸ੍ਰੀ ਭੈਣੀ ਸਾਹਿਬ, ਸ੍ਰੀ ਜੀਵਨ ਨਗਰ, ਮਸਤਾਨਗੜ੍ਹ ਅਤੇ ਨਾਮਧਾਰੀ ਫਾਰਮ ਬਿੜਦੀ (ਬੰਗਲੌਰ) ਵਿਖੇ ਵਰਤਾਮਨ ਸਮੇਂ ਵਿਆਪਕ ਪੱਧਰ ਤੇ ਗਊਸ਼ਾਲਾਵਾਂ ਚੱਲ ਰਹੀਆਂ ਹਨ। ਜਿਥੇ ਸ਼ੁਧ ਭਾਰਤੀ ਨਸਲ ਦੀਆਂ ਗਊਆਂ ਦੀ ਸੇਵਾ ਹੋ ਰਹੀ ਹੈ।

Namdhari Elibrary NamdhariElibrary@gmail.com

ਨਾਮਧਾਰੀ ਪੰਥ ਤੋਂ ਬਾਹਰਲੀ ਸੰਸਥਾ ਗਊ ਪਾਲਣ ਦੇ ਹਿਤ ਵਿਚ ਕੁਝ ਕਰਨਾ ਚਾਹੇ ਤਾਂ ਆਪ ਜੀ ਉਸਦੀ ਨਿਰਸੰਕੋਚ ਸਹਾਇਤਾ ਕਰਦੇ ਹਨ ਅਤੇ ਗਊ ਪਾਲਣ ਦੇ ਬਾਰੇ ਪ੍ਰਕਾਸ਼ਿਤ ਸਾਹਿਤ ਵਿੱਚ ਵੀ ਯੋਗਦਾਨ ਪਾਉਂਦੇ ਹਨ। ਸਤੰਬਰ ੨੦੦੧ ਵਿਚ ਸੇਵਾ ਸੰਸਕਾਰ ਮਾਸਿਕ ਰਸਾਲਾ ਨੇ ਗਊ ਸੇਵਾ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕੀਤਾ ਸੀ। ਉਸ ਰਸਾਲੇ ਦੇ ਪ੍ਰਬੰਧਕਾਂ ਨੂੰ ਅਸ਼ੀਰਵਾਦ ਦਿੰਦੇ ਹੋਏ ਆਪ ਆਪਣੀ ਮੁਬਾਰਕ ਕਲਮ ਨਾਲ ਇਸ ਪ੍ਰਕਾਰ ਬਚਨ ਅੰਕਿਤ ਕਰਦੇ ਹਨ-

"ਆਦਿ ਕਾਲ ਤੋਂ ਹੀ ਗਊ ਜਿਥੇ ਭਾਰਤ ਵਰਸ਼ ਦੀ ਆਰਥਿਕਤਾ ਦਾ ਆਧਾਰ ਰਹੀ ਹੈ, ਉਥੇ ਭਾਰਤੀਆਂ ਦੀਆਂ ਧਾਰਮਿਕ ਭਾਵਨਾਵਾਂ ਦਾ ਪ੍ਰਤੀਕ ਹੈ। ਬੱਚੇ ਵਾਸਤੇ ਮਾਂ ਤੋਂ ਬਾਅਦ ਗਊ ਦਾ ਦੁੱਧ ਹੀ ਸੰਤੁਲਿਤ ਖੁਰਾਕ ਹੈ। ਇਸੇ ਕਰਕੇ ਸਾਡੇ ਸਮਾਜ ਵਿਚ ਗਊ ਨੂੰ ਗਊਮਾਤਾ ਕਹਿ ਕੇ ਸਤਿਕਾਰਿਆ ਜਾਂਦਾ ਹੈ।

ਗਊ ਗਰੀਬ ਦੀ ਰੱਖਿਆ ਅਤੇ ਸੇਵਾ ਸਿਖ ਧਰਮ ਦਾ ਮੁਖ ਉਦੇਸ਼ ਹੈ। ਇਹੋ ਸਾਂਝਾ ਧਰਮ, ਹੈ, ਇਹੋ ਸਾਡੀ ਸਿਆਸਤ ਹੈ, ਸਤਿਗੁਰੂ ਰਾਮ ਸਿੰਘ ਜੀ ਦੀ ਬਖਸ਼ਿਸ਼ ਅਤੇ ਪ੍ਰੇਰਨਾ ਸਦਕਾ ਨਾਮਧਾਰੀ ਸਿੱਖਾਂ ਨੇ ਗਊਆਂ ਦੀ ਰੱਖਿਆ ਅਤੇ ਦੇਸ਼ ਦੀ ਆਜ਼ਾਦੀ ਲਈ ਬੇਮਿਸਾਲ ਕੁਰਬਾਨੀਆਂ ਦਿੱਤੀਆਂ। ਫਾਂਸੀਆਂ ਤੇ ਚੜ੍ਹੇ, ਤੋਪਾਂ ਨਾਲ ਉਡਾਏ ਗਏ, ਕਾਲੇ ਪਾਣੀ ਦੀਆਂ ਸਜ਼ਾਵਾਂ ਭੁਗਤੀਆਂ।

ਜੋ ਵੀ ਸੰਸਥਾਵਾਂ ਗਊ ਧਨ ਦੀ ਰੱਖਿਆ ਅਤੇ ਸੇਵਾ ਲਈ ਤਤਪਰ ਹਨ ਸਾਡਾ ਸਾਥ ਹਮੇਸ਼ਾ ਉਹਨਾਂ ਦੇ ਨਾਲ ਹੈ, ਸਾਡੀ ਅਰਦਾਸ ਹੈ:

ਯਹੀ ਆਸ ਪੂਰਨ ਤੁਮ ਕਰਹੁ ਹਮਾਰੀ॥
ਮਿਟੈ ਕਸਟ ਗਊਅਨ ਛੁਟੈ ਖੇਦ ਭਾਰੀ॥

ਇਸ ਪ੍ਰਕਾਰ ਸਹੀ ਅਰਥਾਂ ਵਿਚ ਸੱਚੇ ਪਾਤਸ਼ਾਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਰਤਾਮਨ ਸਮੇਂ ਵਿਚ ਗਊਅਨ ਕੇ ਰਖਵਾਰੇ ਹਨ। ਉਹਨਾਂ ਦੀ ਕਿਰਪਾ ਸਦਕਾ ਸ੍ਰੀ ਭੈਣੀ ਸਾਹਿਬ, ਸ੍ਰੀ ਜੀਵਨ ਨਗਰ, ਮਸਤਾਨਗੜ੍ਹ ਅਤੇ ਨਾਮਧਾਰੀ ਫਾਰਮ ਬਿੜਦੀ (ਬੰਗਲੌਰ) ਵਿਖੇ ਵਰਤਾਮਨ ਸਮੇਂ ਵਿਆਪਕ ਪੱਧਰ ਤੇ ਗਊਸ਼ਾਲਾਵਾਂ ਚੱਲ ਰਹੀਆਂ ਹਨ। ਜਿਥੇ ਸ਼ੁਧ ਭਾਰਤੀ ਨਸਲ ਦੀਆਂ ਗਊਆਂ ਦੀ ਸੇਵਾ ਹੋ ਰਹੀ ਹੈ।■

ਅੱਖੀਂ ਵੇਖੀਆਂ ਸਿਖਰਾਂ..(ਬਾਕੀ ਸਫਾ ੫੧ ਦੀ)

ਸਤਿਗੁਰੂ ਜੀ ਦਾ ਪਠਾਨਕੋਟ ਨੂੰ ਦੌਰਾ ਜਾ ਰਿਹਾ ਸੀ। ਬੈਗ ਮੋਢੇ ਪਾਈ ਮੈਂ ਘਰ ਵਾਪਸੀ ਵਾਸਤੇ ਖੜ੍ਹਾ ਸਾਂ। ਹੁਕਮ ਹੋਇਆ ਆ ਬੈਠ। ਤੇਰੇ ਸਰਨਾਵੀਏਂ ਕੋਲ ਚੱਲੀਏ। ਵਾਪਸੀ ਤੇ ਇੱਕ ਜਗ੍ਹਾ ਜਲਪਾਨ ਕਰਨਾ ਸੀ। ਹਜ਼ੂਰੀ ਡਰਾਈਵਰ ਸੁਚੇਤ ਸੀ। ਆਪਣਾ ਗਲਾਸ ਲੈ ਕੇ ਗੱਡੀ ਕੋਲ ਹੀ ਖੜ੍ਹੋ ਗਿਆ। ਹਜ਼ੂਰ ਦੇ ਤਸ਼ਰੀਫ ਰਖਦੇ ਹੀ ਗੱਡੀ ਫੁਰਰ ਹੋ ਗਈ। ਬਾਕੀਆਂ ਵਲੋਂ ਵੇਖ ਕੇ ਮੈਂ ਵੀ ਤੱਤਫੜ ਸਤਰ ਆਖੀ-

ਹੱਥੀਂ ਰਹਿ ਗਏ ਫੜੇ ਗਲਾਸ
ਸਤਿਗੁਰੂ ਗੱਡੀ ਕਰ ਗਏ ਪਾਸ।

ਸਮੇਂ ਨੂੰ ਦੁਗਣਾ ਵਰਤਣ ਦੀ ਜਾਚ ਸਮੇਂ ਦੇ ਮਾਲਕ ਤੋਂ ਸਿਖੀ ਜਾ ਸਕਦੀ ਹੈ। ਪਰ ਵਰਤੋਂ ਵਿਚ ਲਿਆਉਣੀ ਨਾ ਮੁਮਕਿਨ ਹੈ।

ਮੈਂ ਆਪ ਤਾਂ ਨਹੀਂ ਸਮਝ ਸਕਦਾ, ਸੁਣਿਐ ਸਵਾ ਚੌਦਾਂ, ਪੌਣੇ ਪੰਦਰਾਂ ਮਾਤਰਾ ਦੇ ਨਵੇਂ ਤਾਲ ਅਜਿਹੇ ਸਿਰਜੇ ਹਨ :- ਸੁਪ੍ਰਸਿੱਧ ਕਲਾਕਾਰਾਂ ਦੇ ਕੰਨ੍ਹ ਤੇ ਮੂੰਹ ਖੁਲ੍ਹੇ ਦੇ ਖੁਲ੍ਹੇ ਰਹਿ ਗਏ ਹਨ।

ਵੱਡ ਪ੍ਰਤਾਪੀ ਪਿਤਾ ਦੇ ਰਿਕਾਰਡ ਉਪਦੇਸ਼ ਕਲਮਬੰਦ ਕਰਨ ਲੱਗਿਆਂ ਅਠਾਰਾਂ ਵੀਹ ਘੰਟੇ ਦੀਆਂ ਬੈਠਕਾਂ ਲਗਾਤਾਰ ਕੀਤੀਆਂ। ਵੱਡੇ ਆਕਾਰ ਦੇ ਪੰਜ ਹਿੱਸਿਆਂ ਦਾ ਅੱਖਰ-ਅੱਖਰ ਨਿਗ੍ਹਾ ਚੋਂ ਕਢਿਆ। ਜਸ ਜੀਵਨ ਛੇ ਭਾਗ ਆਦਿ ਅਨੇਕਾਂ ਪੁਸਤਕਾਂ ਪ੍ਰਕਾਸ਼ਿਤ ਕਰਵਾ ਦਿੱਤੀਆਂ। ਭੁਖੜ ਪਾਠਕਾਂ ਦੀ ਪੜਨ ਭੁਖ ਤ੍ਰਿਪਤ ਹੋ ਗਈ। ਲਗਾਤਾਰ ਪੜ੍ਹਨਾ, ਬੋਲਣਾ, ਰਾਗ, ਸਫਰ ਦੀਆਂ ਅਨੇਕਾਂ ਸਿਖਰਾਂ ਸਿਰਜ ਕੇ ਹੁਣ ਚੁਪ ਦੀ ਅਜੇਹੀ ਸਿਖਰ ਸਿਰਜ ਧਰੀ ਹੈ-ਵੇਖਦੇ ਸੁਣਦੇ ਸਭ ਹੈਰਾਨ ਪ੍ਰੇਸ਼ਾਨ ਹੋਏ ਫਿਰਦੇ ਹਨ 'ਘਿਓ ਦਾ ਘੜਾ ਰੁੜ ਜਾਏ ਤਾਂ ਪਰਵਾਹ ਨਹੀਂ' ਦਾ ਮੁਹਾਵਰਾ ਬਹੁਤ ਪਿਛੇ ਰਹਿ ਗਿਆ ਹੈ।

ਇੰਝ ਹੀ ਸਿਖਰਾਂ ਦਾ ਜ਼ਿਕਰ ਕਰਦਿਆਂ ਮੈਂ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਬਾਰੇ ਆਖਿਆ-ਸਰਬਤ ਸਤਿਗੁਰਾਂ 'ਚੋਂ ਲੰਮੀ ਉਮਰ 95 ਸਾਲ ਦੀ ਸਿਖਰ ਸਿਰਜ ਗਏ ਹਨ, ਸੁਣ ਕੇ ਅਦਭੁੱਤ ਮੋਨ ਧਾਰ ਲਿਆ।

ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ
ਤੂੰ ਬੇਅੰਤ ਹੋ ਮਿਤੁ ਕਰਿ ਵਰਨੋ॥ ■

Namdhari Elibrary NamdhariElibrary@gmail.com

ਵਿਦੇਸ਼ਾਂ ਵਿਚ ਨਾਮਧਾਰੀ ਸਮਾਗਮ

✍ ਹਰਜਿੰਦਰ ਸਿੰਘ ਕੰਵਲ ਯੂ. ਕੇ.

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਤੀਸਰੇ ੧੯੫੮/੫੯ ਦੇ ਦੌਰੇ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬਾਬਾ ਜੀ ਦੇ ਰੂਪ ਵਿਚ ਪਧਾਰੇ ਸਨ। ਉਸ ਵੇਲੇ ਵੀ ਸਾਰਿਆਂ ਸ਼ਹਿਰਾਂ ਵਿਚ ਵੱਧ ਚੜ੍ਹਕੇ ਆਪ ਜੀ ਦਾ ਸਵਾਗਤ ਹੋਇਆ ਅਤੇ ਸੰਤ ਦਰਸ਼ਨ ਸਿੰਘ ਅਤੇ ਖਜ਼ਾਨ ਸਿੰਘ ਜੀ ਦੇ ਮਨੋਹਰ ਕੀਰਤਨ ਦੀਆਂ ਰਸ ਭਿੰਨੀਆਂ ਧੁਨਾਂ ਨੇ ਅਫਰੀਕਾ ਦੇ ਜਾਂਗਲੀ ਵਾਯੂਮੰਡਲ ਨੂੰ ਇੰਦਰ ਸਭਾ ਵਿਚ ਬਦਲ ਦਿਤਾ ਸੀ।

ਮੇਰਾ ਜਨਮ ਕੀਨੀਆ (ਪੂਰਬੀ ਅਫਰੀਕਾ) ਵਿਖੇ ਹੋਇਆ ਅਤੇ ੧੯੫੮ ਈਸਵੀ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਟੱਲ ਪ੍ਰਤਾਪੀ ਹਜ਼ੂਰ ਮਹਾਰਾਜ ਜੀ ਦੇ ਪਾਵਨ ਪਵਿਤ੍ਰ ਦਰਸ਼ਨ ਹੋਏ। ਹਜ਼ੂਰ ਦੀ 'ਕਿਰਪਾ ਕਟਾਕਸ਼ ਅਵਲੋਕਨ ਕੀਨੋ' ਦੀ ਆਕਰਸ਼ਕ ਤੱਕਣੀ ਨੇ ਮੈਨੂੰ ਹਮੇਸ਼ਾਂ ਲਈ ਆਪਣਾ ਬਣਾ ਲਿਆ। ਸਤਿਗੁਰੂ ਜੀ ਦੇ ਮੰਤਰ ਮੁਗਧ ਕਰਨ ਵਾਲੇ ਪ੍ਰਵਚਨ, ਉਨ੍ਹਾਂ ਦੀ ਪ੍ਰਭਾਵਸ਼ਾਲੀ ਸ਼ਖਸੀਅਤ ਅਤੇ ਮਦਹੋਸ਼ ਕਰਨ ਵਾਲੀ ਪਿਆਰੀ ਮੁਸਕਾਨ ਦਾ ਤਲਿਸਮ ਜੋ ਮੇਰੇ ਤੇ ਹੋਇਆ ਉਸਦਾ ਬਿਆਂ ਕਰਨਾ ਅਕੱਥਨੀਯ ਹੈ। ਉਸ ਅਕਾਲ ਪੁਰਖ ਦਾ ਇਹ ਰਿਣ ਮੇਰੇ ਤੇ ਹਮੇਸ਼ਾ ਕਾਬਜ਼ ਰਹੇ।

ਸ੍ਰੀ ਸਤਿਗੁਰੂ ਜੀ ਦੀ ਨਾਮਧਾਰੀ ਸੰਗਤ ਨੇ ਨੈਰੋਬੀ ਵਿਚ ਨਾਮਧਾਰੀ ਧਰਮਸ਼ਾਲਾ ਕਾਇਮ ਕੀਤੀ ਜਿਥੇ ਬਾਕੀ ਗੁਰਦਵਾਰਿਆਂ ਵਾਂਗੂੰ ਹਰ ਗੁਰਪੁਰਬ ਉਤੇ ਵੰਨ ਸੁਵੰਨੇ ਸਮਾਗਮ ਹੋਣੇ ਸ਼ੁਰੂ ਹੋ ਗਏ।

ਨਾਮਧਾਰੀ ਸੰਗਤ ਨੈਰੋਬੀ ਦੇ ਸਕੱਤਰ ਮੇਰੇ ਪਿਤਾ ਜੀ ਸੰਤ ਫੁੰਮਣ ਸਿੰਘ 'ਕੰਵਲ' ਸਨ ਜਿਨ੍ਹਾਂ ਨੇ ਉਸ ਵੇਲੇ ਸਾਰੇ ਤਿਓਹਾਰ ਮਨਾਉਣ ਦਾ ਬੀੜਾ ਚੁਕਿਆ ਅਤੇ ਦੇਖਦਿਆਂ ਹੀ ਦੇਖਦਿਆਂ ਇਸਤਰੀ ਸਭਾ ਦੇ ਸੰਚਾਲਕ ਬੀਬੀ ਜੁਗਿੰਦਰ ਕੌਰ, ਬੀਬੀ ਨਰਿੰਦਰ, ਬੀਬੀ ਕਰਮ ਕੌਰ, ਬੀਬੀ ਬਸੰਤ ਕੌਰ, ਬੀਬੀ ਧੰਨ ਕੌਰ ਆਦਿ ਦੇ ਸਹਿਯੋਗ ਨਾਲ ਨਾਮਧਾਰੀ ਧਰਮਸ਼ਾਲਾ ਵਿਚ ਗੁਰਬਾਣੀ ਅਤੇ ਕੀਰਤਨ ਦਾ ਅਥਾਹ ਪਰਵਾਹ ਵਹਿ ਤੁਰਿਆ। ਹਰ ਇਕ ਪ੍ਰੋਗਰਾਮ ਜੋ ਨਾਮਧਾਰੀ ਧਰਮਸ਼ਾਲਾ ਵਿਚ ਮਨਾਇਆ ਗਿਆ ਉਸਦੀ ਵਿਸ਼ੇਸ਼ਤਾ ਬਾਕੀ ਗੁਰਦਵਾਰਿਆਂ ਦੇ ਪ੍ਰੋਗਰਾਮਾਂ ਨਾਲ ਵਿਲੱਖਣ ਹੁੰਦੀ ਸੀ। ਨਾਮਧਾਰੀ ਪ੍ਰੋਗਰਾਮਾਂ ਵਿਚ ਖਾਸ ਤੌਰ ਤੇ 'ਗੁਰਬਾਣੀ ਸੰਗੀਤ ਦਰਬਾਰ', 'ਕਵੀ ਦਰਬਾਰ', ਹੋਮ ਯੱਗ, ਸਧਾਰਨ ਪਾਠ ਅਤੇ ਅਖੰਡ ਪਾਠ ਨਿਰੰਤਰ ਹੁੰਦੇ ਸਨ। ਇਥੋਂ ਦੇ ਸੰਗੀਤ ਦਰਬਾਰ ਖਾਸ ਮਹੱਤਤਾ ਰੱਖਦੇ ਸਨ ਜੋ ਅੱਜ ਵੀ ਰਾਗੀ ਸੱਜਣ ਯਾਦ ਕਰਦੇ ਹਨ ਕਿ ਇਹੋ ਜਹੇ ਸੰਗੀਤ ਸਮਾਗਮ ਕਦੀ ਫਿਰ ਦੇਖਣ ਵਿਚ ਨਹੀਂ ਆਏ।ਇਥੇ ਇੰਗਲੈਡ ਵਿਚ ਵਸਦੇ ਰਾਗੀ ਸੀਤਲ ਸਿੰਘ ਸਿਤਾਰਾ, ਰਾਗੀ ਅਜੀਤ ਸਿੰਘ ਮੁਤਲਾਸ਼ੀ, ਰਾਗੀ ਰਿਪੁਦਮਣ ਸਿੰਘ ਦੱਮੀ ਆਦਿ ਦੀਆਂ ਉਹ ਮਨੋਹਰ ਯਾਦਾਂ ਹਨ। ਇਵੇਂ ਹੀ ਕਵੀ ਦਰਬਾਰਾਂ ਦੀਆਂ ਸ਼ਾਨਾਂ ਵੀ ਲਾਜਵਾਬ ਹੁੰਦੀਆਂ। ਸ਼ਾਇਦ ਹੀ ਕੋਈ ਅਫਰੀਕਾ ਦਾ ਸ਼ਾਇਰ ਹੋਵੇ ਜਿਸਨੇ ਇਨ੍ਹਾਂ ਮਹਿਫਿਲਾਂ ਵਿਚ ਭਾਗ ਨਾ ਲਿਆ ਹੋਵੇ। ਹੋਲੇ ਦੇ ਤਿਓਹਾਰਾਂ ਵਿਚ ਗਤਕਾਬਾਜ਼ੀ ਅਤੇ ਸ਼ਮਸ਼ੀਰਜ਼ਨੀ ਦਾ ਅਨੁਪਮ ਪ੍ਰੋਗਰਾਮ ਹੁੰਦਾ ਸੀ ਜੋ ਅਫਰੀਕਾ ਦੀ ਸੰਗਤ ਲਈ ਇਕ ਨਵੀਂ ਆਕਰਸ਼ਕ ਝਾਕੀ ਸੀ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਤੀਸਰੇ ੧੯੫੮/੫੯ ਦੇ ਦੌਰੇ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬਾਬਾ ਜੀ

Namdhari Elibrary NamdhariElibrary@gmail.com

ਦੇ ਰੂਪ ਵਿਚ ਪਧਾਰੇ ਸਨ। ਉਸ ਵੇਲੇ ਵੀ ਸਾਰਿਆਂ ਸ਼ਹਿਰਾਂ ਵਿਚ ਵੱਧ ਚੜ੍ਹਕੇ ਆਪ ਜੀ ਦਾ ਸਵਾਗਤ ਹੋਇਆ ਅਤੇ ਸੰਤ ਦਰਸ਼ਨ ਸਿੰਘ ਅਤੇ ਖਜ਼ਾਨ ਸਿੰਘ ਜੀ ਦੇ ਮਨੋਹਰ ਕੀਰਤਨ ਦੀਆਂ ਰਸ ਭਿੰਨੀਆਂ ਧੁਨਾਂ ਨੇ ਅਫਰੀਕਾ ਦੇ ਜਾਂਗਲੀ ਵਾਯੂਮੰਡਲ ਨੂੰ ਇੰਦਰ ਸਭਾ ਵਿਚ ਬਦਲ ਦਿਤਾ ਸੀ।

ਸ੍ਰੀ ਸਤਿਗੁਰੂ ਜੀ ਦੇ ਜੀਵਨ ਕਾਲ ੧੯੫੯ ਦੇ ਅਖੀਰਲਾ ਹੋਲੇ ਨੂੰ ਈਸਟ ਅਫਰੀਕਾ ਦੀ ਧਰਤੀ ਤੇ ਮਨਾਉਣਾ ਅਫਰੀਕਾ ਦੀ ਸਾਧ ਸੰਗਤ ਲਈ ਇਕ ਅੰਮ੍ਰਿਤ ਮਈ ਸਵਾਂਤ ਬੂੰਦ ਸਾਬਤ ਹੋਇਆ। ਇਸ ਨਾਲ ਜੋ ਸਿੱਖੀ ਦਾ ਪਰਚਾਰ ਹੋਇਆ ਅਤੇ ਜੋ ਨਾਮ ਬਾਣੀ ਦਾ ਪਰਵਾਹ ਉਸ ਵੇਲੇ ਚੱਲਿਆ ਉਸਦਾ ਨਤੀਜਾ ਹਜ਼ਾਰਾਂ ਦੀ ਗਿਣਤੀ ਵਿਚ ਮਰਦ ਔਰਤਾਂ ਨੇ ਭਜਨ ਪੁਛਿਆ ਅਤੇ ਮਾਸ ਸ਼ਰਾਬ ਤੋਂ ਤੋਬਾ ਕੀਤੀ। ਸ੍ਰੀ ਸਤਿਗੁਰੂ ਜੀ ਦੇ ਪ੍ਰਵਚਨਾਂ ਸਦਕਾ ਹੀ ਇਹ ਅਸੁਰ ਧਰਤੀ ਸੁਰ ਵਿਚ ਆ ਗਈ । ਸਤਿਗੁਰੂ ਜੀ ਦੇ ਨਾਲ ਆਏ ਸਨ ਸੂਬਾ ਦਸੌਂਧਾ ਸਿੰਘ ਅਤੇ ਪੰਡਿਤ ਗੁਪਾਲ ਸਿੰਘ ਜਿਨ੍ਹਾਂ ਦੇ ਖੋਜ ਭਰਪੂਰ ਲੈਕਚਰਾਂ ਨੇ ਕਈਆਂ ਦੇ ਭਰਮ ਮਿਟਾਏ ਅਤੇ ਸੰਗਤਾਂ ਨੂੰ ਸਤਿਗੁਰੂ ਜੀ ਦੇ ਲੜ ਲਾਇਆ।

ਇਸ ਤੋਂ ਪਹਿਲਾਂ ੧੯੫੩ ਵਿਚ ਸ੍ਰੀ ਸਤਿਗੁਰੂ ਜੀ ਦੇ ਪਹਿਲੇ ਦੌਰੇ ਸਮੇ ਸੰਤ ਨਿਧਾਨ ਸਿੰਘ ਆਲਿਮ ਵਰਗੇ ਧਨੰਤਰ ਵਿਦਵਾਨ ਪਧਾਰੇ ਸਨ ਜਿਨ੍ਹਾਂ ਦੇ 'ਪਾਵਰਫੁੱਲ' ਲੈਕਚਰਾਂ ਨੇ ਸਿੱਖ ਸੰਗਤਾਂ ਨੂੰ ਇਕ ਨਵਾਂ ਦ੍ਰਿਸ਼ਟੀਕੋਣ ਦਿੱਤਾ। ਆਪ ਜੀ ਦੇ ਵਿਦਵਤਾ ਭਰਪੂਰ ਲੈਕਚਰ ਹਾਲੇ ਪੁਰਾਣੇ ਨਾਮਧਾਰੀ ਯਾਦ ਕਰਕੇ ਅੱਸ਼ ਅੱਸ਼ ਕਰ ਉਠਦੇ ਹਨ।

ਨੈਰੋਬੀ ਵਿਚ ਹਰ ਸਾਲ ਜੋ ਵੀ ਸਮਾਗਮ, ਗੁਰਪੁਰਬ ਹੁੰਦੇ ਸਨ ਉਨ੍ਹਾਂ ਉਤੇ ਕੋਈ ਨਾ ਕੋਈ ਕਿਤਾਬਚਾ ਜ਼ਰੂਰ ਛਪਦਾ ਜੋ ਨਾਮਧਾਰੀ ਪੰਥ ਦੀ ਮਹਾਨਤਾ ਅਤੇ ਉਦੇਸ਼ਾਂ ਨੂੰ ਦਰਸ਼ਕਾਂ ਅੱਗੇ ਰੱਖਦਾ। ਇਥੇ ਇਹ ਮੈਂ ਜ਼ਰੂਰ ਕਹਿਣਾ ਆਪਣਾ ਫਰਜ਼ ਸਮਝਾਂਗਾ ਕਿ ਜੋ ਲਿਖਤੀ ਰੂਪ ਵਿਚ ਪਰਚਾਰ ਅਫਰੀਕਾ ਵਿਚ ਹੋਇਆ ਉਹ ਸ਼ਾਇਦ ਦੁਨੀਆਂ ਵਿਚ ਕਿਤੇ ਵੀ ਨਾਮਧਾਰੀ ਜਗਤ ਵਿਚ ਨਹੀਂ ਹੋਇਆ । ਨਾਮਧਾਰੀ ਸੰਗਤ ਨੈਰੋਬੀ ਦੇ ਸਕੱਤਰ ਹੁੰਦਿਆਂ ਹੋਇਆਂ ਸੰਤ ਫੁੰਮਣ ਸਿੰਘ ਕੰਵਲ ਨੇ ਜਿੰਨਾ 'ਨਾਮਧਾਰੀ ਲਿਟਰੇਚਰ' ਨਿਜੀ ਤੌਰ ਤੇ ਛਾਪਿਆ, ਉਹ ਨਿਜੀ ਤੌਰ ਤੇ ਸ਼ਾਇਦ ਹੀ ਕਿਸੇ ਹੋਰ ਨੇ ਛਾਪੀ ਹੋਵੇ।

ਮੈਂ ੧੯੭੫ ਈਸਵੀ ਵਿਚ ਇੰਗਲੈਂਡ ਆ ਗਿਆ। ਇਥੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਖੁੱਲੇ ਦਿਦਾਰੇ ਕੀਤੇ ਤਾਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਨੂਰਾਨੀ ਰੂਪ ਹੀ ਨਜ਼ਰ ਆਇਆ।

੧੯੮੩ ਈਸਵੀ ਦੀ ਗੱਲ ਹੈ, ਨਾਮਧਾਰੀ ਗੁਰਦਵਾਰਾ ਬਰਮਿੰਘਮ ਦੇ ਪ੍ਰਧਾਨ ਸੰਤ ਏਕਮ ਸਿੰਘ ਦੀ ਬੇਨਤੀ ਪਰਵਾਨ ਕਰਕੇ ਸ੍ਰੀ ਸਤਿਗੁਰੂ ਜੀ ਨੇ ੧੯੮੪ ਦਾ ਹੋਲਾ ਬਰਮਿੰਘਮ ਵਿਖੇ ਕਰਨਾ ਪਰਵਾਨ ਕਰ ਲਿਆ । ਸੰਤ ਏਕਮ ਸਿੰਘ ਨਾਮਧਾਰੀ ਪੰਥ ਦੇ ਭੀਸ਼ਮ ਪਿਤਾਮਾ ਸਨ ਜਿਨ੍ਹਾਂ ਨੇ ਜੋ ਸੰਕਲਪ ਲਿਆ ਉਸ ਨੂੰ ਪੂਰੀ ਤਰ੍ਹਾਂ ਨਿਭਾਇਆ। ਇੰਗਲੈਂਡ ਦਾ ਹੋਲਾ ਸੰਤ ਏਕਮ ਸਿੰਘ ਦੇ ਪੁਰਸ਼ਾਰਥ ਦਾ ਹੀ ਨਤੀਜਾ ਸੀ। ਸਤਿਗੁਰੂ ਜੀ ਕਹਿੰਦੇ ਹੁੰਦੇ ਸਨ 'ਜਿਸ ਤਰ੍ਹਾ ਦਾ ਤੇਰਾ ਨਾਮ ਹੈ ਉਸੇ ਤਰ੍ਹਾਂ ਦਾ ਹੀ ਤੂੰ ਕਾਰਜ ਕਰਦੈਂ" ਭਾਵ ਕਿ ਹਰ ਦਿਵਾਨ ਵਿਚ ਸ੍ਰੀ ਸਤਿਗੁਰੂ ਜੀ ਦੇ ਸਵਾਗਤ ਲਈ ਹਰ ਕੌਮ ਅਤੇ ਹਰ ਸਿੱਖ ਸੰਪ੍ਰਦਾ ਦੇ ਮੁਖੀ ਹਾਜ਼ਰ ਹੁੰਦੇ ਸਨ, ਜੋ ਕਿ ਸੰਤ ਏਕਮ ਸਿੰਘ ਦੇ ਸੱਦੇ ਉਤੇ ਆਉਣਾ ਮਾਣ ਸਮਝਦੇ ਸਨ। ਇਹ 'ਏਕੇ' ਦੀ ਕਿ ਬਹੁਤ ਵਧੀਆ ਮਿਸਾਲ ਸੀ।

ਹੋਲੇ ਦੀ ਤਿਆਰੀ ਅਰੰਭ ਹੋ ਗਈ। ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਨਿਰੰਤਰ ਵਰਨੀ ਦੀ ਅਰੰਭਤਾ ਕੀਤੀ ਗਈ। ਇਸ ਵਰਨੀ ਵਿਚ ਸਾਰੀ ਸਾਧ ਸੰਗਤ ਨੇ ਵਧ ਚੜ੍ਹਕੇ ਹਿਸਾ ਪਾਇਆ ਅਤੇ ਰਾਤ ਦਿਨ ਅੰਮ੍ਰਿਤ ਛੱਕ ਕੇ ਵਰਨੀ ਵਿਚ ਬੈਠਣ ਦਾ ਇਹ ਕਾਰਜ ਹੋਲੇ ਤੱਕ ਨੇਪਰੇ ਚੜ੍ਹਿਆ।

ਇੰਗਲੈਂਡ ਦੇ ਬਰਮਿੰਘਮ ਸ਼ਹਿਰ ਵਿਚ ਹੋਲੇ ਦਾ ਸਮਾਗਮ ੨੦/੪/੧੯੮੪ ਨੂੰ ਅਰੰਭ ਹੋਇਆ ਜੋ ਚਾਰ ਦਿਨ ਤਕ ਚਲਿਆ। ਸਤਿਗੁਰੂ ਜੀ ਦੀ ਕਿਰਪਾ ਨਾਲ ਇਸ ਸਮਾਗਮ ਦੀ ਸਟੇਜ ਸਕੱਤਰ ਦੀ ਸੇਵਾ ਦਾਸ ਨੂੰ ਸੌਂਪੀ ਗਈ। ਸਧਾਰਨ ਅਤੇ ਅਖੰਡ ਪਾਠਾਂ ਅਤੇ ਦਸਮ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠਾਂ ਦੇ ਭੋਗ ਪਾਏ ਗਏ ।ਸ੍ਰੀ ਸਤਿਗੁਰੂ ਜੀ ਅਤੇ ਉਨ੍ਹਾਂ ਦੇ ਸੇਵਕਾਂ, ਜਥੇਦਾਰਾਂ ਅਤੇ ਰਾਗੀਆਂ ਨੇ ਇਸ ਮੇਲੇ ਨੂੰ ਰੂਹਾਨੀਅਤ ਦੀ ਟੀਸੀ ਤੇ ਪਹੁੰਚਾ ਦਿੱਤਾ। ਸੰਗੀਤ ਦੀ ਛੰਮ ਛੰਮ ਵਰਖਾ ਹੋਈ। ਬਾਹਰੋਂ ਵੀ ਰਾਗੀ ਸੱਜਣ ਆਏ ਹੋਏ ਸਨ ਜਿਨ੍ਹਾਂ ਨੇ ਆਪਣਾ ਕਮਾਲ ਵਿਖਾਇਆ ਪਰ ਸ੍ਰੀ ਸਤਿਗੁਰੂ ਜੀ ਤੋਂ ਵਰੋਸਾਏ ਰਾਗੀਆਂ ਨੇ ਬਾਕੀ ਰਾਗੀਆਂ ਨੂੰ ਦਰਸਾ ਦਿਤਾ ਕਿ ਗੁਰਮੱਤ ਸੰਗੀਤ ਕਿਸਨੂੰ ਆਖਦੇ ਹਨ। ਉਨ੍ਹਾਂ ਦੀਆ ਪੁਰਾਣੀਆਂ ਰੀਤਾਂ ਨੂੰ ਸੁਣ ਕੇ ਸੰਗਤ ਅੱਸ਼ ਅੱਸ਼ ਕਰ ਉਠੀ ।

ਇਕ ਕਵੀ ਦਰਬਾਰ ਵੀ ਹੋਇਆ ਜਿਸ ਵਿਚ

Namdhari Elibrary NamdhariElibrary@gmail.com

ਸਮੱਸਿਆ ਰੱਖੀ ਗਈ ਸੀ 'ਯੂ ਕੇ' 'ਚ ਮਨਾਇਆ ਹੋਲਾ ਸਿੰਘਾਂ ਨਾਮਧਾਰੀਆਂ'। ਕਵੀ ਦਰਬਾਰ ਵਿਚ ਇਥੋਂ ਦੇ ਕਵੀਆਂ ਬਨਿਸਪਤ, ਸ੍ਰੀ ਸਤਿਗੁਰੂ ਜੀ ਦੇ ਨਾਲ ਆਏ ਡਾਕਟਰ ਹਰਭਜਨ ਸਿੰਘ ਜੀ, ਸੰਤ ਆਤਮਾ ਸਿੰਘ ਸਨਖਤਰਾ, ਸੰਤ ਪ੍ਰੀਤਮ ਸਿੰਘ ਕਵੀ ਅਤੇ ਮਾਸਟਰ ਨਿਹਾਲ ਸਿੰਘ ਨੇ ਵੀ ਆਪਣਾ ਯੋਗਦਾਨ ਪਾਇਆ। ਇਕ ਮੇਰੀ ਲਿਖੀ ਹੋਈ ਕਵਿਤਾ ਹੈ ਜੋ ਮੈਂ ਉਸ ਵੇਲੇ ਪੜ੍ਹੀ :-

ਮੇਰੇ ਸੱਚੇ ਪਾਤਸ਼ਾਹ ਨੇ ਮੇਰੇ ਤੇ ਮਿਹਰ ਕੀਤੀ,
ਲਾਈਆਂ ਮਨ ਮੂਰਖ ਨੇ ਸਾਗਰਾਂ'ਚ ਤਾਰੀਆਂ।
ਖਿੜੀ ਹੈ ਬਸੰਤ ਤੇ ਮਹਿਕਿਆ ਹੈ ਗੁਲਜ਼ਾਰ ਅੱਜ,
ਸਤਿਗੁਰਾਂ ਦੀਆਂ ਇਹੋ ਬਰਕਤਾਂ ਹੈ ਸਾਰੀਆਂ।
ਰੋਮ ਰੋਮ ਮੇਰਾ ਅੱਜ ਮੰਗੇ ਹੈ ਅਸੀਸ ਇਹੋ,
ਆਪਸ ਵਿਚ ਲੱਗਣ ਸਿੱਖ ਪੰਥ ਦੀਆਂ ਯਾਰੀਆਂ।
ਇਹੋ ਉਪਰਾਲਾ ਕੀਤਾ ਅੱਜ ਇਸ ਪੰਥ ਨੇ,
ਯੂ.ਕੇ'ਚ ਮਨਾਇਆ ਹੋਲਾ ਸਿੰਘਾਂ ਨਾਮਧਾਰੀਆਂ।

ਇਸ ਹੋਲੇ ਵਿਚ ਇਕ ਬਹੁਤ ਹੀ ਵਿਸ਼ੇਸ਼ ਪ੍ਰਦਰਸ਼ਨੀ ਲੱਗੀ ਜੋ ਕੇ ਡਾ: ਚੰਨਣ ਸਿੰਘ ਚੰਨ ਨੇ ਲਾਈ ਸੀ। ਇਸ ਪ੍ਰਦਰਸ਼ਨੀ ਵਿਚ ੨੫ ਸੈਕਸ਼ਨ ਸਨ। ਕਿਉਂਕਿ ਇਹ ਸਾਲ ਸ੍ਰੀ ਸਤਿਗੁਰੂ ਜੀ ਦੀ ਗੱਦੀ ਨਸ਼ੀਨੀ ਦੀ ਸਿਲਵਰ ਜੁਬਲੀ ਸੀ ਇਸ ਲਈ ਪ੍ਰਦਰਸ਼ਨੀ ਵਿਚ ਰੱਖੇ ਤਕਰੀਬਨ ਸਾਰੇ ਆਈਟਮ ਚਾਂਦੀ ਰੰਗੇ ਫਰੇਮਾਂ ਵਿਚ ਸੁਸ਼ੋਭਤ ਸਨ। ਜਿਸ ਸਲੀਕੇ ਨਾਲ ਇਹ ਸਜਾਏ ਗਏ ਸਨ, ਇਹ ਯੋਗ ਪ੍ਰਦਰਸ਼ਨੀ ਪ੍ਰਬੰਧ ਦੀ ਪ੍ਰਬੀਨਤਾ ਦਾ ਇਕ ਮੂੰਹ ਬੋਲਦਾ ਨਮੂਨਾ ਪੇਸ਼ ਕਰ ਰਹੇ ਸਨ।

ਵੱਖ ਵੱਖ ਸੈਕਸ਼ਨਾਂ ਵਿਚ ਵੱਖ ਵੱਖ ਕਿਸਮ ਦੇ ਤਬਰਕਾਤ, ਚਿਤਰ ਸਮੱਗਰੀ, ਪੁਰਾਣੇ ਗਦਰੀ ਅਖਬਾਰ, ਆਜ਼ਾਦੀ ਦੇ ਪਰਵਾਨਿਆਂ ਦੇ ਚਿਤਰ ਆਦਿ, ਦੁਰਲੱਭ ਸਿੱਖ ਵਿਰਸੇ ਦੀਆਂ ਤਸਵੀਰਾਂ, ਹੱਥ ਲਿਖਤ ਗ੍ਰੰਥ ਜਿਨ੍ਹਾਂ ਵਿਚੋਂ ਇਕ ਬਹੁਤ ਹੀ ਵਡਮੁਲੀ ਜਨਮ ਸਾਖੀ ਗੁਰੂ ਨਾਨਕ ਦੇਵ ਜੀ ਦੀ ਜਿਸ ਵਿਚ ਅਨੇਕਾਂ ਹੀ ਚਿੱਤਰ ਸਨ ਅਤੇ ਸੋਨੇ ਅਤੇ ਰੰਗੀਨ ਕਲਮਾਂ ਨਾਲ ਲਿਖੀ ਗਈ ਸੀ। ਇਹ ਸੰਤ ਦਾਸ ਛਿੱਬਰ ਦਾ ਕਮਾਲ ਦੱਸਿਆ ਜਾਂਦਾ ਸੀ। ਇਸ ਜਨਮਸਾਖੀ ਦੀ ਕੀਮਤ ਦਾ ਅੰਦਾਜ਼ਾ ਲਗਾਉਣਾ ਮੁਸ਼ਕਿਲ ਸੀ। ਪ੍ਰਦਰਸ਼ਨੀ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅਫਰੀਕਾ ਦੌਰਿਆਂ ਦੀਆਂ ਫੋਟੋ ਵੀ ਸਨ ਜੋ ਸੰਤ ਫੁੰਮਣ ਸਿੰਘ ਕੰਵਲ ਦੇ ਜਾਤੀ ਸੰਗ੍ਰਹਿ ਵਿਚੋਂ ਪ੍ਰਾਪਤ ਹੋਈਆਂ ਸਨ ਜੋ ਉਨ੍ਹਾਂ ਨੇ ਨੈਰੋਬੀ ਵਿਖੇ ਆਪਣੇ ਸਟੂਡੀਓ 'ਪ੍ਰਤਾਪ ਸਟੂਡੀਓ' ਵਿਚ ਤਿਆਰ ਕੀਤੀਆਂ ਸਨ।

ਹੋਲੇ ਉਤੇ ਹਾਕੀ ਦਾ ਟੂਰਨਾਮੈਂਟ ਵੀ ਰੱਖਿਆ ਗਿਆ ਸੀ ਜਿਸ ਵਿਚ ਇੰਗਲੈਂਡ ਭਰ ਦੀਆਂ ਟੀਮਾਂ ਨੇ ਹਿੱਸਾ ਪਾਇਆ। ਖਾਸ ਤੌਰ ਤੇ ਇਕ ਟੀਮ ਸ੍ਰੀ ਠਾਕੁਰ ਉਦੇ ਸਿੰਘ ਜੀ ਦੀ ਵੀ ਇਸ ਵਿਚ ਭਾਗ ਲੈ ਰਹੀ ਸੀ, ਜਿਸ ਦੀ ਅਗਵਾਈ ਆਪ ਠਾਕੁਰ ਜੀ ਕਰ ਰਹੇ ਸਨ।

ਇਹ ਇਕ ਯਾਦਗਾਰੀ ਹੋਲਾ ਬਣਕੇ ਰਹਿ ਗਿਆ, ਕਿਉਂਕਿ ਇਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਗਵਾਈ ਵਿਚ ਪਹਿਲਾ ਹੋਲਾ ਇੰਗਲੈਂਡ ਵਾਸੀਆਂ ਨੂੰ ਤਾਰਨੇ ਹਿਤ ਹੋਇਆ ।ਇਸ ਵਿਚ ਕੋਈ ਵੀ ਅਜੇਹੀ ਗੱਲ ਨਹੀਂ ਹੋਈ ਜਿਸ ਨਾਲ ਕਿਸੇ ਪਰਕਾਰ ਦੀ ਫਿਕ ਪਈ ਹੋਵੇ। ਸਤਿਗੁਰੂ ਜੀ ਦੀ ਅਪਾਰ ਕ੍ਰਿਪਾ ਨਾਲ ਬਰਤਾਨੀਆਂ ਦੀ ਸੰਗਤ ਨੇ ਇਹ ਵਿਸ਼ਾਲ ਕਾਰਜ ਪੂਰੇ ਸਹਿਯੋਗ ਨਾਲ ਨੇਪਰੇ ਚਾੜ੍ਹਿਆ।

ਅਗਲੇ ਸਾਲ ੧੯੮੫ ਵਿਚ ਅਫਰੀਕਾ ਦੇ ਸ਼ਹਿਰ ਦਾਰਾਸਲਾਮ, ਤਨਜ਼ਾਨੀਆ ਵਿਚ ਹੋਲੇ ਦੀ ਪਰਵਾਨਗੀ ਸ੍ਰੀ ਸਤਿਗੁਰੂ ਜੀ ਨੇ ਦਿੱਤੀ। ਇਥੇ ਵੀ ਸ੍ਰੀ ਸਤਿਗੁਰੂ ਜੀ ਦੀ ਅਪਾਰ ਬਖਸ਼ਿਸ਼ ਸਦਕਾ ਹੋਲਾ ਬਹੁਤ ਹੀ ਕਾਮਯਾਬ ਸਾਬਤ ਹੋਇਆ ਅਤੇ ਤਨਜ਼ਾਨੀਆਂ ਦੀ ਸੰਗਤ ਵਲੋਂ ਬਹੁਤ ਹੀ ਪ੍ਰੇਮ ਪੂਰਵਕ ਸੇਵਾ ਅਤੇ ਇੰਤਜ਼ਾਮ ਦਾ ਪ੍ਰਬੰਧ ਕੀਤਾ ਗਿਆ ਸੀ । ਵਿਸ਼ੇਸ਼ ਤੌਰ ਤੇ ਵਰਨਣ ਕਰਨ ਵਾਲੀ ਗੱਲ ਹੈ ਕਿ ਇਸ ਸ਼ਹਿਰ ਵਿਚ ਸ੍ਰੀ ਸਤਿਗੁਰੂ ਜੀ ਦੀ ਸ਼ੋਭਾ ਯਾਤਰਾ ਕੱਢੀ ਗਈ ਜੋ ਕਿ ਹਿੰਦੂ ਮੰਦਰਾਂ ਵਿਚੋਂ ਹੁੰਦੀ ਹੋਈ ਪੰਡਾਲ ਤੱਕ ਪਹੁੰਚੀ। ਮੰਦਰਾਂ ਵਿਚ ਸ੍ਰੀ ਸਤਿਗੁਰੂ ਜੀ ਦੀਆਂ ਆਰਤੀਆਂ ਉਤਾਰੀਆਂ ਗਈਆਂ ਅਤੇ ਪੂਜਨ ਕੀਤੇ ਗਏ।

ਸਤਿਗੁਰੂ ਜੀ ਇੰਗਲੈਂਡ ਤੇ ਅਫਰੀਕਨ ਦੇਸ਼ਾਂ ਤੋਂ ਇਲਾਵਾ ਅਮਰੀਕਾ, ਕਨੇਡਾ, ਵਿੱਚ ਵੀ ਸਮਾਗਮ ਕੀਤੇ। ਨਿਊਯਾਰਕ (ਯੂ. ਐਸ. ਏ.) ਵਿੱਚ ਯੂ. ਐਨ. ਓ. ਵਿੱਚ ਵਿਸ਼ਵ ਅਮਨ ਸਿਖਰ ਸੰਮੇਲਨ ਵਿੱਚ ਅਮਨ ਦਾ ਸੰਦੇਸ਼ ਦਿੱਤਾ। ਥਾਈਲੈਂਡ ਵਿੱਚ ਆਪ ਜੀ ਨੇ ਸੌ ਤੋ ਵੱਧ ਦੌਰੇ ਕੀਤੇ ਤੇ ਹੋਲੇ ਮਹਲੇ ਵੀ ਕੀਤੇ। ਹਾਂਕਾਂਗ, ਸਿੰਗਾਪੁਰ, ਦੁਬਈ ਅਤੇ ਅਸਟਰੇਲੀਆ ਵਰਗੇ ਦੇਸ਼ ਵੀ ਆਪ ਜੀ ਦੀ ਚਰਨ ਛੋਹ ਨਾਲ ਨਿਵਾਜੇ ਗਏ। ਬਸ ਆਪ ਨੇ ਚਾਰ ਚੱਕ, ਨੌ ਖੰਡ ਪ੍ਰਿਥਵੀ ਨੂੰ ਤਾਰਿਆ।

ਗੱਲ ਕੀ, ਜੋ ਸਮਾਗਮ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਹੁੰਦੇ ਹਨ ਉਨ੍ਹਾਂ ਦਾ ਜਲੌਅ ਅਤੇ ਅੰਦਾਜ ਰੂਹਾਨੀਅਤ ਦੀ ਸਿਖਰ ਨੂੰ ਛੋਹ ਲੈਂਦਾ ਹੈ ਜਿਸਦਾ ਵਰਨਣ ਇਹ ਤੁਕ ਹੀ ਕਰ ਸਕਦੀ ਹੈ :

'ਤੇਰੀ ਉਪਮਾ ਤੋਹੇ ਬਣ ਆਵੇ'।

Namdhari Elibrary NamdhariElibrary@gmail.com

ਸਿੱਖਿਆ ਸੰਸਥਾਵਾਂ ਅਤੇ
ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

✍ ਡਾ. ਬੂਟਾ ਸਿੰਘ ਵਿਰਕ (ਪ੍ਰਿੰਸੀਪਲ)

ਸ੍ਰੀ ਗੁਰੂ ਹਰੀ ਸਿੰਘ ਕਾਲਜ—ਸ੍ਰੀ ਜੀਵਨ ਨਗਰ

ਸਿੱਖਿਆ ਦਾ ਸੱਭਿਆ ਸਮਾਜ ਦੀ ਉਸਾਰੀ ਵਿਚ ਵੱਡਮੁਲਾ ਯੋਗਦਾਨ ਹੁੰਦਾ ਹੈ। ਭਾਵੇਂ ਆਧੁਨਿਕ ਯੁਗ ਵਿੱਚ, ਜਿਸਨੂੰ ਕ੍ਰਾਂਤੀ ਅਤੇ ਨਵੀਂ ਤਕਨੀਕ ਦਾ ਯੁਗ ਕਿਹਾ ਜਾਂਦਾ ਹੈ, ਸਿੱਖਿਆ ਦੇ ਪਸਾਰ ਦੀ ਗਤੀ ਮਿਤੀ ਦੀ ਕੋਈ ਥਾਹ ਨਹੀਂ ਪਾਈ ਜਾਂਦੀ ਪਰ ਮਾਨਵ ਜਾਤੀ ਜਦੋਂ ਤੋਂ ਘਰ, ਪਰਿਵਾਰ, ਕਬੀਲੇ ਬਣਾ ਕੇ ਰਹਿਣ ਲੱਗੀ, ਉਹ ਆਪਣੇ ਬੱਚਿਆਂ ਨੂੰ ਸਿਖਿਅਤ ਕਰਨ ਲਈ ਵਿਸ਼ੇਸ਼ ਉਪਰਾਲੇ ਕਰਦੀ ਰਹੀ ਹੈ। ਪੁਰਾਤਨ ਭਾਰਤੀ ਪ੍ਰੰਪਰਾ ਜੋ ਵਰਣ ਆਸ਼ਰਮ ਤੇ ਅਧਾਰਿਤ ਰਹੀ ਹੈ, ਵਿਚ ਪਹਿਲੇ ਪੰਝੀ ਵਰ੍ਹੇ, ਬੱਚੇ ਦੇ ਸਿੱਖਣ ਲਈ ਉਸਦੀ ਸਿਖਿਆ ਦੀਖਿਆ ਦਾ ਰਿਖੀ ਆਸ਼ਰਮਾਂ ਵਿਚ ਵਿਸ਼ੇਸ਼ ਪ੍ਰਬੰਧ ਸੀ ਪਰ ਇਹ ਸਿਖਿਆ ਅਭਿਜਾਤ ਵਰਗ ਦੀਆਂ ਲੋੜਾਂ ਨੂੰ ਮੁਖ ਰਖਕੇ ਦਿਤੀ ਜਾਂਦੀ ਸੀ। ਰਿਖੀ ਦ੍ਰੋਣਾਚਾਰੀਆ ਦੁਆਰਾ ਏਕਲਵਯ ਦਾ ਅੰਗੂਠਾ ਗੁਰੂ ਦਖਸ਼ਿਣਾ ਵਿਚ ਲੈ ਲੈਣਾ ਤਾਂ ਕਿ ਉਹ ਦਲਿਤ ਬਾਲਕ, ਰਾਜਕੁਮਾਰ ਕਰਣ ਨੂੰ ਮਾਤ ਨਾ ਦੇ ਦੇਵੇ ਸਿਖਿਆ ਦੇ ਵਰਗ ਚਰਿਤਰ ਦੀ ਸਪਸ਼ਟ ਉਦਾਹਰਣ ਹੈ। ਇਸ ਤਰ੍ਹਾਂ ਹੀ ਭਗਵਾਨ ਸ੍ਰੀ ਰਾਮ ਚੰਦਰ ਦੁਆਰਾ ਵੇਦ ਮੰਤਰਾਂ ਦਾ ਉਚਾਰਣ ਕਰ ਰਹੇ ਸ਼ੂਦਰ ਸ਼ੰਬੂਕ ਦਾ ਵਧ ਵੀ ਵੰਚਿਤ ਸੋਸ਼ਿਤ ਤਬਕਿਆਂ ਨੂੰ ਸਿਖਿਆ ਦੇ ਇਸ ਅਧਿਕਾਰ ਤੋਂ ਵਿਰਵੇ ਰਖਣ ਦੀ ਇਕ ਮਿਸਾਲ ਸੀ।

ਸਤਿਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ 'ਉਪਦੇਸ਼ ਚਹੁੰ ਵਰਣਾ ਕੋ ਸਾਂਝਾ' ਸਮਾਜ ਦੇ ਸਾਰੇ ਤਬਕਿਆਂ ਨੂੰ ਸਮਾਨ ਸਿਖਿਆ ਦੇ ਅਵਸਰ ਮਿਲੇ। ਗੁਰੂ ਬਾਬਾ ਮੁਗਲ ਕਾਲੀਨ ਭਾਰਤ ਦੇ ਅਭਿਜਾਤ ਵਰਗ ਦੁਆਰਾ ਆਪਣੀ ਮਾਤ ਭਾਸ਼ਾ ਨੂੰ ਛਡਕੇ ਅਰਬੀ ਫਾਰਸੀ ਦੀ ਸ਼ਰਨ ਜਾਣ ਵਾਲੇ ਨੂੰ ਧਰਮ ਛੱਡਣ ਦਾ ਫਤਵਾ ਦਿੰਦਾ ਹੈ। ਸੰਸਕ੍ਰਿਤ, ਜਿਹੜੀ ਦੇਵ ਭਾਸ਼ਾ ਹੋਣ ਦਾ ਸਥਾਨ ਰਖਦੀ ਸੀ, ਦੀ ਸਰਦਾਰੀ ਤੋਂ ਨਿਜਾਤ ਦਿਵਾ ਕੇ ਆਪਣੀ ਭਾਸ਼ਾ ਪੰਜਾਬੀ ਜਾਂ ਸਧੂਕੜੀ (ਸਾਧ ਭਾਖਾ) ਨੂੰ ਪ੍ਰਚਲਿਤ ਕੀਤਾ। ਹੁਣ ਗੁਰੂ ਘਰ ਗਿਆਨ ਦੀ ਟਕਸਾਲ ਵਿੱਚ ਵਟ ਬਣ ਗਿਆ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਮਾਤ ਭਾਸ਼ਾ ਵਿਚ ਸਿਖਿਆ ਦੇਣ ਲਈ ਧਰਮਸ਼ਾਲਾਵਾਂ ਦੀ ਸਥਾਪਨਾ ਕਰਵਾਈ, ਜਦੋਂ ਕਿ ਮੈਕਾਲੇ ਦੇ ਚੇਲਿਆਂ ਦੇ ਮੁਕਾਬਲੇ ਆਪਣੀ ਸੋਚ ਵਾਲੇ ਦੇਸ਼ ਭਗਤ ਵਿਦਿਆਰਥੀ ਤਿਆਰ ਕੀਤੇ ਜਾਂਦੇ ਸਨ। ਇਸੇ ਪ੍ਰੰਪਰਾ ਨੂੰ ਜਾਰੀ ਰਖਦੇ ਹੋਏ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਵਿਚ ਅੱਜ ਤੋਂ ਕੋਈ ਅੱਠ ਦਹਾਕੇ ਪਹਿਲਾਂ ਇਕ ਨਾਮਧਾਰੀ ਵਿਦਿਆਲਾ ਸਥਾਪਿਤ ਕੀਤਾ ਸੀ।

Namdhari Elibrary NamdhariElibrary@gmail.com

ਇਲਾਕੇ ਦੇ ਬੱਚਿਆਂ ਦੀ ਮੁਸ਼ਕਲ ਨੂੰ ਮਹਿਸੂਸ ਕਰਦਿਆਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਨਾਲ ੧ ਅਗਸਤ, ੧੯੮੩ ਨੂੰ ਸ੍ਰੀ ਗੁਰੂ ਹਰੀ ਸਿੰਘ ਕਾਲਜ, ਸ੍ਰੀ ਜੀਵਨ ਨਗਰ ਸਿਰਸਾ ਦੀ ਸਥਾਪਨਾ ਕੀਤੀ ਗਈ। ਪਹਿਲਾਂ ਇਸ ਨੂੰ ਸਿਰਫ ਲੜਕਿਆਂ ਵਾਸਤੇ ਹੀ ਸੋਚਿਆ ਗਿਆ ਸੀ ਪਰ ਪੜ੍ਹਨ ਦੀਆਂ ਇਛੁਕ ਲੜਕੀਆਂ ਲਈ ਘਰੋਂ ਦੂਰ ਜਾਕੇ ਪੜ੍ਹਨਾ ਮੁਸ਼ਕਲ ਸਮਝ ਕੇ, ਇਲਾਕਾ ਸ੍ਰੀ ਜੀਵਨ ਨਗਰ ਵਿਚੋਂ ਇਸ ਆਸ਼ੇ ਲਈ ਸ੍ਰੀ ਭੈਣੀ ਸਾਹਿਬ ਗਏ ਇਕ ਸ਼ਿਸ਼ਟ ਮੰਡਲ ਨੂੰ ਸ੍ਰੀ ਸਤਿਗੁਰੂ ਜੀ ਨੇ ਸਹਿ ਸਿਖਿਆ ਦੀ ਮਨਜ਼ੂਰੀ ਦੇ ਦਿਤੀ। ਇਸ ਤੋਂ ਬਾਅਦ ਹੀ ਇਲਾਕੇ ਵਿਚ ਬੀਬੀਆਂ ਦੀ ਉਚ ਸਿਖਿਆ ਪ੍ਰਾਪਤੀ ਦੀ ਰੀਝ ਨੂੰ ਵੱਡਾ ਹੁਲਾਰਾ ਮਿਲਿਆ।

ਇਸ ਵਿਦਿਆਲੇ ਵਿਚ ਆਪ ਜੀ ਦੇ ਸਾਹਿਬਜ਼ਾਦੇ, ਨਾਮਧਾਰੀ ਪੰਥ ਦੇ ਭਾਵੀ ਲੇਖਕਾਂ ਪ੍ਰੀਤਮ ਸਿੰਘ ਕਵੀ, ਪ੍ਰੀਤਮ ਸਿੰਘ ਪੰਛੀ, ਪੰਡਿਤ ਰਾਜਿੰਦਰ ਸਿੰਘ ਆਦਿ ਸਮੇਤ ਸਿਖਿਆ ਲੈਂਦੇ ਰਹੇ। ਦੇਸ਼ ਵੰਡ ਤੋਂ ਬਾਅਦ ਨਵੀਂ ਸਥਾਪਤ ਹੋਈ ਨਾਮਧਾਰੀ ਵਸੋਂ ਦੇ ਤਦੋਕੇ ਤਹਿਸੀਲ ਸਿਰਸਾ ਦੇ ਇਲਾਕਾ ਜੀਵਨ ਨਗਰ ਵਿਖੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ 1957 ਈ. ਵਿਚ ਸ੍ਰੀ ਗੁਰੂ ਹਰੀ ਸਿੰਘ ਮਹਾਂਵਿਦਿਆਲਾ ਸ੍ਰੀ ਜੀਵਨ ਨਗਰ ਦੀ ਸਥਾਪਨਾ ਕੀਤੀ। ਕਾਫੀ ਚਿਰ ਇਹ ਵਿਦਿਆਲਾ, ਜੋ ਦਸਵੀਂ ਤੱਕ ਪੜ੍ਹਾਈ ਕਰਵਾਉਂਦਾ ਸੀ, ਇਲਾਕੇ ਦੇ ਵਿਦਿਆਰਥੀਆਂ ਦੀ ਲੋੜ ਪੂਰੀ ਕਰਦਾ ਰਿਹਾ ਜਿਸ ਵਿਚ ਆਪਣੇ ਬਾਣੇ, ਬਾਣੀ, ਸੰਗੀਤ ਅਤੇ ਇਤਿਹਾਸ ਦੀ ਸਿਖਿਆ ਤੇ ਜ਼ੋਰ ਦਿੱਤਾ ਜਾਂਦਾ ਸੀ।

ਜਿਹਾ ਕਿ ਇਸਦੇ ਨਾਂ 'ਮਹਾਂ ਵਿਦਿਆਲੇ' ਤੋਂ ਭਾਸਦਾ ਹੈ ਕਿ ਸ੍ਰੀ ਸਤਿਗੁਰੂ ਜੀ ਇਸਨੂੰ ਕਾਲਜ ਤਕ ਵਧਾਉਣਾ ਚਾਹੁੰਦੇ ਸਨ ਪ੍ਰੰਤੂ ਵਿਦਿਆਲੇ ਦੀ ਸਥਾਪਨਾ ਤੋਂ ਕੁਝ ਸਮਾਂ ਬਾਅਦ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ 1959 ਵਿਚ ਦੇਹ ਦਾ ਓਹਲਾ ਕਰ ਗਏ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਗੁਰਗੱਦੀ ਤੇ ਬਿਰਾਜਮਾਨ ਹੋਏ। ਆਪ ਜੀ ਨੇ ਵਿਕਟ ਪਰਸਥਿਤੀਆਂ ਦਾ ਮੁਕਾਬਲਾ ਕਰਦਿਆਂ ਨਾਮਧਾਰੀ ਪੰਥ ਰੂਪੀ ਬੇੜੇ ਨੂੰ ਮੰਝਧਾਰ ਵਿਚੋਂ ਬਾਹਰ ਕਢਿਆ ਵੀਹ ਬਾਈ ਸਾਲ ਇਸੇ ਤਰ੍ਹਾਂ ਲੰਘ ਗਏ। ਇਸ ਦੌਰਾਨ ਇਲਾਕੇ ਦੇ ਵਿਦਿਆਰਥੀਆਂ ਨੂੰ ੩੦-੪੦ ਕਿਲੋਮੀਟਰ ਦੂਰ ਸਿਰਸਾ ਜਾਕੇ ਇਕੋ ਇਕ ਨੈਸ਼ਨਲ ਕਾਲਜ ਵਿਚ ਉੱਚ ਸਿਖਿਆ ਲਈ ਜਾਣਾ ਪੈਂਦਾ ਸੀ। ਇਲਾਕੇ ਦੇ ਬੱਚਿਆਂ ਦੀ ਮੁਸ਼ਕਲ ਨੂੰ ਮਹਿਸੂਸ ਕਰਦਿਆਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਨਾਲ ੧ ਅਗਸਤ, ੧੯੮੩ ਨੂੰ ਸ੍ਰੀ ਗੁਰੂ ਹਰੀ ਸਿੰਘ ਕਾਲਜ, ਸ੍ਰੀ ਜੀਵਨ ਨਗਰ ਸਿਰਸਾ ਦੀ ਸਥਾਪਨਾ ਕੀਤੀ ਗਈ। ਪਹਿਲਾਂ ਇਸ ਨੂੰ ਸਿਰਫ ਲੜਕਿਆਂ ਵਾਸਤੇ ਹੀ ਸੋਚਿਆ ਗਿਆ ਸੀ ਪਰ ਪੜ੍ਹਨ ਦੀਆਂ ਇਛੁਕ ਲੜਕੀਆਂ ਲਈ ਘਰੋਂ ਦੂਰ ਜਾਕੇ ਪੜ੍ਹਨਾ ਮੁਸ਼ਕਲ ਸਮਝ ਕੇ, ਇਲਾਕਾ ਸ੍ਰੀ ਜੀਵਨ ਨਗਰ ਵਿਚੋਂ ਇਸ ਆਸ਼ੇ ਲਈ ਸ੍ਰੀ ਭੈਣੀ ਸਾਹਿਬ ਗਏ ਇਕ ਸ਼ਿਸ਼ਟ ਮੰਡਲ ਨੂੰ ਸ੍ਰੀ ਸਤਿਗੁਰੂ ਜੀ ਨੇ ਸਹਿ ਸਿਖਿਆ ਦੀ ਮਨਜ਼ੂਰੀ ਦੇ ਦਿਤੀ। ਇਸ ਤੋਂ ਬਾਅਦ ਹੀ ਇਲਾਕੇ ਵਿਚ ਬੀਬੀਆਂ ਦੀ ਉਚ ਸਿਖਿਆ ਪ੍ਰਾਪਤੀ ਦੀ ਰੀਝ ਨੂੰ ਵੱਡਾ ਹੁਲਾਰਾ ਮਿਲਿਆ। ਕੁਝ ਦਿਨ ਪਹਿਲਾਂ ਕਾਲਜ ਦੀ ਸਿਲਵਰ ਜੁਬਲੀ ਮਨਾਉਣ ਲਈ ਪੁਰਾਣੇ ਵਿਦਿਆਰਥੀ ਇਕੱਠੇ ਹੋਏ ਸਨ, ਜਿਹਨਾਂ ਵਿਚੋਂ ਅੱਜ ਬਹੁਤ ਸਾਰੇ ਪ੍ਰਸਿੱਧ ਖਿਡਾਰੀ, ਅਧਿਆਪਕ, ਵਕੀਲ, ਪ੍ਰੋਫੈਸਰ ਆਦਿ ਅਨੇਕਾਂ ਉੱਚ ਅਹੁਦਿਆਂ ਤੇ ਬਿਰਾਜਮਾਨ ਹਨ। ਇਹ ਸਭ ਕੁਝ ਇਸ ਕਾਲਜ ਦੇ ਖੁੱਲ੍ਹਣ ਸਦਕਾ ਹੀ ਸੰਭਵ ਹੋਇਆ ਹੈ। ਜਦੋਂ ਇਹ ਕਾਲਜ ਖੁਲ੍ਹਿਆ ਸੀ, ਤਾਂ ਚੌਟਾਲਾ ਤੋਂ ਲੈ ਕੇ ਐਲਨਾਬਾਦ ਤਕ ਲਗਭਗ ੭੦-੮੦ ਕਿਲੋਮੀਟਰ ਤੱਕ ਦੇ ਖਿੱਤੇ ਵਿੱਚ ਕੋਈ ਹੋਰ ਕਾਲਜ ਨਹੀਂ ਸੀ। ੭੦ ਵਿਦਿਆਰਥੀਆਂ ਨਾਲ ਸ਼ੁਰੂ ਹੋਏ ਇਸ ਕਾਲਜ ਵਿਚ ਅੱਜਕਲ੍ਹ ੬੨੫ ਵਿਦਿਆਰਥੀ ਸਿਖਿਆ ਹਾਸਿਲ ਕਰ ਰਹੇ ਹਨ। ਨੈਸ਼ਨਲ ਅਸੈਸਮੈਂਟ ਐਕਰੀਡੀਏਸ਼ਨ (ਨੈਕ) ਕਮੇਟੀ ਨੇ ਇਸ ਕਾਲਜ ਦੀ ਵਧੀਆ ਕਾਰਗੁਜ਼ਾਰੀ ਸਦਕਾ ਇਸਨੂੰ ਡਬਲ ਪਲਸ (++) ਗਰੇਡ ਦਿੱਤਾ ਹੈ। ਜੋ ਇਸ ਸੰਸਥਾ ਲਈ ਅਤੇ ਸਾਰੇ ਭਾਈਚਾਰੇ ਲਈ ਵੀ ਮਾਣ ਵਾਲੀ ਗੱਲ ਹੈ। ਇਹ ਸਭ ਕੁਝ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਪਾਰ ਕਿਰਪਾ ਨਾਲ ਹੀ ਸੰਭਵ ਹੋਇਆ ਹੈ।

(ਬਾਕੀ ਸਫਾ ੭੫ 'ਤੇ)

Namdhari Elibrary NamdhariElibrary@gmail.com

ਲਾਲ ਡੋਰੇ ਰਤਨ ਛਾਪਣ ਲਈ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਵਿਸ਼ੇਸ਼ ਕਿਰਪਾ

ਸੰਤ ਸਿੰਘ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ੧੯੭੫ ਵਿੱਚ ਇਹਨਾਂ ਉਪਦੇਸ਼ਾਂ ਨੂੰ ਪੁਸਤਕ ਰੂਪ ਦੇਣ ਦਾ ਵਿਚਾਰ ਬਣਾਇਆ ਤਾਂ ਆਪ ਜੀ ਨੇ ਆਪ ਉਪਦੇਸ਼ ਸੁਣਕੇ ਲਿਖਣੇ ਸ਼ੁਰੂ ਕੀਤੇ। ਉਪਰੰਤ ਆਪ ਜੀ ਨੇ ਸੇਵਕਾਂ ਨੂੰ ਇਸ ਕੰਮ ਤੇ ਲਗਾਇਆ ਜੋ ਉਪਦੇਸ਼ ਸੁਣਕੇ ਲਿਖਣ ਲੱਗੇ। ਇੱਥੇ ਇਹ ਕਹਿਣਾ ਵੀ ਯੋਗ ਹੋਵੇਗਾ ਕਿ ਇੱਕ ਘੰਟੇ ਦੇ ਉਪਦੇਸ਼ ਨੂੰ ਹੱਥ ਨਾਲ ਲਿਖਣ ਵਾਸਤੇ ਤਕਰੀਬਨ ਦਸ ਘੰਟੇ ਲੱਗ ਜਾਂਦੇ ਹਨ, ਜੇ ਉਪਦੇਸ਼ ਪੂਰੀ ਤਰ੍ਹਾਂ ਸਾਫ ਰਿਕਾਰਡ ਕੀਤਾ ਹੋਵੇ। ਕਈ ਵਾਰ ਕੁਝ ਹਿੱਸਾ ਸਾਫ ਨਾ ਰਿਕਾਰਡ ਹੋਣ ਕਰਕੇ ਉਸਨੂੰ ਸਮਝਣ ਅਤੇ ਲਿਖਣ ਵਾਸਤੇ ਕਈ ਕਈ ਘੰਟੇ ਵੀ ਲੱਗ ਜਾਂਦੇ ਸਨ।

ਜਦੋਂ ਜਦੋਂ ਵੀ ਸ੍ਰਿਸ਼ਟੀ ਤੇ ਅਧਰਮ ਵਧ ਜਾਂਦਾ ਹੈ, ਝੂਠ ਅਤੇ ਵਹਿਮ ਮਾਨਵਤਾ ਨੂੰ ਜਕੜ ਲੈਂਦੇ ਹਨ, ਗਰੀਬਾਂ ਨੂੰ ਦੁਖੀ ਕੀਤਾ ਜਾਂਦਾ ਹੈ ਤਾਂ ਨਿਰਾਕਾਰ ਅਕਾਲ ਪੁਰਖ ਨੂੰ ਸਰਗੁਣ ਸਰੂਪ ਧਾਰ ਕੇ ਸ੍ਰਿਸ਼ਟੀ ਤੇ ਅਵਤੀਰਣ ਹੋਣਾ ਪੈਂਦਾ ਹੈ। ਸਰਗੁਣ ਸਰੂਪ ਵਿੱਚ ਪ੍ਰਗਟ ਹੋ ਕੇ ਉਹ ਜਨ ਸਾਧਾਰਨ ਨੂੰ ਮਿਲਕੇ ਉਹਨਾ ਦੇ ਦੁੱਖਾਂ ਦਾ ਨਿਵਾਰਨ ਕਰਦੇ ਹਨ, ਸਤਿਨਾਮ ਦਾ ਉਪਦੇਸ਼ ਦੇ ਕੇ ਉਹਨਾਂ ਨੂੰ ਸੱਚ ਦੇ ਮਾਰਗ ਦੇ ਪਾਂਧੀ ਬਣਾ ਦਿੰਦੇ ਹਨ।

ਸਤਿਗੁਰੂ ਨਾਨਕ ਦੇਵ ਜੀ ਨੇ ਕਲਿਜੁਗ ਨੂੰ ਤਾਰਨ ਅਤੇ ਸਾਰਾ ਹੀ ਕਲਿਜੁਗ ਭੋਗਣ ਦਾ ਉਦੇਸ਼ ਪਰਗਟ ਰੂਪ ਵਿੱਚ ਦਰਸਾ ਦਿੱਤਾ। ਇਸੇ ਕਰਕੇ ਆਪ ਜੀ ਨੇ ਦੇਸ਼ਾਂ ਵਿਦੇਸ਼ਾਂ ਦਾ ਭ੍ਰਮਣ ਕੀਤਾ, ਅਨੇਕਾਂ ਹੀ ਲੋਕਾਂ ਨੂੰ ਸੱਚ ਦੇ ਰਾਹ ਦੇ ਪਾਂਧੀ ਬਣਾਇਆ। ਸਤਿਗੁਰੂ, ਅਕਾਲ ਪੁਰਖ ਦਾ ਸਰਗੁਣ ਸਰੂਪ ਹੋਣ ਕਾਰਣ ਸਭ ਕੁਝ ਕਰਨ ਕਾਰਨ ਅਤੇ ਸਰਬ ਕਲਾ ਸਮਰਥ ਹੁੰਦਾ ਹੈ। ਉਹਨਾਂ ਨੂੰ ਪਤਾ ਸੀ ਕਿ ਉਹਨਾਂ ਦੇ ਪੂਰਬਲੇ ਜਨਮ ਦੇ ਭਗਤ ਕਿੱਥੇ ਕਿੱਥੇ ਹਨ। ਆਪ ਜੀ ਨੇ ਉਹਨਾਂ ਨੂੰ ਦਰਸ਼ਨ ਦੇ ਕੇ ਕ੍ਰਿਤਾਰਥ ਕੀਤਾ। ਕੌਡੇ ਅਤੇ ਦੇਵਲੂਤ ਜਿਹੇ ਰਾਖਸ਼ਸਾਂ ਨੂੰ ਜੋ ਇਨਸਾਨ ਤਕ ਦਾ ਮਾਸ ਵੀ ਖਾ ਜਾਂਦੇ ਸਨ, ਪੂਰਨ ਸ਼ਾਕਾਹਾਰੀ ਅਤੇ ਸਾਧ ਬਣਾ ਦਿੱਤਾ।

ਇਹ ਸਿਲਸਿਲਾ ਇਸੇ ਤਰ੍ਹਾਂ ਚਲਦਾ ਰਿਹਾ। ਵਕਤ ਦੇ ਮਾਲਕ ਸਤਿਗੁਰੂ ਨੇ ਸਮੇਂ ਦੀ ਲੋੜ ਨੂੰ ਮੁੱਖ ਰੱਖਦਿਆਂ ਹੋਇਆਂ ਆਪਣਾ ਕਾਰਜ ਕਾਰਮ ਨਿਸ਼ਚਿਤ ਕੀਤਾ ਅਤੇ ਸਤਿਗੁਰੂ ਨਾਨਕ ਦੇਵ ਜੀ ਦੇ ਚਲਾਏ ਹੋਏ ਮਿਸ਼ਨ ਨੂੰ ਅੱਗੇ ਵਧਾਇਆ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸਾਰੇ ਉਤਰ ਭਾਰਤ ਦਾ ਭ੍ਰਮਣ ਕੀਤਾ। ਉਹ ਪੱਛਮ ਅਤੇ ਪੂਰਬ ਤਕ ਵਿਚਰੇ। ਅਨੇਕ ਹੀ ਭੁੱਲੇ ਭਟਕਿਆਂ ਨੂੰ ਸਿੱਧੇ ਰਾਹ ਪਾਇਆ।

ਸਤਿਗੁਰੂ ਰਾਮ ਸਿੰਘ ਜੀ ਨੇ ਪਿੰਡਾਂ ਪਿੰਡਾਂ ਦੇ ਦੌਰੇ ਕਰਕੇ ਖ਼ਤਮ ਹੋ ਚੁੱਕੀ ਸਿੱਖੀ ਨੂੰ ਮੁੜ ਸੁਰਜੀਤ ਕੀਤਾ। ਲੋਕਾਂ ਨੂੰ ਭਜਨ ਬਾਣੀ ਨਾਲ ਜੋੜਕੇ ਉਹਨਾਂ ਦਾ ਆਤਮਿਕ ਬਲ ਉੱਚਾ ਕੀਤਾ। ਵਿਦੇਸ਼ੀ ਸਾਮਰਾਜ ਨਾਲ ਆਜ਼ਾਦੀ ਦਾ ਸੰਘਰਸ਼ ਅਰੰਭਿਆ ਅਤੇ ਉਹਨਾਂ ਦੇ ਸੇਵਕਾਂ ਨੇ ਉਹਨਾਂ ਦੇ ਹੁਕਮਾਂ ਤੇ ਚੱਲਕੇ ਆਪਣੇ ਜੀਵਨ ਵੀ ਬਲੀਦਾਨ ਕੀਤੇ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪੜ ਵਰ੍ਹੇ ਗੁਰਗੱਦੀ ਤੇ ਸੁਭਾਇਮਾਨ ਰਹਿ ਕੇ ਸਤਿਗੁਰੂ ਰਾਮ ਸਿੰਘ ਜੀ ਦੇ ਚਲਾਏ ਹੋਏ ਆਜ਼ਾਦੀ ਦੇ ਸੰਘਰਸ਼ ਦੀ ਜੋਤ ਨੂੰ ਹੋਰ

Namdhari Elibrary NamdhariElibrary@gmail.com

ਪ੍ਰਜਵਲਿਤ ਕੀਤਾ ਅਤੇ ਸਿੱਖਾਂ ਨੂੰ ਨਾਮ ਬਾਣੀ ਨਾਲ ਜੋੜਿਆ। ਇਹ ਕੰਮ ਆਪ ਜੀ ਨੇ ਦੇਸ਼ ਵਿੱਚ ਹੀ ਨਹੀਂ ਸਗੋਂ ਥਾਈਲੈਂਡ ਅਤੇ ਅਫ਼ਰੀਕਾ ਵਰਗੇ ਮੁਲਕਾਂ ਵਿੱਚ ਵੀ ਕੀਤਾ।ਅਨੇਕ ਲੋਕਾਂ ਨੂੰ ਨਸ਼ਿਆਂ ਤੋਂ ਹਟਾ ਕੇ ਗੁਰਸਿੱਖੀ ਦੇ ਮਾਰਗ ਤੇ ਚਲਾਇਆ। ਸੰਤ ਖ਼ਾਲਸਾ ਪੂਰੀ ਰਹਿਣੀ ਬਹਿਣੀ ਦਾ ਧਾਰਨੀ ਹੋ ਗਿਆ।

ਪ੍ਰਦੇਸਾਂ ਵਿੱਚ ਆਧੁਨਿਕ ਸਹੂਲਤਾਂ ਉਪਲਬਧ ਹੋਣ ਕਰਕੇ ਸਤਿਗੁਰੂ ਜੀ ਦੇ ਪਵਿੱਤਰ ਉਪਦੇਸ਼ਾਂ ਨੂੰ ਰਿਕਾਰਡ ਕਰ ਲਿਆ ਗਿਆ, ਜਿਸ ਦੇ ਫਲਸਰੂਪ ਇਹ ਅੱਜ ਵੀ ਜਿਉਂ ਦੇ ਤਿਉਂ ਸੁਰੱਖਿਅਤ ਹਨ। ਉਪਦੇਸ਼ਾਂ ਨੂੰ ਰਿਕਾਰਡ ਕਰਨ ਦਾ ਕੰਮ ਬੰਕੌਕ ਨਿਵਾਸੀਆਂ ਨੇ ਸੰਨ ੧੯੪੮ ਤੋਂ ਸ਼ੁਰੂ ਕੀਤਾ ਜੋ ਉਪਰੰਤ ਹਰ ਸਾਲ ਹੀ ਹਰ ਦੌਰੇ ਦਾ ਇੱਕ ਜ਼ਰੂਰੀ ਅੰਗ ਬਣ ਗਿਆ। ਇਸ ਤਰ੍ਹਾਂ ਬੰਕੌਕ ਵਿੱਚ ੧੯੫੯ ਤਕ ਦੇ ਸਾਰੇ ਹੀ ਉਪਦੇਸ਼ਾਂ ਨੂੰ ਰਿਕਾਰਡ ਕਰ ਲਿਆ ਗਿਆ। ਅਫਰੀਕਾ ਵਿੱਚ ਵੀ ਸਤਿਗੁਰੂ ਜੀ ਦੇ ੧੯੫੮ ਅਤੇ ੧੯੫੯ ਦੇ ਦੌਰਿਆਂ ਦੇ ਉਪਦੇਸ਼ ਰਿਕਾਰਡ ਕਰ ਲਏ ਗਏ। ਭਾਰਤ ਵਿੱਚ ਵੀ ਇਹ ਸਹੂਲਤਾਂ ਹੋਣ ਕਰਕੇ ੧੯੫੬ ਅਤੇ ੧੯੫੭ ਦੇ ਕੁਝ ਉਪਦੇਸ਼ ਰਿਕਾਰਡ ਹੋਏ। ਇਸ ਤਰ੍ਹਾਂ ਸਮੁੰਦਰ ਵਿੱਚੋਂ ਜੋ ਕੁਝ ਵੀ ਪ੍ਰਾਪਤ ਹੋ ਸਕਿਆ ਉਹ ਸ਼ਰਧਾਲੂਆਂ ਨੇ ਸੁਰੱਖਿਅਤ ਕਰ ਲਿਆ। ਉਦੋਂ ਤੇ ਉਪਦੇਸ਼ ਰਿਕਾਰਡ ਕਰਨ ਦਾ ਉਦੇਸ਼ ਇਹੋ ਹੀ ਸੀ ਕਿ ਇਹਨਾਂ ਨੂੰ ਬਾਅਦ ਵਿੱਚ ਬਾਰ ਬਾਰ ਸੁਣ ਕੇ ਅਨੰਦ ਮਾਣਿਆਂ ਜਾ ਸਕੇਗਾ ਪਰ ਇਹ ਕਿਸੇ ਵੇਲੇ ਪੁਸਤਕ ਦਾ ਰੂਪ ਵੀ ਧਾਰ ਲੈਣਗੇ ਇਹ ਕਿਸੇ ਦੇ ਖਿਆਲ ਵਿੱਚ ਵੀ ਨਹੀਂ ਸੀ ਆਇਆ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦੇਹ ਦਾ ਉਹਲਾ ਕਰ ਲੈਣ ਉਪਰੰਤ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀ ਪੰਥ ਦੀ ਵਾਗ ਡੋਰ ਸੰਭਾਲੀ। ਆਪ ਜੀ ਨੇ ਸਾਧ ਸੰਗਤ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਮਿੱਠੀ ਯਾਦ ਨਾਲ ਜੋੜੀ ਰੱਖਣ ਵਾਸਤੇ ਸਤਿਗੁਰੂ ਜੀ ਦੇ ਰਿਕਾਰਡ ਕੀਤੇ ਉਪਦੇਸ਼ਾਂ ਨੂੰ ਨਾਮ ਸਿਮਰਨ ਦੇ ਸਮੇਂ ਸੁਣਾਉਣਾ ਅਰੰਭ ਕਰ ਦਿੱਤਾ। ਇਸ ਤਰ੍ਹਾਂ ਸਤਿਗੁਰੂ ਜੀ ਦੇ ਉਪਦੇਸ਼ਾਂ ਦਾ ਅਨੰਦ ਹੁਣ ਤੀਕ ਉਹ ਲੋਕ ਵੀ ਮਾਣ ਰਹੇ ਹਨ ਜਿਹਨਾਂ ਨੇ ਸਤਿਗੁਰੂ ਜੀ ਦਾ ਦੇਹ ਕਰਕੇ ਦਰਸ਼ਨ ਨਹੀਂ ਕੀਤਾ। ਸਭ ਤੋਂ ਪਹਿਲਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਹਨਾਂ ਉਪਦੇਸ਼ਾਂ ਨੂੰ ਵੱਡੀਆਂ ਟੇਪਾਂ ਤੋਂ ਛੋਟੀਆਂ ਟੇਪਾਂ ਤੇ ਰਿਕਾਰਡ ਕਰਾਉਣਾ ਸ਼ੁਰੂ ਕੀਤਾ। ੧੯੬੪ ਦੇ ਅੱਸੂ ਦੇ ਮੇਲੇ ਸਮੇਂ ਮੈਂ ਵੀ ਸ੍ਰੀ ਭੈਣੀ ਸਾਹਿਬ ਵੀਹ ਕੁ ਦਿਨ ਰਿਹਾ। ਸਤਿਗੁਰੂ ਜੀ ਨੇ ਮੈਨੂੰ ਪਹਿਲਾਂ ਸਿਖਾਇਆ ਕਿ ਕਿਸ ਤਰ੍ਹਾਂ ਵੱਡੀਆਂ ਤੋਂ ਛੋਟੀਆਂ ਟੇਪਾਂ ਤੇ ਰਿਕਾਰਡ ਕਰਨਾ ਹੈ ਅਤੇ ਨਿਤਨੇਮ ਵੇਲੇ ਹਰ ਰੋਜ਼ ਨਵਾਂ ਉਪਦੇਸ਼ ਸੁਣਾਉਣਾ ਹੈ। ਇਸ ਤਰ੍ਹਾਂ ਇਹਨਾਂ ਉਪਦੇਸ਼ਾਂ ਨਾਲ ਮੇਰਾ ਸੰਬੰਧ ਐਸਾ ਸ਼ੁਰੂ ਹੋਇਆ ਜੋ ਹੁਣ ਤੀਕ ਚੱਲ ਰਿਹਾ ਹੈ। ਉਪਰੰਤ ਇਹਨਾਂ ਟੇਪਾਂ ਨੂੰ ਲਿਬਾਰਟਰੀ ਵਿੱਚ ਭੇਜ ਕੇ ਰਿਕਾਰਡਿੰਗ ਸਾਫ਼ ਕਰਵਾਈ ਗਈ ਤਾਂ ਕਿ ਫ਼ਾਲਤੂ ਦਾ ਰੌਲਾ ਖ਼ਤਮ ਹੋ ਸਕੇ। ਗਿਆਨੀ ਜਸਵੰਤ ਸਿੰਘ ਦਿੱਲੀ ਵਾਲਿਆਂ ਨੇ ਵੀ ਇਸ ਕੰਮ ਵਿੱਚ ਆਪਣਾ ਯੋਗਦਾਨ ਪਾਇਆ। ਇੱਥੇ ਹੀ ਬਸ ਨਹੀਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ੧੯੭੫ ਵਿੱਚ ਇਹਨਾਂ ਉਪਦੇਸ਼ਾਂ ਨੂੰ ਪੁਸਤਕ ਰੂਪ ਦੇਣ ਦਾ ਵਿਚਾਰ ਬਣਾਇਆ ਤਾਂ ਆਪ ਜੀ ਨੇ ਆਪ ਉਪਦੇਸ਼ ਸੁਣਕੇ ਲਿਖਣੇ ਸ਼ੁਰੂ ਕੀਤੇ। ਉਪਰੰਤ ਆਪ ਜੀ ਨੇ ਸੇਵਕਾਂ ਨੂੰ ਇਸ ਕੰਮ ਤੇ ਲਗਾਇਆ ਜੋ ਉਪਦੇਸ਼ ਸੁਣਕੇ ਲਿਖਣ ਲੱਗੇ। ਇੱਥੇ ਇਹ ਕਹਿਣਾ ਵੀ ਯੋਗ ਹੋਵੇਗਾ ਕਿ ਇੱਕ ਘੰਟੇ ਦੇ ਉਪਦੇਸ਼ ਨੂੰ ਹੱਥ ਨਾਲ ਲਿਖਣ ਵਾਸਤੇ ਤਕਰੀਬਨ ਦਸ ਘੰਟੇ ਲੱਗ ਜਾਂਦੇ ਹਨ, ਜੇ ਉਪਦੇਸ਼ ਪੂਰੀ ਤਰ੍ਹਾਂ ਸਾਫ ਰਿਕਾਰਡ ਕੀਤਾ ਹੋਵੇ। ਕਈ ਵਾਰ ਕੁਝ ਹਿੱਸਾ ਸਾਫ ਨਾ ਰਿਕਾਰਡ ਹੋਣ ਕਰਕੇ ਉਸਨੂੰ ਸਮਝਣ ਅਤੇ ਲਿਖਣ ਵਾਸਤੇ ਕਈ ਕਈ ਘੰਟੇ ਵੀ ਲੱਗ ਜਾਂਦੇ ਸਨ। ਸੰਨ ੧੯੪੮, ੫੦, ੫੧, ੫੨ ਦੇ ਉਪਦੇਸ਼ ਲਿਖੇ ਜਾਣ ਉਪਰੰਤ ਇਹਨਾਂ ਨੂੰ ਪੁਸਤਕ ਰੂਪ ਦੇਣ ਦੇ ਮਹਾਨ ਕਾਰਜ ਦੀ ਜ਼ਿੰਮੇਦਾਰੀ ਪ੍ਰਿੰ: ਬੇਅੰਤ ਕੌਰ ਦੀ ਲੱਗੀ।

ਇਹਨਾਂ ਹਸਤ ਲਿਖਤ ਖਰੜਿਆਂ ਨੂੰ ਪੜ੍ਹਨਾ ਮੈਂ ਅਤੇ ਪ੍ਰਿੰ: ਬੇਅੰਤ ਕੌਰ ਨੇ ਸੰਨ ੧੯੮੯-੯੦ ਵਿੱਚ ਸ਼ੁਰੂ ਕਰ ਦਿੱਤਾ ਸੀ। ਇਸ ਤੋਂ ਬਾਅਦ ਸੰਨ ੧੯੯੧ ਵਿੱਚ ਇਹ ਪਠਨ ਪਾਠਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿੱਚ ਸ੍ਰੀ ਭੈਣੀ ਸਾਹਿਬ ਵਿਖੇ ਅਰੰਭ ਹੋਇਆ ਜਿਸ ਵਿੱਚ ਪੰਥ ਦੇ ਉੱਘੇ ਵਿਦਵਾਨਾਂ-ਮਾਸਟਰ ਨਿਹਾਲ

Namdhari Elibrary NamdhariElibrary@gmail.com

ਸਿੰਘ, ਸੰਤ ਪ੍ਰੀਤਮ ਸਿੰਘ ਕਵੀ, ਪੰਡਿਤ ਗੋਪਾਲ ਸਿੰਘ, ਪੰਡਿਤ ਰਾਜਿੰਦਰ ਸਿੰਘ, ਜਸਵਿੰਦਰ ਸਿੰਘ ਹਿਸਟੋਰੀਅਨ ਨੇ ਆਪਣਾ ਮਹੱਤਵਪੂਰਨ ਯੋਗਦਾਨ ਪਾਇਆ। ਇਹ ਬੈਠਕਾਂ ਕੋਠੀ, ਜਿੱਥੇ ਅੱਜਕਲ੍ਹ ਮਾਤਾ ਜੀ ਦਾ ਡੇਰਾ ਹੈ, ਉਸਦੀ ਪਹਿਲੀ ਮੰਜ਼ਿਲ ਤੇ ਇੱਕ ਕਮਰੇ ਵਿੱਚ ਹੁੰਦੀਆਂ ਸਨ। ਸਾਰਾ ਸਾਰਾ ਦਿਨ ਪਠਨ ਪਾਠਨ ਚਲਦਾ ਰਹਿੰਦਾ, ਸਿਰਫ ਪ੍ਰਸ਼ਾਦਾ ਛਕਣ ਵੇਲੇ ਹੀ ਕੋਈ ਅੱਧਾ ਕੁ ਘੰਟਾ ਛੁੱਟੀ ਹੁੰਦੀ। ਛੁੱਟੀ ਕਰਨ ਤੋਂ ਪਹਿਲਾਂ ਹੀ ਸਤਿਗੁਰੂ ਜੀ ਅਗਲੀ ਬੈਠਕ ਦਾ ਵਕਤ ਨਿਸਚਿਤ ਕਰ ਦਿੰਦੇ। ਕਦੇ ਕਦੇ ਇਸ ਤਰ੍ਹਾਂ ਵੀ ਹੁੰਦਾ ਕਿ ਅਸੀਂ ਤਾਂ ਭਾਵੇਂ ਕੁਝ ਮਿੰਟ ਲੇਟ ਹੋ ਜਾਂਦੇ ਪਰ ਸਤਿਗੁਰੂ ਜੀ ਸਮੇਂ ਨਾਲ ਆਪਣੇ ਆਸਣ ਤੇ ਸੁਭਾਇਮਾਨ ਹੋ ਜਾਂਦੇ। ਇਹ ਸਭ ਕੁਝ ਸਾਨੂੰ ਸਿੱਖਿਆ ਦੇਣ ਲਈ ਹੀ ਤਾਂ ਸੀ ਕਿ ਇਹੋ ਜਿਹੇ ਮਹਾਨ ਕੰਮ ਨੂੰ ਕਿਸ ਲਗਨ ਅਤੇ ਉਤਸ਼ਾਹ ਨਾਲ ਕਰੀਦਾ ਹੈ। ਮਾਤਾ ਜੀ ਨੂੰ ਵੀ ਹੁਕਮ ਸੀ ਕਿ ਇਹਨਾਂ ਦੇ ਜਲ-ਪਾਣੀ ਦਾ ਬੰਦੋਬਸਤ ਇੱਥੇ ਹੀ ਕੀਤਾ ਜਾਵੇ ਤਾਂ ਕਿ ਕਿਤੇ ਜਾਣ ਦੀ ਲੋੜ ਹੀ ਨਾ ਰਹੇ। ਇੱਕ ਕਮਰੇ ਵਿੱਚ ਸ੍ਰੀ ਸਤਿਗੁਰੂ ਜੀ ਆਪਣੇ ਆਸਣ ਤੇ ਸੁਸ਼ੋਭਿਤ ਹਨ ਅਤੇ ਉਹਨਾਂ ਦੇ ਸੇਵਕ ਚਾਰੇ ਪਾਸੇ ਬੈਠ ਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ਾਂ ਦੇ ਖਰੜਿਆਂ ਦਾ ਬੜੇ ਗਹੁ ਅਤੇ ਡੂੰਘਿਆਈ ਨਾਲ ਅਧਿਐਨ ਕਰ ਰਹੇ ਹਨ। ਇਹ ਸੱਚਮੁਚ ਹੀ ਇੱਕ ਅਲੌਕਿਕ ਨਜ਼ਾਰਾ ਸੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਇਸ ਕੰਮ ਨੂੰ ਪੂਰੀ ਪ੍ਰਾਥਮਿਕਤਾ ਦਿੰਦੇ ਸਨ। ਜਿਸ ਦਿਨ ਆਖਰੀ ਬੈਠਕ ਹੋਣੀ ਸੀ, ਉਸ ਦਿਨ ਸਤਿਗੁਰੂ ਜੀ ਨੇ ਦੁਪਹਿਰ ਬਾਅਦ ਕਿਤੇ ਦੌਰੇ ਤੇ ਜਾਣਾ ਸੀ। ਸੱਚੇ ਪਾਤਸ਼ਾਹ ਜੀ ਨੇ ਹੁਕਮ ਕੀਤਾ ਕਿ ਕੱਲ ਸਵੇਰੇ ਆਸਾ ਦੀ ਵਾਰ ਤੋਂ ਮਗਰੋਂ ਠੀਕ ਸਾਢੇ ਛੇ ਵਜੇ ਬੈਠਕ ਸ਼ੁਰੂ ਹੋਵੇਗੀ। ਹਰੀ ਮੰਦਰ ਵਿੱਚ ਰਾਗੀ ਬਲਜੀਤ ਸਿੰਘ ਦੀ ਵਾਰ ਲੱਗੀ ਹੋਈ ਸੀ। ਸੰਤ ਬਲਜੀਤ ਸਿੰਘ ਹੁਰਾਂ ਨੂੰ ਕਿਸੇ ਨੇ ਦੱਸਿਆ ਨਹੀਂ ਸੀ ਕਿ ਅੱਜ ਭੋਗ ਥੋੜ੍ਹਾ ਜਲਦੀ ਪਾਉਣਾ ਹੈ। ਜਦੋਂ ਸਮਾਂ ਨੇੜੇ ਆਉਣ ਲੱਗਾ ਤਾਂ ਕਿਸੇ ਨੇ ਕਿਹਾ ਕਿ ਭੋਗ ਜਲਦੀ ਪਾਉਣਾ ਹੈ। ਆਸ ਸੀ ਕਿ ਆਸਾ ਦੀ ਵਾਰ ਦਾ ਭੋਗ ਛੇ ਵਜ ਕੇ ਚਾਲ੍ਹੀ ਕੁ ਮਿੰਟ ਤੇ ਪਵੇਗਾ। ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਭੋਗ ਦੀ ਪ੍ਰਵਾਹ ਨਾ ਕੀਤੀ ਅਤੇ ਪੂਰੇ ਸਾਢੇ ਛੇ ਵਜੇ ਦਿਵਾਨ ਵਿੱਚੋਂ ਚਲੇ ਗਏ। ਨਾਲ ਹੀ ਅਸੀਂ ਚਲੇ ਗਏ ਅਤੇ ਉਪਦੇਸ਼ਾਂ ਦੇ ਖਰੜਿਆਂ ਦਾ ਪਠਨ-ਪਾਠਨ ਸ਼ੁਰੂ ਹੋ ਗਿਆ। ਸਾਨੂੰ ਵੀ ਸਿੱਖਿਆ ਮਿਲੀ ਕਿ ਭਾਵੇਂ ਕਿੰਨਾਂ ਹੀ ਕੋਈ ਜ਼ਰੂਰੀ ਕੰਮ ਹੋਵੇ ਉਪਦੇਸ਼ਾਂ ਦੇ ਕੰਮ ਨੂੰ ਪ੍ਰਾਥਮਿਕਤਾ ਦੇਣੀ ਹੈ, ਸਮੇਂ ਦੀ ਕਦਰ ਕਰਨੀ ਹੈ।

> *ਇਸ ਕੰਮ ਵਾਸਤੇ ਇਕਾਂਤ ਬਹੁਤ ਜ਼ਰੂਰੀ ਸੀ। ਸਤਿਗੁਰੂ ਜੀ ਨੇ ਅਗਸਤ ੧੯੯੨ ਵਿੱਚ ਮੰਡੀ ਵਿਖੇ ਬੈਠ ਕੇ ਪਠਨ-ਪਾਠਨ ਦਾ ਪ੍ਰੋਗਰਾਮ ਬਣਾਇਆ। ਮਾਸਟਰ ਨਿਹਾਲ ਸਿੰਘ, ਡਾ: ਅਮਰ ਭਾਰਤੀ, ਜਸਵਿੰਦਰ ਸਿੰਘ ਹਿਸਟੋਰੀਅਨ, ਮੈਂ ਅਤੇ ਬੇਅੰਤ ਕੌਰ ੧੨ ਅਗਸਤ ੧੯੯੨ ਨੂੰ ਮੰਡੀ ਪਹੁੰਚ ਗਏ। ਉਸੇ ਦਿਨ ਦੁਪਹਿਰ ਬਾਅਦ ਪਠਨ-ਪਾਠਨ ਦਾ ਕੰਮ ਸ਼ੁਰੂ ਹੋ ਗਿਆ। ਹਰ ਦਿਨ ਗਿਆਰਾਂ ਤੋਂ ਬਾਰਾਂ ਘੰਟੇ ਬੈਠਕ ਹੁੰਦੀ, ਉਸ ਵੇਲੇ ਕਿਸੇ ਨੂੰ ਵੀ ਸਤਿਗੁਰੂ ਜੀ ਦੀ ਕੋਠੀ ਆਉਣ ਦੀ ਆਗਿਆ ਨਹੀਂ ਸੀ।*

ਇਹ ਸਿਲਸਿਲਾ ਇਸੇ ਤਰ੍ਹਾਂ ਹੀ ਚੱਲਦਾ ਰਹਿੰਦਾ। ਸਾਡਾ ਕੰਮ ਤੇ ਹਰ ਵਕਤ ਚਲਦਾ ਹੀ ਰਹਿੰਦਾ। ਜਿਹੜੇ ਸ਼ਬਦ ਸਮਝ ਨਹੀਂ ਸਨ ਆਉਂਦੇ ਉਹਨਾਂ ਨੂੰ ਨੋਟ ਕਰੀ ਜਾਣਾ। ਜਦੋਂ ਵੀ ਪਾਤਸ਼ਾਹ ਜੀ ਨੂੰ ਵਿਹਲ ਮਿਲਣਾ ਤਾਂ ਬੈਠਕਾਂ ਹੋਣੀਆਂ। ਨੋਟ ਕੀਤੇ ਹੋਏ ਸ਼ਬਦ ਸਤਿਗੁਰੂ ਜੀ ਨੇ ਸਮਝਾ ਦੇਣੇ। ਇਸ ਕੰਮ ਵਾਸਤੇ ਇਕਾਂਤ ਬਹੁਤ ਜ਼ਰੂਰੀ ਸੀ। ਸਤਿਗੁਰੂ ਜੀ ਨੇ ਅਗਸਤ ੧੯੯੨ ਵਿੱਚ ਮੰਡੀ ਵਿਖੇ ਬੈਠ ਕੇ ਪਠਨ-ਪਾਠਨ ਦਾ ਪ੍ਰੋਗਰਾਮ ਬਣਾਇਆ। ਮਾਸਟਰ ਨਿਹਾਲ ਸਿੰਘ, ਡਾ: ਅਮਰ ਭਾਰਤੀ, ਜਸਵਿੰਦਰ ਸਿੰਘ ਹਿਸਟੋਰੀਅਨ, ਮੈਂ ਅਤੇ ਬੇਅੰਤ ਕੌਰ ੧੨ ਅਗਸਤ ੧੯੯੨ ਨੂੰ ਮੰਡੀ ਪਹੁੰਚ ਗਏ। ਉਸੇ ਦਿਨ ਦੁਪਹਿਰ ਬਾਅਦ ਪਠਨ-ਪਾਠਨ ਦਾ ਕੰਮ ਸ਼ੁਰੂ ਹੋ ਗਿਆ। ਹਰ ਦਿਨ ਗਿਆਰਾਂ ਤੋਂ ਬਾਰਾਂ ਘੰਟੇ ਬੈਠਕ ਹੁੰਦੀ, ਉਸ ਵੇਲੇ ਕਿਸੇ ਨੂੰ ਵੀ ਸਤਿਗੁਰੂ ਜੀ ਦੀ ਕੋਠੀ ਆਉਣ ਦੀ ਆਗਿਆ ਨਹੀਂ ਸੀ। ਸਵੇਰੇ ਸੱਤ ਕੁ ਵਜੇ ਪੜ੍ਹਨ ਦਾ ਕੰਮ ਸ਼ੁਰੂ ਹੋਣਾ ਅਤੇ ਰਾਤ ਨੂੰ ਗਿਆਰਾਂ ਬਾਰਾਂ ਵਜੇ ਤੱਕ ਚੱਲਦਾ ਰਹਿਣਾ। ਸਿਰਫ ਪ੍ਰਸ਼ਾਦਾ ਛਕਣ

Namdhari Elibrary NamdhariElibrary@gmail.com

ਵਾਸਤੇ ਹੀ ਛੁੱਟੀ ਮਿਲਣੀ। ਬੈਠਕਾਂ ਨੂੰ ਹੋਰ ਵੀ ਮਨੋਰੰਜਕ ਅਤੇ ਲਾਭਦਾਇਕ ਬਣਾਉਣ ਵਾਸਤੇ ਸਤਿਗੁਰੂ ਜੀ ਵਿੱਚ ਵਿੱਚ ਕਈ ਸਾਖੀਆਂ ਅਤੇ ਘਟਨਾਵਾਂ ਦਾ ਵਰਣਨ ਵੀ ਕਰਦੇ। ਜੇਕਰ ਕਿਸੇ ਗੱਲ ਦਾ ਨਿਰਣਾ ਕਰਨਾ ਹੋਵੇ ਤਾਂ ਪੰਡਿਤ ਗੋਪਾਲ ਸਿੰਘ ਨਾਲ ਟੈਲੀਫੋਨ ਤੇ ਗੱਲ ਕਰ ਲੈਂਦੇ। ਸਤਿਗੁਰੂ ਜੀ ਕਿਸੇ ਵੀ ਮਸਲੇ ਨੂੰ ਨਾ ਤੇ ਅਧੂਰਾ ਛੱਡਦੇ ਸਨ ਅਤੇ ਨਾ ਹੀ ਲਟਕਾਉਂਦੇ ਸਨ, ਹਰ ਮਸਲੇ ਦਾ ਹੱਲ ਤੁਰੰਤ ਹੁੰਦਾ ਸੀ। ਕੋਲ ਮਹਾਨ ਕੋਸ਼ ਅਤੇ ਹੋਰ ਗ੍ਰੰਥ ਵੀ ਪਏ ਹੁੰਦੇ ਤਾਂ ਕਿ ਲੋੜ ਪੈਣ ਤੇ ਉਹਨਾਂ ਨੂੰ ਵਾਚਿਆ ਜਾ ਸਕੇ। ਸੰਤ ਹਰਪਾਲ ਸਿੰਘ ਅਤੇ ਸੰਤ ਗੁਰਮੁਖ ਸਿੰਘ ਵੀਡੀਓ ਵਾਲੇ ਟੇਪ ਰਿਕਾਰਡਰ ਤੇ ਉਪਦੇਸ਼ਾਂ ਨੂੰ ਨਾਲ ਨਾਲ ਸੁਣਦੇ ਰਹਿੰਦੇ, ਜੋ ਉਪਦੇਸ਼ਾਂ ਨੂੰ ਸਮਝਣ ਵਿੱਚ ਬਹੁਤ ਲਾਭਦਾਇਕ ਹੁੰਦੇ। ਸੰਤ ਰਸ਼ਪਾਲ ਸਿੰਘ ਹੁਰੀਂ ਵੀ ਜਿੱਥੇ ਹੋਰ ਉਪਰਲੇ ਕੰਮ ਕਰਦੇ, ਮਹਾਨ ਕੋਸ਼ ਦੇ ਸਫ਼ੇ ਫਰੋਲ ਕੇ ਕਈ ਸੰਕੇਤਕ ਹਵਾਲੇ ਲੱਭਦੇ। ਇਸ ਤਰ੍ਹਾਂ ਸਾਰੇ ਹੀ ਇੱਕ ਮਨ ਹੋ ਕੇ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਇਸ ਮਹਾਨ ਕਾਰਜ ਨੂੰ ਨੇਪਰੇ ਚੜ੍ਹਾਉਣ ਲਈ ਰੁਝੇ ਰਹਿੰਦੇ। ੧੩ ਅਗਸਤ ੧੯੯੨ ਨੂੰ ਪੜ੍ਹਦਿਆਂ ਪੜ੍ਹਦਿਆਂ ਜਦੋਂ ਰਾਤ ਦੇ ਬਾਰ੍ਹਾਂ ਕੁ ਵੱਜਣ ਲੱਗੇ ਤਾਂ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਫਰਮਾਇਆ,"ਕਿੰਨਾ ਅਨੰਦ ਆ ਰਿਹਾ ਹੈ। ਅੱਜ ਲੱਗੇ ਹੀ ਰਹਿੰਦੇ ਹਾਂ, ਇੱਥੋਂ ਉੱਠ ਕੇ ਸਿੱਧੇ ਆਸਾ ਦੀ ਵਾਰ ਵਿੱਚ ਹੀ ਚਲਾਂਗੇ।" ਸੱਚਮੁਚ ਹੀ ਬੜਾ ਅਨੰਦ ਆ ਰਿਹਾ ਸੀ, ਨਾ ਤੇ ਥਕੇਵਾਂ, ਨਾ ਅਕੇਵਾਂ ਹੁੰਦਾ ਸੀ। ਸਮੇਂ ਦਾ ਵੀ ਧਿਆਨ ਨਹੀਂ ਸੀ ਰਹਿੰਦਾ ਕਿ ਕਿੰਨਾ ਕੁ ਹੋ ਗਿਆ ਹੋਵੇ। ਗੁਰਮੁਖ ਸਿੰਘ ਵੀਡੀਓ ਵਾਲੇ ਨੇ ਮੇਰੇ ਕੰਨ ਵਿੱਚ ਕਿਹਾ,"ਸਤਿਗੁਰੂ ਜੀ ਦੀ ਤਬੀਅਤ ਥੋੜੀ ਢਿੱਲੀ ਹੈ, ਉਹਨਾਂ ਤੇ ਹਟਣਾ ਨਹੀਂ ਤੁਸੀਂ ਅਰਜ਼ ਕਰੋ ਕਿ ਜੀ ਹੁਣ ਬਸ ਕਰੀਏ।" ਮੈਂ ਫਿਰ ਅਰਜ਼ ਕੀਤੀ,"ਗਰੀਬ ਨਿਵਾਜ ਜੀ ਜੇ ਆਗਿਆ ਹੋਵੇ ਤਾਂ ਹੁਣ ਬਸ ਕਰੀਏ।" ਛੁੱਟੀ ਦੀ ਆਗਿਆ ਹੋਈ ਤਾਂ ਹੁਕਮ ਹੋਇਆ,"ਤੁਸੀਂ ਸਵੇਰੇ ਆਸਾ ਦੀ ਵਾਰ ਤੇ ਨਾ ਆਇਓ, ਸਿੱਧੇ ਇੱਥੇ ਹੀ ਸੱਤ ਵਜੇ ਪਹੁੰਚ ਜਾਣਾ।"ਅਸੀਂ ਤਾਂ ਸਤਿ ਬਚਨ ਕਹਿ ਕੇ ਚਲੇ ਗਏ ਪਰ ਸਤਿਗੁਰੂ ਜੀ ਥੋੜਾ ਆਰਾਮ ਕਰਕੇ ਆਸਾ ਦੀ ਵਾਰ ਤੇ ਚਲੇ ਗਏ। ਉੱਥੇ ਭੋਗ ਪਾ ਕੇ ਸਾਡੇ ਪਹੁੰਚਣ ਤੋਂ ਪਹਿਲਾਂ ਆਪਣੇ ਆਸਣ ਤੇ ਸੁਸ਼ੋਭਿਤ ਸਨ ਅਤੇ ਸਾਡੀ ਇੰਤਜ਼ਾਰ ਹੋ ਰਹੀ ਸੀ। ਏਨੀ ਮਹੱਤਤਾ ਅਤੇ ਪ੍ਰਾਥਮਿਕਤਾ ਸਤਿਗੁਰੂ ਜੀ ਇਸ ਕਾਰਜ ਨੂੰ ਦਿੰਦੇ ਸਨ। ਸਾਰਾ ਦਿਨ ਫਿਰ ਉਹੀ ਪੜ੍ਹਨ ਪੜ੍ਹਾਉਣ ਦਾ ਕੰਮ ਚਲਦਾ ਰਿਹਾ। ਹੁਣ ਨਿਤਨੇਮ ਦਾ ਵਕਤ ਸੀ। ਸਾਨੂੰ ਹੁਕਮ ਕੀਤਾ, "ਤੁਸੀਂ ਥੋੜੀ ਦੇਰ ਦਰਿਆ ਕਿਨਾਰੇ ਘੁੰਮ ਫਿਰ ਲਵੋ ਅਤੇ ਮੈਂ ਨਿਤਨੇਮ 'ਚ ਹੋ ਆਵਾਂ।"

ਇਸੇ ਤਰ੍ਹਾਂ ਹੀ ਇਹ ਸਿਲਸਿਲਾ ੧੯ ਅਗਸਤ ੧੯੯੨ ਦੁਪਹਿਰ ਤੱਕ ਚੱਲਦਾ ਰਿਹਾ। ਸਤਿਗੁਰੂ ਜੀ ਨੇ ਅਪਣੇ ਹਸਤ ਕੰਵਲਾਂ ਨਾਲ ਬਰਫੀ ਦਾ ਪ੍ਰਸ਼ਾਦ ਵਰਤਾਇਆ ਅਤੇ ਮਨਾਂ ਨੂੰ ਸ਼ਾਂਤ ਵਰਤਾਈ। ਕੁਝ ਚਿਰ ਮਗਰੋਂ ਗਰੀਬ ਨਿਵਾਜ਼ ਜੀ ਨੇ ਬੇਅੰਤ ਕੌਰ ਨੂੰ ਕਿਹਾ, "ਜੇ ਦੁੱਖ ਆ ਜਾਵੇ ਤਾਂ ਉਸਨੂੰ ਆਪਣੇ ਉੱਤੇ ਸਵਾਰ ਨਹੀਂ ਹੋਣ ਦੇਣਾ ਆਪ ਉਹਦੇ ਤੇ ਸਵਾਰ ਹੋ ਜਾਣਾ।" ਅਸੀਂ ਇਸ ਨੂੰ ਸਤਿਗੁਰੂ ਜੀ ਦਾ ਇੱਕ ਸਧਾਰਨ ਹੀ ਉਚਾਰਿਆ ਹੋਇਆ ਬਚਨ ਸਮਝਿਆ। ਅਗਲੇ ਦਿਨ ਦਾ ਪ੍ਰੋਗਰਾਮ ਮਨਾਲੀ ਜਾਣ ਦਾ ਸੀ।

ਸਵੇਰੇ ਮੰਡੀ ਤੋਂ ਕਾਰਾਂ ਦਾ ਕਾਫਲਾ ਚੱਲਿਆ। ਗੁਰਮੁਖ ਸਿੰਘ ਵੀਡੀਓ ਵਾਲਾ ਮੇਰੀ ਕਾਰ ਵਿੱਚ ਸੀ। ਅਸੀਂ ਪਹਿਲਾਂ ਹੀ ਅੱਗੇ ਜਾ ਕੇ ਕਿਸੇ ਮੋੜ ਤੇ ਖੜ੍ਹੇ ਹੋ ਜਾਣਾ ਅਤੇ ਜਦੋਂ ਸੱਚੇ ਪਾਤਸ਼ਾਹ ਜੀ ਦੀਆਂ ਕਾਰਾਂ ਆਉਣੀਆਂ ਤਾਂ ਉਹਨਾਂ ਦੀ ਵੀਡੀਓ ਬਣਾਉਣੀ। ਲੰਗਰ ਪਾਣੀ ਦਾ ਪ੍ਰੋਗਰਾਮ ਭੂੰਤਰ ਸੀ। ਉੱਥੇ ਪ੍ਰਸ਼ਾਦ ਪਾਣੀ ਛਕਣ ਉਪਰੰਤ ਬੇਅੰਤ ਕੌਰ ਦਾ ਪੈਰ ਤਿਲਕ ਗਿਆ ਅਤੇ ਉਸਦੇ ਸੱਟ ਲੱਗ ਗਈ। ਇਉਂ ਲਗਦਾ ਸੀ ਕਿ ਸ਼ਾਇਦ ਅੱਗੇ ਨਾ ਜਾ ਸਕੀਏ। ਸਤਿਗੁਰੂ ਜੀ ਦਾ ਇੱਕ ਦਿਨ ਪਹਿਲਾਂ ਦਾ ਬਚਨ ਯਾਦ ਆਇਆ ਕਿ ਦੁੱਖ ਨੂੰ ਆਪਣੇ ਤੇ ਨਾ ਸਵਾਰ ਹੋਣ ਦੇਵੋ। ਇਉਂ ਜਾਪਿਆ ਕਿ ਇਹ ਬਚਨ ਇਸੇ ਕਰਕੇ ਹੀ ਉਚਾਰਿਆ ਸੀ। ਕਾਰ ਵਿੱਚ ਅਰਾਮ ਨਾਲ ਬੈਠਣ ਵਾਸਤੇ ਉੱਥੋਂ ਇੱਕ ਸਿਰਹਾਣਾ ਲੈ ਲਿਆ ਅਤੇ ਮਨਾਲੀ ਵੱਲ ਨੂੰ ਚਾਲੇ ਪਾ ਦਿੱਤੇ। ਸਤਿਗੁਰੂ ਜੀ ਨੇ ਮਨਾਲੀ ਦੋ ਤਿੰਨ ਘੰਟੇ ਰਹਿ ਕੇ ਵਾਪਸ ਮੰਡੀ ਲਈ ਚੱਲਣ ਦੀ ਤਿਆਰੀ ਕਰ ਲਈ।

Namdhari Elibrary NamdhariElibrary@gmail.com

ਮੈਂ ਅਰਜ਼ ਕੀਤੀ ਕਿ ਬੇਅੰਤ ਕੌਰ ਨੂੰ ਇਸ ਤਰ੍ਹਾਂ ਸੱਟ ਲੱਗ ਗਈ ਹੈ ਅਤੇ ਉਸਨੂੰ ਤੁਰਨ ਫਿਰਨ ਵਿੱਚ ਤਕਲੀਫ ਹੈ। ਸਤਿਗੁਰੂ ਜੀ ਨੇ ਕਿਰਪਾ ਕਰਕੇ ਬੇਅੰਤ ਕੌਰ ਨੂੰ ਦਰਸ਼ਨ ਦਿੱਤੇ ਅਤੇ ਸਾਨੂੰ ਆਗਿਆ ਹੋ ਗਈ ਕਿ ਅਸੀਂ ਰਾਤ ਉੱਥੇ ਹੀ ਰਹਿ ਕੇ ਅਗਲੇ ਦਿਨ ਮੰਡੀ ਆ ਜਾਈਏ। ਸਤਿਗੁਰੂ ਧੰਨ ਹੈ। ਉਸਨੂੰ ਪਤਾ ਹੁੰਦਾ ਹੈ ਕਿ ਅਗਾਂਹ ਕੀ ਹੋਣ ਵਾਲਾ ਹੈ। ਜੇਕਰ ਕਸ਼ਟ ਆ ਜਾਵੇ ਤਾਂ ਉਸਨੂੰ ਸਹਾਰਨ ਦਾ ਬਲ ਵੀ ਉਹ ਆਪ ਹੀ ਬਖਸ਼ਦੇ ਹਨ ਅਤੇ ਆਪਣੇ ਸੇਵਕਾਂ ਦੀ ਹਰ ਪ੍ਰਕਾਰ ਰੱਖਿਆ ਕਰਦੇ ਹਨ।

ਹਰ ਉਪਦੇਸ਼ ਦੇ ਪਿੱਛੇ ਮੁਸ਼ਕਲ ਲਫਜ਼ਾਂ ਦੇ ਅਰਥ ਕੀਤੇ ਹੋਏ ਹਨ। ਇਹ ਕਈ ਸਾਰੀਆਂ ਸੰਦਰਭ ਪੁਸਤਕਾਂ ਤੋਂ ਦੇਖ ਕੇ ਕੀਤੇ ਸਨ। ਸਤਿਗੁਰੂ ਜੀ ਦੇ ਹੁਕਮ ਅਨੁਸਾਰ ਪੰਡਿਤ ਗੋਪਾਲ ਸਿੰਘ ਦੇ ਡੇਰੇ ਤੇ ਬੈਠਕਾਂ ਹੋਈਆਂ ਜਿਨ੍ਹਾਂ ਵਿੱਚ ਸਾਰੇ ਅਰਥਾਂ ਨੂੰ ਚੰਗੀ ਤਰ੍ਹਾਂ ਵਾਚਿਆ ਗਿਆ ਅਤੇ ਲੋੜੀਂਦੇ ਵਾਧੇ ਘਾਟੇ ਕਰਕੇ ਸਹੀ ਕੀਤਾ ਗਿਆ।

੨੧ ਅਕਤੂਬਰ ੧੯੯੨ ਨੂੰ ਸਤਿਗੁਰੂ ਜੀ ਦਿੱਲੀ ਦਰਸ਼ਨ ਦੇ ਰਹੇ ਸਨ। ਹਮੇਸ਼ਾ ਵਾਂਗ ਸ਼ਾਮ ਦੇ ਕੀਰਤਨ ਉਪਰੰਤ ਸਤਿਗੁਰੂ ਜੀ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਵਿਖੇ ਬੈਡਮਿੰਟਨ ਖੇਡਣ ਵਾਸਤੇ ਪਧਾਰੇ। ਖੇਡਣ ਉਪਰੰਤ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ਾਂ ਬਾਰੇ ਬਚਨ ਚੱਲ ਪਏ ਤਾਂ ਅਸੀਂ ਪੁਸਤਕ ਦੇ ਨਾਮ ਕਰਨ ਦੀ ਅਰਜ਼ ਕੀਤੀ। ਸਤਿਗੁਰੂ ਜੀ ਨੂੰ ਸੁਖਮਨੀ ਸਾਹਿਬ ਦੀ ਤੁਕ-

ਉਤਮ ਸਲੋਕ ਸਾਧ ਕੇ ਬਚਨ
ਅਮੁਲੀਕ ਲਾਲ ਏਹਿ ਰਤਨ॥

ਯਾਦ ਆਈ ਤਾਂ ਪੁਸਤਕ ਦਾ ਨਾਮ 'ਲਾਲ ਏਹਿ ਰਤਨ' ਰੱਖਿਆ। ਇਹ ਵੀ ਫੈਸਲਾ ਹੋਇਆ ਕਿ ਪਹਿਲੇ ਹਿੱਸੇ ਵਿੱਚ ੧੯੪੮-੫੦ ਦੇ ਉਪਦੇਸ਼ ਰੱਖੇ ਜਾਣ। ਪੁਸਤਕ ਦੇ ਵਰਤਮਾਨ ਅਕਾਰ ਦਾ ਫੈਸਲਾ ਵੀ ਸਤਿਗੁਰੂ ਜੀ ਨੇ ਕਰ ਦਿੱਤਾ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ ਕੰਠੋਂ ਹੀ ਉਚਾਰਨ ਕੀਤੇ ਹੋਏ ਸਨ। ਸਤਿਗੁਰ ਬਿਲਾਸ ਦੀ ਕਥਾ ਜਿਉਂ ਜਿਉਂ ਅੱਗੇ ਚਲਦੀ ਸੀ, ਸਤਿਗੁਰੂ ਜੀ ਉਸੇ ਤਰ੍ਹਾਂ ਹੀ ਉਸ ਦੀ ਵਿਆਖਿਆ ਕਰਦੇ ਸਨ। ਇਸ ਕਰਕੇ ਉਹਨਾਂ ਨੂੰ ਤਰਤੀਬਵਾਰ ਲਿਖਤੀ ਰੂਪ ਦੇਣ ਵਾਸਤੇ ਕਈ ਕਿਸਮ ਦੇ ਵਿਰਾਮ ਚਿੰਨ੍ਹ ਲਗਾਉਣੇ ਜ਼ਰੂਰੀ ਸਨ। ਬੇਅੰਤ ਕੌਰ ਨੂੰ ਭਾਵੇਂ ਵਿਆਕਰਨ ਵਿੱਚ ਬਹੁਤ ਮੁਹਾਰਤ ਹਾਸਿਲ ਸੀ ਫਿਰ ਵੀ ਅਸੀਂ ਤਿੰਨ ਚਾਰ ਵਿਆਕਰਨ ਦੀਆਂ ਕਿਤਾਬਾਂ ਦਾ ਅਧਿਐਨ ਕੀਤਾ ਤਾਂ ਕਿ ਉਪਦੇਸ਼ਾਂ ਦੇ ਲਿਖਤੀ ਰੂਪ ਨੂੰ ਸਮਝਣ ਵਿੱਚ ਕੋਈ ਔਖਿਆਈ ਨਾ ਹੋਵੇ ਅਤੇ ਵਿਰਾਮ ਚਿੰਨ੍ਹ ਵੀ ਵਿਆਕਰਨ ਅਨੁਸਾਰ ਠੀਕ ਲੱਗ ਜਾਣ।

ਹੁਣ ਕੰਮ ਸ਼ੁਰੂ ਹੋਇਆ, ਸੋਧੇ ਹੋਏ ਖਰੜਿਆਂ ਨੂੰ ਕੰਪਿਊਟਰ ਤੇ ਟਾਈਪ ਕਰਨ ਦਾ। ਉਪਰੰਤ ਟਾਈਪ ਕੀਤੇ ਉਪਦੇਸ਼ਾਂ ਦੀ ਪਰੂਫ ਰੀਡਿੰਗ, ਵਿਰਾਮ ਚਿੰਨ ਲਗਾਉਣੇ ਅਤੇ ਲੋੜੀਂਦੀਆਂ ਟਿਪਣੀਆਂ ਦੇਣਾ ਵੀ ਇੱਕ ਵੱਡਾ ਕੰਮ ਸੀ। ਇਸ ਲਈ ਬਹੁਤ ਸਾਰੀਆਂ ਸੰਦਰਭ ਪੁਸਤਕਾਂ ਜਿਹਾ ਕਿ ਸੂਰਜ ਪ੍ਰਕਾਸ਼, ਪੰਥ ਪ੍ਰਕਾਸ਼, ਭਾਈ ਗੁਰਦਾਸ ਦੀਆਂ ਵਾਰਾਂ ਅਤੇ ਕਬਿੱਤ ਸਵੱਈਏ, ਭਾਈ ਨੰਦ ਲਾਲ, ਸੌ ਸਾਖੀ, ਜਨਮ ਸਾਖੀ ਆਦਿ ਦਾ ਅਧਿਐਨ ਜ਼ਰੂਰੀ ਸੀ।

ਇੱਕ ਵਾਰ ਫਿਰ ਅਗਸਤ ੧੯੯੪ ਵਿੱਚ ਮੰਡੀ ਵਿਖੇ ਪਠਨ ਪਾਠਨ ਦਾ ਪ੍ਰੋਗਰਾਮ ਬਣਿਆ। ਅਸੀਂ ੮ ਅਗਸਤ ੧੯੯੪ ਨੂੰ ਮੰਡੀ ਪਹੁੰਚੇ ਅਤੇ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਪੜ੍ਹਨ ਪੜ੍ਹਾਉਣ ਦਾ ਕੰਮ ਸ਼ੁਰੂ ਹੋ ਗਿਆ। ਇਹਨਾਂ ਬੈਠਕਾਂ ਵਿੱਚ ਪੰਡਿਤ ਗੋਪਾਲ ਸਿੰਘ, ਪ੍ਰੀਤਮ ਸਿੰਘ ਕਵੀ, ਸ੍ਰ: ਜਸਵਿੰਦਰ ਸਿੰਘ ਹਿਸਟੋਰੀਅਨ, ਸੰਤ ਹਰੀ ਸਿੰਘ ਵਡਾਣੀਆ, ਸੰਤ ਹਰਬੰਸ ਸਿੰਘ ਮੈਂਬਰ, ਸੰਤ ਗੁਰਮੁਖ ਸਿੰਘ ਵਹਿਮੀ ਅਤੇ ਹਜ਼ੂਰੀ ਸੇਵਕਾਂ ਸੰਤ ਹਰਪਾਲ ਸਿੰਘ, ਸੰਤ ਰਸ਼ਪਾਲ ਸਿੰਘ ਅਤੇ ਗੁਰਮੁਖ ਸਿੰਘ ਨੇ ਹਿੱਸਾ ਲਿਆ। ਅਖੀਰ ਸਤਿਗੁਰੂ ਜੀ ਦੀ ਕਿਰਪਾ ਨਾਲ 'ਲਾਲ ਏਹਿ ਰਤਨ' ਦੇ ਪਹਿਲੇ ਭਾਗ ਦਾ ਵਿਮੋਚਨ ਸ੍ਰੀ ਭੈਣੀ ਸਾਹਿਬ ਹੋਲੇ ਮਹੱਲੇ ਤੇ ੧੯ ਮਾਰਚ ੧੯੯੫ ਨੂੰ ਹੋ ਗਿਆ। 'ਲਾਲ ਏਹਿ ਰਤਨ' ਦੇ ਬਾਕੀ ਦੋ ਹਿੱਸਿਆਂ ਤੇ ਕੰਮ ਲਗਾਤਾਰ ਚੱਲ ਹੀ ਰਿਹਾ ਸੀ ਕਿ ਬੇਅੰਤ ਕੌਰ ਅੰਮ੍ਰਿਤਸਰ ਜਾ ਕੇ ਮਾਰਚ ੧੯੯੮ ਵਿੱਚ ਸਖ਼ਤ ਬਿਮਾਰ ਹੋ ਗਈ ਅਤੇ ੧੮ ਮਾਰਚ ੧੯੯੮ ਰਾਤ ਨੂੰ ਹਸਪਤਾਲ

Namdhari Elibrary NamdhariElibrary@gmail.com

ਦਾਖ਼ਲ ਕਰਨੀ ਪੈ ਗਈ। ਹਾਲਤ ਬਹੁਤ ਖਰਾਬ ਸੀ। ਡਾਕਟਰ ਨੇ ਮੈਨੂੰ ਦੱਸਿਆ ਕਿ ਇਹ ਹਾਰਟ ਅਟੈਕ ਨਹੀਂ ਹਾਰਟ ਫੇਲ ਸੀ। ਮੈਂ ਅਗਲੇ ਦਿਨ ਸਤਿਗੁਰੂ ਜੀ ਨਾਲ ਟੈਲੀਫੋਨ ਤੇ ਗੱਲ ਕੀਤੀ। ਸੱਚੇ ਪਾਤਸ਼ਾਹ ਜੀ ਉਸ ਦਿਨ ਹਿਸਾਰ ਦਰਸ਼ਨ ਦੇ ਰਹੇ ਸਨ। ਮੈਂ ਅਰਜ਼ ਕੀਤੀ ਕਿ ਬੇਅੰਤ ਕੌਰ ਬਹੁਤ ਸਖ਼ਤ ਬਿਮਾਰ ਹੈ, ਆਪ ਜੀ ਕਿਰਪਾ ਕਰੋ।

ਸੱਚੇ ਪਾਤਸ਼ਾਹ ਜੀ ਨੇ ਕਿਹਾ,"ਐਂਜੀਓਗ੍ਰਾਫੀ ਕਰਾਈ ਹੈ?"

ਮੈਂ ਅਰਜ਼ ਕੀਤੀ,"ਗਰੀਬ ਨਿਵਾਜ਼ ਕਿਸੇ ਡਾਕਟਰ ਨੇ ਕਿਹਾ ਹੀ ਨਹੀਂ।"

ਸਤਿਗੁਰੂ ਜੀ,"ਉਪਰੇਸ਼ਨ ਕਰਾਇਆ ਹੈ ਕਿ ਨਹੀਂ, ਕਰਾ ਲੈਣੈ।"

ਕੁਝ ਹੋਰ ਬਚਨ ਵੀ ਹੋਏ ਪਰ ਮੈਨੂੰ ਇਹ ਭਰੋਸਾ ਹੋ ਗਿਆ ਕਿ ਹੁਣ ਜੋ ਸੱਚੇ ਪਾਤਸ਼ਾਹ ਜੀ ਨੇ ਕਰਾਉਣ ਲਈ ਹੁਕਮ ਕੀਤਾ ਹੈ ਉਹ ਸਭ ਕੁਝ ਹੋਵੇਗਾ। ਪਰ ਹੋਵੇਗਾ ਤੇ ਤਾਂ ਹੀ ਨਾ ਜੇ ਇੱਥੋਂ ਠੀਕ ਠਾਕ ਦਿੱਲੀ ਪਹੁੰਚਾਂਗੇ। ਥੋੜੀ ਮਨ ਨੂੰ ਤਸੱਲੀ ਵੀ ਹੋ ਗਈ ਕਿ ਹੁਣ ਬਹੁਤਾ ਕੁਝ ਇੱਥੇ ਨਹੀਂ ਹੁੰਦਾ ਤੇ ਸੱਚੇ ਪਾਤਸ਼ਾਹ ਇੱਕ ਵਾਰ ਦਿੱਲੀ ਜ਼ਰੂਰ ਲੈ ਕੇ ਜਾਣਗੇ। ਸੋ ਬਾਰ੍ਹਾਂ ਤੇਰਾਂ ਦਿਨ ਹਸਪਤਾਲ ਰਹਿ ਕੇ ਅਸੀਂ ਦਿੱਲੀ ਆ ਗਏ। ਸਤਿਗੁਰੂ ਜਗਜੀਤ ਸਿੰਘ ਜੀ ਨੇ ਕਿਰਪਾ ਕਰਕੇ ਘਰ ਦਰਸ਼ਨ ਦਿੱਤੇ ਅਤੇ ਹੌਸਲਾ ਦਿੱਤਾ ਕਿ ਉਪਰੇਸ਼ਨ ਕਰਾ ਲੈਣਾ ਹੈ। ਉਹ ਬਚਨ ਸਤਿ ਹੋ ਗਿਆ ਅਤੇ ੨੭ ਅਪਰੈਲ ੧੯੯੮ ਨੂੰ ਬਾਈਪਾਸ ਉਪਰੇਸ਼ਨ ਹੋ ਗਿਆ। ਉਮੀਦ ਤਾਂ ਇਹ ਸੀ ਕਿ ਦਸਾਂ ਕੁ ਦਿਨਾਂ 'ਚ ਘਰ ਚਲੇ ਜਾਵਾਂਗੇ ਪਰ ਜ਼ਖ਼ਮਾਂ ਵਿੱਚ ਇਨਫੈਕਸ਼ਨ ਹੋਣ ਕਰਕੇ ਕੰਮ ਲੰਮਾ ਹੋ ਗਿਆ ਅਤੇ ਤਿੰਨ ਕੁ ਮਹੀਨੇ ਹਸਪਤਾਲ ਰਹਿਣਾ ਪੈ ਗਿਆ।

੯ ਮਾਰਚ ੧੯੯੯ ਹੋਲੇ ਮਹੱਲੇ ਦੇ ਅਵਸਰ ਤੇ ਸ੍ਰੀ ਜੀਵਨ ਨਗਰ 'ਲਾਲ ਏਹਿ ਰਤਨ' ਭਾਗ-੨ ਦਾ ਵਿਮੋਚਨ ਹੋਇਆ ਅਤੇ ਬਾਕੀ ਹਿੱਸਿਆ ਤੇ ਕੰਮ ਚਲਦਾ ਰਿਹਾ। ਸੰਨ ੨੦੦੦ ਵਿੱਚ ਮੈਂ ਤੇ ਬੇਅੰਤ ਕੌਰ ਸਤਿਗੁਰੂ ਜੀ ਦੇ ਦਰਸ਼ਨਾਂ ਲਈ ਦਿੱਲੀ ਕੋਠੀ ਗਏ ਅਤੇ ਅਰਜ਼ ਕੀਤੀ ਕਿ 'ਲਾਲ ਏਹਿ ਰਤਨ' ਦੇ ਪੰਜੇ ਭਾਗਾਂ ਤੇ ਕੰਮ ਤਕਰੀਬਨ ਪੂਰਾ ਹੋ ਗਿਆ ਹੈ। ਸਤਿਗੁਰੂ ਜੀ ਫਰਮਾਇਆ," ਤੈਨੂੰ ਇਸੇ ਕੰਮ ਲਈ ਮੋੜ ਕੇ ਲਿਆ ਕੇ ਰੱਖਿਆ ਹੈ।" ਹੁਣ ਸਾਨੂੰ ਸਮਝ ਆਈ ਕਿ ੧੯੯੮ ਦੇ ਕਸ਼ਟ ਤੋਂ ਕਿਸ ਤਰ੍ਹਾਂ ਬਚਾਅ ਹੋਇਆ ਹੈ। ਉਪਦੇਸ਼ਾਂ ਤੇ ਕੰਮ ਤੇ ਲਗਾਤਾਰ ਚਲਦਾ ਹੀ ਰਹਿੰਦਾ ਸੀ। ਟਾਈਪ ਹੋਣ ਤੋਂ ਬਾਅਦ ਆਪਣੇ ਵੱਲੋਂ ਪੂਰਾ ਕੰਮ ਹੋਣ ਤੇ ਇੱਕ ਵਾਰ ਫਿਰ ਸਤਿਗੁਰੂ ਜੀ ਦੇ ਹਜ਼ੂਰ ਬੈਠਕ ਹੁੰਦੀ ਸੀ ਜਿਸ ਵਿੱਚ ਸੋਧੇ ਹੋਏ ਉਪਦੇਸ਼ਾਂ ਨੂੰ ਛਪਣ ਵਾਲੇ ਸਰੂਪ ਵਿੱਚ ਫਿਰ ਪੜ੍ਹਿਆ ਅਤੇ ਵਾਚਿਆ ਜਾਂਦਾ ਸੀ। ਇਸ ਵਾਸਤੇ ਹਰ ਅੱਸੂ ਦੇ ਮੇਲੇ ਤੇ ੮-੧੦ ਦਿਨਾਂ ਦੀਆਂ ਬੈਠਕਾਂ ਹੁੰਦੀਆਂ ਸਨ। ਇਸਦੇ ਉਪਰੰਤ ਹੀ ਪੁਸਤਕ ਛਾਪੇਖਾਨੇ ਵਿੱਚ ਜਾਂਦੀ ਸੀ।

'ਲਾਲ ਏਹਿ ਰਤਨ' ਦੇ ਤੀਸਰੇ ਭਾਗ ਦਾ ਵਿਮੋਚਨ ੨੯-੩-੧੯੯੯ ਹੋਲੇ ਮਹੱਲੇ ਸਮੇ ਸ੍ਰੀ ਭੈਣੀ ਸਾਹਿਬ ਹੋਇਆ ਅਤੇ ਚੌਥੇ ਹਿੱਸੇ ਨੂੰ ਛਾਪਣ ਦੀ ਤਿਆਰੀ ਸ਼ੁਰੂ ਹੋ ਗਈ। ਪੰਜਵੇ ਹਿੱਸੇ ਦੀ ਵੀ ਪੜ੍ਹਾਈ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ੨੦੦੨ ਦੇ ਅੱਸੂ ਦੇ ਮੇਲੇ ਤੇ ਪੂਰੀ ਹੋ ਗਈ ਸੀ। ਪੜ੍ਹਾਈ ਦਾ ਇਹ ਕੰਮ ਸ੍ਰੀ ਭੈਣੀ ਸਾਹਿਬ ਵਿਖੇ ਸੰਗੀਤ ਹਾਲ ਵਿੱਚ ਚੱਲ ਰਿਹਾ ਸੀ। ਬੇਅੰਤ ਕੌਰ ਨੇ ਅਰਜ਼ ਕੀਤੀ ਕਿ ਉਹ ਸਤਿਗੁਰੂ ਜੀ ਦੇ ਚਰਨਾਂ ਤੇ ਨਮਸਕਾਰ ਕਰਨਾ ਚਾਹੁੰਦੀ ਹੈ, ਪਰ ਧਰਤੀ ਤੇ ਝੁਕਣਾ ਔਖਾ ਹੈ। ਸੱਚੇ ਪਾਤਸ਼ਾਹ ਜੀ ਨੇ ਝਟ ਆਪਣਾ ਚਰਨ

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ ਤੇ ਅਮੁਲੀਕ ਹਨ ਹੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਿਅਕਤੀਗਤ ਪ੍ਰੀਸ਼ਰਮ ਨੇ ਅਤੇ ਆਪਣੇ ਸੇਵਕਾਂ ਤੇ ਕਿਰਪਾ ਨੇ ਇਹਨਾਂ ਨੂੰ ਹੋਰ ਵੀ ਅਮੁਲੀਕ ਬਣਾ ਦਿੱਤਾ ਹੈ। ਐਸੀ ਅਮੋਲਕ ਵਸਤੂ ਦੀ ਕਦਰ ਕਰਨਾ ਹਰ ਇੱਕ ਸਿੱਖ ਦਾ ਧਰਮ ਬਣ ਜਾਂਦਾ ਹੈ। ਇਸ ਦਾ ਦੇਣ ਤੇ ਨਹੀਂ ਦਿੱਤਾ ਜਾ ਸਕਦਾ ਪਰ ਜੇਕਰ ਅਸੀਂ ਇਹਨਾਂ ਪੁਸਤਕਾਂ ਨੂੰ ਆਪਣੇ ਘਰਾਂ ਵਿੱਚ ਸਤਿਕਾਰ ਯੋਗ ਥਾਂ ਦੇ ਕੇ ਇਹਨਾਂ ਦਾ ਪਾਠ ਨਿਤ ਕਰਮ ਅਨੁਸਾਰ ਕਰੀਏ ਤਾਂ ਸਾਡੀਆਂ ਅਨੇਕਾਂ ਹੀ ਔਕੜਾਂ ਅਤੇ ਸਮੱਸਿਆਵਾਂ ਹੱਲ ਜ਼ਰੂਰ ਹੋ ਜਾਣਗੀਆਂ ਅਤੇ ਸਾਨੂੰ ਜੀਵਨ ਸਫ਼ਲ ਕਰਨ ਦੀ ਜਾਚ ਆ ਜਾਵੇਗੀ।

Namdhari Elibrary NamdhariElibrary@gmail.com

ਉੱਚਾ ਕਰ ਦਿੱਤਾ। ਇਹ ਬੇਅੰਤ ਕੌਰ ਦੀ ਆਖਰੀ ਨਮਸਕਾਰ ਸੀ।

ਅਸੀਂ ਚੌਥੇ ਹਿੱਸੇ ਦੀ ਛਪਾਈ ਅਤੇ ਪੰਜਵੇਂ ਹਿੱਸੇ ਦੀ ਤਿਆਰੀ ਵਿੱਚ ਰੁੱਝੇ ਹੋਏ ਸਾਂ ਕਿ ਬੇਅੰਤ ਕੌਰ ਇੱਕ ਦਮ ਹੀ ਬਿਮਾਰ ਹੋ ਗਈ ਅਤੇ ੨੯-੧੨-੨੦੦੨ ਨੂੰ ਹਸਪਤਾਲ ਦਾਖਲ ਕਰਨੀ ਪੈ ਗਈ। ਸੱਚ ਤੇ ਇਹੋ ਹੀ ਹੈ ਕਿ ਹਸਪਤਾਲ ਪਹੁੰਚਣ ਤੋਂ ਪਹਿਲਾਂ ਹੀ ਉਹ ਚੜ੍ਹਾਈ ਕਰ ਗਈ ਸੀ। ਸਤਿਗੁਰਾਂ ਦੀ ਰਜ਼ਾ ਕੁਝ ਐਸੀ ਹੀ ਸੀ ਕਿ ਡਾਕਟਰਾਂ ਨੇ ਉਸ ਦੇ ਹਾਰਟ ਨੂੰ ਦੁਬਾਰਾ ਚਾਲੂ ਤੇ ਕਰ ਲਿਆ ਪਰ ਉਹ ਆਪ ਕੋਮਾ ਵਿੱਚ ਚਲੀ ਗਈ। ਮੈਂ ਸ਼ਾਮੀ ੫ ਕੁ ਵਜੇ ਸਤਿਗੁਰੂ ਜੀ ਨੂੰ ਟੈਲੀਫੋਨ ਤੇ ਸਾਰੀ ਗੱਲ ਦੱਸੀ। ਉਸੇ ਦਿਨ ਸੱਚੇ ਪਾਤਸ਼ਾਹ ਜੀ ਦਾ ਰਾਤੀ ਕੋਈ ਨੌਂ ਕੁ ਵਜੇ ਟੈਲੀਫੋਨ ਆਇਆ, ਹੁਕਮ ਕੀਤਾ,"ਆਪਾਂ ਸਤਿਗੁਰੂ ਦੀ ਰਜ਼ਾ 'ਚ ਰਾਜੀ ਰਹਿਣਾ ਹੈ।"

ਮੈਂ ਅਰਜ਼ ਕੀਤੀ,"ਜੀ ਰਜ਼ਾ ਵੀ ਆਪ ਜੀ ਦੀ ਹੈ ਅਤੇ ਮਨਾਉਣਾ ਭੀ ਆਪ ਜੀ ਨੇ ਹੀ ਹੈ, ਕਿਰਪਾ ਕਰੋ।"

ਅਖੀਰ ੧੫ ਅਪ੍ਰੈਲ ੨੦੦੩ ਨੂੰ ਚੜ੍ਹਾਈ ਕਰ ਗਈ। ਚੜ੍ਹਾਈ ਕਰਨ ਤੋਂ ਦਸ ਦਿਨ ਪਹਿਲਾਂ ਮੈਂ ਤੇ ਮੇਰਾ ਛੋਟਾ ਲੜਕਾ ਤੇਜਵੀਰ ਸਿੰਘ ਸਤਿਗੁਰੂ ਜੀ ਦੇ ਦਰਸ਼ਨਾਂ ਨੂੰ ਸ੍ਰੀ ਭੈਣੀ ਸਾਹਿਬ ਗਏ। ਅਸੀਂ ਸੱਚੇ ਪਾਤਸ਼ਾਹ ਜੀ ਦੀ ਕੋਠੀ ਵਿੱਚ ਬਾਹਰ ਬਰਾਂਡੇ 'ਚ ਬੈਠੇ ਸਾਂ। ਸੱਚੇ ਪਾਤਸ਼ਾਹ ਜੀ ਆ ਕੇ ਕੁਰਸੀ ਤੇ ਬਿਰਾਜਮਾਨ ਹੋ ਗਏ ਅਤੇ ਆਉਂਦਿਆਂ ਹੀ ਫਰਮਾਇਆ,"ਬੀਬੀ ਨੇ ਹਫਤੇ ਦਸ ਦਿਨਾਂ ਤਕ ਚੜ੍ਹਾਈ ਕਰ ਜਾਣਾ ਹੈ।"

ਮੈਂ ਅਰਜ਼ ਕੀਤੀ,"ਸੱਚੇ ਪਾਤਸ਼ਾਹ ਉਹ ਇੱਥੇ ਵੀ ਆਪ ਜੀ ਦੇ ਚਰਨਾਂ ਵਿੱਚ ਹੈ ਅਤੇ ਓਥੇ ਵੀ, ਉਸਦਾ ਭਲਾ ਬੁਰਾ ਆਪ ਤੋਂ ਬਗ਼ੈਰ ਹੋਰ ਕੌਣ ਜਾਣ ਸਕਦਾ ਹੈ। ਆਹ 'ਲਾਲ ਏਹਿ ਰਤਨ' ਦਾ ਚੌਥਾ ਭਾਗ ਹੋਲੇ ਤੇ ਮੱਥਾ ਨਹੀਂ ਟੇਕ ਸਕਿਆ ਅਤੇ ਵਿਸਾਖੀ ਪਤਾ ਨਹੀਂ ਆਪ ਜੀ ਨੇ ਵਖਾਉਣੀ ਹੈ ਕਿ ਨਹੀਂ। ਸੋ ਮੈਥੋਂ ਹੁਣੇ ਹੀ ਮੱਥਾ ਟਿਕਵਾ ਲਵੋ।"

ਇਹ ਅਰਜ਼ ਕਰਕੇ ਮੈਂ 'ਲਾਲ ਏਹਿ ਰਤਨ' ਦਾ ਚੌਥਾ ਭਾਗ ਸਤਿਗੁਰੂ ਜੀ ਨੂੰ ਮੱਥਾ ਟੇਕ ਦਿੱਤਾ। ਸੱਚੇ ਪਾਤਸ਼ਾਹ ਜੀ ਉੱਥੋਂ ਉਠ ਕੇ ਅੰਦਰ ਗਏ ਤਾਂ ਮਾਤਾ ਜੀ ਨਾਲ ਬਚਨ ਕੀਤਾ ਕਿ ਬੀਬੀ ਬੇਅੰਤ ਕੌਰ ਬਹੁਤ ਬੀਮਾਰ ਹੈ, ਉਸਨੇ ਦਸਾਂ ਦਿਨਾਂ ਨੂੰ ਚੜ੍ਹਾਈ ਕਰ ਜਾਣਾ ਹੈ। ਸੇਵਕ ਹਰਪਾਲ ਸਿੰਘ ਇਸ ਵਾਰਤਾਲਾਪ ਦੇ ਵਕਤ ਉੱਥੇ ਹਾਜ਼ਰ ਸਨ। ਉਹਨਾਂ ਨੇ ਮੈਨੂੰ ਦੱਸਿਆ ਤਾਂ ਮੈਨੂੰ ਭਰੋਸਾ ਹੋ ਗਿਆ ਕਿ ਹੁਣ ਬਸ ਦਸ ਦਿਨਾਂ ਦੀ ਹੀ ਖੇਡ ਹੈ। ਠੀਕ ਉਸ ਤੋਂ ਦਸਵੇ ਦਿਨ ਹੀ ਚੜ੍ਹਾਈ ਕੀਤੀ।

ਸਤਿਗੁਰੂ ਸਿੱਖ ਦੀ ਹਰ ਪ੍ਰਕਾਰ ਨਾਲ ਸੰਭਾਲ ਕਰਦੇ ਹਨ, ਹਰ ਔਖੇ ਸੌਖੇ ਸਮੇਂ ਵਿੱਚ ਉਸਨੂੰ ਸੇਧ ਪ੍ਰਦਾਨ ਕਰਦੇ ਹਨ। ਸਤਿਗੁਰੂ ਸਰਬ ਕਲਾ ਸਮਰੱਥ ਹੈ, ਜੀਵ ਦੀ ਜ਼ਿੰਦਗੀ ਅਤੇ ਮੌਤ ਵੀ ਉਹਨਾਂ ਦੇ ਹੱਥ ਵਿੱਚ ਹੀ ਹੈ। ਇਸ ਤਰ੍ਹਾਂ 'ਲਾਲ ਏਹਿ ਰਤਨ' ਦਾ ਚੌਥਾ ਭਾਗ ੧੪-੪-੨੦੦੩ ਵਿਸਾਖੀ ਵਾਲੇ ਦਿਨ ਮੇਰੇ ਛੋਟੇ ਭਰਾ ਡਾ: ਰਾਜਿੰਦਰ ਸਿੰਘ ਨੇ ਸਤਿਗੁਰੂ ਜੀ ਨੂੰ ਮੱਥਾ ਟੇਕਿਆ। ਸਤਿਗੁਰੂ ਜੀ ਨੇ ਇਸ ਦਾ ਵਿਮੋਚਨ ਕੀਤਾ।

ਹੁਣ ਪੰਜਵੇਂ ਹਿੱਸੇ ਦਾ ਕੰਮ ਮੈਨੂੰ ਇਕੱਲੇ ਨੂੰ ਹੀ ਕਰਨਾ ਪਿਆ। ਮੈਨੂੰ ਸ਼ੱਕ ਪੈਂਦਾ ਸੀ ਕਿ ਕੁਝ ਉਪਦੇਸ਼ ਐਸੇ ਹਨ ਜੋ ਸਾਨੂੰ ਹਾਲੀ ਤਕ ਨਹੀਂ ਮਿਲੇ। ਏਨੇ ਚਿਰ ਨੂੰ ਉਸਤਾਦ ਹਰਭਜਨ ਸਿੰਘ ਇੱਕ ਟੇਪ ਇੰਗਲੈਂਡ ਤੋਂ ਲੈ ਕੇ ਆਏ। ਉਸ ਵਿੱਚ ਮੈਨੂੰ ਇੱਕ ਨਵਾਂ ਉਪਦੇਸ਼ ਮਿਲ ਗਿਆ ਜਿਸਨੇ ਮੇਰੇ ਸ਼ੱਕ ਨੂੰ ਹੋਰ ਪੱਕਿਆਂ ਕਰ ਦਿੱਤਾ। ਮੈਂ ਇੰਗਲੈਂਡ ਬੀਬੀ ਕੁਲਵੰਤ ਕੌਰ ਨੂੰ ਟੈਲੀਫੋਨ ਕੀਤਾ ਕਿ ਇੰਗਲੈਂਡ ਵਾਲਿਆਂ ਨੇ ਜਿਹੜੀਆਂ ਉਪਦੇਸ਼ਾਂ ਦੀਆਂ ਸੀ. ਡੀ. ਬਣਾਈਆਂ ਹਨ ਉਹ ਮੈਨੂੰ ਭੇਜੇ। ਉਸਨੇ ਸੰਤ ਕਿਰਪਾਲ ਸਿੰਘ ਚਾਨਾ ਕੋਲੋਂ ੩੦ ਸੀ. ਡੀਆਂ ਮੈਨੂੰ ਭਿਜਵਾਈਆਂ। ਉਹਨਾਂ ਵਿੱਚ ਬਹੁਤ ਸਾਰੇ ਨਵੇਂ ਉਪਦੇਸ਼ ਮਿਲੇ। ਇਹਨਾਂ ਤੇ ਫਿਰ ਉਹ ਸਾਰਾ ਕੰਮ ਕਰਨਾ ਪਿਆ ਜਿਹਾ ਕਿ-ਪਹਿਲਾਂ ਸੁਣ ਕੇ ਲਿਖਣਾ ਅਤੇ ਫਿਰ ਟਾਈਪ ਕਰਨਾ, ਵਿਰਾਮ ਚਿੰਨ ਲਗਾਉਣੇ, ਟਿੱਪਣੀਆਂ ਲਗਾਉਣੀਆਂ ਆਦਿ। ਖ਼ੈਰ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀ ਬਖ਼ਸ਼ਿਸ਼ ਦੁਆਰਾ ਇਹ ਕੰਮ ਹੁਣ ਸੰਪੂਰਨ ਹੋ ਗਿਆ ਹੈ ਅਤੇ 'ਲਾਲ ਏਹਿ ਰਤਨ' ਦੇ ਪੰਜਵੇਂ ਅਤੇ ਆਖਰੀ ਭਾਗ ਦਾ ਵਿਮੋਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਵਿਸਾਖੀ ਦੇ ਮੇਲੇ ਤੇ ੧੩ ਅਪਰੈਲ ੨੦੦੫ ਨੂੰ ਕਰ ਦਿੱਤਾ ਹੈ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਇਹਨਾਂ ਉਪਦੇਸ਼ਾਂ ਦਾ

Namdhari Elibrary NamdhariElibrary@gmail.com

ਕੰਮ ਜੋ ਸਤਿਗੁਰੂ ਜਗਜੀਤ ਸਿੰਘ ਜੀ ਨੇ ਸੰਨ ੧੯੭੫ ਵਿੱਚ ਸ਼ੁਰੂ ਕੀਤਾ ਸੀ ਆਖੀਰ ਉਹਨਾਂ ਦੀ ਬਖ਼ਸ਼ਿਸ਼ ਨਾਲ ੩੦ ਸਾਲ ਬਾਅਦ ੨੦੦੫ ਵਿੱਚ ਪੂਰਾ ਹੋ ਗਿਆ ਹੈ। ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਦਾ ਸੰਗ੍ਰਹਿ ਕਰਕੇ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੇ ਰੂਪ ਵਿੱਚ ਗੁਰਬਾਣੀ ਨੂੰ ਸੁਰੱਖਿਅਤ ਕਰ ਦਿੱਤਾ ਜਿਸ ਕਰਕੇ ਉਹ ਅੱਜ ਵੀ ਸਾਧ ਸੰਗਤ ਕੋਲ ਮੂਲ ਰੂਪ ਵਿੱਚ ਪ੍ਰਾਪਤ ਹੈ। ਇਹ ਇੱਕ ਬਹੁਤ ਹੀ ਮਹਾਨ ਕਾਰਜ ਸੀ। ਇਸੇ ਤਰ੍ਹਾਂ ਸਤਿਗੁਰੂ ਜਗਜੀਤ ਸਿੰਘ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਰਸਨਾ ਤੋਂ ਉਚਾਰੇ ਹੋਏ ਉਪਦੇਸ਼ਾਂ ਦਾ ਸੰਗ੍ਰਹਿ 'ਲਾਲ ਏਹਿ ਰਤਨ' ਪੁਸਤਕਾਂ ਦੇ ਰੂਪ ਵਿੱਚ ਸੁਰੱਖਿਅਤ ਕਰ ਦਿੱਤਾ ਹੈ, ਜੋ ਆਉਣ ਵਾਲੀ ਪੀੜ੍ਹੀ ਲਈ ਇੱਕ ਵਡਮੁੱਲਾ ਖ਼ਜਾਨਾ ਅਤੇ ਚਾਨਣ ਮੁਨਾਰਾ ਬਣ ਕੇ ਉਹਨਾਂ ਨੂੰ ਸੱਚਾ ਸੁੱਚਾ ਗੁਰਸਿੱਖੀ ਜੀਵਨ ਜਿਊਣ ਦਾ ਪੱਥ ਪ੍ਰਦਰਸ਼ਨ ਕਰਦੇ ਰਹਿਣਗੇ। ਜਿੱਥੇ ਇਹ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ਾਂ ਨੂੰ ਸਦੀਵ ਕਾਲ ਵਾਸਤੇ ਅਮਰਤਾ ਪ੍ਰਦਾਨ ਹੋਈ ਹੈ ਉੱਥੇ ਇਹ ਉਹਨਾਂ ਵਾਸਤੇ ਇੱਕ ਸੱਚੀ ਸ਼ਰਧਾਂਜਲੀ ਵੀ ਹੈ।

ਕਿਸੇ ਵੀ ਸਿੱਖ ਵਾਸਤੇ ਸਤਿਗੁਰੂ ਤੋਂ ਵੱਡਾ ਉਸਦਾ ਕੋਈ ਹੋਰ ਹਿਤੈਸ਼ੀ ਨਹੀਂ ਹੋ ਸਕਦਾ। ਸਤਿਗੁਰੂ ਹੀ ਸਿੱਖ ਦੇ ਹਲਤ ਪਲਤ ਦਾ ਰਾਖਾ ਹੁੰਦਾ ਹੈ, ਉਸਦੇ ਜੀਵਨ ਨੂੰ ਸਾਰਥਕ ਬਣਾਉਂਦਾ ਹੈ ਅਤੇ ਉਹ ਵੀ ਬਿਨਾਂ ਕਿਸੇ ਅਹਿਸਾਨ ਤੋਂ। ਇਸੇ ਤਰ੍ਹਾਂ ਸਤਿਗੁਰੂ ਜਗਜੀਤ ਸਿੰਘ ਜੀ ਨੇ ਲਾਲ ਏਹਿ ਰਤਨ ਪੁਸਤਕਾਂ ਦਾ ਕੰਮ ਦੇ ਕੇ ਸਾਡੇ ਜੀਵਨ ਨੂੰ ਹੀ ਪਲਟ ਦਿੱਤਾ ਹੈ। ਇਸ ਦੌਰਾਨ ਸਾਨੂੰ ਸਤਿਗੁਰ ਪ੍ਰਤਾਪ ਸਿੰਘ ਜੀ ਦੇ ਉਪਦੇਸ਼ਾਂ ਦਾ ਬਹੁਤ ਗਹਿਰਾਈ ਅਤੇ ਬਾਰੀਕੀ ਨਾਲ ਅਧਿਐਨ ਕਰਨ ਦਾ ਮੌਕਾ ਮਿਲਿਆ, ਬਹੁਤ ਸਾਰੇ ਗਰੰਥਾਂ ਨੂੰ ਵਾਚਣ ਦਾ ਮੌਕਾ ਮਿਲਿਆ ਜੋ ਕਿ ਬਹੁਤ ਗਿਆਨ ਵਰਧਕ ਸਨ। ਜਿਤਨਾ ਚਿਰ ਅਸੀਂ ਸਤਿਗੁਰਾਂ ਦੇ ਉਪਦੇਸ਼ਾਂ ਦਾ ਕੰਮ ਕਰਦੇ ਰਹੇ ਉਹ ਸਾਰਾ ਸਮਾਂ ਸਤਿਗੁਰੂ ਜੀ ਦੇ ਚਰਨਾਂ ਨਾਲ ਜੁੜੇ ਰਹੇ। ਇਸ ਤਰ੍ਹਾਂ ਸਮਾਂ ਵੀ ਸਫ਼ਲ ਹੋ ਗਿਆ। ਸਾਡੇ ਵਿੱਚ ਏਨੀ ਸਮਰਥਾ ਨਹੀਂ ਸੀ ਕਿ ਅਸੀਂ ਏਨਾ ਵੱਡਾ ਕੰਮ ਨੇਪਰੇ ਚਾੜ੍ਹ ਸਕਾਂਗੇ, ਪਰ ਸਤਿਗੁਰ ਜੀ ਜਿਸਤੇ ਵੀ ਬਖ਼ਸ਼ਿਸ਼ ਕਰਨ ਉਸ ਕੋਲੋਂ ਕੁਝ ਵੀ ਕਰਵਾ ਸਕਦੇ ਹਨ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ਾਂ ਦੀਆਂ ਪੁਸਤਕਾਂ ਦੇ ਪੰਜ ਭਾਗਾਂ ਦਾ ਅਨੰਦ ਪਾਠਕ ਮਾਣ ਚੁੱਕੇ ਹਨ। ਪਹਿਲੇ ਅਤੇ ਬਾਕੀ ਦੇ ਚਾਰ ਭਾਗਾਂ ਦੀ ਦਿੱਖ ਵਿੱਚ ਅੰਤਰ ਹੈ। ਇਹ ਸਿਰਫ਼ ਇਸ ਕਰਕੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਸਦਕਾ ਅਸੀਂ ਏਨੇ ਇਸ ਕਾਰਜ ਵਿੱਚ ਖੁਭੇ ਹੋਏ ਸਾਂ ਕਿ ਹਰ ਸਮੇਂ ਉਠਦੇ-ਬੈਠਦੇ, ਸੌਂਦੇ-ਜਾਗਦੇ 'ਲਾਲ ਏਹਿ ਰਤਨ' ਸਾਡੇ ਮਨਾਂ ਉੱਤੇ ਛਾਈ ਰਹਿੰਦੀ ਸੀ। ਇਸ ਨੂੰ ਹੋਰ ਸੁੰਦਰ ਅਤੇ ਆਕਰਸ਼ਕ ਬਣਾਉਣ ਦੀਆਂ ਵਿਉਂਤਾਂ ਸਾਡੇ ਅੰਤਹਕਰਣ ਵਿੱਚ ਛਾਈਆਂ ਰਹਿੰਦੀਆਂ ਸਨ। ਸਾਨੂੰ ਇਉਂ ਭਾਸਦਾ ਸੀ ਜਿਵੇਂ ਸਤਿਗੁਰੂ ਜਗਜੀਤ ਸਿੰਘ ਜੀ ਸਾਡੇ ਅੰਗ ਸੰਗ ਹਨ। ਕਈ ਵਾਰ ਐਸੀਆਂ ਉਲਝਨਾਂ ਵੀ ਪੈਂਦੀਆਂ ਸਨ ਜਿਹਨਾਂ ਦਾ ਸਮਾਧਾਨ ਬੜਾ ਔਖਾ ਹੁੰਦਾ ਸੀ। ਕੋਈ ਸਮਝ ਨਹੀਂ ਸੀ ਪੈਂਦੀ ਕਿ ਕੀ ਕਰੀਏ। ਸਤਿਗੁਰ ਜੀ ਆਪੇ ਹੀ ਕਿਰਪਾ ਕਰਕੇ ਇਹਨਾਂ ਗੁੰਝਲਾਂ ਨੂੰ ਸੁਲਝਾਉਂਦੇ ਸਨ, ਭਾਵੇਂ ਸੁੱਤਿਆਂ ਪਿਆਂ ਹੀ ਜਣਾਉਂਦੇ। ਸਤਿਗੁਰੂ ਜਗਜੀਤ ਸਿੰਘ ਜੀ ਦੀ ਅਪਾਰ ਬਖ਼ਸ਼ਿਸ਼ ਸਦਕਾ ਹੀ ਇਹ ਕਾਰਜ ਸੰਪੂਰਨ ਹੋ ਸਕਿਆ ਹੈ। ਪਹਿਲੇ ਭਾਗ ਨੂੰ ਦੁਬਾਰਾ ਪ੍ਰਕਾਸ਼ਨ ਕਰਨ ਦਾ ਕੰਮ ਵੀ ਹੁਣ ਆਖਰੀ ਪੜਾਅ ਤੇ ਹੈ। ਇਸਦੀ ਬਾਹਰੀ ਦਿੱਖ ਵੀ ਹੁਣ ਬਾਕੀ ਦੇ ਚਾਰ ਭਾਗਾਂ ਜਿਹੀ ਹੀ ਹੋਵੇਗੀ, ਪਾਠਕ ਇਸਦਾ ਅਨੰਦ ਵੀ ੨੦੦੯ ਦੇ ਹੋਲੇ ਸਮੇਂ ਮਾਣ ਸਕਣਗੇ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ ਤੇ ਅਮੁਲੀਕ ਹਨ ਹੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਿਅਕਤੀਗਤ ਪ੍ਰੀਸ਼ਰਮ ਨੇ ਅਤੇ ਆਪਣੇ ਸੇਵਕਾਂ ਤੇ ਕਿਰਪਾ ਨੇ ਇਹਨਾਂ ਨੂੰ ਹੋਰ ਵੀ ਅਮੁਲੀਕ ਬਣਾ ਦਿੱਤਾ ਹੈ। ਐਸੀ ਅਮੋਲਕ ਵਸਤੂ ਦੀ ਕਦਰ ਕਰਨਾ ਹਰ ਇੱਕ ਸਿੱਖ ਦਾ ਧਰਮ ਬਣ ਜਾਂਦਾ ਹੈ। ਇਸ ਦਾ ਦੇਣ ਤੇ ਨਹੀਂ ਦਿੱਤਾ ਜਾ ਸਕਦਾ ਪਰ ਜੇਕਰ ਅਸੀਂ ਇਹਨਾਂ ਪੁਸਤਕਾਂ ਨੂੰ ਆਪਣੇ ਘਰਾਂ ਵਿੱਚ ਸਤਿਕਾਰ ਯੋਗ ਥਾਂ ਦੇ ਕੇ ਇਹਨਾਂ ਦਾ ਪਾਠ ਨਿਤ ਕਰਮ ਅਨੁਸਾਰ ਕਰੀਏ ਤਾਂ ਸਾਡੀਆਂ ਅਨੇਕਾਂ ਹੀ ਔਕੜਾਂ ਅਤੇ ਸਮੱਸਿਆਵਾਂ ਹੱਲ ਜ਼ਰੂਰ ਹੋ ਜਾਣਗੀਆਂ ਅਤੇ ਸਾਨੂੰ ਜੀਵਨ ਸਫ਼ਲ ਕਰਨ ਦੀ ਜਾਚ ਆ ਜਾਵੇਗੀ। ■

Namdhari Elibrary NamdhariElibrary@gmail.com

ਮਿੱਠੀਆਂ ਯਾਦਾਂ ਦੀ ਪਟਾਰੀ ਵਿਚੋਂ

ਦੱਬੋ ਕੰਮ ਨੂੰ

✍ ਮਾਸਟਰ ਅਮਰੀਕ ਸਿੰਘ

ਰਾਹ ਵਿਚ ਮੈਂ ਪੁੱਛਿਆ, "ਇਹ ਰੋਗ ਤੁਹਾਨੂੰ ਕਿਵੇਂ ਲਗਾ ਬੇਅੰਤ ਜੀਓ!"

"ਇਹ ਵੀ ਸਾਧ ਸੰਗਤ ਦੀ ਸੇਵਾ ਕਰਦਿਆਂ ਹੀ ਚਰਨੀਂ ਆ ਲਗੀ ਏ। ਰਾਤ ਦਿਨ ਦਾ ਸਫਰ ਵੇਲੇ ਕੁਵੇਲੇ ਲੰਗਰ ਛਕਣਾ। ਏਥੋਂ ਤਕ ਕਿ ਸਰੀਰਕ ਜ਼ਰੂਰੀ ਹਾਜਤਾਂ ਵੀ ਵਕਤ-ਬੇ-ਵਕਤ ਪੂਰੀਆਂ ਨਾ ਕਰ ਸਕਣੀਆਂ। ਇਹ ਸਭ ਵਾਧੂ ਖੇਚਲ ਦਾ ਨਤੀਜਾ ਏ, ਪਰ ਮੈਂ ਤਹੱਈਆ ਕਰ ਰੱਖਿਆ ਏ, ਕਿ ਮੈਨੂੰ ਜੋ ਕੁਝ ਹੁੰਦਾ ਏ ਪਿਆ, ਹੋਵੇ ਸੰਗਤ ਨੂੰ ਕੋਈ ਤਕਲੀਫ਼ ਨਾ ਆਵੇ।" ਬੇਅੰਤ ਜੀ ਨੇ ਭਰਵੀਂ ਆਵਾਜ਼ ਵਿਚ ਆਖਿਆ।

ਗੱਲ 1954-55 ਦੀ ਹੋਵੇਗੀ, ਮੈਨੂੰ ਸ੍ਰੀ ਜੀਵਨ ਨਗਰ ਟਰੈਕਟਰ ਤੇ ਲਗਿਆਂ ਨੂੰ ਅਜੇ ਕੁਝ ਦਿਨ ਹੀ ਹੋਏ ਸਨ, ਹਾੜ੍ਹੀ ਦੀ ਫਸਲ ਸੰਭਾਲਣੀ ਸੀ ਤੇ ਸਉਣੀ ਲਈ ਖੇਤ ਤਿਆਰ ਕਰਨੇ ਸਨ। ਸੋ ਕੰਮ 'ਕਰੀਬਨ ਰਾਤ ਦਿਨ ਹੀ ਚਲਦਾ ਰਹਿੰਦਾ ਸੀ। ਸੱਤਰ ਹਾਰਸ ਪਾਵਰ ਟਰੈਕਟਰ ਤੇ ਇਕੋ ਸਿਲੰਡਰ ਸੀ। ਇਸ ਦੀ ਆਵਾਜ਼ ਇਤਨੀ ਸੀ ਕਿ ਸ੍ਰੀ ਜੀਵਨ ਨਗਰ ਵਾਸੀ ਕੀਹ ਲਾਗੇ ਚਾਗੇ ਦੇ ਵਸਣ ਵਾਲੇ ਵੀ ਚੰਗੀ ਤਰ੍ਹਾਂ ਸੌਂ ਨਹੀਂ ਸਨ ਸਕਦੇ। ਇਕ ਦਿਨ ਸਵੇਰੇ ਮੈਂ ਟਰੈਕਟਰ ਤੇ ਲਾਂਗੇ ਦਾ ਫੇਰਾ ਲੈ ਕੇ ਆਇਆ ਤਾਂ ਅੱਗੇ ਕੋਠੀ ਦੇ ਸਾਹਮਣੇ ਵੱਡੇ ਬਾਬਾ ਜੀ (ਹੁਣ ਵਾਲੇ ਸਤਿਗੁਰੂ ਜਗਜੀਤ ਸਿੰਘ ਜੀ ਇਹਨਾਂ ਨੂੰ ਉਦੋਂ ਵਡੇ ਬਾਬਾ ਜੀ ਜਾਂ ਬੇਅੰਤ ਜੀ ਕਹਿ ਕੇ ਸੰਬੋਧਨ ਕੀਤਾ ਜਾਂਦਾ ਸੀ) ਖੜ੍ਹੇ ਸਨ ਆਪਣੇ ਨਿਜੀ ਸੇਵਕ ਸੰਤ ਗੁਲਜ਼ਾਰ ਸਿੰਘ ਨਾਲ। ਮੈਂ ਜਦੋਂ ਦਾ ਸ੍ਰੀ ਜੀਵਨ ਨਗਰ ਆਇਆ ਸਾਂ ਇਹਨਾਂ ਦੇ ਦਰਸ਼ਨ ਨਹੀਂ ਸਨ ਕਰ ਸਕਿਆ ਕਿਉਂਕਿ ਇਹ ਤਾਂ ਓਦੋਂ ਆਮ ਤੌਰ ਤੇ ਬਾਹਰ ਹੀ ਰਹਿੰਦੇ ਸੀ। ਇਹਨਾਂ ਪਿੰਡਾਂ ਵਿਚ ਆਏ ਨਾਮਧਾਰੀ ਪਰਵਾਰਾਂ ਦੀ ਜ਼ਮੀਨ ਅਲਾਟ ਕਰਵਾਣ ਲਈ ਜਲੰਧਰ ਦਾ ਕੌਡੀ ਫੇਰਾ ਲੱਗਾ ਰਹਿੰਦਾ। ਸ. ਅਵਤਾਰ ਸਿੰਘ ਝੱਬਰ, ਸ. ਕਰਮ ਸਿੰਘ ਪਟਵਾਰੀ, ਸ. ਸਰਦੂਲ ਸਿੰਘ ਨਾਲ ਹੁੰਦੇ ਸਨ।

ਮੈਂ ਟਰੈਕਟਰ ਤੋਂ ਉਤਰ ਕੇ ਨਮਸਕਾਰ ਕੀਤੀ, ਪਹਿਲਾ ਦਰਸ਼ਨ ਕਰਦਿਆਂ ਹੀ ਇਕ ਝੁਣਝੁਣੀ ਜਿਹੀ ਆਈ ਸਰੀਰ ਵਿਚ। ਕਈ ਦਿਨਾਂ ਦਾ ਥਕੇਵਾਂ ਲਹਿ ਗਿਆ। ਹੁਕਮ ਹੋਇਆ :

"ਕਦੀ ਆਰਾਮ ਵੀ ਕਰ ਲਿਆ ਕਰੋ, ਮੈਂ ਜਦੋਂ ਵੀ ਰਾਤ ਬਰਾਤੇ ਆਉਂਦਾ ਹਾਂ ਟਰੈਟਕਰ ਚਲਦਾ ਹੀ ਹੁੰਦਾ ਏ, ਤੁਸਾਂ ਤਾਂ ਨਹੀਂ ਸੌਣਾ, ਲੋਕਾਂ ਨੂੰ ਤਾਂ ਸੌਂ ਲੈਣ ਦਿਆ ਕਰੋ।" ਵੱਡੇ ਬਾਬਾ ਜੀ ਨੇ ਹਸਦਿਆਂ ਮਜ਼ਾਕ ਨਾਲ ਕਿਹਾ।

"ਜੀ ਸਤਿਗੁਰੂ ਜੀ ਦਾ (ਵਡ ਪ੍ਰਤਾਪੀ ਜੀ ਦਾ) ਹੁਕਮ ਸੀ ਕਿ ਰਾਤੋ ਰਾਤ ਸਾਰੀ ਫਸਲ ਦਾ ਲਾਣ ਏਥੇ ਆ ਜਾਣਾ ਚਾਹੀਦਾ ਏ ਤਾਂਕਿ ਕੱਲ੍ਹ ਨੂੰ ਸਾਰੇ ਖੇਤ ਵਾਹੇ ਜਾ ਸਕਣ।

"ਜੇ ਹੁਕਮ ਨਾਲ ਹੋ ਰਿਹਾ ਏ ਤਾਂ ਠੀਕ ਏ ਦੱਬੋ ਕੰਮ ਨੂੰ। ਅਸੀਂ ਵੀ ਤਾਂ ਉਹਨਾਂ ਦੇ ਹੁਕਮ ਦੇ ਬੱਧੇ ਰਾਤ ਦਿਨ ਭੱਜ ਨੱਸ ਰਹੇ ਹਾਂ।" ਇੰਨੀ ਕਹਿ ਕੇ ਆਪ ਜੀ ਸਮੇਤ ਸੇਵਕ ਕੋਠੀ ਦੇ ਅੰਦਰ ਚਲੇ ਗਏ ਤੇ ਅਸੀਂ ਉਹਨਾਂ ਦੇ ਕਹੇ ਆਖਰੀ ਸ਼ਬਦ "ਦੱਬੋ ਕੰਮ ਨੂੰ" ਕਹਿੰਦੇ ਹੋਏ ਆਪਣੇ ਕੰਮ ਲੱਗ ਗਏ। ਦੱਬੋ ਕੰਮ ਨੂੰ ਵਾਕ ਐਸਾ ਪ੍ਰਚਲਤ ਹੋਇਆ ਕਿ ਹਰ ਇੱਕ ਜਦੋਂ ਵੀ ਕੰਮ ਕਰਦਾ ਦੱਬੋ ਕੰਮ ਨੂੰ ਜ਼ਰੂਰ ਕਹਿੰਦਾ।

Namdhari Elibrary NamdhariElibrary@gmail.com

ਵੱਡੀ ਸਿਰਦਰਦੀ—

ਉਹ ਸਮਾਂ ਹੀ ਅਜੇਹਾ ਸੀ। ਹਰ ਪਾਸੇ ਭੱਜ ਦੌੜ ਹੋ ਰਹੀ ਸੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਰਾਤ ਦਿਨ ਚਲਦੇ ਹੀ ਰਹਿੰਦੇ ਸਨ।

ਜ਼ਮੀਨਾਂ ਅਲਾਟ ਕਰਾਵਾਣੀਆਂ, ਫੇਰ ਲੋਕਾਂ ਦੀਆਂ ਜ਼ਮੀਨਾਂ ਦੀ ਵੰਡ ਕਰਨੀ, ਖਰੀਦੀ ਹੋਈ ਜ਼ਮੀਨ ਖਰੀਦਦਾਰਾਂ ਵਿਚ ਤਕਸੀਮ ਕਰਨੀ, ਉਜੜੇ ਪੁਜੜੇ ਲੋਕਾਂ ਨੂੰ ਰਾਸ਼ਨ ਵੰਡਣਾ, ਕਪੜੇ ਦੇਣੇ, ਉਹਨਾਂ ਦੇ ਸਿਰ ਲੁਕਾ ਲਈ ਮੁਸਲਮਾਨਾਂ ਦੇ ਛੱਡੇ ਮਕਾਨ ਵੰਡਣੇ, ਬੀਮਾਰਾਂ ਦਾ ਇਲਾਜ ਕਰਵਾਉਣਾ। ਖੇਤੀ ਕਰਨ ਲਈ ਬਲਦ ਦੇਣੇ ਅੱਡ ਅੱਡ ਗਰੁੱਪ ਬਣਾ ਕੇ, ਸਿੰਚਾਈ ਲਈ ਖੂਹ ਲਵਾਣੇ, ਖੂਹ ਲੁਆਣ ਲਈ ਇੱਟਾਂ ਲਈ ਭੱਠੇ ਲਾਉਣੇ। ਗੱਲ ਕੀਹ ਇਤਨੇ ਕੰਮ ਵੱਡੇ ਬਾਬਾ ਜੀ (ਸ੍ਰੀ ਸਤਿਗੁਰੂ ਜੀ) ਦੇ ਸਿਰ ਆ ਪਏ ਕਿ ਸਰੀਰ ਕਰਕੇ ਆਪ ਠੀਕ ਨਾ ਰਹੇ। ਪਰ ਇਹਨਾਂ ਕਿਸੇ ਗੱਲ ਦੀ ਪਰਵਾਹ ਨਹੀਂ ਕੀਤੀ। ਕਿਸੇ ਨੂੰ ਕਿਸੇ ਸ਼ਕਾਇਤ ਦਾ ਮੌਕਾ ਨਹੀਂ ਦਿੱਤਾ।

ਇਹਨਾਂ ਦੇ ਰੁਝੇਵਿਆਂ ਵਿਚ ਕੋਈ ਕਮੀ ਨਹੀਂ ਸੀ ਆ ਰਹੀ ਸਗੋਂ ਦਿਨੋਂ ਦਿਨ ਵਧਦੇ ਹੀ ਜਾ ਰਹੇ ਸਨ। ਜਿਨ੍ਹਾਂ ਦੀ ਸਹਾਇਤਾ ਲਈ ਇਹ ਆਪਣੇ ਸਰੀਰ ਦੀ ਪਰਵਾਹ ਨਹੀਂ ਸਨ ਕਰ ਰਹੇ, ਉਹਨਾਂ ਵਿਚੋਂ ਹੀ ਕਈਆਂ ਨੇ ਮੁਖਾਲਫਤ ਸ਼ੁਰੂ ਕਰ ਦਿੱਤੀ। ਜ਼ਮੀਨ ਦੀ ਵੰਡ ਕਰਨ ਲਈ ਜੋ ਢੰਗ ਉਹਨਾਂ ਆਪ ਤਜ਼ਵੀਜ਼ ਕੀਤਾ ਉਹੀ ਹੀ ਢੰਗ ਜਦੋਂ ਉਹਨਾਂ ਤੇ ਵੀ ਲਾਗੂ ਹੋਇਆ ਤਾਂ ਉਹਨਾਂ ਬਗਾਵਤ ਕਰਕੇ ਸਰਕਾਰੀ ਮਦਦ ਨਾਲ ਏਸ ਬਣੀ ਬਣਾਈ ਰਿਆਸਤ ਨੂੰ ਤੋੜਨ ਦਾ ਯਤਨ ਆਰੰਭ ਕਰ ਦਿੱਤਾ। ਜਿਹੜਾ ਇਕ ਹੋਰ ਬਹੁਤ ਵੱਡੀ ਸਿਰਦਰਦੀ ਦਾ ਕਾਰਨ ਬਣਿਆ।

ਪਰ ਬੇਅੰਤ ਜੀ ਨੇ ਕਿਸੇ ਗੱਲ ਦੀ ਪਰਵਾਹ ਨਾ ਕਰਦਿਆਂ ਹੋਇਆਂ ਇਹਨਾਂ ਸਾਰੀਆਂ ਉਲਝਣਾਂ ਦਾ ਡੱਟ ਕੇ ਮੁਕਾਬਲਾ ਹੀ ਨਹੀਂ ਕੀਤਾ ਸਗੋਂ ਸਭ ਨੂੰ ਸੁਲਝਾ ਕੇ ਛੱਡਿਆ।

ਪਰ ਸਰੀਰ ਤਾਂ ਆਖਿਰ ਸਰੀਰ ਹੀ ਸੀ। ਜਵਾਨੀ ਦੇ ਉਹਨਾਂ ਦਿਨਾਂ ਨੂੰ ਸੰਗਤ ਦੇ ਭਲੇ ਲਈ ਵਾਰ ਦਿੱਤਾ। ਸੰਗ੍ਰਹਿਣੀ ਵਰਗੀ ਨਾਮੁਰਾਦ ਬਿਮਾਰੀ ਨੇ ਬੇਅੰਤ ਜੀ ਦੇ ਸਰੀਰ ਨੂੰ ਗ੍ਰਸ ਲਿਆ। ਦਿਨ ਰਾਤ ਵਿਚ ਦਸ ਦਸ ਵਾਰ ਜੰਗਲ ਜਾਣਾ ਤੇ ਓਨੀ ਵਾਰ ਹੀ ਇਸ਼ਨਾਨ ਕਰਨਾ, ਇਹ ਗੱਲਾਂ ਮੈਨੂੰ ਉਹਨਾਂ ਦੇ ਨਿਜੀ ਸੇਵਕ ਦੱਸਦੇ ਹੁੰਦੇ ਸਨ, ਜੋ ਉਹਨਾਂ ਦੇ ਹਰ ਵੇਲੇ ਨਾਲ ਰਹਿੰਦੇ ਸਨ।

ਸੰਗਤ ਨੂੰ ਕੋਈ ਤਕਲੀਫ ਨਾ ਹੋਵੇ—

ਇਕ ਦਿਨ ਬੇਅੰਤ ਜੀ ਨਾਲ ਮੈਂ ਤੇ ਅਮਰ ਸਿੰਘ ਨੰਬਰਦਾਰ (ਜੋ ਆਪ ਅਧਰੰਗ ਦੀ ਬਿਮਾਰੀ ਨਾਲ ਬਿਮਾਰ ਹਨ) ਭਿਵਾਨੀ ਤੋਂ ਸ੍ਰੀ ਜੀਵਨ ਨਗਰ ਨੂੰ ਆ ਰਹੇ ਸਾਂ। ਓਥੇ ਟਿਊਬਵੈਲ ਲਾਉਣ ਵਾਲੀ ਮਸ਼ੀਨ ਦਾ ਪਤਾ ਕਰਨ ਗਏ ਸਾਂ ਜੋ ਬਾਅਦ ਵਿਚ ਮੈਂ ਟਰੈਟਕਰ ਨਾਲ ਟੋ-ਚਨ ਕਰ ਕੇ ਲਿਆਇਆ ਸਾਂ)। ਰਾਹ ਵਿਚ ਮੈਂ ਪੁੱਛਿਆ, "ਇਹ ਰੋਗ ਤੁਹਾਨੂੰ ਕਿਵੇਂ ਲਗਾ ਬੇਅੰਤ ਜੀਓ!"

"ਇਹ ਵੀ ਸਾਧ ਸੰਗਤ ਦੀ ਸੇਵਾ ਕਰਦਿਆਂ ਹੀ ਚਰਨੀਂ ਆ ਲਗੀ ਏ। ਰਾਤ ਦਿਨ ਦਾ ਸਫਰ ਵੇਲੇ ਕੁਵੇਲੇ ਲੰਗਰ ਛਕਣਾ। ਏਥੋਂ ਤਕ ਕਿ ਸਰੀਰਕ ਜ਼ਰੂਰੀ ਹਾਜਤਾਂ ਵੀ ਵਕਤ-ਬੇ-ਵਕਤ ਪੂਰੀਆਂ ਨਾ ਕਰ ਸਕਣੀਆਂ। ਇਹ ਸਭ ਵਾਧੂ ਖੇਚਲ ਦਾ ਨਤੀਜਾ ਏ, ਪਰ ਮੈਂ ਤਹੱਈਆ ਕਰ ਰੱਖਿਆ ਏ, ਕਿ ਮੈਨੂੰ ਜੋ ਕੁਝ ਹੁੰਦਾ ਏ ਪਿਆ, ਹੋਵੇ ਸੰਗਤ ਨੂੰ ਕੋਈ ਤਕਲੀਫ਼ ਨਾ ਆਵੇ।" ਬੇਅੰਤ ਜੀ ਨੇ ਭਰਵੀਂ ਆਵਾਜ਼ ਵਿਚ ਆਖਿਆ।

ਅੱਜ ਮੈਨੂੰ ਉਹ ਬਚਨ ਹੋਰ ਸ਼ਿੱਦਤ ਨਾਲ ਯਾਦ ਆ ਰਹੇ ਨੇ ਜਦੋਂ ਅੱਜ ਦੇ ਅਰਦਾਸੇ ਦੀ ਉਹ ਸਤਰ ਸੁਣਦਾ ਹਾਂ ਜਿਸ ਵਿਚ ਸੰਤ ਮਹਿੰਦਰ ਸਿੰਘ ਪੂਰਬਾ ਜੀ ਇਹ ਕਹਿੰਦੇ ਹਨ, "ਕੋਈ ਦੁਖੀ ਹੋਵੇ ਹੀ ਨਾ" ਭਾਵ ਸਤਿਗੁਰੂ ਜੀ ਚਾਹੁੰਦੇ ਨੇ ਕਿ ਕੋਈ ਵੀ ਦੁਖੀ ਨਾ ਹੋਵੇ। ਮੈਂ ਸਮਝਦਾ ਇਸ ਸੰਕਲਪ ਦਾ ਮੁੱਢ ਉਦੋਂ ਹੀ ਬੱਝ ਗਿਆ ਸੀ।

ਹਵਾਈ ਜਹਾਜ ਦੇ ਹੂਟੇ—

ਵੱਡ ਪ੍ਰਤਾਪੀ ਜੀ ਨੇ ਇਹਨਾਂ (ਬੇਅੰਤ ਜੀ) ਦੀ ਸਹੂਲਤ ਲਈ ਚਾਰ ਸੀਟਾਂ ਵਾਲਾ ਹਵਾਈ ਜਹਾਜ਼ "ਬੋਨੈਨਜ਼ਾ" ਲੈ ਆਂਦਾ, ਜਿਸ ਦੇ ਪਾਇਲਟ ਮਹਾਰਾਜ ਬੀਰ ਸਿੰਘ ਜੀ ਤੇ ਸ. ਗੁਰਦੇਵ ਸਿੰਘ ਮਾਂਗਟ ਰਾਮਪੁਰ ਵਾਲੇ ਸਨ ਜੋ ਟਰੇਨਿੰਗ ਲੈ ਕੇ ਆ ਚੁੱਕੇ ਸਨ।

ਹਵਾਈ ਜਹਾਜ਼ ਦਾ ਅੱਡਾ ਜਿਥੇ ਹੁਣ ਉਚੇ ਟਿੱਬੇ ਬਣਾਏ ਗਏ ਹਨ, ਇਸ ਤੋਂ ਪਹਾੜ ਵਾਲੇ ਪਾਸੇ ਬਣਾਇਆ ਗਿਆ ਸੀ। ਹਵਾਈ ਜਹਾਜ਼ ਕਾਹਦਾ ਆਇਆ ਸਾਰੇ ਇਲਾਕੇ ਵਿੱਚ ਖੁਸ਼ੀਆਂ ਦਾ ਜਿਵੇਂ ਹੜ੍ਹ ਆ ਗਿਆ। ਗੁਰਦੇਵ ਸਿੰਘ ਹੋਰੀਂ ਹੁਕਮਾ

Namdhari Elibrary NamdhariElibrary@gmail.com

ਕੋਲੋਂ ਬੇਅੰਤ ਜੀ ਨੇ ਹਸਦਿਆਂ ਅਰਜ਼ ਕੀਤੀ "ਜੀ ਏਨਾਂ ਵਲੋਂ ਮੈਂ ਖਿਮਾ ਮੰਗਦਾ ਹਾਂ ਆਪ ਬਖਸ਼ਨਹਾਰ ਹੋ।"

"ਤਾਂ ਕਾਕਾ ਜੀ ਤੁਸੀਂ ਵੀ ਏਨਾਂ ਦੇ ਨਾਲ ਹੀ ਹੋ?"

ਵਡ ਪਰਤਾਪੀ ਜੀ ਨੇ ਜ਼ਰਾ ਗੁੱਸੇ ਨਾਲ ਕਿਹਾ।

"ਨਹੀਂ ਸੱਚੇ ਪਾਤਸ਼ਾਹ ਜੀ ਮੈਂ ਇਹਨਾਂ ਨੂੰ ਕੀਹ ਕਿਸੇ ਨੂੰ ਵੀ ਆਪ ਜੀ ਤੋਂ ਦੂਰ ਹੁੰਦਿਆਂ ਨਹੀਂ ਜਰ ਸਕਦਾ," ਸ੍ਰੀ ਬੇਅੰਤ ਜੀ ਨੇ ਨਿਮਰਤਾ ਤੇ ਅਧੀਨਗੀ ਨਾਲ ਅਰਜ਼ ਕੀਤੀ।

ਅਨੁਸਾਰ ਕਰੀਬਨ ਸਾਰੀ ਸੰਗਤ ਨੂੰ ਹਵਾਈ ਸੈਰ ਕਰਵਾਈ। ਪਰ ਮਕੈਨੀਕਲ ਸਟਾਫ ਨੂੰ ਹੁਕਮ ਨਾ ਹੋਇਆ ਹਵਾਈ ਹੂਟੇ ਲੈਣ ਦਾ। ਅਸੀਂ ਸਾਰੇ ਬਹੁਤ ਔਖੇ ਸਾਂ ਇਸ ਵਿਤਕਰੇ ਤੋਂ ਪਰ ਬੇਅੰਤ ਜੀ ਨੇ ਸਾਡਾ ਇਹ ਭਾਂਗਾ ਏਸ ਤਰ੍ਹਾਂ ਪੂਰਾ ਕੀਤਾ, ਜਦੋਂ ਮਹਾਰਾਜ ਬੀਰ ਸਿੰਘ ਜੀ ਬਾਹਰ ਗਏ ਹੁੰਦੇ ਤੇ ਗੁਰਦੇਵ ਸਿੰਘ ਹੋਰੀਂ ਵੀ ਵਡ ਪ੍ਰਤਾਪੀ ਜੀ ਨਾਲ ਕਾਰ ਡਰਾਈਵਰ ਹੋਣ ਕਰਕੇ ਸ੍ਰੀ ਜੀਵਨ ਨਗਰ ਨਾ ਹੁੰਦੇ ਤਾਂ ਅਸੀਂ ਸ੍ਰੀ ਬੇਅੰਤ ਜੀ ਨਾਲ ਹਵਾਈ ਅੱਡੇ ਤੇ ਚਲੇ ਜਾਂਦੇ ਤੇ ਹਵਾਈ ਜਹਾਜ਼ ਸਟਾਰਟ ਕਰਕੇ ਧਰਤੀ ਤੋਂ ਹੀ ਅੱਡੇ ਵਿਚ ਖੂਬ ਘੁਮਾਇਆ ਕਰਦੇ। ਕਿਉਂਕਿ ਜਹਾਜ਼ ਨੂੰ ਰੋਜ਼ ਹੀ ਇਕ ਵੇਰਾਂ ਸਟਾਰਟ ਕਰਨਾ ਪੈਂਦਾ ਸੀ। ਅੱਡਾ ਕੱਚਾ ਹੀ ਹੋਣ ਕਰਕੇ ਖੂਬ ਘੱਟਾ ਉਡਦਾ। ਅਸੀਂ ਸਾਰੇ ਬਹੁਤ ਖੁਸ਼ ਹੁੰਦੇ।

ਇਕ ਦਿਨ ਹਵਾਈ ਜਹਾਜ ਸਟਾਰਟ ਨਾ ਹੋਇਆ ਤਾਂ ਅਮਰ ਸਿੰਘ ਨੰਬਰਦਾਰ ਨੇ ਸ੍ਰੀ ਸਤਿਗੁਰੂ ਜੀ ਨੂੰ ਸੀਟ ਤੇ ਬਿਠਾ ਕੇ ਹਵਾਈ ਜਹਾਜ਼ ਦੇ ਪੱਖੇ ਨਾਲ ਲਮਕ ਕੇ ਗੇੜਾ ਦਿਤਾ ਉਧਰੋਂ ਆਪ ਜੀ ਨੇ ਚਾਬੀ ਲਾ ਦਿਤੀ। ਹਵਾਈ ਜਹਾਜ਼ ਤਾਂ ਸਟਾਰਟ ਹੋ ਗਿਆ ਪਰ ਅਮਰ ਸਿੰਘ ਝਟਕੇ ਨਾਲ ਕਰੀਬਨ ਪੰਜ ਕਦਮਾਂ ਦੂਰ ਜਾ ਡਿੱਗਾ। ਏਨਾ ਸ਼ੁਕਰ ਹੋਇਆ ਕੋਈ ਸੱਟ ਫੇਟ ਨਾ ਵੱਜੀ। ਕਪੜੇ ਝਾੜਦਾ ਹੱਸਦਾ ਹੱਸਦਾ ਸਾਡੇ ਵਿਚ ਆ ਰਲਿਆ।

ਮਹਾਰਾਜ ਬੀਰ ਸਿੰਘ ਜੀ ਤਾਂ ਆ ਗਏ ਪਰ ਉਪਰੋਂ ਹੁਕਮ ਤੋਂ ਬਗੈਰ ਸਾਨੂੰ, ਡਰਾਈਵਰ ਮਹਿਕਮੇ ਨੂੰ ਹਵਾਈ ਹੂਟੇ ਨਾ ਮਿਲੇ।

ਇਕ ਰਾਤੀਂ ਕੁਵੇਲੇ ਹੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸ੍ਰੀ ਜੀਵਨ ਨਗਰ ਦਰਸ਼ਨ ਦਿਤੇ। ਸਾਨੂੰ ਪਤਾ ਨਹੀਂ ਸੀ।

ਨੰਬਰਦਾਰ ਅਮਰ ਸਿੰਘ ਤੇ ਭਗਵਾਨ ਸਿੰਘ ਚੱਠਾ ਨੇ ਇੱਕ ਚਿੱਟਾ ਗਧਾ ਕਿਤੋਂ ਫੜ ਲਿਆਂਦਾ। ਦੋਵੇਂ ਉਪਰ ਚੜ੍ਹ ਗਏ ਇਕ ਨੇ ਅੱਗੇ ਨੂੰ ਤੇ ਦੂਜੇ ਨੇ ਪਿਛੇ ਮੂੰਹ ਕੀਤਾ ਸੀ।

"ਹਾਂ ਭਗਵਾਨ ਸਿੰਘਾ ਆਪਾਂ ਕਿਥੇ ਆ ਗਏ ਹਾਂ।" ਅਮਰ ਸਿੰਘ ਪੁਛਦਾ ਜਿਵੇਂ ਹਵਾਈ ਜਹਾਜ ਤੇ ਬੈਠੇ ਹੋਣ।

"ਆਪਾਂ ਨੰਬਰਦਾਰ ਜੀ ਹੁਣ ਓਟੂ ਝੀਲ ਦੇ ਉਪਰੋਂ ਲੰਘ ਰਹੇ ਹਾਂ।" ਭਗਵਾਨ ਸਿੰਘ ਕਹਿੰਦਾ। ਅਸੀਂ ਸਾਰੇ ਡਰਾਈਵਰ ਮਹਿਕਮਾ ਮਗਰ ਜਲੂਸ ਦੀ ਸ਼ਕਲ ਵਿਚ ਤਾੜੀਆਂ ਮਾਰ ਰਹੇ ਸਾਂ।

ਜਦੋਂ ਕੋਠੀ ਦੇ ਬੂਹੇ ਅੱਗੇ ਆਏ ਤਾਂ ਦਰਵਾਜਿਓਂ ਬਾਹਰ ਸੰਤ ਰਤਨ ਸਿੰਘ ਲਾਂਗਰੀ ਜਲ ਲੈਣ ਲਈ ਨਿਕਲ ਪਏ। ਅਸੀਂ ਸਾਰੇ ਸਮਝ ਗਏ ਕਿ ਵੱਡੇ ਸਤਿਗੁਰੂ ਜੀ ਆ ਗਏ ਹੋਣੇ ਤੇ ਅਸੀਂ ਸਾਰੇ ਚੁਪ ਹੋ ਕੇ ਵਰਕਸ਼ਾਪ ਨੂੰ ਭੱਜ ਗਏ।

ਸੰਤ ਰਤਨ ਸਿੰਘ ਨੇ ਸਤਿਗੁਰੂ ਜੀ ਨੂੰ ਇਹ ਸਾਰੀ ਗੱਲ ਦੱਸੀ। ਉਹਨਾਂ ਪੁਛਿਆ, "ਇਹਨਾਂ ਸਾਰਿਆਂ ਨੂੰ ਹਾਲੇ ਤਕ ਹਵਾਈ ਸੈਰ ਨਹੀਂ ਕਰਾਈ?"

ਸੰਤ ਰਤਨ ਸਿੰਘ ਵਲੋਂ ਨਾਂਹ ਵਿਚ ਉਤਰ ਸੁਣਕੇ ਹੁਕਮ ਹੋਇਆ, "ਗੁਰਦੇਵ ਸਿੰਘ ਹੋਰਾਂ ਨੂੰ ਆਖੋ ਇਹਨਾਂ ਨੂੰ ਅੱਜ ਹੀ ਹਵਾਈ ਸੈਰ ਕਰਵਾਓ।"

ਸਾਨੂੰ ਪਤਾ ਲੱਗਾ ਕਿ ਧੁਰੋਂ ਹੁਕਮ ਹੋ ਗਿਆ ਹੈ। ਸਾਨੂੰ ਸਾਰਿਆਂ ਨੂੰ ਚਾਅ ਚੜ੍ਹ ਗਏ। ਗੁਰਦੇਵ ਸਿੰਘ ਹੁਰੀਂ ਤਾਂ ਜੀਪ ਤੇ ਹਵਾਈ ਅੱਡੇ ਤੇ ਬਾਦ ਵਿਚ ਪਹੁੰਚੇ ਅਸੀਂ ਪਹਿਲਾਂ ਹੀ ਪੈਦਲ ਉਥੇ ਪਹੁੰਚ ਗਏ।

ਸ਼ਾਮ ਤਕ ਗੁਰਦੇਵ ਸਿੰਘ ਹੁਰਾਂ ਸਾਡੀ ਖੂਬ ਹਵਾਈ ਸੈਰ ਕਰਵਾਈ।

ਹਵਾਈ ਸੈਰ ਤਾਂ ਕਰ ਲਈ, ਪਰ ਵੱਡ ਪ੍ਰਤਾਪੀ ਜੀ ਸਾਡੇ ਨਾਲ ਨਰਾਜ਼ ਹੋ ਗਏ। ਜਦੋਂ ਸ੍ਰੀ ਜੀਵਨ ਨਗਰ ਆਉਣ ਸਾਡੇ ਨਾਲ ਉੱਕਾ ਬਚਨ ਨਾ ਕਰਦੇ, ਜਿਥੇ ਪਹਿਲਾਂ ਸਾਡੇ ਸਾਰਿਆਂ ਨਾਲ ਖੂਬ ਹਾਸਾ ਮਖੌਲ ਕਰਦੇ ਰਹਿੰਦੇ।

ਹਵਾਈ ਸੈਰ ਦਾ ਸੁਆਦ ਕਿਰਕਿਰਾ—

ਸਾਡਾ ਹਵਾਈ ਸੈਰ ਦਾ ਮਜ਼ਾ ਕਿਰਕਿਰਾ ਹੋ

Namdhari Elibrary NamdhariElibrary@gmail.com

ਗਿਆ ਜਿਵੇਂ ਮਿੱਠੇ ਪੁਲਾਅ ਤੇ ਰੇਤ ਰਲ ਗਿਆ ਹੋਵੇ।

ਸਾਨੂੰ ਇੱਕ ਦਿਨ ਹੋਰ ਸ਼ਰਾਰਤ ਸੁਝੀ। ਅਸਾਂ ਸਾਰਿਆਂ ਆਪਣੀਆਂ ਪੱਗਾਂ ਗੂੜ੍ਹੇ ਨੀਲੇ ਰੰਗ ਨਾਲ ਰੰਗ ਲਈਆਂ। ਸ਼ਾਮ ਦੇ ਨਿਤਨੇਮ ਵਿਚ ਅਸੀਂ ਨੀਲੀਆਂ ਪੱਗਾਂ ਬੰਨ੍ਹ ਕੇ ਲਾਈਨ ਵਿਚ ਸਾਰੇ ਮੱਥਾ ਟੇਕਣ ਚਲੇ ਗਏ। ਅਰਦਾਸੇ ਤੋਂ ਬਾਅਦ ਹਜ਼ੂਰ ਨੇ ਅਮਰ ਸਿੰਘ ਨੂੰ ਗੁੱਸੇ ਨਾਲ ਪੁੱਛਿਆ, "ਓਏ ਇਹ ਕੀਹ ਅਜ ਵੇਸ ਧਾਰ ਲਿਆ ਜੇ।" ਸਾਹਮਣੇ ਹੀ ਵੱਡੇ ਬਾਬਾ ਜੀ (ਬੇਅੰਤ ਜੀ) ਸੁਭਾਇਮਾਨ ਸਨ।

"ਜੀ ਏਸੇ ਕਰਕੇ ਤੁਸੀਂ ਬੁਲਾ ਤਾਂ ਲਵੋ," ਅਮਰ ਸਿੰਘ ਨੇ ਹੱਥ ਜੋੜ ਕੇ ਅਰਜ਼ ਕੀਤੀ।

ਏਨੇ ਨੂੰ ਅਸੀਂ ਸਾਰੇ ਖੜ੍ਹੇ ਹੋ ਗਏ।

ਕੋਲੋਂ ਬੇਅੰਤ ਜੀ ਨੇ ਹਸਦਿਆਂ ਅਰਜ਼ ਕੀਤੀ "ਜੀ ਏਨਾਂ ਵਲੋਂ ਮੈਂ ਖਿਮਾ ਮੰਗਦਾ ਹਾਂ ਆਪ ਬਖਸ਼ਨਹਾਰ ਹੋ।"

"ਤਾਂ ਕਾਕਾ ਜੀ ਤੁਸੀਂ ਵੀ ਏਨਾਂ ਦੇ ਨਾਲ ਹੀ ਹੋ?"

ਵਡ ਪਰਤਾਪੀ ਜੀ ਨੇ ਜ਼ਰਾ ਗੁੱਸੇ ਨਾਲ ਕਿਹਾ।

"ਨਹੀਂ ਸੱਚੇ ਪਾਤਸ਼ਾਹ ਜੀ ਮੈਂ ਇਹਨਾਂ ਨੂੰ ਕੀਹ ਕਿਸੇ ਨੂੰ ਵੀ ਆਪ ਜੀ ਤੋਂ ਦੂਰ ਹੁੰਦਿਆਂ ਨਹੀਂ ਜਰ ਸਕਦਾ," ਸ੍ਰੀ ਬੇਅੰਤ ਜੀ ਨੇ ਨਿਮਰਤਾ ਤੇ ਅਧੀਨਗੀ ਨਾਲ ਅਰਜ਼ ਕੀਤੀ।

ਸਾਰੀ ਸੰਗਤ ਨੂੰ ਸੰਬੋਧਨ ਕਰਦਿਆਂ ਹੁਕਮ ਕੀਤਾ, "ਸਾਧ ਸੰਗਤ ਜੀ, ਵੱਡਾ ਕਾਕਾ ਠੀਕ ਹੀ ਬੇਅੰਤ ਹੈ, ਸਾਧ ਸੰਗਤ ਲਈ ਇਹਨਾਂ ਆਪਣਾ ਸਰੀਰ ਦਾ ਕੀਹ ਹਾਲ ਕਰ ਲਿਆ ਏ। ਇਹਨਾਂ ਤੁਹਾਨੂੰ ਬੜੇ ਸੁਖ ਦੇਣੇ ਹਨ। ਚੰਗਾ ਫੇਰ ਮੈਂ ਤਾਂ ਆਪਣੀ ਗੱਲ ਛੱਡੀ ਇਹਨਾਂ ਨੂੰ ਚਿੱਟੀਆਂ ਪੱਗਾਂ ਦਿਓ ਅੰਦਰੋਂ ਲਿਆ ਕੇ।"

ਬੇਅੰਤ ਜੀ ਨੇ ਅੰਦਰ ਪਹਿਲਾਂ ਹੀ ਪੱਗਾਂ ਜੋੜ ਕੇ ਰੱਖੀਆਂ ਸਨ, ਲਿਆ ਕੇ ਸਭ ਨੂੰ ਦਿੱਤੀਆਂ।

ਅਸਾਂ ਨੀਲੀਆਂ ਲਾਹ ਕੇ ਚਿੱਟੀਆਂ ਬੰਨ੍ਹ ਲਈਆਂ ਤੇ ਅਮਰ ਸਿੰਘ ਨੂੰ ਹੱਸਦਿਆਂ ਕਿਹਾ, "ਇਹਨਾਂ ਨੂੰ ਪੁੱਠੀਆਂ ਪੱਟੀਆਂ ਨਾ ਪੜ੍ਹਾਇਆ ਕਰ, ਜਿਹੜੀ ਗੱਲ ਹੋਵੇ ਵੱਡੇ ਕਾਕੇ ਨਾਲ ਕਰ ਲਿਆ ਕਰੋ। ਇਹਦੇ ਤੋਂ ਵੱਧ ਤੁਹਾਡੀਆਂ ਸਭ ਦੀਆਂ ਮੰਗਾਂ ਕੌਣ ਪੂਰੀਆਂ ਕਰ ਸਕਦੇ ਏ।"

ਅਸੀਂ ਮੱਥਾ ਟੇਕ ਕੇ ਨੀਲੀਆਂ ਪੱਗਾਂ ਚੁਕਣ ਲੱਗੇ ਤਾਂ ਹੁਕਮ ਹੋਇਆ, "ਇਹਨਾਂ ਨੂੰ ਰਹਿਣ ਦਿਓ।" ■

ਸਿੱਖਿਆ ਸੰਸਥਾਵਾਂ ..(ਬਾਕੀ ਸਫਾ ੬੩ ਦੀ)

ਇਸੇ ਤਰ੍ਹਾਂ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਦਿੱਲੀ (ਸਥਾਪਨਾ ਸਾਲ ੧੯੮੩), ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਸ੍ਰੀ ਭੈਣੀ ਸਾਹਿਬ (ਸਥਾਪਨਾ ਸਾਲ ੧੯੮੭), ਅਟਲ ਪ੍ਰਤਾਪੀ ਕੰਨਿਆ ਵਿਦਿਆਲਾ, ਸੰਤ ਨਗਰ ਅਤੇ ਹੋਰ ਬਹੁਤ ਸਾਰੀਆਂ ਸਿਖਿਆ ਸੰਸਥਾਵਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਖਸ਼ਿਸ਼ ਸਦਕਾ ਹੀ ਚੱਲ ਰਹੀਆਂ ਹਨ।

ਆਪਣੇ ਸਤਿਗੁਰੂ ਸਾਹਿਬਾਨ ਦੇ ਪ੍ਰਕਾਸ਼ ਪੁਰਬ ਮਨਾਉਣੇ, ਨਾਮਧਾਰੀ ਪੰਥ ਦੀ ਡੇਢ ਸੌ ਸਾਲਾ ਸਥਾਪਨਾ ਸ਼ਤਾਬਦੀ ਮਨਾਉਣਾ ਅਤੇ ਇਸ ਤਰ੍ਹਾਂ ਦੇ ਹੋਰ ਸਮਾਗਮਾਂ ਦੁਆਰਾ ਵਿਦਿਆਰਥੀਆਂ ਨੂੰ ਆਪਣੇ ਸ਼ਾਨਾ-ਮੱਤੇ ਇਤਿਹਾਸ ਤੋਂ ਜਾਣੂੰ ਕਰਵਾਇਆ ਜਾਂਦਾ ਹੈ। ਸਮੇਂ ਸਮੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵੀ ਕਾਲਜ ਵਿਚ ਚਰਨ ਪਾਕੇ ਬੱਚਿਆਂ ਦੇ ਸਰਬਪੱਖੀ ਵਿਕਾਸ ਦਾ ਅਸ਼ੀਰਵਾਦ ਦੇਂਦੇ ਰਹੇ ਹਨ। ਹੁਣ ਤੱਕ ਲਗਭਗ ੨000 ਵਿਦਿਆਰਥੀ ਇਸ ਕਾਲਜ ਵਿਚੋਂ ਬੀ. ਏ., ਬੀ. ਕਾਮ. ਦੀ ਡਿਗਰੀ ਪ੍ਰਾਪਤ ਕਰ ਚੁੱਕੇ ਹਨ। ਐਨ. ਐਸ. ਐਸ. ਦੇ ਅਨੇਕਾਂ ਕੈਂਪ ਲੱਗੇ ਹਨ, ਜਿਹਨਾਂ ਵਿਚ ੧੬ ਮੈਰਿਟ ਸਰਟੀਫਿਕੇਟ ਹਾਸਿਲ ਕੀਤੇ ਗਏ ਹਨ। ਐਨ. ਸੀ. ਸੀ. ਦੇ ਟ੍ਰੇਨਿੰਗ ਕੈਂਪ ਵੀ ਲੱਗੇ ਹਨ ਅਤੇ ਸਾਡੇ ਦੋ ਕੈਡੇਟ ਗਣਤੰਤਰ ਦਿਵਸ ਦੀ ਪਰੇਡ ਵਿਚ ਹਿੱਸਾ ਲੈ ਚੁਕੇ ਹਨ। ਖੇਡਾਂ ਖਾਸ ਕਰਕੇ ਹਾਕੀ ਅਤੇ ਸਭਿਆਚਾਰਕ ਪ੍ਰੋਗਰਾਮਾਂ ਵਿਚ ਕਾਲਜ ਦੇ ਬੱਚੇ ਅੰਤਰ-ਰਾਸ਼ਟਰੀ ਪੱਧਰ ਅਤੇ ਯੂਨੀਵਰਸਿਟੀ ਪੱਧਰ ਤੇ ਨਾਮਣਾ ਖੱਟ ਚੁੱਕੇ ਹਨ। ਇਸੇ ਲਈ ਕਾਲਜ ਵਿਚ ਬਣੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਸਟੇਡੀਅਮ ਵਿਚ ਹਰਿਆਣਾ ਸਰਕਾਰ ਹਾਕੀ ਲਈ ਐਸਟਰੋਟਰਫ ਲਾਉਣ ਦੀ ਮਨਜ਼ੂਰੀ ਦੇ ਚੁੱਕੀ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਲਾਇਬ੍ਰੇਰੀ ਵਿਚ ਵਿਦਿਆਰਥੀਆਂ ਨੂੰ ਵਧੀਆ ਨਾਗਰਿਕ ਬਣਾਉਣ ਲਈ ਉਤਮ ਪੁਸਤਕਾਂ ਉਪਲਬਧ ਹਨ।

ਇਸੇ ਤਰ੍ਹਾਂ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਦਿੱਲੀ (ਸਥਾਪਨਾ ਸਾਲ ੧੯੮੩), ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਸ੍ਰੀ ਭੈਣੀ ਸਾਹਿਬ (ਸਥਾਪਨਾ ਸਾਲ ੧੯੮੭), ਅਟਲ ਪ੍ਰਤਾਪੀ ਕੰਨਿਆ ਵਿਦਿਆਲਾ, ਸੰਤ ਨਗਰ ਅਤੇ ਹੋਰ ਬਹੁਤ ਸਾਰੀਆਂ ਸਿਖਿਆ ਸੰਸਥਾਵਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਖਸ਼ਿਸ਼ ਸਦਕਾ ਹੀ ਚੱਲ ਰਹੀਆਂ ਹਨ। ■

Namdhari Elibrary NamdhariElibrary@gmail.com

ਤੁਧੁ ਜੇਹਾ ਨਾਹੀ ਕੋਇ ਜੀਉ

✍ ਅਜੀਤ ਸਿੰਘ ਲਾਇਲ

ਸਟੇਸ਼ਨ ਤੋਂ ਬਾਹਰ ਆਏ ਤਾਂ ਸੇਵਕਾਂ ਦੇਖਿਆ ਸ਼ਿਪਰੀ ਬਜ਼ਾਰ ਜਾਣ ਲਈ ਥਰੀਵੀਲਰਾਂ ਤੋਂ ਬਿਨਾਂ ਹੋਰ ਕੋਈ ਸਵਾਰੀ ਨਹੀਂ। ਇਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸ਼ਖਸੀਅਤ ਦੀ ਵਡੱਤਣ ਹੈ ਕਿ ਆਪ ਗਰੀਬ ਅਮੀਰ ਸਭਦੇ ਜਾਂਦੇ ਹਨ ਅਤੇ ਹਾਲਤ ਅਨੁਸਾਰ ਢਲਣ ਦੀ ਜਾਚ ਦੱਸਦੇ ਹਨ। ਹਵਾਈ ਜਹਾਜ ਦੇ ਪਹਿਲੇ ਦਰਜੇ ਵਿਚ ਬੈਠ ਸਫਰ ਕਰਨ ਵਾਲੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਅੱਜ ਆਪਣੇ ਸਿੱਖ ਸੇਵਕ ਨੂੰ ਨਿਵਾਜਣ ਲਈ ਥਰੀਵੀਲਰ ਵਿਚ ਬੈਠਣ ਲੱਗਿਆਂ ਜਰਾ ਵੀ ਝਿਜਕ ਮਹਿਸੂਸ ਨਹੀਂ ਕੀਤੀ।

੧੯੮੦ ਦੇ ਮਈ ਦੇ ਮਹੀਨੇ ਦੀ ਇਕ ਦੁਪਹਿਰ ਚੱਲ ਰਹੀ ਸੀ। ਜ਼ਿੰਦਗੀ ਦੀ ਦੁਪਹਿਰ ਮਾਣ ਚੁੱਕੇ ਬਾਪੂ ਕਿਸ਼ਨ ਸਿੰਘ ਨੇ ਆਪਣੀ ਭਤੀਜੀ ਮਹਿੰਦਰ ਕੌਰ ਨੂੰ ਆਵਾਜ਼ ਦਿੱਤੀ-

ਮਹਿੰਦਰ ਪੁੱਤਰ! ਕੁਰਸੀ ਬਾਹਰ ਡਾਹ ਦੇ।

੯੦ ਸਾਲਾਂ ਨੂੰ ਢੁਕਿਆ ਬਾਪੂ ਕਿਸ਼ਨ ਸਿੰਘ। ਛੇ ਫੁੱਟ ਲੰਮਾ ਕੱਦ, ਹੱਥ ਵਿਚ ਡਾਂਗ ਫੜੀ, ਲੰਙ ਮਾਰਦਾ, ਘਰੋਂ ਬਾਹਰ ਆ ਕੁਰਸੀ ਤੇ ਬੈਠ ਗਿਆ। ਹੱਥ ਵਿਚ ਮਾਲਾ, ਜ਼ੁਬਾਨ ਤੇ ਸਿਮਰਨ। ਚਿਹਰੇ ਤੇ ਚਮਕ।

ਇਸ ਅਣਜਾਏ ਸ਼ਹਿਰ ਵਿਚ ਬਾਪੂ ਕਿਸ਼ਨ ਸਿੰਘ ਕਿਸੇ ਸਰੂਪ ਵਾਂਗ ਪੂਜਿਆ ਜਾਂਦਾ ਸੀ। ਰਾਹ ਲੰਘਦੇ ਰਾਹਗੀਰ, ਆਂਢ ਗੁਆਂਢ ਅਤੇ ਬਾਪੂ ਜੀ ਦੇ ਪਿਆਰ ਮੁਹੱਬਤ ਦੇ ਤਲਬਗਾਰ ਸਵੇਰ, ਸ਼ਾਮ ਬਾਪੂ ਕਿਸ਼ਨ ਸਿੰਘ ਦੇ ਚਰਨ ਛੂਹ ਅਸ਼ੀਰਵਾਦ ਲੈਣਾ ਨਾ ਭੁਲਦੇ।

ਹਰ ਆਉਣ ਵਾਲੇ ਨੂੰ ਬਾਪੂ ਕਿਸ਼ਨ ਸਿੰਘ ਸਿਮਰਨ ਕਰਨ, ਬਾਣੀ ਪੜ੍ਹਨ, ਪਿਆਰ ਮੁਹੱਬਤ ਨਾਲ ਰਹਿਣ ਅਤੇ ਵਸਦੇ ਰਸਦੇ ਰਹਿਣ ਦੇ ਸੁੱਖ ਦੇਣੇ ਲਫਜ਼ਾਂ ਦੀ ਅਸੀਸ ਦੇਂਦਾ। ਅੱਜ ਵੀ ਨਿਤ ਵਾਂਗ ਆਲੇ ਦੁਆਲੇ ਦੇ ਬਸ਼ਿੰਦੇ ਤੇ ਰਾਹ ਗੁਜ਼ਰ ਬਾਪੂ ਕਿਸ਼ਨ ਸਿੰਘ ਦੇ ਚਰਨ ਛੂਹ ਤੇ ਅਸ਼ੀਰਵਾਦ ਲੈ ਰਹੇ ਸਨ। ਬੈਠਿਆਂ ਬੈਠਿਆਂ ਬਾਪੂ ਜੀ ਨੂੰ ਆਪਣਾ ਬਚਪਨ ਯਾਦ ਆ ਗਿਆ। ਕਿਵੇਂ ਦੁਆਬੇ ਦੀ ਤਹਿਸੀਲ ਨਕੋਦਰ ਦੇ ਪਿੰਡ ਮਾਹੂਵਾਲ ਵਿਚ ਉਨ੍ਹਾਂ ਬਚਪਨ ਬਿਤਾਇਆ। ਚੜ੍ਹਦੀ ਵਰੇਸੇ ਕਿਰਤ ਲਈ ਅਫਰੀਕਾ ਚਲੇ ਗਏ। ਵਾਪਸੀ ਤੇ ੧੯੦੪ ਵਿਚ ਝਾਂਸੀ ਆ ਟਿਕੇ ਤੇ ਇਥੋਂ ਦੇ ਹੀ ਬਣ ਕੇ ਰਹਿ ਗਏ। ਨਿਜੀ ਕਾਰੋਬਾਰ ਦੇ ਨਾਲ ਨਾਲ ਸਿਖੀ ਦੇ ਅਸੂਲਾਂ-ਨਾਮ ਜਪਣ, ਵੰਡ ਛਕਣ ਤੇ ਪਹਿਰਾ ਦਿੱਤਾ। ਹਰ ਕਿਸੇ ਦੇ ਦੁੱਖ ਸੁੱਖ ਵਿਚ ਸ਼ਰੀਕ ਹੋਣਾ, ਸਮਾਜ ਸੇਵਾ ਲਈ ਵਕਤ ਕੱਢਣਾ। ਬਾਪੂ ਜੀ ਨੂੰ ਯਾਦ ਸੀ ਕਿਵੇਂ ਅੱਜ ਤੋਂ ੪੫-੫੦ ਵਰ੍ਹੇ ਪਹਿਲੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਝਾਂਸੀ ਆਏ ਸਨ ਤਾਂ ਆਪ ਨਾਲ ਵਰਤਮਾਨ ਸਤਿਗੁਰੂ ਜਗਜੀਤ ਸਿੰਘ ਜੀ ਵੀ ਆਏ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬਾਪੂ ਕਿਸ਼ਨ ਸਿੰਘ ਨੂੰ ਸੂਬਾ ਥਾਪ ਆਪਣੇ ਹੋਰ ਕਰੀਬ ਲੈ ਆਂਦਾ।

ਇਹ ਸਭ ਯਾਦ ਕਰਦਿਆਂ ਬਾਪੂ ਕਿਸ਼ਨ ਸਿੰਘ ਦੀ ਰੂਹ ਕਿਸੇ ਅਗੰਮੀ ਰੰਗ ਵਿਚ ਰੰਗੀ ਗਈ। ਅੱਖਾਂ 'ਚੋਂ ਅੱਥਰੂ ਵਗਣ ਲੱਗੇ। ਬਿਰਤੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਨਾਲ ਜੁੜ ਗਈ। ਅਜਿਹੀ ਅਵਸਥਾ ਦਾ ਆਨੰਦ ਮਾਣ ਰਹੇ ਅੱਖਾਂ ਮੁੰਦੀ ਬੈਠੇ ਬਾਪੂ ਕਿਸ਼ਨ ਸਿੰਘ ਦੇ ਕਿਸੇ ਨੇ

Namdhari Elibrary NamdhariElibrary@gmail.com

ਪੈਰ ਛੂਹੇ ਅਤੇ ਸਤਿ ਸ੍ਰੀ ਅਕਾਲ ਬੁਲਾਈ। ਬਾਪੂ ਜੀ ਨੇ ਅੱਖਾਂ ਖੋਹਲੀਆਂ ਤਾਂ ਸਾਹਵੇਂ ਸ੍ਰੀ ਭੈਣੀ ਸਾਹਿਬ ਦੇ ਲਾਂਗਰੀ ਸੰਤ ਪਾਲਾ ਸਿੰਘ, ਪ੍ਰੀਤਮ ਸਿੰਘ ਅਤੇ ਲੱਖਾ ਸਿੰਘ ਨੂੰ ਦੇਖ ਅਚੰਭਤ ਹੋ ਗਏ। ਸਮਝ ਨਹੀਂ ਆ ਰਹੀ ਸੀ ਕਿ ਇਹ ਸਪਨਾ ਹੈ ਜਾਂ ਸੱਚ। ਤਦੇ ਸੰਤ ਪ੍ਰੀਤਮ ਸਿੰਘ ਨੇ ਬਾਬਾ ਜੀ ਨੂੰ ਹੱਥ ਜੋੜ ਬੇਨਤੀ ਕੀਤੀ ਬਾਪੂ ਜੀ ਕੱਲ੍ਹ ਸਵੇਰੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਆਪ ਜੀ ਨੂੰ ਦਰਸ਼ਨ ਦੇਣ ਆ ਰਹੇ ਹਨ।

ਹੈਂ.....। ਵਾਹ ਮੇਰਾ ਸਤਿਗੁਰੂ! ਮੈਂ ਤਾਂ ਆਸ ਹੀ ਮੁਕਾ ਚੁੱਕਾ ਸੀ ਕਿ ਮੈਨੂੰ ਇਸ ਜਨਮ ਵਿਚ ਦਰਸ਼ਨ ਨਹੀਂ ਹੋਣੇ।

ਕਿਥੋਂ ਆ ਰਹੇ ਨੇ ਪਾਤਸ਼ਾਹ ਜੀ ? ਬਾਪੂ ਕਿਸ਼ਨ ਸਿੰਘ ਨੇ ਪੁਛਿਆ।

ਬਾਪੂ ਜੀ! ਹੈਦਰਾਬਾਦ ਤੋਂ।

ਹੈਦਰਾਬਾਦ ਤੋਂ....?

ਹਾਂ.....।

ਪਾਤਸ਼ਾਹ ਜੀ ੫ ਮਈ ਤੋਂ ਇੱਕ ਸਪੈਸ਼ਲ ਗੱਡੀ ਰਾਹੀਂ ਸੰਗਤਾਂ ਨੂੰ ਦਰਸ਼ਨ ਦੇਣ ਦੀ ਕਿਰਪਾ ਕਰ ਰਹੇ ਹਨ। ਕੱਲ੍ਹ ਸਵੇਰੇ ਵਾਪਸੀ ਤੇ ਤੁਹਾਨੂੰ ਦਰਸ਼ਨ ਦੇ ਕੇ ਨਿਵਾਜਣਗੇ।

ਵਾਹ! ਬੱਲਾ!! ਬੱਲਾ!!!! ਤੇਰੀ ਮੇਹਰ....... ਤੇਰੀ ਬਖਸ਼ਿਸ਼।

ਤੁਹਾਨੂੰ ਮੇਰਾ ਘਰ ਕਿਵੇਂ ਲੱਭਾ....?

ਪਾਤਸ਼ਾਹ ਜੀ ਨੇ ਸਮਝਾ ਦਿਤਾ ਸੀ ਕਿ ਸਟੇਸ਼ਨ ਤੋਂ ਉੱਤਰ ਕੇ ਸਵਾਰੀ ਕਰਕੇ ਸਿਪਰੀ ਬਜ਼ਾਰ ਚਲੇ ਜਾਇਉ। ਉਥੇ ਕਿਸੇ ਨੂੰ ਵੀ ਕਿਸ਼ਨ ਸਿੰਘ ਨਾਮਧਾਰੀ ਪੁੱਛ ਲਿਉ। ਸਾਰੇ ਜਾਣਦੇ ਹਨ।

ਇੱਕ ਵਾਰ ਫਿਰ ਬਾਪੂ ਕਿਸ਼ਨ ਸਿੰਘ ਦੀਆਂ ਅੱਖਾਂ ਛਲਕੀਆਂ, ਗਲਾ ਰੁੰਧਿਆ ਤੇ ਅਵਾਜ਼ ਭਰੜਾਈ।

ਬਾਪੂ ਸੋਚ ਰਿਹਾ ਸੀ ਕਿ ਕਿੰਨੇ ਮਹਾਨ ਹਨ ਸਤਿਗੁਰੂ ਜਗਜੀਤ ਸਿੰਘ ਜੀ, ਜਿਹਨਾਂ 50 ਸਾਲਾਂ ਤੋਂ ਮੇਰਾ ਅਤਾ-ਪਤਾ ਆਪਣੇ ਹਿਰਦੇ ਵਿਚ ਸੰਭਾਲਿਆ ਹੋਇਆ ਹੈ, ਮੈਨੂੰ ਗਰੀਬ ਨੂੰ ਯਾਦ ਰੱਖਿਆ।

ਲਾਂਗਰੀਆਂ ਦੇ ਡੇਰੇ ਲਗਵਾਏ ਗਏ। ਸਤਿਗੁਰੂ ਜੀ ਦੇ ਸਵਾਗਤ ਲਈ ਤਿਆਰੀਆਂ ਹੋਣ ਲੱਗੀਆਂ। ਪਲੋ-ਪਲੀ ਸਭ ਪਾਸੇ ਖਬਰਾਂ ਪਹੁੰਚ ਗਈਆਂ। ਸਭਨਾਂ ਨੂੰ ਚਾਅ ਚੜ੍ਹਿਆ ਹੋਇਆ ਸੀ।

ਕੋਈ ਪੁਛ ਰਿਹਾ ਸੀ :-

ਬਾਪੂ ਜੀ ਹੋਰ ਦੱਸੋ....?

ਬਾਪੂ ਜੀ ਮੈਨੂੰ ਕੀ ਹੁਕਮ ਹੈ.....?

ਅੱਠ-ਦਸ ਸਰੀਰਾਂ ਦੀ ਸਟੇਸ਼ਨ ਤੇ ਜਾ ਕੇ ਸ੍ਰੀ ਸਤਿਗੁਰੂ ਜੀ ਦਾ ਸਵਾਗਤ ਕਰਨ ਦੀ ਡਿਊਟੀ ਲਗਾਈ ਗਈ। ਸਵੇਰ ਹੋਈ, ਹੱਥਾਂ ਵਿਚ ਫੁੱਲਾਂ ਦੇ ਹਾਰ ਫੜੀ ਸਵਾਗਤਕਾਰੀ ਗੱਡੀ ਦੀ ਇੰਤਜ਼ਾਰ ਕਰਨ ਲੱਗੇ। ਸਵੇਰੇ ੯ ਵੱਜ ਕੇ ੧੦ ਮਿੰਟ ਤੇ ਗੱਡੀ ਝਾਂਸੀ ਸਟੇਸ਼ਨ ਤੇ ਪਹੁੰਚੀ। ਵਾਤਾਨਕੂਲ ਸਲੂੈਨ ਦਾ ਦਰਵਾਜਾ ਖੁਲ੍ਹਿਆ। ਮੁਸਕਰਾਉਂਦੇ ਹੋਏ ਸਤਿਗੁਰੂ ਜੀ ਗੱਡੀ ਤੋਂ ਪਲੇਟਫਾਰਮ ਤੇ ਉਤਰੇ। ਪੁਸ਼ਪਹਾਰ ਪਹਿਨਾ, ਚਰਨ ਪਰਸ ਸਵਾਗਤ ਕੀਤਾ ਗਿਆ।

ਸਟੇਸ਼ਨ ਤੋਂ ਬਾਹਰ ਆਏ ਤਾਂ ਸੇਵਕਾਂ ਦੇਖਿਆ ਸ਼ਿਪਰੀ ਬਜ਼ਾਰ ਜਾਣ ਲਈ ਥਰੀਵੀਲਰਾਂ ਤੋਂ ਬਿਨਾਂ ਹੋਰ ਕੋਈ ਸਵਾਰੀ ਨਹੀਂ। ਇਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸ਼ਖਸੀਅਤ ਦੀ ਵਡੱਤਣ ਹੈ ਕਿ ਆਪ ਗਰੀਬ ਅਮੀਰ ਸਭਦੇ ਜਾਂਦੇ ਹਨ ਅਤੇ ਹਾਲਤ ਅਨੁਸਾਰ ਢਲਣ ਦੀ ਜਾਚ ਦੱਸਦੇ ਹਨ। ਹਵਾਈ ਜਹਾਜ ਦੇ ਪਹਿਲੇ ਦਰਜੇ ਵਿਚ ਬੈਠ ਸਫਰ ਕਰਨ ਵਾਲੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਅੱਜ ਆਪਣੇ ਸਿੱਖ ਸੇਵਕ ਨੂੰ ਨਿਵਾਜਣ ਲਈ ਥਰੀਵੀਲਰ ਵਿਚ ਬੈਠਣ ਲੱਗਿਆਂ ਜਰਾ ਵੀ ਝਿਜਕ ਮਹਿਸੂਸ ਨਹੀਂ ਕੀਤੀ। ਇੱਕ ਥਰੀਵਿਲਰ ਵਿਚ ਸੰਤ ਮਹਿੰਦਰ ਸਿੰਘ ਪੂਰਬਾ, ਹਾਰਮੋਨੀਅਮ ਫੜੀ ਸੰਤ ਹਰਬੰਸ ਸਿੰਘ ਘੁਲਾ ਅਤੇ ਸਤਿਗੁਰੂ ਜੀ ਬੈਠ ਗਏ ਅਤੇ ਜਥੇ ਦੇ ੧੦-੧੨ ਸਰੀਰ ਇਵੇਂ ਹੀ ਥਰੀਵੀਲਰਾਂ ਵਿਚ ਬੈਠ ਸ਼ਿਪਰੀ ਬਾਜ਼ਾਰ ਪਹੁੰਚੇ।

ਸਤਿਗੁਰੂ ਜੀ ਦਾ ਆਗਮਨ ਵੇਖ ਸੋਟੀ ਟੇਕਦਾ ਲੰਙ ਮਾਰਦਾ ਬਾਬਾ ਕਿਸ਼ਨ ਸਿੰਘ ਧੰਨ ਮੇਰਾ ਸਤਿਗੁਰੂ! ਧੰਨ ਮੇਰਾ ਸਤਿਗੁਰੂ! ਆਖਦਾ ਚਰਨਾਂ ਨਾਲ ਲਿਪਟ ਗਿਆ। ਮਸਤੀ ਦੀ ਹਾਲਤ ਵਿਚ ਆਖਣ ਲੱਗਾ,

ਪਾਤਸ਼ਾਹ ਤੂੰ ਧੰਨ ਹੈਂ.......।

ਕਿਥੇ ਆ ਮੈਨੂੰ ਦਰਸ਼ਨ ਦਿਤੇ!

ਵਾਹਵਾ.....।

ਵਾਹ....। ਵਾਹ....।

ਜਥੇ ਸਮੇਤ ਝਾਂਸੀ ਦਰਸ਼ਨ ਦੇਣ ਤੇ ਬਾਪੂ ਕਿਸ਼ਨ ਸਿੰਘ ਆਪਣੇ ਮਹਿਬੂਬ ਸਤਿਗੁਰੂ ਦੇ ਬਲਿਹਾਰ

Namdhari Elibrary NamdhariElibrary@gmail.com

ਬਲਿਹਾਰ ਜਾ ਰਿਹਾ ਸੀ। ਸਭਨਾਂ ਲੋੜ ਅਨੁਸਾਰ ਪ੍ਰਸ਼ਾਦ ਪਾਣੀ ਛਕਿਆ। ਸਤਿਗੁਰੂ ਜੀ ਨੇ ਵੀ ਇਸ਼ਨਾਨ ਕਰ ਪ੍ਰਸ਼ਾਦਾ ਪਾਣੀ ਛਕਿਆ। ਅੱਜ ਦਾ ਨਾਮ ਸਿਮਰਨ ਬਾਪੂ ਕਿਸ਼ਨ ਸਿੰਘ ਦੇ ਨਿਵਾਸ ਤੇ ਕਰਨ ਦਾ ਹੁਕਮ ਕਰ ਪਾਤਸ਼ਾਹ ਜੀ ਉਪਰਲੀ ਛੱਤੇ ਆਰਾਮ ਹਿਤ ਤਿਆਰ ਕੀਤੇ ਕਮਰੇ ਵਿਚ ਜਾ ਬਿਰਾਜੇ।

ਸਾਰੇ ਥਾਉਂ-ਥਾਈਂ ਘਰੋ ਘਰੀ ਸੁਨੇਹੇ ਪਹੁੰਚਾ ਦਿੱਤੇ ਗਏ। ਸ਼ਿਪਰੀ ਬਾਜ਼ਾਰ ਬਾਪੂ ਕਿਸ਼ਨ ਸਿੰਘ ਦਾ ਘਰ ਅੱਜ ਸਾਰੇ ਪੰਜਾਬੀਆਂ ਦੀ ਖਿਚ ਦਾ ਕੇਂਦਰ ਸੀ। ਇੱਕ ਘੰਟਾ ਨਾਮ ਸਿਮਰਨ ਹੋਇਆ। ਹਜ਼ੂਰੀ ਰਾਗੀ ਸੰਤ ਹਰਬੰਸ ਸਿੰਘ ਘੁਲਾ ਤੇ ਸ਼ੇਰ ਸਿੰਘ ਨੇ ਰਸ ਭਿੰਨਾ ਕੀਰਤਨ ਕੀਤਾ। ਅਰਦਾਸ ਉਪਰੰਤ ਸਭਨਾਂ ਨੂੰ ਬੈਠਣ ਦਾ ਹੁਕਮ ਹੋਇਆ। ਪਾਤਸ਼ਾਹ ਜੀ ਨੇ ਸੰਗਤਾਂ ਨੂੰ ਸੰਬਧਨ ਕੀਤਾ...

ਅੱਜ ਤੋਂ ੪੦-੫੦ ਸਾਲ ਪਹਿਲਾਂ ਦੀ ਗੱਲ ਹੈ ਇਥੋਂ ਝਾਂਸੀ ਤੋਂ ਤਕਰੀਬਨ ੧੦੦ ਕੁ ਮੀਲ ਦੇ ਫਾਸਲੇ ਤੇ ਇਕ ਕਸਬਾ ਚੱਕ ਕਬੀਰੀ ਹੈ। ਉਥੇ ਤਿੰਨ ਚਾਰ ਨਾਮਧਾਰੀ ਪਰਵਾਰ ਹਨ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵਕਤ ਇਕ ਸਿੱਖ ਚਤਰ ਸਿੰਘ ਅਸ਼ਟਾਵਕਰ ਕਰਕੇ ਹੋਇਆ ਹੈ। ਉਹ ਕਈ ਸਾਲ ਭੈਣੀ ਸਾਹਿਬ ਰਹਿ ਕੇ ਘੋੜਿਆਂ ਦੀ ਸੇਵਾ ਵੀ ਕਰਦਾ ਰਿਹਾ ਹੈ। ਬੜਾ ਹਿੰਮਤੀ ਸੀ ਤੇ ਉਚਾ ਤਕੜਾ ਸਰੀਰ ਸੀ ਚਤਰ ਸਿੰਘ ਦਾ। ਉਸਦੇ ਭਤੀਜੇ ਵਸਾਖਾ ਸਿੰਘ ਦਾ ਇਥੋਂ ਦੇ ਕਿਸੇ ਲੋਕਲ ਵਸਨੀਕ ਨਾਲ ਝਗੜਾ ਹੋ ਗਿਆ। ਵਸਾਖਾ ਸਿੰਘ ਨੇ ਉਸਨੂੰ ਕਾਫੀ ਸੱਟਾਂ ਫੇਟਾਂ ਮਾਰ ਦਿੱਤੀਆਂ ਤੇ ਹੋਰ ਨੁਕਸਾਨ ਵੀ ਕੀਤਾ। ਪੁਲਿਸ ਕੇਸ ਬਣ ਗਿਆ, ਕੇਸ ਅਦਾਲਤ ਵਿਚ ਚਲਾ ਗਿਆ। ਵਸਾਖਾ ਸਿੰਘ ਨੂੰ ਲੰਮੀ ਕੈਦ ਦੀ ਸੰਭਾਵਨਾ ਸੀ। ਚਤਰ ਸਿੰਘ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਅਰਜ਼ ਕੀਤੀ। ਸੱਚੇ ਪਾਤਸ਼ਾਹ ਜੀ ਨੇ ਬਾਬਾ ਕਿਸ਼ਨ ਸਿੰਘ ਹੋਰਾਂ ਨੂੰ ਹੁਕਮ ਕੀਤਾ, ਇਹ ਉਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸੂਬੇ ਹੋਇਆ ਕਰਦੇ ਸਨ।

ਹੁਕਮ ਮੰਨ, ਪੇਸ਼ੀ ਵਾਲੇ ਦਿਨ ਬਾਬਾ ਕਿਸ਼ਨ ਸਿੰਘ ਸਤਿਗੁਰੂ ਦੇ ਚਰਨਾਂ ਵਿਚ ਅਰਦਾਸ ਕਰ ਅਦਾਲਤ ਵਿਚ ਚਲੇ ਗਏ। ਜਦੋਂ ਜੱਜ ਨੂੰ ਪਤਾ ਲੱਗਾ ਕਿ ਕਿਸ਼ਨ ਸਿੰਘ ਇਸ ਪ੍ਰਾਂਤ ਦੇ ਨਾਮਧਾਰੀ ਸਮਾਜ ਦੇ ਮੁਖੀ ਤੇ ਨਿਆਂਕਰਤਾ ਹਨ ਤਾਂ ਕਾਰਵਾਈ ਸ਼ੁਰੂ ਕਰਨ ਤੋਂ ਪਹਿਲਾਂ ਕੁਰਸੀ ਮੰਗਵਾ ਕੇ ਕਿਸ਼ਨ ਸਿੰਘ ਹੋਰਾਂ ਨੂੰ ਆਦਰ ਪੂਰਵਕ ਬਿਠਾਇਆ। ਕੇਸ ਦੀ ਕਾਰਵਾਈ ਸ਼ੁਰੂ ਹੋਣ ਲੱਗੀ ਤਾਂ ਕਿਸ਼ਨ ਸਿੰਘ ਹੋਰੀਂ ਉਠ ਕੇ ਖੜ੍ਹੇ ਹੋ ਗਏ ਤੇ ਆਖਣ ਲੱਗੇ, ਜੱਜ ਸਾਹਿਬ ! ਆਪ ਨਿਆਏ ਦੀ ਕੁਰਸੀ ਤੇ ਬੈਠੇ ਹੋ, ਜੋ ਫੈਸਲਾ ਤੁਸੀਂ ਕਰੋਗੇ ਉਹ ਤਾਂ ਹੋਵੇਗਾ ਹੀ ਪਰ ਅਸੀਂ ਇਸ ਆਦਮੀ ਨੂੰ ਆਪਣੇ ਸਮਾਜ ਵਲੋਂ ਸਜ਼ਾ ਦੇਵਾਂਗੇ, ਤੇ ਉਸ ਆਦਮੀ ਦੇ ਨੁਕਸਾਨ ਦੀ ਪੂਰਤੀ ਕਰਵਾਵਾਂਗੇ। ਤੁਸੀਂ ਤਾਂ ਗਵਾਹੀਆਂ ਦੇ ਅਧਾਰ ਤੇ ਇਸਨੂੰ ਬਰੀ ਵੀ ਕਰ ਸਕਦੇ ਹੋ। ਪਰ ਅਸੀਂ ਇਸਨੂੰ ਮੁਆਫ ਨਹੀਂ ਕਰਾਂਗੇ। ਸਾਧ ਸੰਗਤ, ਜੱਜ ਏਨਾਂ ਮੁਤਾਸਿਰ ਹੋਇਆ ਕਿ ਕੇਸ ਦੀ ਫਾਈਲ ਬੰਦ ਕਰ ਦਿੱਤੀ ਤੇ ਮੁਜ਼ਰਮ ਬਾਬਾ ਕਿਸ਼ਨ ਸਿੰਘ ਹੋਰਾਂ ਦੇ ਹਵਾਲੇ ਕਰਦਿਆਂ ਕਿਹਾ ਮੈਂ ਇਸਨੂੰ ਤੁਹਾਡੇ ਹਵਾਲੇ ਕਰਦਾ ਹਾਂ, ਇਸ ਕੇਸ ਦਾ ਫੈਸਲਾ ਤੁਸੀਂ ਹੀ ਕਰੋ।

ਸਾਧ ਸੰਗਤ ਜੀ, ਸ੍ਰੀ ਸਤਿਗੁਰੂ ਰਾਮ ਸਿੰਘ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੇ ਸਿਖਾਂ ਦੇ ਅਜੇਹੇ ਉਚੇ ਸੁਚੇ ਜੀਵਨ ਹੋਇਆ ਕਰਦੇ ਸਨ।

ਜਾ ਕਾ ਠਾਕੁਰੁ ਊਚਾ ਹੋਈ॥
ਸੋ ਜਨ ਪਰ ਘਰ ਜਾਤ ਨ ਸੋਹੀ॥

ਸਭਨਾਂ ਨੂੰ ਸਣੇਕੇਸੀਂ ਇਸ਼ਨਾਨ ਕਰਨ, ਇਕ ਘੰਟਾ ਨਾਮ ਸਿਮਰਨ ਕਰਨ ਅਤੇ ਬਾਣੀ ਪੜ੍ਹਨ ਦਾ ਹੁਕਮ ਕਰ ਪਾਤਸ਼ਾਹ ਜੀ ਨੇ ਆਪਣੇ ਪ੍ਰਵਚਨਾਂ ਨੂੰ ਵਿਰਾਮ ਦਿੱਤਾ।

ਸ਼ਾਮ ੭.੪੦ ਤੇ ਝਾਂਸੀ ਤੋਂ ਰਵਾਨਗੀ ਸੀ। ਪਾਤਸ਼ਾਹ ਜੀ ਅਤੇ ਜਥੇ ਦੇ ਜਾਣ ਦਾ ਸਮਾਂ ਆ ਗਿਆ ਸੀ। ਝਾਂਸੀ ਦੀ ਸੰਗਤਾਂ ਇਹਨਾਂ ਲੁਭਾਣੇ ਪਲਾਂ ਨੂੰ ਮੁੱਕਣ ਨਹੀਂ ਦੇਣੀਆਂ ਚਾਹੁੰਦੀਆਂ ਸਨ।

ਥਰੀਵੀਲਰ ਆ ਗਏ। ਸਾਰਾ ਜਥਾ ਥਰੀਵੀਲਰਾਂ ਵਿਚ ਬੈਠ ਗਿਆ। ਬਾਬਾ ਕਿਸ਼ਨ ਸਿੰਘ ਵੈਰਾਗੀ ਹੋਇਆ ਗੁਰੂ ਚਰਨਾਂ ਨਾਲ ਲਿਪਟ ਗਿਆ। ਹੱਥ ਜੋੜ ਭਰੇ ਹੋਏ ਗਲੇ ਨਾਲ ਬੱਸ ਇੰਨਾਂ ਹੀ ਆਖ ਸਕਿਆ-

ਤੁਧ ਜੇਹਾ ਨਾਹੀ ਕੋਇ ਜੀਉ।।

(ਬੀਤੇ ਦੀਆਂ ਪੈੜਾਂ 'ਚ ਦਿਤੇ ਵਿਵਰਨ ਤੇ ਅਧਾਰਿਤ)

Namdhari Elibrary NamdhariElibrary@gmail.com

ਨਾਮਧਾਰੀ ਸੰਪਰਦਾਇ ਵਿਚ ਔਰਤ ਦੀ ਮਹੱਤਤਾ

✍ ਡਾ. ਹਰਸ਼ਿੰਦਰ ਕੌਰ, ਐਮ. ਡੀ., ਬੱਚਿਆਂ ਦੀ ਮਾਹਿਰ

ਗੁਰੂ ਨਾਨਕ ਦੇਵ ਜੀ ਦੀਆਂ ਨਾਮਲੇਵਾ ਸੰਪਰਦਾਵਾਂ ਵਿੱਚ ਨਾਂ ਲਏ ਜਾਂਦੇ ਹਨ, ਉਦਾਸੀਆਂ ਵਣਜਾਰਿਆਂ, ਨਿਰਮਲਿਆਂ, ਨਿਹੰਗਾਂ ਤੇ ਨਾਮਧਾਰੀ ਸਿਖਾਂ ਦੇ। ਇਹਨਾਂ ਵਿਚੋਂ ਸਾਰੀਆਂ ਸੰਪਰਦਾਵਾਂ ਦੇ ਮੁਖੀਆਂ ਤੋਂ ਖ਼ਿਮਾ ਮੰਗਦੀ ਹੋਈ ਦੱਸਣਾ ਚਾਹੁੰਦੀ ਹਾਂ ਕਿ ਮੇਰੀ ਰਾਏ ਅਨੁਸਾਰ ਕੇਵਲ ਨਾਮਧਾਰੀ ਸੰਪਰਦਾਇ ਹੀ ਜਿਊਂਦੀ ਜਾਗਦੀ ਤੇ ਕਾਰਜਸ਼ੀਲ ਹੈ। ਇਸ ਸੰਪਰਦਾਇ ਵਿੱਚ ਗੁਰਬਾਣੀ, ਕੀਰਤਨ, ਸੇਵਾ ਤੇ ਸਿਮਰਨ ਦਾ ਕੇਵਲ ਸਤਿਕਾਰ ਹੀ ਨਹੀਂ, ਅਭਿਆਸ ਵੀ ਹੁੰਦਾ ਹੈ। ਵਰਤਮਾਨ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਛਤਰ ਛਾਇਆ ਹੇਠ ਪਿਛਲੇ ੫੦ ਵਰ੍ਹਿਆਂ ਤੋਂ ਸਾਡੀਆਂ ਅਧਿਆਤਮਕ ਕਦਰਾਂ ਕੀਮਤਾਂ ਅਤੇ ਰੂਹਾਨੀਅਤ ਨੂੰ ਅਮਲੀ ਰੂਪ ਵਿਚ ਅਪਨਾਉਣ ਦੇ ਨਾਲ ਨਾਲ ਸਮਾਜਕ ਪਖੋਂ ਵੀ ਖਾਸ ਕਰਕੇ ਬੀਬੀਆਂ ਦੀ ਮਹੱਤਤਾ ਨੂੰ ਗੁਰੂ ਆਸ਼ੇ ਅਨੁਸਾਰ ਵਿਸ਼ੇਸ਼ ਸਥਾਨ ਦੇਣ ਵਾਸਤੇ ਉਹਨਾਂ ਵਲੋਂ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ।

ਜਿਸ ਤਰ੍ਹਾਂ ਨਾਮਧਾਰੀ ਗੁਰੂ ਰਾਮ ਸਿੰਘ ਜੀ ਨੇ ਵਿਦੇਸ਼ੀ ਰਾਜ ਦੇ ਘੋਰ ਅੰਧਕਾਰ ਵਾਲੇ ਸਮੇਂ ਵਿਚ ਹੋਰ ਬਥੇਰੇ ਭਾਰਤੀ ਆਗੂਆਂ ਵਾਂਗ ਆਪਣੇ ਆਪ ਨੂੰ ਕੇਵਲ ਸਮਾਜ ਸੁਧਾਰ ਤੱਕ ਹੀ ਸੀਮਿਤ ਨਹੀਂ ਸੀ ਰੱਖਿਆ ਬਲਕਿ ਅਜ਼ਾਦੀ ਦੀ ਪ੍ਰਾਪਤੀ ਲਈ ਨਿੱਗਰ ਕਾਰਜਕ੍ਰਮ ਉਲੀਕੇ ਤੇ ਮਹਾਤਮਾ ਗਾਂਧੀ ਤੋਂ ਬਹੁਤ ਪਹਿਲਾਂ ਦੇਸ਼ ਨੂੰ ਗੋਰੀ ਜ਼ਹਿਮਤ ਤੋਂ ਛੁਟਕਾਰਾ ਦਿਵਾਉਣ ਦੀ ਦੂਰ ਅੰਦੇਸ਼ ਪਹਿਲ ਕੀਤੀ, ਅਫ਼ਸੋਸ ਹੈ ਉਹਨਾਂ ਦੀ ਜਿਸ ਰਾਸ਼ਟਰੀ ਪੱਧਰ ਉਤੇ ਮਾਨਤਾ ਹੋਣੀ ਚਾਹੀਦੀ ਸੀ, ਉਹ ਨਹੀਂ ਹੋਈ। ਮੈਂ ਕੋਈ ਸਿਆਸੀ ਵਿਅਕਤੀ ਨਹੀਂ ਹਾਂ ਇਸ ਲਈ ਸਿਆਸਤ ਦੇ ਖੇਤਰ ਵਿਚ ਨਾਮਧਾਰੀ ਗੁਰੂ ਰਾਮ ਸਿੰਘ ਜੀ ਦੀ ਦੇਣ ਬਾਰੇ ਬਹੁਤ ਕੁਝ ਨਹੀਂ ਕਹਿਣਾ ਚਾਹੁੰਦੀ। ਉਸ ਖੇਤਰ ਦੇ ਖਿਡਾਰੀਆਂ ਲਈ ਮੈਂ ਇਹ ਪਾਸਾ ਅਣਛੋਹਿਆ ਰੱਖਣਾ ਚਾਹੁੰਦੀ ਹਾਂ। ਮੈਂ ਆਪਣੇ ਅੱਜ ਦੇ ਲੇਖ ਵਿੱਚ ਕੇਵਲ ਇਕ ਅਜੇਹੇ ਪੱਖ ਦੀ ਕਥਾ ਛੋਹਣਾ ਚਾਹੁੰਦੀ ਹਾਂ ਜਿਸ ਬਾਰੇ ਮੈਂ ਅੱਗੇ ਵੀ ਕਾਫੀ ਲਿਖ ਚੁੱਕੀ ਹਾਂ ਪਰ ਨਾਰੀ ਦੇ ਕਲਿਆਣ ਲਈ ਜੋ ਸੇਵਾ ਨਾਮਧਾਰੀ ਸੰਪਰਦਾਇ ਨੇ ਨਾਮਧਾਰੀ ਗੁਰੂ ਰਾਮ ਸਿੰਘ ਜੀ ਦੀ ਅਗਵਾਈ ਵਿਚ ਕੀਤੀ, ਉਸਦਾ ਵਿਸ਼ੇਸ਼ ਜ਼ਿਕਰ, ਜੋ ਮੈਂ ਅੱਗੇ ਨਹੀਂ ਕਰ ਸਕੀ, ਅੱਜ ਕਰਨ ਲੱਗੀ ਹਾਂ।

ਇੱਕੀਵੀਂ ਸਦੀ ਵਿਚ ਔਰਤ ਕਿੰਨੀ ਅਗਾਂਹਵਧੂ ਹੈ, ਇਹ ਅਸੀਂ ਰੋਜ਼ ਪੜ੍ਹਦੇ ਸੁਣਦੇ ਹਾਂ। ਉਸਦੀ ਮਰਦ ਨਾਲ ਬਰਾਬਰੀ ਦੀ ਗਾਥਾ ਵੀ ਬਥੇਰੀ ਪੜ੍ਹੀ ਸੁਣੀ ਜਾਂਦੀ ਹੈ। ਉਸਦੀਆਂ ਚੰਨ ਤੱਕ ਉਡਾਰੀਆਂ ਵੀ ਕਿਸੇ ਤੋਂ ਲੁਕੀਆਂ ਨਹੀਂ। ਨਿਰਸੰਦੇਹ ਔਰਤਾਂ ਦਾ ਪੱਧਰ ਉੱਚਾ ਚੁੱਕਿਆ ਗਿਆ ਜਾਪਦਾ ਹੈ। ਪਰ ਘਰੇਲੂ ਹਿੰਸਾ ਦੇ ਵਧਦੇ ਅੰਕੜੇ, ਬਲਾਤਕਾਰਾਂ ਵਿਚ ਬੇਸ਼ੁਮਾਰ ਵਾਧਾ ਤੇ ਮਾਦਾ ਭਰੂਣ ਹੱਤਿਆਵਾਂ ਦੀ ਨਵੀਂ ਸਿਖਰ ਕੁਝ ਹੋਰ ਵੀ ਕਹਾਣੀ ਬਿਆਨ ਕਰਦੀ ਹੈ।

ਸੰਨ ੨੦੦੭ ਵਿਚ ਇੱਕ ਪੰਦਰਾਂ ਵਰ੍ਹਿਆਂ ਦੀ ਬੱਚੀ ਨੂੰ ੨੧ ਗੁੰਡਿਆਂ ਨਾਲ ਜੇਲ੍ਹ ਦੇ ਇਕੋ ਕਮਰੇ ਵਿੱਚ ਬੰਦ ਕਰਕੇ ਰੱਖਿਆ ਗਿਆ ਤੇ ਦੋ ਵੇਲੇ ਦੀ ਰੋਟੀ ਵਾਸਤੇ ਹਰ ਵਾਰ ਉਸਨੂੰ ਜਿਸਮਾਨੀ ਸ਼ੋਸ਼ਣ ਕਰਵਾਉਣਾ ਪਿਆ। ਕੀ ਇਹ ਜ਼ੁਲਮ ਦੀ ਇੰਤਹਾ

Namdhari Elibrary NamdhariElibrary@gmail.com

ਨਹੀਂ? ਹਿਊਮਨ ਰਾਈਟਸ ਦੀਆਂ ਇਸ ਤੋਂ ਵਧ ਧੱਜੀਆਂ ਕਿਵੇਂ ਉੱਡ ਸਕਦੀਆਂ ਹਨ? ਜੇ ਪਿੱਛੇ ਝਾਤ ਮਾਰੀਏ ਤਾਂ ਕੁੜੀ ਜੰਮਦੇ ਸਾਰ ਮਾਰਨੀ 'ਪਵਿੱਤਰ ਕਾਰਜ' ਸਮਝਿਆ ਜਾਂਦਾ ਸੀ। ਗਰਮੀਆਂ ਵਿੱਚ ਤੱਤੀ ਰੇਤ ਤੇ ਤੜਪਾ ਕੇ ਮਾਰਨਾ, ਸਰਦੀਆਂ ਵਿੱਚ ਠੰਡੇ ਪਾਣੀ ਵਿੱਚ ਡੁਬਾਉਣਾ, ਅੱਕ ਦਾ ਦੁੱਧ ਪਿਆ ਕੇ ਮਾਰਨਾ, ਮਿੱਟੀ ਦੇ ਭਾਂਡੇ ਵਿੱਚ ਦੱਬ ਕੇ ਮਾਰਨਾ ਜਾਂ ਗਲੇ ਦੀ ਰਗ ਨੱਪ ਕੇ ਮਾਰਨਾ ਇੰਨੀ ਆਮ ਜਿਹੀ ਗੱਲ ਸਮਝੀ ਜਾਂਦੀ ਸੀ ਕਿ ੧੯੭੮ ਦੇ ਅੰਕੜਿਆਂ ਅਨੁਸਾਰ ਭਾਰਤ ਦੀ ਧਰਤੀ ਤੇ ਡੇਢ ਕਰੋੜ ਕੁੜੀਆਂ ਦਾ ਘਾਟਾ ਪੈ ਚੁੱਕਿਆ ਸੀ। ਜਿਹੜੇ ਮਾਪੇ ਆਪਣੀਆਂ ਕੁੜੀਆਂ ਨਹੀਂ ਸਨ ਮਾਰਦੇ, ਉਹ ਮੰਡੀ ਵਿਚ ਲੋੜ ਤੇ ਸਪਲਾਈ ਅਨੁਸਾਰ ਆਪਣੀਆਂ ਕੁੜੀਆਂ ਵੇਚ ਦਿੰਦੇ ਸਨ। ਇਸ ਤੋਂ ਇਲਾਵਾ ਸਤੀ ਦੇ ਰਿਵਾਜ ਕਾਰਨ ਕਈ ਵਾਰ ਇੱਕ ਬੰਦੇ ਨਾਲ ਵਿਆਹੀਆਂ ਕਈ ਔਰਤਾਂ ਇੱਕੋ ਵੇਲੇ ਜਿੰਦਾ ਸਾੜ ਦਿੱਤੀਆਂ ਜਾਂਦੀਆਂ ਸਨ। ਇਤਿਹਾਸ ਗਵਾਹ ਹੈ ਕਿ ਇਕੋ ਸਾਲ ੧੮੧੭ ਵਿੱਚ ਇਕੱਲੇ ਬੰਗਾਲ ਵਿੱਚ ੭੦੦ ਤੋਂ ਵਧ ਵਿਧਵਾ ਇਸਤਰੀਆਂ ਅੱਗ ਦੇ ਭਾਂਬੜ ਵਿੱਚ ਜਿੰਦਾ ਮੱਚ ਕੇ ਸਤੀ ਹੋ ਗਈਆਂ ਸਨ।

ਕੁੜੀਆਂ ਵਾਸਤੇ ਪੜ੍ਹਾਈ ਦੀ ਤਾਂ ਮਨਾਹੀ ਸੀ ਕਿਉਂਕਿ ਉਹਨਾਂ ਸਿਰਫ ਨੌਕਰਾਂ ਵਾਂਗ ਹੀ ਘਰ ਦੀ ਚਾਰਦਿਵਾਰੀ ਅੰਦਰ ਜ਼ਿੰਦਗੀ ਬਤੀਤ ਕਰਨੀ ਹੁੰਦੀ ਸੀ।

ਦੋ ਤੋਂ ਚਾਰ ਸਾਲ ਦੀ ਉਮਰ ਵਿਚ ਬਾਲ ਵਿਆਹ ਹੋਣਾ ਵੀ ਆਮ ਜਿਹੀ ਗੱਲ ਸੀ। ਘੁੰਢ ਤੋਂ ਬਗੈਰ ਔਰਤਾਂ ਦੇ ਵਿਚਰਨ ਉਤੇ ਮਨਾਹੀ ਹੁੰਦੀ ਸੀ। ਭਾਰਤ ਦੇ ਪ੍ਰਾਚੀਨ ਮੰਦਰਾਂ ਵਿੱਚ ਦੇਵਦਾਸੀਆਂ ਬਣਾ ਕੇ ਨਿੱਕੀਆਂ ਬੱਚੀਆਂ ਨੂੰ ਜਬਰੀ ਪੁਜਾਰੀਆਂ ਦੀ ਕਾਮ ਤ੍ਰਿਸ਼ਨਾ ਦਾ ਸ਼ਿਕਾਰ ਬਣਾਇਆ ਜਾਂਦਾ ਸੀ।

ਬਾਲ ਵਿਧਵਾਵਾਂ ਨੂੰ ਨਰਕ ਤੋਂ ਵੀ ਬਦਤਰ ਜ਼ਿੰਦਗੀ ਬਤੀਤ ਕਰਨ ਲਈ ਮਜਬੂਰ ਕੀਤਾ ਜਾਂਦਾ ਸੀ। ਬੰਧਕ ਮਜਦੂਰ ਵੀ ਉਨ੍ਹਾਂ ਦੀ ਹਾਲਤ ਵੇਖ ਕੇ ਕੰਬ ਉਠਦੇ ਸਨ।

ਕੀ ਇਹ ਸਭ ਕੁਝ ਪੜ੍ਹ ਸੁਣ ਕੇ ਇਹ ਨਹੀਂ ਭਾਸਦਾ ਕੀ ਔਰਤ ਨੂੰ ਪੈਰ ਦੀ ਜੁੱਤੀ, ਬੱਚੇ ਪੈਦਾ ਕਰਨ ਵਾਲੀ ਮਸ਼ੀਨ ਤੇ ਭੋਗ ਵਿਲਾਸ ਦੀ ਵਸਤੂ ਸਮਝ ਕੇ ਇਕ ਜਿਊਂਦੀ ਲਾਸ਼ ਬਣਾ ਦਿੱਤਾ ਗਿਆ ਸੀ? ਧਰਮ ਦੇ ਖੇਤਰ ਵਿੱਚ ਬੜੇ ਬੜੇ ਸੁਧਾਰਕ ਆਏ ਪਰ ਕੁਝ ਨਾ ਕਰ ਸਕੇ।

ਮਹਾਨ ਗੁਰੂ, ਗੁਰੂ ਨਾਨਕ ਦੇਵ ਜੀ ਜਿਨ੍ਹਾਂ ਵਿਚ ਤਾਕਤ ਸੀ ਕਿ ਮੁਗਲਾਂ ਦੇ ਰਾਜ ਵਿਚ ਉਨ੍ਹਾਂ ਦੇ ਰਾਜੇ ਬਾਬਰ ਨੂੰ ਜਾਬਰ ਕਹਿ ਸਕਣ, ਨੇ ਹੀ ਇਸਤਰੀਆਂ ਦੇ ਹੱਕ ਵਿੱਚ ਆਵਾਜ਼ ਚੁੱਕੀ। ਉਸ ਵੇਲੇ ਦਾ ਜਿਹੜਾ ਮੁਹਾਵਰਾ ਲੋਕਾਂ ਨੂੰ ਬਹੁਤ ਛੇਤੀਂ ਸਮਝ ਆ ਸਕਦਾ ਸੀ, ਉਹ ਵਰਤ ਕੇ ਜਤਾਇਆ ਕਿ ਇਸਤਰੀ ਦੀ ਜਾਤ ਕਿੰਨੀ ਸਨਮਾਨਯੋਗ ਹੈ। ਉਨ੍ਹਾਂ ਕਿਹਾ, ਓ ਭਲਿਓ ਲੋਕੋ! ਜਿਨ੍ਹਾਂ ਨੂੰ ਮਾਰ ਰਹੇ ਹੋ ਉਹ ਤਾਂ ਰਾਜੇ ਮਹਾਰਾਜੇ ਦੀਆਂ ਜਨਮ ਦਾਤੀਆਂ ਹਨ। ਉਹਨਾਂ ਸਪਸ਼ਟ ਕਿਹਾ ਕਿ ਭਗਤੀ ਕਰਨ ਵਾਸਤੇ ਤੇ ਪ੍ਰਮਾਤਮਾ ਨੂੰ ਪਾਉਣ ਵਾਸਤੇ ਘਰ-ਬਾਰ ਛੱਡਣ ਤੇ ਔਰਤ ਦਾ ਤਿਆਗ ਕਰਨ ਦੀ ਲੋੜ ਨਹੀਂ ਹੈ। ਉਹਨਾਂ ਆਵਾਜ਼ ਚੁੱਕੀ ਕਿ ਔਰਤ ਪੈਰ ਦੀ ਜੁੱਤੀ ਨਹੀਂ ਬਲਕਿ ਗ੍ਰਹਿਸਥ ਜੀਵਨ ਦਾ ਆਧਾਰ ਹੁੰਦੀ ਹੈ। ਉਹਨਾਂ ਔਰਤ ਦੇ ਮਾਣ-ਸਨਮਾਨ ਵਿਚ ਵਾਧਾ ਕਰਦੇ ਹੋਏ ਆਪਣੀ ਭੈਣ ਬੇਬੇ ਨਾਨਕੀ ਨੂੰ ਵੀ ਸਤਿਕਾਰ ਸਹਿਤ 'ਬੇਬੇ' ਕਿਹਾ। ਗੁਰੂ ਅਮਰਦਾਸ ਜੀ ਨੇ ਸਭ ਤੋਂ ਪਹਿਲਾਂ ਸਤੀ ਪ੍ਰਥਾ ਦਾ ਖੰਡਨ ਕੀਤਾ। ਗੁਰੂ ਅੰਗਦ ਦੇਵ ਜੀ ਨੇ ਵੀ ਇਸਤਰੀ ਦਾ ਮਹੱਤਵ ਵਧਾਉਣ ਲਈ ਲੰਗਰ ਦੀ ਸੇਵਾ ਆਪਣੀ ਧਰਮ ਪਤਨੀ ਮਾਤਾ ਖੀਵੀ ਜੀ ਨੂੰ ਸੌਂਪੀ ਸੀ। ਮਾਤਾ ਸਾਹਿਬ ਕੌਰ ਜੀ ਨੂੰ ਖਾਲਸੇ ਦੀ ਮਾਤਾ ਹੋਣ ਦਾ ਮਾਣ ਪ੍ਰਾਪਤ ਹੋਇਆ। ਸਿੰਘ ਸਜਾਉਣ ਲਈ ਅੰਮ੍ਰਿਤ ਛਕਾਉਣ ਵਾਸਤੇ ਵੀ ਬੀਬੀ ਜੀਤੋ ਜੀ ਵਲੋਂ ਹੀ ਪਤਾਸੇ ਘੋਲੇ ਗਏ ਸੀ। ਮਾਈ ਭਾਗੋ ਜੀ ਨੇ ਵੀ ਬੇਦਾਵਾ ਲਿਖ ਕੇ ਗਏ ਸਿਖਾਂ ਨੂੰ ਵਾਪਸ ਮੋੜ ਲਿਆਂਦਾ ਸੀ। ਮਾਤਾ ਸੁੰਦਰੀ ਵੀ ਖਾਲਸੇ ਦੀ ਅਗਵਾਈ ਕਰਦੇ ਰਹੇ ਸਨ ਤੇ ਬੀਬੀ ਅਨੂਪ ਕੌਰ ਨੇ ਵੀ ਖਾਲਸੇ ਦੀ ਸ਼ਾਨ ਕਾਇਮ ਰੱਖਣ ਲਈ ਮਲੇਰਕੋਟਲੇ ਦੇ ਨਵਾਬ ਦੀ ਕਾਮ ਵਾਸ਼ਨਾ ਤੋਂ ਬਚਣ ਲਈ ਸ਼ਹੀਦੀ ਪਾ ਲਈ ਸੀ।

ਸਿੰਘਣੀਆਂ ਨੇ ਆਪਣੇ ਬੱਚਿਆਂ ਦੇ ਟੋਟੇ ਆਪਣੇ ਗਲੇ ਦੁਆਲੇ ਬੰਨ੍ਹਵਾ ਕੇ ਇਹ ਸਾਬਤ ਕਰ ਦਿੱਤਾ ਕਿ ਉਹ ਕਿਸੇ ਵੀ ਕੀਮਤ ਤੇ ਸਿੱਖੀ ਸਿਦਕ ਨਹੀਂ ਹਾਰਨਗੀਆਂ।

ਸਿੱਖ ਮਤ ਵਿਚ ਬੇਟੀ ਬੇਟੇ ਤੋਂ ਘੱਟ ਨਹੀਂ ਮੰਨੀ ਜਾਂਦੀ ਤੇ ਲੜਕੀਆਂ ਨੂੰ ਜੰਮਦੇ ਸਾਰ ਮਾਰਨ ਤੇ

Namdhari Elibrary NamdhariElibrary@gmail.com

ਸਖ਼ਤ ਮਨਾਹੀ ਹੈ। ਲੜਕੀਆਂ ਦੇ ਵਿਆਹ ਦਾ ਦਾਨ ਲੈਣ ਨੂੰ ਬਹੁਤ ਮਾੜਾ ਮੰਨਿਆ ਜਾਂਦਾ ਹੈ। ਇਹ ਤਾਂ ਸਨ ਫੁਟਕਲ ਮਿਸਾਲਾਂ ਜਿਨ੍ਹਾਂ ਤੋਂ ਨਾਮਧਾਰੀ ਗੁਰੂ ਰਾਮ ਸਿੰਘ ਜੀ ਨੇ ਜ਼ਰੂਰ ਅਗਵਾਈ ਲਈ ਹੋਵੇਗੀ, ਪਰ ਜੇ ਅੱਜ ਪਿਛਲ ਝਾਤ ਨਾਲ ਨਾਮਧਾਰੀ ਇਤਿਹਾਸ ਵੱਲ ਨਿਗਾਹ ਮਾਰੀਏ ਤਾਂ ਜਿਸ ਤਰ੍ਹਾਂ ਇਸਤਰੀ ਜਾਤੀ ਦੀ ਬੇਹਤਰੀ ਲਈ ਉਪਰਾਲੇ ਕੀਤੇ ਹਨ, ਉਹ ਬੇ-ਮਿਸਾਲ ਹਨ।

ਨਾਮਧਾਰੀ ਗੁਰੂ ਰਾਮ ਸਿੰਘ ਜੀ ਨੇ ਕੁੜੀਆਂ ਨਾ ਮਾਰਨ ਦਾ ਐਲਾਨ ਕੀਤਾ ਕਿ ਅਜੇਹਾ ਕਰਨਾ ਪਾਪ ਹੁੰਦਾ ਹੈ। ਉਹਨਾਂ ਸਪਸ਼ਟ ਕਹਿ ਦਿੱਤਾ ਕਿ ਇਸ ਤਰ੍ਹਾਂ ਕਰਨ ਨਾਲ ਖ਼ਾਲਸਿਆਂ ਦੀ ਸਮਾਪਤੀ ਹੋ ਜਾਵੇਗੀ ਕਿਉਂਕਿ ਅਸੀਂ ਆਪਣੇ ਬੀਜ ਦਾ ਆਪ ਹੀ ਨਾਸ ਕਰ ਦਿਆਂਗੇ।

ਉਹਨਾਂ ਪੂਰੇ ਜ਼ੋਰ ਸ਼ੋਰ ਨਾਲ ਸਦੀਆਂ ਤੋਂ ਵਿਧਵਾ ਵਿਆਹਾਂ ਤੇ ਲੱਗੀ ਰੋਕ ਨੂੰ ਤੋੜਨ ਦਾ ਜਤਨ ਕੀਤਾ ਤੇ ਸਭ ਨੂੰ ਸਮਝਾਇਆ ਕਿ ਔਰਤ ਵੀ ਇਕ ਰੂਹਦਾਰ ਪ੍ਰਾਣੀ ਹੈ ਤੇ ਉਸਦੀਆਂ ਵੀ ਸੱਧਰਾਂ ਹੁੰਦੀਆਂ ਹਨ। ਇਸ ਲਈ ਭਰ ਜਵਾਨੀ ਵਿਚ ਨਰਕ ਵਰਗਾ ਜੀਵਨ ਬਤੀਤ ਕਰਨ ਨਾਲੋਂ ਉਸਦਾ ਦੁਬਾਰਾ ਵਿਆਹ ਕਰਨ ਵਾਸਤੇ ਪ੍ਰੇਰਿਆ। ਉਹਨਾਂ ਬਹੁਤ ਵਧੀਆ ਤਰੀਕੇ ਨਾਲ ਸਮਝਾਇਆ ਕਿ ਜੇ ਕਿਸੇ ਆਦਮੀ ਦਾ ਪੁੱਤਰ ਆਪਣੀ ਪਤਨੀ ਦੇ ਮਰ ਜਾਣ ਤੇ ਦੂਜਾ ਵਿਆਹ ਕਰ ਸਕਦਾ ਹੈ ਤਾਂ ਉਸੇ ਆਦਮੀ ਦੀ ਧੀ ਨੂੰ ਅਜਿਹਾ ਹੱਕ ਕਿਉਂ ਨਾ ਹੋਵੇ? ਨਾਮਧਾਰੀ ਗੁਰੂ ਰਾਮ ਸਿੰਘ ਜੀ ਨੇ ਕਿਹਾ ਕਿ ਕਿਸੇ ਲੋੜਵੰਦ ਦਾ ਘਰ ਵੱਸ ਜਾਵੇ ਤੇ ਉਸਦੇ ਹਉਕਿਆਂ ਨੂੰ ਖੇੜਿਆਂ ਵਿਚ ਬਦਲ ਦਿੱਤਾ ਜਾਵੇ ਤਾਂ ਇਸਨੂੰ ਪੁੰਨ ਮੰਨਿਆ ਜਾਣਾ ਚਾਹੀਦਾ ਹੈ।

ਇਸੇ ਹੀ ਤਰ੍ਹਾਂ ਨੂੰਹਾਂ ਨੂੰ ਆਪਣੀਆਂ ਅਸਲ ਧੀ ਮੰਨਣ ਨੂੰ ਕਿਹਾ ਤਾਂ ਜੋ ਉਹਨਾਂ ਉੱਤੇ ਜ਼ੁਲਮ ਘਟ ਜਾਣ।

ਇਸਤਰੀ ਜਾਤੀ ਨੂੰ ਨਿਰਾਦਰ ਦੀ ਬਜਾਏ ਮਾਣ, ਸਤਿਕਾਰ ਤੇ ਬਰਾਬਰੀ ਦਿਵਾਉਣ ਲਈ ਸਭ ਤੋਂ ਪਹਿਲਾਂ ਬਾਲ ਵਿਆਹ ਦਾ ਸਖ਼ਤੀ ਨਾਲ ਵਿਰੋਧ ਕੀਤਾ। ਫੇਰ ਸਿਰਫ ਚੌਂਕੇ ਚੁੱਲੇ ਵਿਚ ਰੁਲ ਜਾਣ ਨਾਲੋਂ ਉਹਨਾਂ ਦੀ ਪੜ੍ਹਾਈ ਉਤੇ ਜ਼ੋਰ ਪਾਇਆ ਤਾਂ ਜੋ ਪੜ੍ਹ ਲਿਖ ਕੇ ਇਸਤਰੀ ਕੁਝ ਬਣ ਸਕੇ ਤੇ ਘਰ ਦੇ ਬਾਕੀ ਕੰਮਕਾਰ ਵਿਚ ਮਦਦ ਕਰ ਸਕੇ ਅਤੇ ਭਾਈਚਾਰਕ ਮਸਲਿਆਂ ਵਿਚ ਹਿੱਸਾ ਲੈ ਸਕੇ।

ਉਹਨਾਂ ਮਾਂ ਬੋਲੀ ਪੜ੍ਹਨ ਉਤੇ ਬਹੁਤ ਜ਼ੋਰ ਦਿੱਤਾ ਤੇ ਅੱਜ ਅਸੀਂ ਯੂਨੈਸਕੋ ਵਰਗੀਆਂ ਉਚੇ ਮਿਆਰ ਦੀਆਂ ਵਿਸ਼ਵ ਵਿਆਪੀ ਸੰਸਥਾਵਾਂ ਦੇ ਐਲਾਨ ਤੋਂ ਸੂਚਨਾਵਾਂ ਲੈ ਲੈ ਕੇ ਆਪਣੀਆਂ ਸਰਕਾਰਾਂ ਤੇ ਆਪਣੇ ਲੋਕਾਂ ਨੂੰ ਦੱਸਦੇ ਫਿਰਦੇ ਹਾਂ ਕਿ ਮਾਂ ਬੋਲੀ ਦੇ ਗਿਆਨ ਦੀ ਕਿੰਨੀ ਭਾਰੀ ਅਹਿਮੀਅਤ ਹੈ। ਨਾਮਧਾਰੀ ਗੁਰੂ ਰਾਮ ਸਿੰਘ ਜੀ ਨੂੰ ਇਸ ਅਹਿਮੀਅਤ ਦੀ ਉਸ ਸਮੇਂ ਵਿਚ ਹੀ ਜਾਣਕਾਰੀ ਤੋਂ ਸਿੱਧ ਹੈ ਕਿ ਉਹਨਾਂ ਦੀ ਸੋਚ ਕਿੰਨੀ ਤੰਦਰੁਸਤ ਤੇ ਉਸਾਰੂ ਸੀ।

ਘੁੰਡ ਦੇ ਉਹਲੇ ਤੋਂ ਕੱਢ ਕੇ ਕੁੜੀਆਂ ਦੇ ਹੱਕ ਵਿੱਚ ਆਵਾਜ਼ ਚੁੱਕਦੇ ਹੋਏ ਬੜੀ ਸਖ਼ਤੀ ਨਾਲ ਉਹਨਾਂ ਨੇ ਕੁੜੀਆਂ ਨੂੰ ਨਾ ਵੇਚਣ ਲਈ ਹੁਕਮ ਦਿੱਤਾ। ਉਹਨਾਂ ਇਸ ਨੂੰ ਬਹੁਤ ਵੱਡਾ ਕੁਕਰਮ ਮੰਨਿਆ ਕਿ ਇਹ ਸਿਰਫ ਹੱਡ ਮਾਸ ਹੀ ਨਹੀਂ, ਜਿਉਂਦੀ ਜਾਗਦੀ ਕੁਦਰਤੀ ਦਾਤ ਹੈ ਜਿਸਦਾ ਅਪਮਾਨ ਕਰਨਾ ਪ੍ਰਮਾਤਮਾ ਦੇ ਅਪਮਾਨ ਕਰਨ ਦੇ ਬਰਾਬਰ ਹੈ।

ਇੱਕ ਤਰੀਕੇ ਨਾਲ ਤਾਂ ਇਹਨਾਂ ਬਚਨਾਂ ਨਾਲ ਇਸਤਰੀ ਜਾਤੀ ਨੂੰ ਮੁਕਤੀ ਦਾ ਸਾਧਨ ਹੀ ਮਿਲ ਗਿਆ ਸੀ। ਨਾਮਧਾਰੀ ਗੁਰੂ ਰਾਮ ਸਿੰਘ ਜੀ ਦੀ ਹੌਸਲਾ ਅਫਜਾਈ ਨਾਲ ਇਸਤਰੀ ਜਾਤੀ ਨੂੰ ਸ਼ਕਤੀ ਮਿਲ ਗਈ ਤੇ ਇਸਤਰੀ ਪ੍ਰਤੀ ਅਨਾਦਰ ਦੀ ਭਾਵਨਾ ਘਟ ਗਈ।

ਇਸਤਰੀ ਨੂੰ ਬਰਾਬਰੀ ਦੇ ਥੜ੍ਹੇ ਉਤੇ ਖੜ੍ਹਾ ਕਰਨ ਦੀ ਇਛਾ ਨਾਮਧਾਰੀ ਗੁਰੂ ਰਾਮ ਸਿੰਘ ਜੀ ਦੇ ਅੰਦਰ ਏਨੀ ਬਲਵਾਨ ਸੀ ਕਿ ਉਨ੍ਹਾਂ ਨੇ ਸਿਖਾਂ ਦੀ ਮੁੱਖ ਧਾਰਾ ਵਿਚ ਅੰਮ੍ਰਿਤ ਛਕਾਉਣ ਦੀ ਰਸਮ ਵਿਚ ਵੀ ਤਬਦੀਲੀ ਲਿਆ ਕੇ ਇਸਤਰੀ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾਉਣਾ ਸ਼ੁਰੂ ਕਰ ਦਿੱਤਾ।

ਉਹਨਾਂ ਨੇ ਔਰਤ ਨੂੰ ਪਰਾਧੀਨਤਾ ਦੇ ਜੀਵਨ ਵਿਚੋਂ ਕੱਢ ਕੇ ਉਤਮ ਜੀਵਨ ਬਤੀਤ ਕਰਨ ਦੀ ਦਾਤ ਬਖ਼ਸ਼ੀ। ਇਸ ਆਦਮੀ ਤੇ ਔਰਤ ਦੀ ਸੰਪੂਰਨ ਬਰਾਬਰੀ ਦਾ ਨਤੀਜਾ ਇਹ ਹੋਇਆ ਕਿ ਆਜ਼ਾਦੀ ਦੀ ਲੜਾਈ ਵਿਚ ਔਰਤਾਂ ਨੇ ਜਥੇਬੰਦੀਆਂ ਬਣਾ ਲਈਆਂ। ਇਸ ਮਹਾਂ ਸ਼ਕਤੀ ਨੂੰ ਪੈਦਾ ਕਰਨ ਦਾ ਸਿਹਰਾ ਨਾਮਧਾਰੀ ਗੁਰੂ ਰਾਮ ਸਿੰਘ ਜੀ ਨੂੰ ਹੀ ਜਾਂਦਾ ਹੈ।

ਵੀਰਾਂਗਣਾਂ ਦਾ ਦਰਜਾ ਦੇ ਕੇ ਅਤੇ ਸੁਤੰਤਰਤਾ

Namdhari Elibrary NamdhariElibrary@gmail.com

ਦਾ ਝੰਡਾ ਹੱਥ ਵਿਚ ਫੜਾ ਕੇ, ਆਜ਼ਾਦੀ ਦੀ ਲੜਾਈ ਵਿਚ ਔਰਤਾਂ ਦਾ ਯੋਗਦਾਨ ਪੁਆ ਕੇ ਨਾਮਧਾਰੀ ਗੁਰੂ ਰਾਮ ਸਿੰਘ ਜੀ ਨੇ ਸਾਬਤ ਕਰ ਦਿੱਤਾ ਕਿ ਔਰਤਾਂ ਵੀ ਆਪਣੀ ਸ਼ਕਤੀ ਨਾਲ ਬਰਤਾਨਵੀ ਰਾਜ ਦੇ ਸੰਘਣੇ ਬੱਦਲਾਂ ਨੂੰ ਛੰਡ ਸਕਦੀਆਂ ਹਨ।

ਨਾਮਧਾਰੀ ਗੁਰੂ ਰਾਮ ਸਿੰਘ ਜੀ ਨੇ ਵਿਆਹ ਉਤੇ ਕੀਤੇ ਜਾਂਦੇ ਫਾਲਤੂ ਖਰਚੇ ਅਤੇ ਦਾਜ ਤੇ ਵੀ ਸਖ਼ਤੀ ਨਾਲ ਰੋਕ ਲਾਈ।

ਅੱਜ ਦੇ ਦਿਨ ਤੇ ਝਾਤ ਮਾਰੀਏ ਤਾਂ ਯੂ. ਐਨ. ਦੀ ਰਿਪੋਰਟ ਦੇ ਮੁਤਾਬਕ ਵੀਹ ਪ੍ਰਤੀਸ਼ਤ ਤੋਂ ਪੰਜੀ ਪ੍ਰਤੀਸ਼ਤ ਪੰਜਾਬੀ ਮੁੰਡੇ ਕੁਆਰੇ ਰਹਿ ਰਹੇ ਹਨ ਕਿਉਂਕਿ ਅਣਜੰਮੀਆਂ ਤੇ ਨਵਜੰਮੀਆਂ ਕੁੜੀਆਂ ਮਾਰਨ ਕਰਕੇ ਇਹਨਾਂ ਦੀ ਗਿਣਤੀ ਘਟ ਚੁੱਕੀ ਹੈ। ਇਸ ਗਿਣਤੀ ਵਿਚ ਸਾਢੇ ਦਸ ਲੱਖ ਕੁੜੀਆਂ ਹਰ ਸਾਲ ਹੋਰ ਮਾਰ ਕੇ ਕਤਲਾਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋਈ ਜਾ ਰਿਹਾ ਹੈ। ਨਤੀਜੇ ਵਜੋਂ ਢਾਈ ਕਰੋੜ ਔਰਤਾਂ ਦੀ ਕਮੀ ਤਾਂ ਹੁਣ ਤੱਕ ਹੋ ਚੁੱਕੀ ਹੈ। ਜੇ ਇਹਨਾਂ ਕਤਲਾਂ ਨੂੰ ਸਖਤੀ ਨਾਲ ਠੱਲ੍ਹ ਨਾ ਪਾਈ ਗਈ ਤਾਂ ਅਗਲੇ ਵੀਹ ਸਾਲਾਂ ਬਾਅਦ ਲਗਭਗ ਸੱਤਰ ਪ੍ਰਤੀਸ਼ਤ ਪੰਜਾਬੀ ਮੁੰਡੇ ਕੁਆਰੇ ਰਹਿ ਜਾਣਗੇ। ਜੇ ਅੱਜ ਦੇ ਦਿਨ ਪੂਰੇ ਪੰਜਾਬ ਵਿਚ ਹਰ ਹਜ਼ਾਰ ਮੁੰਡਿਆਂ ਪਿਛੇ ਸਿਰਫ ੮੭੦ ਦੇ ਕਰੀਬ ਕੁੜੀਆਂ ਹੀ ਬਚ ਰਹੀਆਂ ਹਨ, ਤਾਂ ਮੈਨੂੰ ਦੱਸਿਆ ਗਿਆ ਕਿ (ਪ੍ਰੋ. ਜੋਗਿੰਦਰ ਸਿੰਘ ਮੁਖੀ ਨਾਮਧਾਰੀ ਗੁਰੂ ਰਾਮ ਸਿੰਘ ਚੇਅਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਅਨੁਸਾਰ - (Proceedings of History Congress 2005-06 ਵਿਚ ਪੜ੍ਹੇ ਪੇਪਰ ਵਿਚ Session "Namdhari Sikhs of Punjab) ਜ਼ਿਲ੍ਹਾ ਗੁਰਦਾਸਪੁਰ ਵਿਚ ਨਾਮਧਾਰੀ ਸਿਖਾਂ ਵਿਚ ਹਰ ਹਜ਼ਾਰ ਮੁੰਡੇ ਪਿਛੇ ੯੪੦ ਤੋਂ ਵਧ ਕੁੜੀਆਂ ਹਨ। ਦੂਜਾ ਪਰਚਾ- Punjab History Conference March ੨੦੦੬ ਵਿਚ ਦੱਸਿਆ ਗਿਆ ਕਿ ਕਪੂਰਥਲੇ ਵਿਚ ਨਾਮਧਾਰੀ ਸਿੱਖਾਂ ਵਿਚ ਹਰ ਹਜ਼ਾਰ ਪਿਛੇ ੯੨੦ ਤੋਂ ਵਧ ਕੁੜੀਆਂ ਹਨ। ਜ਼ਿਲ੍ਹਾ ਬਰਨਾਲਾ ਵਿਚ ਇਹ ਗਿਣਤੀ ੧੦੦੦ ਪਿਛੇ ੧੦੦੦ ਹੈ। ਨਾਮਧਾਰੀ ਸਿੱਖਾਂ ਵਿੱਚ ਇਹ ਗਿਣਤੀ ਹਾਲੇ ਵੀ ਹਜ਼ਾਰ ਪਿਛੇ ੯੫੪ ਤੋਂ ਉਪਰ ਹੋਵੇ ਤਾਂ ਇਹ ਇੰਨੀ ਚੌਂਕਾ ਦੇਣ ਵਾਲੀ ਖਬਰ ਹੈ ਕਿ ਜੇ ਇਹ ਸੱਚ ਹੈ ਤਾ ਵਿਸ਼ਵ ਪੱਧਰ ਉਤੇ ਇਸਨੂੰ ਪਹੁੰਚਾਉਣ ਦੀ ਲੋੜ ਹੈ। ਅਜ ਵੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਆਗਿਆ ਵਿੱਚ ਰਹਿ ਕੇ ਸਿੱਖ ਆਪਣੀ ਚੰਗੀਆਂ ਪਰੰਪਰਾਵਾਂ ਕਾਇਮ ਰੱਖ ਰਹੇ ਹਨ।

ਮੈਨੂੰ ਨਾਮਧਾਰੀ ਪਰਵਾਰਾਂ ਵਿਚ ਵਿਚਰਨ ਦਾ ਮੌਕਾ ਨਹੀਂ ਮਿਲਿਆ। ਜਿਸ ਤਰ੍ਹਾਂ ਅੰਦਰ ਵੜ ਕੇ ਕੋਈ ਖੋਜ ਕਰਦਾ ਹੈ, ਮੈਂ ਉਸ ਤਰ੍ਹਾਂ ਦੀ ਬਕਾਇਦਾ ਖੋਜ ਨਹੀਂ ਕਰ ਸਕੀ। ਇਹ ਕੰਮ ਕਿਸੇ ਯੂਨੀਵਰਸਿਟੀ ਨੂੰ ਯੂ. ਜੀ. ਸੀ. ਦੀ ਯੋਜਨਾ ਹੇਠ ਕਰਨਾ ਚਾਹੀਦਾ ਹੈ, ਤਾਂ ਜੋ ਅਸੀਂ ਨਾਮਧਾਰੀ ਗੁਰੂ ਰਾਮ ਸਿੰਘ ਜੀ ਦੇ ਚਲਾਏ ਇਸਤਰੀ ਜਾਤੀ ਨੂੰ ਬਰਾਬਰੀ ਤੇ ਸਤਿਕਾਰ ਦਿਵਾਉਣ ਦੇ ਅਭਿਆਸ ਦੇ ਪ੍ਰਮਾਣੀਕ ਨਤੀਜਿਆਂ ਉੱਤੇ ਪਹੁੰਚ ਸਕੀਏ।

ਮੇਰੀ ਖੁਸ਼ਕਿਸਮਤੀ ਹੈ ਕਿ ਮੈਨੂੰ ਜਿਉਂਦੇ ਜੀਅ ਨਾਮਧਾਰੀ ਸਿੱਖਾਂ ਬਾਰੇ ਜਾਨਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਇਨ੍ਹਾਂ ਦੀ ਸ਼ਹਾਦਤ ਦੀ ਮਿਸਾਲ ਦੁਨੀਆਂ ਵਿਚ ਕਿਤੇ ਨਹੀਂ ਮਿਲਦੀ। ਸਾਡੇ ਵਿਚੋਂ ਕੋਈ ਇੱਕ ਸ਼ਹੀਦ ਹੋ ਜਾਏ ਤਾਂ ਅਸੀਂ ਉਹ ਦਿਨ ਮਨਾਉਂਦੇ ਹਾਂ ਉਸ ਉਤੇ ਫਖ਼ਰ ਕਰਦੇ ਹਾਂ।

ਇਥੇ "ਗੁਰੂ ਦੇ ਸਿਖ ਤੋਪਾਂ ਨਾਲ ਉਡਾਏ ਗਏ। ਇਹ ਬੇਮਿਸਾਲ ਹੈ।"

ਇਸ ਸੰਪਰਦਾਇ ਵਿਚੋਂ ਮਲੇਰਕੋਟਲੇ ਵਿਖੇ ੬੬ ਲਾਸਾਨੀ ਸ਼ਹੀਦ ਹੋਣ ਤਾਂ ਮਾਣ ਵਾਲੀ ਗੱਲ ਹੈ।

ਮੈਂ ਇਤਿਹਾਸਕਾਰ ਨਹੀਂ ਹਾਂ ਪਰ ਇਤਿਹਾਸਕਾਰਾਂ ਦਾ ਕੰਮ ਹੈ ਕਿ ਉਹ ਸਾਨੂੰ ਸਪਸ਼ਟ ਕਰਕੇ ਦੱਸਣ ਕਿ ਜਿਸ ਸਮੇਂ ਨਾਮਧਾਰੀ ਗੁਰੂ ਰਾਮ ਸਿੰਘ ਜੀ ਆਪਣੇ ਦੇਸੀ ਅਨੁਭਵੀ ਗਿਆਨ ਨਾਲ ਨਾਰੀ ਦੇ ਉਧਾਰ ਨੂੰ ਆਪਣੇ ਧਰਮ ਦਾ ਹਿੱਸਾ ਬਣਾ ਕੇ ਪੇਸ਼ ਕਰ ਰਹੇ ਸਨ, ਉਸ ਵੇਲੇ ਭਾਰਤ ਵਿਚ ਦੇਸੀ ਜਾਂ ਬਿਦੇਸ਼ੀ ਪ੍ਰਭਾਵਾਂ ਹੇਠ ਇਸ ਤਰ੍ਹਾਂ ਦੀ ਕੋਈ ਨਾਰੀ ਪੱਖੀ ਲਹਿਰ ਕਿਤੇ ਵੇਖਣ ਵਿੱਚ ਆਉਂਦੀ ਹੈ ਕਿ ਨਹੀਂ। ਪਰ ਆਉਂਦੀ ਹੋਵੇ ਜਾਂ ਨਾ ਮੇਰੀ ਤੁਛ ਰਾਏ ਅਨੁਸਾਰ ਜੋ ਆਵਾਜ਼ ਭੈਣੀ ਸਾਹਿਬ ਦੇ ਰਿਸ਼ੀ ਨੇ ਬੁਲੰਦ ਕੀਤੀ, ਉਸਦੀ ਪੂਰੀ ਜਾਣਕਾਰੀ ਅਜੇ ਤੱਕ ਆਪਣੇ ਦੇਸ ਵਾਸੀਆਂ ਨੂੰ ਨਹੀਂ ਦੇ ਸਕੇ। ਜੇ ਅਸੀਂ ਇਸ ਪ੍ਰਚਾਰ ਨੂੰ ਮੁਹਿੰਮ ਬਣਾ ਕੇ ਹੋਰ ਕਿਤੇ ਵੀ ਨਾ ਪ੍ਰਚਾਰੀਏ ਪਰ ਸਿੱਖ ਜਨਤਾ ਦੇ ਘਰ ਘਰ ਇਸ ਸੁਨੇਹੇ ਨੂੰ ਆਪਣਾ ਵਿਰਸਾ ਮੰਨ ਕੇ ਪਹੁੰਚਾ ਸਕੀਏ ਤਾਂ ਇਹ ਇੱਕ ਵੱਡਾ ਪੁੰਨ ਹੋਵੇਗਾ।

Namdhari Elibrary NamdhariElibrary@gmail.com

ਕੂਕਾ ਅੰਦੋਲਨ ਅਤੇ ਨਾਰੀ ਸਸ਼ਕਤੀਕਰਨ

✍ ਸੂਬਾ ਸੁਰਿੰਦਰ ਕੌਰ ਖਰਲ

ਸ੍ਰੀ ਸਤਿਗੁਰੂ ਜੀ ਨੇ ਇਸਤਰੀ ਨੂੰ ਭਜਨ ਬੰਦਗੀ ਕਰਨ ਅਤੇ ਦਿਵਾਨਾਂ ਵਿਚ ਬਿਨਾਂ ਸੰਕੋਚ ਤੋਂ ਬਿਨਾਂ ਘੁੰਡ ਸ਼ਾਮਲ ਹੋਣ ਦੀ ਇਜਾਜ਼ਤ ਦਿੱਤੀ। ਖਾਨਦਾਨੀ ਹਉਮੈ ਨੂੰ ਸੁਰਜੀਤ ਰਖਦੇ ਹੋਏ ਧੀਆਂ ਨੂੰ ਮਾਰ ਦੇਣ ਵਾਲਿਆਂ ਦੀ ਨਿਖੇਧੀ ਕੀਤੀ ਅਤੇ ਅਜੇਹੇ ਲੋਕਾਂ ਦਾ ਸਮਾਜ ਵਿਚੋਂ ਬਾਈਕਾਟ ਕਰਨ ਲਈ ਹੁਕਮ ਦਿੱਤਾ। ਆਪ ਜੀ ਨੇ ਪਰ ਇਸਤਰੀ ਨੂੰ ਮਾਵਾਂ, ਧੀਆਂ, ਭੈਣਾਂ ਜਾਨਣ ਦਾ ਉਪਦੇਸ਼ ਦ੍ਰਿੜਾਇਆ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਭਾਰਤੀ ਦੀ ਉਹ ਅਦੁੱਤੀ ਤੇ ਮਹਾਨ ਸ਼ਖਸੀਅਤ ਹਨ, ਜਿਨ੍ਹਾਂ ਨੇ ਸੰਨ ੧੮੫੭ ਵਿਚ ਕੂਕਾ ਅੰਦੋਲਨ ਨਾਮਕ ਦੇਸ਼ ਭਗਤੀ ਦੀ ਮਹਾਨ ਲਹਿਰ ਚਲਾ ਕੇ ਦੇਸ਼ ਦੇ ਸੁਤੰਤਰਤਾ ਸੰਗਰਾਮ ਦਾ ਮੁੱਢ ਬੰਨ੍ਹਿਆ। ਭਾਰਤ ਦੀ ਅਜ਼ਾਦੀ ਦੀ ਲੜਾਈ ਦਾ ਮੁੱਢ ਸ੍ਰੀ ਸਤਿਗੁਰੂ ਜੀ ਨੇ ਬ੍ਰਿਟਿਸ਼ ਸਰਕਾਰ ਵਿਰੁੱਧ ਨਾ ਮਿਲਵਰਤਣ ਅੰਦੋਲਨ ਚਲਾ ਕੇ ਬੰਨ੍ਹਿਆ ਅਤੇ ਅੰਗਰੇਜ਼ ਸਾਮਰਾਜ ਦੀਆਂ ਜੜ੍ਹਾਂ ਹਿਲਾ ਦਿੱਤੀਆਂ। ਨਾਮਧਾਰੀ ਲਹਿਰ ਵਲੋਂ ਸੁਤੰਤਰਤਾ ਸੰਗਰਾਮ ਵਿੱਚ ਪਾਏ ਗਏ ਯੋਗਦਾਨ ਤੋਂ ਸਾਰਾ ਭਾਰਤਵਰਸ਼ ਬਾਖੂਬੀ ਜਾਣੂ ਹੈ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਦੇਸ਼ ਨੂੰ ਧਾਰਮਿਕ, ਸਮਾਜਿਕ ਤੇ ਰਾਜਨੀਤਕ ਸੇਧ ਉਦੋਂ ਪ੍ਰਦਾਨ ਕੀਤੀ ਜਦੋਂ ਦੇਸ਼ ਵਿਚ ਪੂਰੀ ਤਰ੍ਹਾਂ ਅਸਥਿਰਤਾ ਸੀ ਅਤੇ ਲੋਕ ਆਚਰਨਹੀਨ ਹੁੰਦੇ ਚਲੇ ਜਾ ਰਹੇ ਹਨ। ਅੰਗਰੇਜ਼ ਸਰਕਾਰ ਮਹਾਰਾਜਾ ਰਣਜੀਤ ਸਿੰਘ ਦੇ ਸਵਰਗਵਾਸ ਹੋਣ ਤੋਂ ਦਸ ਸਾਲ ਬਾਅਦ ਪੰਜਾਬ ਤੇ ਵੀ ਕਾਬਜ਼ ਹੋ ਚੁੱਕੀ ਸੀ।

ਕੂਕਾ ਅੰਦੋਲਨ ਦਾ ਉਦੇਸ਼ ਰਾਜਨੀਤਕ ਖੇਤਰ ਵਿਚ ਦੇਸ਼ ਦੀ ਆਜ਼ਾਦੀ ਪ੍ਰਾਪਤ ਕਰਨ ਦੇ ਨਾਲ ਨਾਲ ਧਾਰਮਿਕ ਅਤੇ ਸਮਾਜਿਕ ਖੇਤਰ ਵਿਚ ਸੁਧਾਰ ਕਰਨਾ ਸੀ।

ਉਸ ਵੇਲੇ ਸਮਾਜ ਵਿਚ ਇਸਤਰੀ ਜਾਤੀ ਦੀ ਹਾਲਤ ਬਹੁਤ ਦੁਖਦਾਈ ਸੀ।

ਭਾਰਤ ਵਿਚ ਇਕ ਸਮਾਂ ਅਜੇਹਾ ਆਇਆ ਜਦੋਂ ਇਸਤਰੀ ਜਾਤੀ ਦੀ ਦੁਰਦਸ਼ਾ ਹੋਣ ਲੱਗੀ। ਲੋਕ ਜੰਮਦੀਆਂ ਕੁੜੀਆਂ ਮਾਰਨ ਲੱਗ ਪਏ ਸਨ ਤਾਂ ਜੋ ਕੋਈ ਉਹਨਾਂ ਦਾ ਜਵਾਈ ਨਾ ਬਣ ਸਕੇ। ਉਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਕੁਰੀਤੀ ਵਿਰੁੱਧ ਆਵਾਜ਼ ਉਠਾਈ, ਲੋਕਾਂ ਨੂੰ ਸਮਝਾਇਆ ਜਿਸ ਔਰਤ ਨੇ ਰਾਜੇ ਮਹਾਰਾਜੇ ਗੁਰੂ ਪੀਰਾਂ ਨੂੰ ਜਨਮ ਦਿੱਤਾ ਹੈ ਉਸ ਨੂੰ ਮੰਦਾ ਕਿਉਂ ਆਖਿਆ ਜਾਵੇ।

ਆਪੋ ਆਪਣੇ ਸਮਿਆਂ ਵਿਚ ਸਾਰੇ ਗੁਰੂਆਂ ਨੇ ਇਸਤਰੀ ਜਾਤੀ ਦੇ ਸਨਮਾਨ ਦੀ ਪ੍ਰਥਾ ਨੂੰ ਬਣਾਈ ਰੱਖਿਆ ਅਤੇ ਇਸਤਰੀ ਦੀ ਮੰਦੀ ਦਸ਼ਾ ਦੇ ਸੁਧਾਰ ਲਈ ਪ੍ਰਯਤਨਸ਼ੀਲ ਰਹੇ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਇਸਤਰੀ ਜਾਤੀ ਦੀ ਬਹੁਤ ਦੁਰਦਸ਼ਾ ਹੋ ਰਹੀ ਸੀ ਅਤੇ ਅਨੇਕ ਸਮਾਜਿਕ ਕੁਰੀਤੀਆਂ ਪ੍ਰਚਲਤ ਸਨ।

ਇਸਤਰੀ ਜਾਤੀ ਦੀ ਦਸ਼ਾ ਦੇ ਸੁਧਾਰ ਲਈ ਸਾਰਥਕ ਕਦਮ ਚੁੱਕ ਕੇ, ਸ੍ਰੀ ਸਤਿਗੁਰੂ ਰਾਮ ਸਿੰਘ

Namdhari Elibrary NamdhariElibrary@gmail.com

ਜੀ ਨੇ ਬਹੁਤ ਵੱਡਾ ਉਪਕਾਰ ਕੀਤਾ। ਜੰਮਦੀਆਂ ਕੁੜੀਆਂ ਨੂੰ ਮਾਰਨ, ਵੇਚਣ, ਵੱਟਾ ਕਰਨ ਤੇ ਬਾਲ ਵਿਆਹ ਕਰਨ ਤੋਂ ਲੋਕਾਂ ਨੂੰ ਰੋਕਿਆ। ਸਤੀ ਪ੍ਰਥਾ ਨੂੰ ਬੰਦ ਕਰਨ ਅਤੇ ਵਿਧਵਾ ਦਾ ਮੁੜ ਵਿਆਹ ਕਰਨ ਲਈ ਪ੍ਰੇਰਿਆ। ਇਸਤਰੀ ਨੂੰ ਘੁੰਡ ਕੱਢਣ ਅਤੇ ਉਸ ਸਮੇਂ ਦੇ ਪ੍ਰਚਲਤ ਹੋਰ ਫਜ਼ੂਲ ਰੀਤੀ ਰਿਵਾਜ ਕਰਨ ਤੋਂ ਵਰਜਿਆ। ਇਹ ਹੀ ਨਹੀਂ, ਸਤਿਗੁਰੂ ਰਾਮ ਸਿੰਘ ਜੀ ਨੇ ਸੰਮਤ ੧੯੨੦ (ਸੰਨ ੧੮੬੩) ਨੂੰ ਪਿੰਡ ਸਿਆੜ੍ਹ ਜ਼ਿਲ੍ਹਾ ਲੁਧਿਆਣਾ ਵਿਖੇ ਮਾਈਆਂ ਨੂੰ ਅੰਮ੍ਰਿਤ ਛਕਾਇਆ। ਇਸੇ ਸਾਲ ਜੂਨ ਸੰਨ ੧੮੬੩ ਨੂੰ ਪਿੰਡ ਖੋਟੇ ਜ਼ਿਲ੍ਹਾ ਫਿਰੋਜ਼ਪੁਰ ਵਿਖੇ, ਹਵਨ ਕਰਕੇ, ਵੇਦੀ ਗੱਡ ਕੇ, ਲਾਵਾਂ ਪੜ੍ਹ ਕੇ ਛੇ ਅੰਤਰਜਾਤੀ ਜੋੜਿਆਂ ਦੇ ਵਿਆਹ ਕਰਕੇ ਸ੍ਰੀ ਸਤਿਗੁਰੂ ਜੀ ਨੇ ਗੁਰਮਤ ਅਨੰਦ ਕਾਰਜ ਕਰਨ ਦੀ ਮਰਯਾਦਾ ਆਰੰਭੀ। ਇਹ ਮਹਿਲਾ ਸਸ਼ਕਤੀਕਰਨ ਅਤੇ ਨਾਰੀ ਮੁਕਤੀ ਵੱਲ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵਲੋਂ ਪੁੱਟੀ ਗਈ ਇਕ ਵੱਡੀ ਪੁਲਾਂਘ ਸੀ।

ਕੋਈ ਵੀ ਕੌਮ ਅਗੇ ਨਹੀਂ ਵਧ ਸਕਦੀ ਜੇ ਸਮਾਜ ਦਾ ਅੱਧ ਔਰਤ ਗੁਲਾਮ ਹੋਵੇ ਜਾਂ ਫਿਰ ਔਰਤ ਸਮਾਜ ਵਿਚੋਂ ਮਨਫੀ ਹੀ ਹੋ ਜਾਵੇ।

ਸ੍ਰੀ ਸਤਿਗੁਰੂ ਜੀ ਨੇ ਇਸਤਰੀ ਨੂੰ ਭਜਨ ਬੰਦਗੀ ਕਰਨ ਅਤੇ ਦਿਵਾਨਾਂ ਵਿਚ ਬਿਨਾਂ ਸੰਕੋਚ ਤੋਂ ਬਿਨਾਂ ਘੁੰਡ ਸ਼ਾਮਲ ਹੋਣ ਦੀ ਇਜਾਜ਼ਤ ਦਿੱਤੀ। ਖਾਨਦਾਨੀ ਹਉਮੈ ਨੂੰ ਸੁਰਜੀਤ ਰਖਦੇ ਹੋਏ ਧੀਆਂ ਨੂੰ ਮਾਰ ਦੇਣ ਵਾਲਿਆਂ ਦੀ ਨਿਖੇਧੀ ਕੀਤੀ ਅਤੇ ਅਜੇਹੇ ਲੋਕਾਂ ਦਾ ਸਮਾਜ ਵਿਚੋਂ ਬਾਈਕਾਟ ਕਰਨ ਲਈ ਹੁਕਮ ਦਿੱਤਾ। ਆਪ ਜੀ ਨੇ ਪਰ ਇਸਤਰੀ ਨੂੰ ਮਾਵਾਂ, ਧੀਆਂ, ਭੈਣਾਂ ਜਾਨਣ ਦਾ ਉਪਦੇਸ਼ ਦ੍ਰਿੜਾਇਆ।

ਸ੍ਰੀ ਸਤਿਗੁਰੂ ਜੀ ਨੇ ਮੁੰਡਿਆਂ ਤੇ ਕੁੜੀਆਂ ਦੋਹਾਂ ਨੂੰ ਗੁਰਮੁਖੀ ਪੜ੍ਹਾਉਣ ਦੀ ਪ੍ਰੇਰਨਾ ਦਿਤੀ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਅਨੁਸਾਰ :

-ਜੋ ਕੁੜੀ ਮਾਰੇ ਕੇ ਤਾ ਬੇਚੇ ਕੇ ਤਾ ਬਟਾ ਕਰੇ, ਅਰ ਜੇ ਕਰ ਅਛੀ ਤਰਾ ਮਲੂਮੀ ਹੋਏ ਜਾਵੇ ਤਾ ਉਸਦੇ ਨਾਲ ਨਹੀ ਬਰਤਣਾ। ਨਾ ਓਸ ਨੂੰ ਸੰਗਤ ਮੈ ਬੜਨ ਦੇਣਾ।

-ਹੋਰ ਲਟਕੀ ਨਾ ਕਿਸੇ ਮਾਰਨੀ ਨਾ ਕਿਸੇ ਬਟਾ ਕਰਨਾ ਨਾ ਲਟਕੀ ਦੇ ਦਮ ਲੈਣੇ। ਜਿਹੜਾ ਲਟਕੀ ਮਾਰੇ, ਬੇਚੇ, ਬੱਟਾ ਕਰੇ ਉਸ ਦੇ ਹੱਥ ਦਾ, ਘਰ ਦਾ, ਅੰਨ ਪਾਣੀ ਨਹੀ ਵਰਤਨਾ। ਉਸ ਨੂੰ ਸੰਗਤ ਵਿਚ ਨਹੀ ਬੜਨ ਦੇਣਾ।

-ਜੋ ਅਠਾਰਾ ਬਰਸਾ ਦੀ ਲੜਕੀ, ਬੀਸ ਬਰਸ ਦਾ ਲੜਕਾ ਹੋਵੇ ਤਾ ਬਿਆਹੁ ਕਰਨਾ, ਉਰੇ ਨਹੀ ਕਰਨਾ।

-ਕੁੜੀ ਦਾ ਮਾਰਨਾ, ਗਊ ਤੇ ਭੀ ਬਡਾ ਪਾਪ ਹੈ। ਅਰੁ ਬੱਟਾ ਕਰਨੇ ਤੇ ਦਮ ਲੈਣੇ ਤੇ ਕੁੜੀ ਕੋ ਬਰੁ ਅਛਾ ਨਹੀ ਮਿਲਦਾ, ਕੇ ਬੁਢਾ ਕਿ ਕਿਸੋਹਣਾ ਲਭਦਾ ਹੈ।

-ਜੇ ਕੋਈ ਬਟਾ ਕਰੂਗਾ, ਬਿਆਜ ਲਊਗਾ, ਕੰਨਿਆ ਦਾ ਪੈਸਾ ਲਊਗਾ, ਕੰਨਿਆ ਮਾਰੂਗਾ ਉਸਦੇ ਨਾਲ ਨਹੀ ਵਰਤਣਾ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਜੂਨ ੧੮੬੩ ਵਿਚ ਖੋਟੇ ਵਿਖੇ ਅਨੰਦ ਕਾਰਜ ਦੀ ਮਰਯਾਦਾ ਸ਼ੁਰੂ ਕੀਤੇ ਜਾਣ ਤੋਂ ਬਾਅਦ ਪੰਡਤਾਂ ਦੇ ਰੌਲਾ ਪਾਉਣ ਅਤੇ ਸਰਕਾਰੀ ਏਜੰਟਾਂ ਵਲੋਂ ਮਨਘੜਤ ਅਤੇ ਝੂਠੀਆਂ ਰਿਪੋਰਟਾਂ ਦੇ ਅਧਾਰ ਤੇ ਪੰਜਾਬ ਸਰਕਾਰ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਸੰਨ ੧੮੬੩ ਤੋਂ ੧੮੬੭ ਤਕ ਸ੍ਰੀ ਭੈਣੀ ਸਾਹਿਬ ਵਿਖੇ ਨਜ਼ਰਬੰਦ ਰਖਿਆ ਤੇ ਥਾਂ ਥਾਂ ਨਾਮਧਾਰੀਆਂ ਦੇ ਪ੍ਰਚਾਰ ਤੇ ਪਾਬੰਦੀ ਲਗਾ ਦਿੱਤੀ। ਸ੍ਰੀ ਸਤਿਗੁਰੂ ਜੀ ਨੇ ਪ੍ਰਚਾਰ ਦੀ ਲੋੜ ਅਨੁਭਵ ਕਰਦਿਆਂ ਪਹਿਲਾਂ ਪੰਜ ਸੂਬੇ ਨਿਯੁਕਤ ਕੀਤੇ। ਇਹਨਾਂ ਸੂਬਿਆਂ ਨੂੰ ਵੀ ਸਰਕਾਰ ਨੇ ਨਜ਼ਰਬੰਦ ਕਰ ਦਿੱਤਾ। ਸ੍ਰੀ ਸਤਿਗੁਰੂ ਜੀ ਨੇ ੧੭ ਸੂਬੇ ਹੋਰ ਥਾਪ ਦਿੱਤੇ। ਪਾਬੰਦੀਆਂ ਦੇ ਬਾਵਜੂਦ ਸਾਰੇ ਸੂਬਿਆਂ ਨੇ ਬਹੁਤ ਸਿਆਣਪ ਨਾਲ ਕੰਮ ਕੀਤਾ। ਥਾਂ ਥਾਂ ਜਾ ਕੇ ਪ੍ਰਚਾਰ ਕੀਤਾ। ਲੋਕ ਵੱਡੀ ਗਿਣਤੀ ਵਿਚ ਨਾਮਧਾਰੀ ਸਜ ਗਏ। ਸ੍ਰੀ ਸਤਿਗੁਰੂ ਜੀ ਨੇ ੧੦ ਸਾਲ ਵਿਚ ੭ ਲੱਖ ਨਾਮਧਾਰੀ ਬਣਾਏ। ਲੋਕਾਂ ਵਿਚ ਚੇਤਨਾ ਵਧਦੀ ਗਈ ਅਤੇ ਪੰਜਾਬ ਭਰ ਵਿਚ ਅੰਗਰੇਜ਼ ਰਾਜ ਵਿਰੁੱਧ ਮਾਹੌਲ ਬਣ ਗਿਆ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਮਰਜੀਵੜੇ ਨਾਮਧਾਰੀ ਸਿੱਖਾਂ ਦੇ ਨਾਲੋ ਨਾਲ ਨਾਮਧਾਰੀ ਨਾਰੀਆਂ ਨੇ ਵੀ ਦੇਸ਼ ਦੀ ਆਜ਼ਾਦੀ ਲਈ ਛਿੜੇ ਸੰਘਰਸ਼ ਵਿਚ ਵਿਸ਼ੇਸ਼ ਯੋਗਦਾਨ ਪਾਇਆ। ਉਹਨਾਂ ਦਾ ਇਤਿਹਾਸ ਅਜੇ ਦੁਨੀਆਂ ਸਾਹਮਣੇ ਉਜਾਗਰ ਨਹੀਂ ਹੋ ਸਕਿਆ।

ਨਾਮਧਾਰੀ ਇਸਤਰੀ ਵਿੱਚ ਇਹ ਚੇਤਨਾ ਸ੍ਰੀ

Namdhari Elibrary NamdhariElibrary@gmail.com

ਸਤਿਗੁਰੂ ਰਾਮ ਸਿੰਘ ਜੀ ਦੁਆਰਾ ਆਈ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਨਾ ਮਿਲਵਰਤਨ ਅੰਦੋਲਨ ਨੂੰ ਸੁਚਾਰੂ ਰੂਪ ਵਿਚ ਚਲਾਉਣ ਲਈ ਸੂਬਿਆਂ ਦੀ ਸਥਾਪਨਾ ਕੀਤੀ। ਇਹਨਾਂ ਤੋਂ ਬਿਨਾਂ ਇਕ ਮਾਈ ਬੀਬੀ ਹੁਕਮੀ ਨੂੰ ਸੂਬਾ ਥਾਪਿਆ।

ਇੰਝ ਜੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਜੇ ਜੰਮਦੀਆਂ ਕੁੜੀਆਂ ਨੂੰ ਮਾਰਨ ਤੋਂ ਲੋਕਾਂ ਨੂੰ ਨਾ ਰੋਕਦੇ ਤਾਂ ਹੋ ਸਕਦਾ ਹੈ ਕਿ ਸਮਾਜ ਵਿਚ ਕੁੜੀਆਂ ਤੇ ਇਸਤਰੀਆਂ ਮਨਫੀ ਹੀ ਹੋ ਜਾਂਦੀਆਂ।

ਜੰਮਦੀਆਂ ਕੁੜੀਆਂ ਨੂੰ ਜਾਂ ਜੰਮਣ ਤੋਂ ਪਹਿਲਾਂ ਕੁੜੀਆਂ ਨੂੰ ਮਾਰਨਾ, ੧੮ ਸਾਲ ਤੋਂ ਉਪਰ ਉਮਰ ਦੀ ਕੁੜੀ ਦਾ ਵਿਆਹ ਕਰਨਾ ਅਤੇ ਸਾਦੇ ਵਿਆਹ ਕਰਨੇ, ਜਿਨ੍ਹਾਂ ਦਾ ਪ੍ਰਚਾਰ ਅੱਜ ਸਰਕਾਰ ਕਰ ਰਹੀ ਹੈ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਅੱਜ ਤੋਂ ਕਰੀਬ ੧੫੦ ਸਾਲ ਪਹਿਲੋਂ ਹੀ ਇਹ ਹੁਕਮ ਕਰ ਦਿੱਤੇ ਸਨ।

ਸੰਨ ੧੮੭੨ ਨੂੰ ਅੰਗਰੇਜ਼ ਸਰਕਾਰ ਦੁਆਰਾ ਸ੍ਰੀ ਸਤਿਗੁਰੂ ਜੀ ਨੂੰ ਬਰਮਾ ਵਿਖੇ ਜਲਾਵਤਨ ਕਰ ਦਿੱਤਾ ਗਿਆ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪਦੇਸ ਗਵਨ ਪਿਛੋਂ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਵੀ ਸਮਾਜ ਵਿੱਚ ਇਸਤਰੀਆਂ ਦੀ ਦਸ਼ਾ ਦੇ ਸੁਧਾਰ ਦੀ ਪ੍ਰਥਾ ਨੂੰ ਜਾਰੀ ਰਖਿਆ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵੀ ਇਸਤਰੀ ਜਾਤੀ ਦਾ ਸਤਿਕਾਰ ਕਰਦੇ ਸਨ। ਆਪ ਇਸਤਰੀ ਵਿਦਿਆ ਦੇ ਹੱਕ ਵਿੱਚ ਸਨ। ਸ੍ਰੀ ਸਤਿਗੁਰੂ ਜੀ ਨੇ ਇਸਤਰੀ ਨੂੰ ਭਜਨ ਬੰਦਗੀ ਕਰਨ ਅਤੇ ਦਿਵਾਨਾਂ ਵਿਚ ਬਿਨਾਂ ਸੰਕੋਚ ਤੋਂ, ਬਿਨਾਂ ਘੁੰਡ ਸ਼ਾਮਲ ਹੋਣ ਦੀ ਇਜਾਜ਼ਤ ਦਿਤੀ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਗ੍ਰਹਿਸਤ ਜੀਵਨ ਵਿਚ ਇਸਤਰੀ ਬ੍ਰਤ ਤੇ ਪਤੀ ਬ੍ਰਤ ਧਰਮ ਨੂੰ ਵਿਸ਼ੇਸ਼ ਮੰਨਦੇ ਸਨ। ਇਸਤਰੀ ਪਤੀ ਦੀ ਆਗਿਆ ਵਿਚ ਰਹੇ ਤੇ ਪਤੀ ਵੀ ਇਸਤਰੀ ਨੂੰ ਸਤਿਕਾਰ ਦੇਵੇ। ਘਰ ਦੀ ਅਤੇ ਘਰ ਦੀ ਮਾਲਕਣ ਜਾਣੇ, ਹਰ ਪੁਰਸ਼ ਅਤੇ ਹਰ ਇਸਤਰੀ ਨੂੰ ਉਚੇ ਆਚਰਣ ਦੇ ਮਾਲਕ ਹੋਣਾ ਚਾਹੀਦਾ ਹੈ।

ਅਜੋਕੇ ਸਮੇਂ ਵਿਚ ਵਰਤਮਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਪਹਿਲੇ ਸਤਿਗੁਰੂ ਸਾਹਿਬਾਨ ਦੀ ਤਰ੍ਹਾਂ ਬੀਬੀਆਂ ਤੇ ਉਪਕਾਰ ਦੀ ਪ੍ਰੰਪਰਾ ਨੂੰ ਅੱਗੇ ਤੋਰਿਆ ਹੈ। ਆਪ ਵੀ ਇਸਤਰੀ ਜਾਤੀ ਦੀ ਦਸ਼ਾ ਦੇ ਸੁਧਾਰ ਲਈ ਪ੍ਰਯਤਨਸ਼ੀਲ ਰਹਿੰਦੇ ਹਨ। ਅੱਜ ਹਾਲਾਤ ਇਹੋ ਜਿਹੇ ਹਨ ਕਿ ਸਾਡੇ ਭਾਰਤੀ ਸਮਾਜ ਵਿਚ ਕੁੜੀਆਂ ਦਾ ਜੰਮਣਾ ਹੀ ਭੈੜਾ ਸਮਝਿਆ ਜਾਂਦਾ ਹੈ। ਉਹਨਾਂ ਦੀ ਆਮਦ ਇਕ ਬੋਝ ਅਤੇ ਦੁਰਭਾਗ ਦਾ ਕਾਰਨ ਮੰਨੀ ਜਾਂਦੀ ਹੈ। ਅਜੋਕੇ ਸਮੇਂ ਵਿਚ ਤਾਂ ਕੁੜੀਆਂ ਨੂੰ ਜੰਮਣ ਤੋਂ ਪਹਿਲਾਂ ਹੀ ਮਾਰ ਮੁਕਾਉਣ ਦੇ ਇੰਤਜ਼ਾਮ ਸ਼ੁਰੂ ਹੋ ਜਾਂਦੇ ਹਨ। ਅੱਜ ਦੇ ਸਮਾਜ ਵਿਚ ਜਦੋਂ ਕੰਨਿਆ ਭਰੂਣ ਹੱਤਿਆ ਦੀ ਸਮੱਸਿਆ ਇਕ ਭਖਦਾ ਮਸਲਾ ਬਣੀ ਹੋਈ ਹੈ ਨਾਮਧਾਰੀ ਸਮਾਜ ਵਿਚ ਔਰਤ ਤੇ ਮਰਦਾਂ ਦਾ ਸੰਤੁਲਨ ਬਣਿਆ ਹੋਇਆ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੀ ਗੁਰੂ ਰਾਮ ਸਿੰਘ ਚੇਅਰ ਦੇ ਮੁਖੀ ਡਾ. ਜੋਗਿੰਦਰ ਸਿੰਘ ਵਲੋਂ ਕਰਵਾਏ ਗਏ ਇਸ ਸਰਵੇਖਣ ਅਨੁਸਾਰ ੧੦੦੦ ਮਰਦਾਂ ਪਿਛੇ ੯੯੨ ਗਿਣਤੀ ਔਰਤਾਂ ਦੀ ਸਿਰਫ ਇਸ ਵੇਲੇ ਨਾਮਧਾਰੀ ਸਿੱਖਾਂ ਵਿਚ ਹੀ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਫੁਰਮਾਉਂਦੇ ਹਨ, ਮੁੰਡੇ ਤੇ ਕੁੜੀ ਵਿਚ ਕੋਈ ਫਰਕ ਨਹੀਂ ਹੁੰਦਾ, ਮੁੰਡੇ ਦੇ ਜੰਮਣ ਤੇ ਖੁਸ਼ੀਆਂ ਤੇ ਕੁੜੀ ਦੇ ਜੰਮਣ ਤੇ ਕਿਉਂ ਨਹੀਂ? ਸ੍ਰੀ ਸਤਿਗੁਰੂ ਜੀ ਨੇ ਬੀਬੀਆਂ ਨੂੰ ਸਿਰ ਚੁੱਕ ਕੇ ਜਿਉਣ ਦੀ ਪ੍ਰੇਰਨਾ ਦਿੱਤੀ ਹੈ।

ਅੱਜ ਸਾਡੇ ਭਾਰਤੀ ਸਮਾਜ ਵਿਚ ਕੁੜੀਆਂ ਦਾ ਜੰਮਣਾ ਇਸ ਕਰਕੇ ਬੋਝ ਸਮਝਿਆ ਜਾਂਦਾ ਹੈ ਕਿਉਂਕਿ ਉਹਨਾਂ ਦੇ ਵਿਆਹ ਤੇ ਬੜਾ ਖਰਚ ਕਰਨਾ ਪੈਂਦਾ ਹੈ। ਕੁੜੀ ਦੇ ਪੈਦਾ ਹੁੰਦਿਆਂ ਹੀ ਮਾਂ ਬਾਪ ਉਸ ਲਈ ਦਾਜ ਜੁਟਾਉਣ ਵਿਚ ਰੁਝ ਜਾਂਦੇ ਹਨ। ਦਾਜ ਪ੍ਰਥਾ ਨੇ ਹੋਰ ਵੀ ਕਈ ਬੁਰਾਈਆਂ ਨੂੰ ਜਨਮ ਦਿੱਤਾ ਹੈ। ਗਰੀਬ ਮਾਪਿਆਂ ਦੀਆਂ ਧੀਆਂ ਦੀ ਦੁਰਦਸ਼ਾ ਹੁੰਦੀ ਹੈ। ਕਈ ਤਾਂ ਵਿਆਹ ਖੁਣੋ ਕੁਆਰੀਆਂ ਹੀ ਬੈਠੀਆਂ ਰਹਿ ਜਾਂਦੀਆਂ ਹਨ। ਸ੍ਰੀ ਸਤਿਗੁਰੂ ਜੀ ਨੇ ਨਾਮਧਾਰੀ ਸਮਾਜ ਨੂੰ ਇਸ ਕੋਝੀ ਕੁਰੀਤੀ ਤੋਂ ਆਜ਼ਾਦ ਕਰ ਦਿਤਾ ਹੈ।

ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ, ਨਾਮਧਾਰੀ ਸਮਾਜ ਵਿਚ ਵਿਆਹ ਆਪਣੇ ਘਰਾਂ ਵਿਚ ਨਹੀਂ ਕੀਤੇ ਜਾਂਦੇ। ਸਗੋਂ ਸਭ ਦੇ ਅਨੰਦ ਕਾਰਜਾਂ ਦੀ ਰਸਮ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਸ੍ਰੀ ਭੈਣੀ ਸਾਹਿਬ ਵਿਖੇ ਜਾਂ ਕਿਸੇ ਹੋਰ ਸ਼ਹਿਰ

Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਜੀ ਉਪਦੇਸ਼ ਦਿੰਦੇ ਹਨ ਕਿ ਸਮੂਹ ਬੀਬੀਆਂ ਆਗਿਆਕਾਰ ਧੀਆਂ, ਸੁਘੜ ਪਤਨੀਆਂ, ਸੁਯੋਗ ਨੂੰਹਾਂ, ਸਿਆਣੀਆਂ ਮਾਵਾਂ, ਆਦਰਸ਼ ਸੱਸਾਂ ਬਣਨ ਅਤੇ ਇਕ ਆਦਰਸ਼ ਭਾਰਤੀ ਨਾਰੀ ਦੀ ਤਸਵੀਰ ਪੇਸ਼ ਕਰਦਿਆਂ ਹਰ ਪੱਖੋਂ ਉੱਨਤੀ ਕਰਨ। ਸਾਡੀਆਂ ਬੱਚੀਆਂ ਅੱਗੇ ਵਧਣ, ਤਰੱਕੀ ਕਰਨ, ਉੱਚੇ ਅਹੁਦਿਆਂ ਤੇ ਸੁਸ਼ੋਭਿਤ ਹੋਣ ਤੇ ਸੁਖੀ ਜੀਵਨ ਬਤੀਤ ਕਰਨ ਅਤੇ ਸਮਾਜ ਦੀ ਤਰੱਕੀ ਵਿੱਚ ਵੀ ਯੋਗਦਾਨ ਪਾਉਣ।

ਵਿਚ ਹੁੰਦੀ ਹੈ। ਜ਼ਿਆਦਾਤਰ ਅਨੰਦ ਕਾਰਜ ਸਮੂਹਿਕ ਰੂਪ ਵਿਚ ਮੇਲੇ ਦੌਰਾਨ ਕੀਤੇ ਜਾਂਦੇ ਹਨ। ਗਰੀਬ ਅਮੀਰ ਹਰ ਜਾਤ ਹਰ ਸ਼੍ਰੇਣੀ ਦੇ ਮੁੰਡੇ ਕੁੜੀਆਂ ਦੇ ਇਕੋ ਥਾਂ ਤੇ ਇਕੋ ਸਮੇਂ ਅਨੰਦ ਕਾਰਜ ਕੀਤੇ ਜਾਂਦੇ ਹਨ। ਵਿਆਹ ਵਾਲੇ ਜੋੜਿਆਂ ਦੇ ਚਿੱਟੇ ਬਸਤਰ ਪਾਏ ਹੁੰਦੇ ਹਨ, ਕੋਈ ਗਹਿਣਾ ਨਹੀਂ ਪਾਇਆ ਹੁੰਦਾ। ਵਿਆਹ ਤੇ ਸਿਰਫ ਸਵਾ ਰੁਪਈਆ ਖਰਚ ਕੀਤਾ ਜਾਂਦਾ ਹੈ। ਕੋਈ ਸ਼ਗਨ, ਕੋਈ ਵਿਹਾਰ ਨਹੀਂ ਕੀਤਾ ਜਾਂਦਾ। ਅਨੰਦ ਕਾਰਜਾਂ ਉਪਰੰਤ ਮੁੰਡੇ ਕੁੜੀ ਸਾਰੇ ਪਰਵਾਰ ਲੰਗਰ ਵਿਚ ਪ੍ਰਸ਼ਾਦਾ ਛਕ ਕੇ ਘਰਾਂ ਨੂੰ ਚਲੇ ਜਾਂਦੇ ਹਨ।

ਸ੍ਰੀ ਸਤਿਗੁਰੂ ਜੀ ਦਾ ਵਿਸ਼ੇਸ਼ ਹੁਕਮ ਹੈ ਕਿ ਵਿਆਹ ਸਾਦਾ ਹੋਣ, ਕੁਝ ਵੀ ਲਿਆ ਦਿੱਤਾ ਨਾ ਜਾਵੇ। ਫਾਲਤੂ ਰਸਮਾਂ ਤੇ ਖਰਚ ਨਾ ਕੀਤਾ ਜਾਵੇ। ਘਰ ਜਾ ਕੇ ਪਾਰਟੀਆਂ ਬਿਲਕੁਲ ਨਹੀਂ ਕਰਨ ਦਾ ਹੁਕਮ ਹੈ। ਜੇ ਕੋਈ ਹੁਕਮ ਨਾ ਮੰਨੇ ਤਾਂ ਡੰਨ ਲਾਇਆ ਜਾਂਦਾ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਮੇਂ ਦੀ ਨਜ਼ਾਕਤ ਨੂੰ ਸਮਝਦਿਆਂ ਸਖ਼ਤ ਹੁਕਮ ਕੀਤੇ ਹਨ।

ਅਨੰਦ ਕਾਰਜ ਤੋਂ ਬਾਅਦ ਕੋਈ ਵੀ ਰਸਮ ਨਾ ਕੀਤੀ ਜਾਵੇ। ਕੋਈ ਰੋਕਾ, ਕੋਈ ਠਾਕਾ, ਕੋਈ ਸਗਨ ਨਹੀਂ ਹੋਣਾ ਚਾਹੀਦਾ। ਇਥੋਂ ਤੱਕ ਕਿ ਬੱਚੇ ਬੱਚੀਆਂ ਦਾ ਰਿਸ਼ਤਾ ਪੱਕਾ ਕਰਨ ਲੱਗੇ ਸੰਕੇਤਕ ਰੂਪ ਵਿਚ ਇਕ ਰੁਪਿਆ ਵੀ ਨਾ ਦਿੱਤਾ ਤੇ ਲਿਆ ਜਾਵੇ। ਅਨੰਦ ਕਾਰਜ ਦੀ ਆਗਿਆ ਦੇਣ ਤੋਂ ਪਹਿਲਾਂ ਉਪਰੋਕਤ ਗੱਲਾਂ ਦੀ ਪੁਛਗਿਛ ਕੀਤੀ ਜਾਂਦੀ ਹੈ।

ਇਹੀ ਕਾਰਨ ਹੈ ਕਿ ਅਜੋਕੇ ਯੁਗ ਵਿੱਚ ਨਾਮਧਾਰੀ ਸਮਾਜ ਵਿਚ ਕੁੜੀਆਂ ਨੂੰ ਬੋਝ ਨਹੀਂ ਸਮਝਿਆ ਜਾਂਦਾ। ਲੜਕੇ ਲੜਕੀਆਂ ਦੇ ਅਨੰਦ ਕਾਰਜ ਕਰਨੇ ਅੱਜ ਦੀ ਮਾਇਆ ਦੀ ਪ੍ਰਮੁਖਤਾ ਵਾਲੇ ਸਮੇਂ ਵਿਚ ਔਖੇ ਨਹੀਂ ਰਹਿ ਗਏ। ਕਿਸੇ ਗਰੀਬ ਨੂੰ ਕੁੜੀ ਮੁੰਡੇ ਦਾ ਵਿਆਹ ਕਰਨ ਲਈ ਕਰਜਾਈ ਨਹੀਂ ਹੋਣਾ ਪੈਂਦਾ। ਕਈ ਵਾਰ ਰਿਸਤੇ ਸ੍ਰੀ ਸਤਿਗੁਰੂ ਜੀ ਹੀ ਤੈਅ ਕਰ ਦਿੰਦੇ ਹਨ, ਕਈ ਵਾਰ ਦੋਹਾਂ ਧਿਰਾਂ ਨੂੰ ਹੁਕਮ ਹੁੰਦਾ ਹੈ ਅਤੇ ਸਵੇਰੇ ਅਨੰਦ ਕਾਰਜ ਹੋ ਜਾਂਦੇ ਹਨ। ਜੇ ਕਿਧਰੇ ਕਿਸੇ ਪਰਵਾਰ ਵਿਚ ਕੋਈ ਘਰੇਲੂ ਸਮੱਸਿਆ ਕੋਈ ਪ੍ਰੇਸ਼ਾਨੀ ਹੋਵੇ ਤਾਂ ਸ੍ਰੀ ਸਤਿਗੁਰੂ ਜੀ ਖੁਦ ਜਾਂ ਆਪਣੇ ਕਿਸੇ ਪ੍ਰਤੀਨਿਧੀ ਦੁਆਰਾ ਸਾਰੀ ਗੱਲ ਸੁਣਕੇ ਉਸਦਾ ਹੱਲ ਕਰਦੇ ਹਨ। ਜੇ ਕਿਸੇ ਜੋੜੇ ਵਿਚ ਅਣਬਣ ਹੋਵੇ ਤਾਂ ਸ੍ਰੀ ਸਤਿਗੁਰੂ ਜੀ ਹੁਕਮ ਕਰਦੇ ਹਨ ਕਿ ਉਹ ਵੱਖ ਹੋ ਜਾਣ। ਸ੍ਰੀ ਸਤਿਗੁਰੂ ਜੀ ਬਹੁਤ ਉਦਾਰ ਵਿਚਾਰਾਂ ਦੇ ਮਾਲਕ ਹਨ।

ਸ੍ਰੀ ਸਤਿਗੁਰੂ ਜੀ ਉਪਦੇਸ਼ ਦਿੰਦੇ ਹਨ ਕਿ ਸਮੂਹ ਬੀਬੀਆਂ ਆਗਿਆਕਾਰ ਧੀਆਂ, ਸੁਘੜ ਪਤਨੀਆਂ, ਸੁਯੋਗ ਨੂੰਹਾਂ, ਸਿਆਣੀਆਂ ਮਾਵਾਂ, ਆਦਰਸ਼ ਸੱਸਾਂ ਬਣਨ ਅਤੇ ਇਕ ਆਦਰਸ਼ ਭਾਰਤੀ ਨਾਰੀ ਦੀ ਤਸਵੀਰ ਪੇਸ਼ ਕਰਦਿਆਂ ਹਰ ਪੱਖੋਂ ਉੱਨਤੀ ਕਰਨ। ਸਾਡੀਆਂ ਬੱਚੀਆਂ ਅੱਗੇ ਵਧਣ, ਤਰੱਕੀ ਕਰਨ, ਉੱਚੇ ਅਹੁਦਿਆਂ ਤੇ ਸੁਸ਼ੋਭਿਤ ਹੋਣ ਤੇ ਸੁਖੀ ਜੀਵਨ ਬਤੀਤ ਕਰਨ ਅਤੇ ਸਮਾਜ ਦੀ ਤਰੱਕੀ ਵਿੱਚ ਵੀ ਯੋਗਦਾਨ ਪਾਉਣ। ਇਸੇ ਲਈ ਅੱਜ ਨਾਮਧਾਰੀ ਸਮਾਜ ਵਿਚ ਇਸਤਰੀ ਤਰੱਕੀ ਦੀਆਂ ਪੁਲਾਂਘਾਂ ਪੁਟ ਰਹੀ ਹੈ। ਨਾਮਧਾਰੀ ਬੀਬੀਆਂ ਸੂਝਵਾਨ ਹਨ ਅਤੇ ਹਰ ਖੇਤਰ ਵਿੱਚ ਅੱਗੇ ਵਧ ਰਹੀਆਂ ਹਨ। ਨਾਮਧਾਰੀ ਬੀਬੀਆਂ ਅੱਜ ਪਾਇਲਟ, ਵਕੀਲ, ਡਾਕਟਰ, ਪ੍ਰਿੰਸੀਪਲ, ਪ੍ਰੋਫੈਸਰ, ਸੰਗੀਤਕਾਰ, ਸਾਹਿਤਕਾਰ, ਪੱਤਰਕਾਰ ਤੇ ਪੁਲਿਸ ਵਿਚ ਹਨ। ਕੁਝ ਬੀਬੀਆਂ ਨੇ ਆਈ. ਏ. ਐਸ. ਕੀਤੀ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਭਾਰਤ ਵਿਚ ਦੋ ਇਸਤਰੀਆਂ ਨੂੰ ਸੂਬਾ ਥਾਪਿਆ ਹੈ।

ਸ੍ਰੀ ਸਤਿਗੁਰੂ ਜੀ ਹੁਕਮ ਕਰਦੇ ਹਨ ਕਿ ਅਨੰਦ ਕਾਰਜ ਹੋਣ ਤੋਂ ਬਾਅਦ ਕੁੜੀ ੧੫ ਦਿਨ ਆਪਣੇ ਸਹੁਰੇ ਘਰ ਰਹੇ। ਇਹ ਹੁਕਮ ਮੁਕਲਾਵੇ ਦੀ ਰਸਮ ਨੂੰ ਦੂਰ ਕਰਨ ਲਈ ਕੀਤਾ ਗਿਆ ਹੈ। ਇਹੀ ਕਾਰਨ ਹੈ ਕਿ ਅਜੋਕੇ ਯੁਗ ਵਿਚ ਨਾਮਧਾਰੀ ਸਮਾਜ ਵਿਚ ਕੁੜੀਆਂ ਨੂੰ ਬੋਝ ਨਹੀਂ ਸਮਝਿਆ ਜਾਂਦਾ।

Namdhari Elibrary NamdhariElibrary@gmail.com

ਸੰਗੀਤ ਦੇ ਖੇਤਰ ਵਿਚ ਸ੍ਰੀ ਸਤਿਗੁਰੂ ਜੀ ਨੇ ਬੀਬੀਆਂ ਨੂੰ ਬਹੁਤ ਉਤਸ਼ਾਹ ਦਿੱਤਾ ਹੈ। ਅੱਜ ਵੱਡੀ ਗਿਣਤੀ ਵਿਚ ਨਾਮਧਾਰੀ ਬੱਚੀਆਂ ਸੰਗੀਤ ਸਿਖ ਰਹੀਆਂ ਹਨ ਅਤੇ ਸੰਗੀਤ ਮੁਕਾਬਲਿਆਂ ਵਿਚ ਭਾਗ ਲੈ ਕੇ ਚੰਗੀਆਂ ਪ੍ਰਾਪਤੀਆਂ ਕਰ ਰਹੀਆਂ ਹਨ। ਸ੍ਰੀ ਸਤਿਗੁਰੂ ਜੀ ਨੇ ਆਪ ਉਚੇਚਾ ਸਮਾਂ ਦੇ ਕੇ ਬੱਚੇ ਬੱਚੀਆਂ ਨੂੰ ਸੰਗੀਤ ਸਿਖਾਇਆ ਹੈ। ਇਹ ਬੱਚੀਆਂ ਅੱਜ, ਕਈ ਹੋਰ ਬੱਚੀਆਂ, ਬੀਬੀਆਂ ਤੇ ਗਰੁੱਪਾਂ ਨੂੰ ਸੰਗੀਤ ਸਿਖਿਆ ਦੇ ਰਹੀਆਂ ਹਨ। ਲਿਖਣ ਦੇ ਖੇਤਰ ਵਿੱਚ ਵੀ ਹੁਣ ਨਾਮਧਾਰੀ ਬੀਬੀਆਂ ਅੱਗੇ ਆਈਆਂ ਹਨ ਅਤੇ ਸਮਾਜ ਵਿਚ ਵਿਸ਼ੇਸ਼ ਨਾਮਣਾ ਖੱਟ ਰਹੀਆਂ ਹਨ।

ਕੈਪਟਨ ਕੰਵਲਜੀਤ ਕੌਰ ਹਵਾਈ ਜਹਾਜ ਚਲਾਉਣ ਵਾਲੀ ਨਾਮਧਾਰੀ ਸਮਾਜ ਵਿਚ ਪਹਿਲੀ ਇਸਤਰੀ ਹੈ। ਕੈਪਟਨ ਕੰਵਲਜੀਤ ਕੌਰ ਐਸ ਵੇਲੇ ਕਮਾਂਡਰ ਪਾਇਲਟ ਅਰਥਾਤ ਫਸਟ ਆਫਿਸਰ ਹਨ।

ਸੂਬਾ ਸਰਬਜੀਤ ਸਿੰਘ ਗਵਾਲੀਅਰ ਦੀ ਬੇਟੀ ਅੰਮ੍ਰਿਤ ਕੌਰ ਸੰਨ ੨੦੦੭ ਤੋਂ ਏਅਰ ਇੰਡੀਆ ਵਿੱਚ ਕੋ-ਪਾਇਲਟ ਹਨ। ਨਵੀਂ ਦਿੱਲੀ ਵਿਚ ਰਹਿਣ ਵਾਲੀ ਬੀਬੀ ਇੰਦਰਜੀਤ ਕੌਰ ਰਾਸ਼ਟਰੀ ਪੱਧਰ ਦੀ ਹਾਕੀ ਖਿਡਾਰਨ ਰਹਿ ਚੁੱਕੀ ਹੈ। ਇਹ ਮੈਂ ਸਿਰਫ ਕੁਝ ਮਿਸਾਲਾਂ ਹੀ ਦਿੱਤੀਆਂ ਹਨ। ਦੇਸ਼ ਵਿਚ ਹੀ ਨਹੀਂ ਵਿਦੇਸ਼ਾਂ ਵਿਚ ਵੀ ਨਾਮਧਾਰੀ ਬੀਬੀਆਂ ਬਹੁਤ ਅੱਗੇ ਵਧੀਆਂ ਹਨ ਅਤੇ ਸਮਾਜ ਦੇ ਹਰ ਖੇਤਰ ਵਿਚ ਨਾਮਣਾ ਖੱਟ ਰਹੀਆਂ ਹਨ।

ਸ੍ਰੀ ਸਤਿਗੁਰੂ ਜੀ ਨੂੰ ਜਿਥੇ ਕਿਤੇ ਵੀ ਪਤਾ ਲਗਦਾ ਹੈ ਕਿ ਕੋਈ ਨਾਮਧਾਰੀ ਬੀਬੀ ਵਧੇਰੇ ਪੜ੍ਹ ਲਿਖ ਰਹੀ ਹੈ, ਕਾਬਲ ਹੈ ਜਾਂ ਸਮਾਜ ਵਿਚ ਕੋਈ ਚੰਗਾ ਕੰਮ ਕਰ ਰਹੀ ਹੈ ਆਪ ਉਸ ਨੂੰ ਉਤਸ਼ਾਹ ਪ੍ਰਦਾਨ ਕਰਦੇ ਹਨ। ਇਸ ਤਰ੍ਹਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪ੍ਰੇਰਨਾ ਤੇ ਪਿਆਰ ਨਾਲ ਬੀਬੀਆਂ ਵਿਚ ਉਤਸ਼ਾਹ ਦੀ ਲਹਿਰ ਦੌੜ ਗਈ ਹੈ। ਸ੍ਰੀ ਸਤਿਗੁਰੂ ਜੀ ਗੈਰ ਨਾਮਧਾਰੀ ਬੀਬੀਆਂ ਨੂੰ ਵੀ ਉਤਸ਼ਾਹਿਤ ਕਰਦੇ ਹਨ।

ਸਮਾਜ ਦੀ ਉੱਨਤੀ ਵਿਚ ਇਸਤਰੀ ਦਾ ਵਿਸ਼ੇਸ਼ ਯੋਗਦਾਨ ਹੁੰਦਾ ਹੈ। ਜਿਸ ਸਮਾਜ ਵਿਚ ਇਸਤਰੀ ਸੂਝਵਾਨ ਹੁੰਦੀ ਹੈ ਉਹ ਸਮਾਜ ਹਮੇਸ਼ਾ ਤਰੱਕੀ ਦੀਆਂ ਬੁਲੰਦੀਆਂ ਛੋਂਹਦਾ ਹੈ। ਸਿਆਣੀਆਂ ਸੁਘੜ ਮਾਵਾਂ, ਚੰਗੀ ਤੇ ਬਹਾਦਰ ਕੌਮ ਸਿਰਜਦੀਆਂ ਹਨ। ਹਰ ਬੱਚੇ ਦੇ ਭਵਿੱਖ ਦੀ ਨੀਂਹ ਮਾਂ ਵਲੋਂ ਪਾਏ ਗਏ ਸੰਸਕਾਰਾਂ ਅਤੇ ਵਿਚਾਰਾਂ ਤੇ ਨਿਰਭਰ ਕਰਦੀ ਹੈ। ਮਾਂਵਾਂ ਆਪਣੇ ਬੱਚਿਆਂ ਨੂੰ ਜਿਸ ਤਰ੍ਹਾਂ ਦਾ ਚਾਹੁਣ ਬਣਾ ਸਕਦੀਆਂ ਹਨ।

ਅੱਜਕਲ੍ਹ ਜਥੇਬੰਦੀ ਦਾ ਯੁਗ ਹੈ। ਸ੍ਰੀ ਸਤਿਗੁਰੂ ਜੀ ਨੇ ਵਿਸ਼ਵ ਨਾਮਧਾਰੀ ਵਿਦਿਅਕ ਜਥੇ ਦੀ ਸਥਾਪਨਾ ਕੀਤੀ ਹੈ। ਨਾਮਧਾਰੀ ਨੌਜਵਾਨਾਂ ਵਾਂਗ ਸੰਨ ੧੯੮੨ ਤੋਂ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਨਾਮਧਾਰੀ ਬੀਬੀਆਂ ਦਾ ਵੀ ਵਿਸ਼ਵ ਨਾਮਧਾਰੀ ਇਸਤਰੀ ਵਿਦਿਅਕ ਜਥਾ ਸਥਾਪਤ ਕੀਤਾ ਗਿਆ ਹੈ। ਹਰ ਸਾਲ ਵਿਦਿਅਕ ਸੰਮੇਲਨ ਕਰਵਾਏ ਜਾਂਦੇ ਹਨ। ਇਹਨਾਂ ਵਿਦਿਅਕ ਸੰਮੇਲਨਾਂ ਸਮੇਂ ਭਾਸ਼ਣ, ਕਵਿਤਾ, ਸ਼ੁਧ ਪਾਠ, ਪੇਟਿੰਗ, ਸਵਾਲ ਜੁਆਬ ਤੇ ਸੰਗੀਤ ਆਦਿ ਪ੍ਰਤੀਯੋਗਤਾਵਾਂ ਵਿਚ ਵਧ ਰਹੀ ਗਿਣਤੀ ਸਮਾਜ ਦੇ ਹਰ ਖੇਤਰ ਵਿੱਚ ਅਗਲੀ ਪੀੜ੍ਹੀ ਦੀ ਵਧ ਰਹੀ ਤਰੱਕੀ ਵੱਲ ਭਾਵੀ ਸੰਕੇਤ ਕਰ ਰਹੀ ਹੈ।

ਸ੍ਰੀ ਸਤਿਗੁਰੂ ਜੀ ਫੁਰਮਾਉਂਦੇ ਹਨ, "ਤੁਹਾਨੂੰ ਪਤੈ ਜੇ ਜ਼ਮੀਨ ਨਾ ਹੋਵੇ ਫਸਲ ਨਹੀਂ ਹੋ ਸਕਦੀ। ਏਸੇ ਤਰ੍ਹਾਂ ਹੀ ਔਰਤ ਦਾ ਜਾਮਾ ਨਾ ਹੋਵੇ ਤਾਂ ਮਰਦ ਪੈਦਾ ਨਹੀਂ ਹੋ ਸਕਦਾ। ਜਿਹੜੇ ਗਰੇਵਾਲ ਜੱਟ ਸਨ ਇਹ ਕੁੜੀ ਨਹੀਂ ਬਚਣ ਦੇਂਦੇ, ਆਂਹਦੇ ਸਨ ਸਾਡਾ ਵੀ ਕੋਈ ਜਵਾਈ ਬਣੇਗਾ। ਮਾਰ ਦਿੰਦੇ ਸਨ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਕਿਰਪਾ ਕੀਤੀ ਤੇ ਉਹ ਕੁੜੀਆਂ ਮਾਰਨੋਂ ਹਟਾਏ, ਵਿਧਵਾਵਾਂ ਦੇ ਵਿਆਹ ਕੀਤੇ, ਮਾਈਆਂ ਨੂੰ ਅੰਮ੍ਰਿਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਛਕਾਇਆ। ਬਰਾਬਰਤਾ ਲਿਆਂਦੀ। ਬਰਾਬਰਤਾ ਨਾ ਉਸ ਤਰ੍ਹਾਂ ਕੱਦ ਵਿਚ ਹੋ ਸਕਦੀ ਏ, ਤੇ ਨਾ ਤਾਕਤ ਵਿਚ ਹੋ ਸਕਦੀ ਏ। ਇਹ ਤੇ ਅਕਾਲ ਪੁਰਖ ਨੇ ਰਚਨਾ ਹੀ ਐਸੀ ਬਣਾਈ ਹੈ। ਪਰ ਇਹਨਾਂ ਗਲਾਂ ਵਿਚ ਸਤਿਗੁਰਾਂ ਨੇ ਬੀਬੀਆਂ ਨੂੰ ਬਰਾਬਰ ਕੀਤਾ। ਭਜਨ ਬਾਣੀ ਵਾਲੇ ਪਾਸੇ ਲਾਇਆ।"

ਇਸ ਤਰ੍ਹਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਰਹਿਨੁਮਾਈ ਅਤੇ ਹੌਸਲਾ ਬਖਸ਼ਣ ਸਦਕਾ ਨਾਮਧਾਰੀ ਬੀਬੀਆਂ ਅੱਜ ਸਮਾਜ ਦੇ ਹਰ ਖੇਤਰ ਵਿੱਚ ਅੱਗੇ ਆਈਆਂ ਹਨ ਅਤੇ ਨਿਰਸੰਦੇਹ ਆਉਣ ਵਾਲੇ ਸਮੇਂ ਵਿਚ ਇਹ ਪ੍ਰਾਪਤੀਆਂ ਹੋਰ ਗੌਰਵਮਈ ਰਹਿਣਗੀਆਂ।

Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤੇ ਨਾਮਧਾਰੀ ਸੀਡਜ਼

✍ ਵਿਕ੍ਰਮ ਸਿੰਘ ਤੇ ਦੀਪਇੰਦਰ ਸਿੰਘ

ਨਾਮਧਾਰੀ ਸੀਡਜ਼, ਬਿੜਦੀ (ਬੰਗਲੌਰ)

ਕਿਸੇ ਵੀ ਮੁਕਾਮ ਜਾ ਮੰਜ਼ਿਲ ਨੂੰ ਪ੍ਰਾਪਤ ਕਰਨ ਲਈ ਜਿਥੇ ਪੂਰਨ ਵਿਸਵਾਸ਼, ਨਿਸ਼ਠਾ ਤੇ ਮਿਹਨਤ ਦੀ ਜ਼ਰੂਰਤ ਹੈ, ਉਥੇ ਕਿਸੇ ਮਹਾਨ ਸ਼ਖਸੀਅਤ ਦਾ ਅਸ਼ੀਰਵਾਦ ਤੇ ਪ੍ਰੇਰਨਾ ਵੀ ਜ਼ਰੂਰੀ ਹੈ। ਇਸੇ ਤਰ੍ਹਾਂ ਹੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜਿਹੀ ਮਹਾਨ ਸ਼ਖ਼ਸੀਅਤ ਤੇ ਸ਼ਾਂਤੀਪੁੰਜ ਦੀ ਪ੍ਰੇਰਨਾ ਤੇ ਅਸ਼ੀਰਵਾਦ ਸਦਕਾ ਇਹ ਫਾਰਮ ੧੯੭੪ ਵਿਚ ਖਰੀਦਿਆ ਗਿਆ, ਜਿਸਦਾ ਰਜਿਸਟਰੇਸ਼ਨ ੧੯੭੬ ਵਿੱਚ ਹੋਇਆ। ਸ਼ੁਰੂਆਤ ਵਿਚ ਇਹ ਫਾਰਮ ਘੋੜਿਆਂ ਦੇ ਸਟੱਡ ਵਾਸਤੇ ਖਰੀਦਿਆ ਗਿਆ ਸੀ ਜਿਸਦਾ ਮਕਸਦ ਘੋੜਿਆਂ ਦੀਆਂ ਉੱਨਤ ਨਸਲਾਂ ਦੀ ਸਾਂਭ ਸੰਭਾਲ ਕਰਨਾ ਸੀ।

ਇਸ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਦੇ ਦਿਸ਼ਾ ਨਿਰਦੇਸ਼ ਉਤੇ ਫਲਾਂ ਤੇ ਸਬਜ਼ੀਆਂ ਦੇ ਬੀਜਾਂ ਦੀ ਪੈਦਾਵਾਰ ਵੱਲ ਧਿਆਨ ਵਧਣ ਲੱਗਾ। ਸ਼ੁਰੂ ਵਿਚ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਫਸਲਵਾੜੀ ਦਾ ਕੰਮ ਸ਼ੁਰੂ ਹੋਇਆ। ਇਸ ਵੱਲ ਹੋਰ ਕਦਮ ਵਧਾਉਂਦੇ ਹੋਏ ਸ੍ਰੀ ਸਤਿਗੁਰੂ ਜੀ ਦੇ ਹੁਕਮਾਂ ਨਾਲ 1982 ਵਿੱਚ ਸ੍ਰੀ ਉਦੈ ਸਿੰਘ ਜੀ ਨੂੰ ਫਾਰਮ ਦੀ ਜ਼ੁੰਮੇਵਾਰੀ ਸੌਂਪੀ ਗਈ। ਸਭ ਤੋਂ ਪਹਿਲਾਂ ਇਥੇ ਗੰਨੇ ਦੀ ਫਸਲ ਲਾਈ ਗਈ ਤੇ ਫੇਰ ਕਰੀਬ 1982 ਵਿੱਚ ਹੀ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਪਹਿਲਾਂ ਅੰਬਾਂ ਦੇ ਤੇ ਫੇਰ ਅੰਗੂਰਾਂ ਦੇ ਬਾਗ ਲਾਏ ਗਏ। ਸ੍ਰੀ ਸਤਿਗੁਰੂ ਜੀ ਨੇ ਖੁਦ ਅੰਬਾਂ ਦੀਆਂ ਕਿਸਮਾਂ ਦੀ ਚੋਣ ਕੀਤੀ ਤੇ ਆਪਣੀ ਦੇਖ ਰੇਖ ਵਿੱਚ ਇਹ ਬਾਗ ਲਵਾਏ। ਅੱਜ ਫਾਰਮ ਵਿੱਚ ਇਕੱਲੇ ਅੰਬਾਂ ਦੀਆਂ ਹੀ ੪੨ ਕਿਸਮਾਂ ਹਨ।

ਸ੍ਰੀ ਸਤਿਗੁਰੂ ਜੀ ਦੀ ਅਪਾਰ ਕਿਰਪਾ ਤੇ ਸੰਗਤ ਦੀ ਸੇਵਾ ਤੇ ਮਿਹਨਤ ਦਾ ਨਤੀਜਾ ਸੀ ਕਿ ਹੌਲੀ-ਹੌਲੀ ਇਸ ਨੇ ਕੰਪਨੀ ਦਾ ਰੂਪ ਧਾਰਨ ਕਰ ਲਿਆ। ਇਸੇ ਕੰਮ ਨੂੰ ਅੱਗੇ ਵਧਾਉਣ ਵਾਸਤੇ ਤੇ ਲੋਕਾਂ ਨੂੰ ਹੋਰ ਰੋਜ਼ਗਾਰ ਪ੍ਰਦਾਨ ਕਰਨ ਵਾਸਤੇ ਫਸਲਾਂ ਦੀ ਪੈਦਾਵਾਰ ਤੇ ਬਾਗਾਂ ਦੇ ਨਾਲ ਨਾਲ ਬੀਜਾਂ ਦੀ ਪੈਦਾਵਾਰ ਵੱਲ ਵੀ ਰੁਝਾਨ ਵਧਣ ਲਗਾ। ਇਸੇ ਨਿਸ਼ਾਨੇ ਨੂੰ ਪ੍ਰਾਪਤ ਕਰਨ ਲਈ IIHR ਦੇ ਵਿਗਿਆਨਕਾਂ ਦੇ ਇਥੇ ਆ ਕੇ ਸੇਧ ਦਿੱਤੀ ਤੇ ਬੀਜ ਉਤਪਾਦਨ ਦਾ ਕੰਮ ਵੀ ਸ਼ੁਰੂ ਹੋ ਗਿਆ। ਸਤਿਗੁਰੂ ਜੀ ਸਮੇਂ ਸਮੇਂ ਤੇ ਹੌਂਸਲਾ ਦਿੰਦੇ ਰਹਿੰਦੇ ਸਨ ਤੇ ਖੁਦ ਆਪਣੀ ਦੇਖ ਰੇਖ ਵਿੱਚ ਹੀ ਕੰਮ ਕਰਵਾਉਂਦੇ ਸਨ।

ਇਸੇ ਹੀ ਸਤਿਗੁਰੂ ਤੇ ਵਿਸਵਾਸ਼, ਮਿਹਨਤ ਤੇ ਸੇਵਾ ਦਾ ਨਤੀਜਾ ਸੀ ਕਿ ਸ੍ਰੀ ਉਦੇ ਸਿੰਘ ਜੀ ਨੇ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ 1988 ਵਿੱਚ ਅੰਤਰ-ਰਾਸ਼ਟਰੀ ਵਪਾਰ ਵਿੱਚ ਪਹਿਲਾ ਕਦਮ ਰੱਖਿਆ। ਜਦ ਇਕ ਅੰਤਰਰਾਸ਼ਟਰੀ ਕੰਪਨੀ ਵਲੋਂ

Namdhari Elibrary NamdhariElibrary@gmail.com

ਜਿਥੇ ਕੰਪਨੀ ਨੇ ਭੌਤਿਕ ਤੌਰ ਤੇ ਇੰਨੀ ਤਰੱਕੀ ਕੀਤੀ ਉਥੇ ਧਰਮ, ਸੰਸਕ੍ਰਿਤੀ ਤੇ ਅਧਿਆਤਮਵਾਦ ਨੂੰ ਵੀ ਨਾਲ ਰੱਖਿਆ। ਇਹ ਸ੍ਰੀ ਸਤਿਗੁਰੂ ਜੀ ਦੀ ਹੀ ਕਿਰਪਾ ਹੈ ਕਿ ਅੱਜ ਦੇ ਭੌਤਿਕ ਯੁੱਗ ਵਿੱਚ ਵੀ ਇਥੇ ਆਪਣੇ ਪੁਰਾਣੇ ਸੰਸਕਾਰ ਕਾਇਮ ਹਨ।

ਟਮਾਟਰ ਦੇ ਬੀਜ ਦਾ ਪਹਿਲਾ ਕੰਟਰੈਕਟ ਮਿਲਿਆ। ਬਸ ਫੇਰ ਕੀ ਸੀ ਇਸ ਤੋਂ ਬਾਅਦ ਸ੍ਰੀ ਉਦੈ ਸਿੰਘ ਜੀ ਦੀ ਰਹਿਨੁਮਾਈ ਤੇ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਅੰਤਰ-ਰਾਸ਼ਟਰੀ ਵਪਾਰ ਵਧਾਉਣ ਲਈ ਬਾਹਰ ਦੇ ਦੇਸ਼ਾਂ ਦੀਆਂ ਯਾਤਰਾਵਾਂ ਆਮ ਹੋ ਗਈਆਂ। ਸ੍ਰੀ ਉਦੇ ਸਿੰਘ ਜੀ ਨੇ ਬੀਜਾਂ ਦੇ ਹੋਰ ਆਰਡਰ ਲੈਣ ਵਾਸਤੇ ਕਈ ਦੇਸ਼ਾਂ ਦੇ ਦੌਰੇ ਆਰੰਭ ਕਰ ਦਿੱਤੇ। ਇਸੇ ਮਿਹਨਤ ਸਦਕਾ ਕਈ ਅੰਤਰ-ਰਾਸ਼ਟਰੀ ਕੰਪਨੀਆਂ ਨਾਲ ਸੰਬੰਧ ਸਥਾਪਿਤ ਹੋ ਗਏ।

ਹੌਲੀ-ਹੌਲੀ ਹਾਈਬ੍ਰਿਡ ਬੀਜ ਤਿਆਰ ਕਰਨ ਲਈ ਬੀਜਾਂ ਦੀਆਂ ਕਿਸਮਾਂ ਵਿੱਚ ਹੋਰ ਸੁਧਾਰ ਕਰਨ ਲਈ "ਰਿਸਰਚ ਐਂਡ ਡਿਵੈਲਪਮੈਂਟ" ਤੋਂ "ਕਵਾਲਿਟੀ ਕੰਟਰੋਲ" ਦੀ ਇਕ ਅਲੱਗ ਬਰਾਂਚ ਹੋਂਦ ਵਿਚ ਆਈ। ਜਿਸਦਾ ਕੰਮ ਬੀਜਾਂ ਦੀਆਂ ਵਧੀਆ ਤੇ ਉੱਨਤ ਹਾਈਬ੍ਰਿਡ ਕਿਸਮਾਂ ਤਿਆਰ ਕਰਨਾ ਸੀ ਤੇ ਅੰਤਰ-ਰਾਸ਼ਟਰੀ ਵਪਾਰ ਵਿੱਚ ਹੋਰ ਥਾਂ ਬਣਾਉਂਦਾ ਸੀ।

ਏਸੇ ਰਿਸਰਚ ਦਾ ਨਤੀਜਾ ਸੀ ਕਿ ਅੱਜ ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਮਾਰਕੀਟ ਵਿਚ ਕੰਪਨੀ ਦੇ ਕਈ ਹਾਈਬ੍ਰਿਡ ਬੀਜ ਆਪਣਾ ਇਕ ਖਾਸ ਥਾਂ ਰੱਖਦੇ ਹਨ। ਜਿਸ ਵਿਚ ਟਮਾਟਰ, ਹਦਵਾਣਾ, ਖਰਬੂਜਾ, ਭਿੰਡੀ ਤੇ ਹੋਰ ਕਈ ਸਬਜ਼ੀਆਂ ਤੇ ਫੁੱਲਾਂ ਦੀਆਂ ਕਿਸਮਾਂ ਸ਼ਾਮਲ ਹਨ। ਅੱਜ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਦੁਨੀਆਂ ਦੇ ਪੰਜਾਂ ਮਹਾਂਦੀਪਾਂ ਯੂਰਪ, ਅਮਰੀਕਾ, ਆਸਟ੍ਰੇਲੀਆ, ਏਸ਼ੀਆ ਤੇ ਅਫਰੀਕਾ ਵਿਚ ਕੰਪਨੀ ਦੇ ਅੰਤਰ-ਰਾਸ਼ਟਰੀ ਵਪਾਰ ਦੇ ਸੰਬੰਧ ਸਥਾਪਿਤ ਹਨ। ਕੁਲ ਮਿਲਾ ਕੇ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਪੂਰੀ ਦੁਨੀਆਂ ਵਿਚ ਨਾਮਧਾਰੀ ਸੀਡਜ਼ ਦੇ ਸੰਬੰਧ ਸਥਾਪਿਤ ਹੋ ਚੁਕੇ ਹਨ।

ਬੀਜਾਂ ਦੇ ਵਪਾਰ ਵਿਚ ਆਪਣੀ ਸਾਖ ਜਮਾਉਣ ਤੋਂ ਬਾਅਦ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸ਼ਾਕਾਹਾਰ ਨੂੰ ਪ੍ਰੋਤਸਾਹਿਤ ਕਰਨ ਲਈ ਸਬਜ਼ੀਆਂ ਤੇ ਫਲਾਂ ਦਾ ਵਪਾਰ ਵੀ ਆਰੰਭ ਹੋਇਆ। ਇਸ ਮੰਤਵ ਨੂੰ ਪ੍ਰਾਪਤ ਕਰਨ ਲਈ ਸੰਨ ੨੦੦੦ ਵਿਚ ਨਾਮਧਾਰੀ ਫਰੈਸ਼ ਦੇ ਨਾਮ ਨਾਲ ਇਕ ਅਲੱਗ ਫਰਮ ਦਾ ਰਜਿਸਟਰੇਸ਼ਨ ਹੋਇਆ। ਜਿਸਦਾ ਕੰਮ ਵਧੀਆ ਕੁਆਲਿਟੀ ਤੇ ਉੱਨਤ ਕਿਸਮ ਦੀਆਂ ਸਬਜ਼ੀਆਂ ਤੇ ਫਲਾਂ ਨੂੰ ਰਾਸ਼ਟਰੀ ਤੇ ਅੰਤਰਰਾਸ਼ਟਰੀ ਬਜ਼ਾਰ ਵਿਚ ਰਸਾਇਣ ਰਹਿਤ ਤੇ ਵਧੀਆ ਕਵਾਲਿਟੀ ਦੀਆਂ ਸਬਜ਼ੀਆਂ ਤੇ ਫਲ ਨਾਮਧਾਰੀ ਕੰਪਨੀ ਨੇ ਸ਼ਾਮਲ ਕੀਤੇ।

ਸਮਾਜਿਕ ਪੱਖ-

ਜਿਥੇ ਕੰਪਨੀ ਨੇ ਵਪਾਰ ਵਿਚ ਆਪਣੇ ਇੰਨੇ ਪੈਰ ਪਸਾਰੇ ਉਥੇ ਸਮਾਜਿਕ ਤੌਰ ਤੇ ਵੀ ਕਾਫੀ ਪੁਲਾਂਘਾਂ ਪੁੱਟੀਆਂ। ਆਸ ਪਾਸ ਦੇ ਪਿੰਡਾਂ ਵਿਚ ਗਰੀਬ ਲੋਕਾਂ ਨੂੰ ਖੁਦ ਜ਼ਮੀਨ ਖਰੀਦ ਕੇ ਪੱਕੇ ਘਰ ਬਣਾ ਕੇ ਦਿੱਤੇ ਤੇ ਆਰਥਿਕ ਤੌਰ ਤੇ ਵੀ ਕਾਫੀ ਮਦਦ ਕੀਤੀ। ਇਸ ਤੋਂ ਇਲਾਵਾ ਆਸ ਪਾਸ ਦੇ ਪਿੰਡਾਂ ਦੇ ਸਕੂਲਾਂ ਵਿਚ ਗਰੀਬ ਬੱਚਿਆਂ ਦੀ ਪੜ੍ਹਾਈ ਲਈ ਹਰ ਸਾਲ ਮੁਫਤ ਕਿਤਾਬਾਂ ਤੇ ਕਾਪੀਆਂ ਵੀ ਦਿੱਤੀਆਂ ਜਾਂਦੀਆਂ ਹਨ। ਫਾਰਮ ਵਿੱਚ ਵੀ ਪੰਜਾਬੀ ਸਰੀਰਾਂ ਨੂੰ ਕਾਫੀ ਸਹੂਲਤਾਂ ਦਿੱਤੀਆਂ ਗਈਆਂ ਹਨ। ਉਹਨਾਂ ਵਾਸਤੇ ਫਾਰਮ ਵਿੱਚ ਹੀ ਪੱਕੇ ਘਰ ਤੇ ਬੱਚਿਆਂ ਦੀ ਪੜ੍ਹਾਈ ਲਈ ਆਉਣ ਜਾਣ ਵਾਸਤੇ ਸਕੂਲ ਬੱਸਾਂ ਦੇ ਵੀ ਇੰਤਜ਼ਾਮ ਕੀਤੇ ਗਏ। ਆਸ ਪਾਸ ਦੇ ਲੋਕਾਂ ਲਈ ਸਭ ਤੋਂ ਵਧ ਰੋਜ਼ਗਾਰ ਪ੍ਰਦਾਨ ਕੀਤਾ ਗਿਆ। ਅੱਜ ਬੰਗਲੌਰ ਫਾਰਮ ਵਿਚ ਹੀ 1400-1500 ਲੋਕਾਂ ਨੂੰ ਸਿੱਧੇ ਤੇ ਅਸਿੱਧੇ ਰੂਪ ਵਿਚ ਰੋਜ਼ਗਾਰ ਮਿਲਿਆ ਹੋਇਆ ਹੈ। ਇਹ ਗਰੀਬ ਨਿਵਾਜ਼ ਸ੍ਰੀ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀ ਹੀ ਕਿਰਪਾ ਤੇ ਪ੍ਰੇਰਨਾ ਹੈ ਕਿ ਕੰਪਨੀ ਸਮਾਜ ਦੀ ਤੇ ਮਦਦਗਾਰਾਂ ਦੀ ਸੇਵਾ ਤੇ ਮਦਦ ਕਰ ਰਹੀ ਹੈ।

ਧਰਮ ਤੇ ਸੰਸਕ੍ਰਿਤੀ ਪੱਖ-

ਜਿਥੇ ਕੰਪਨੀ ਨੇ ਭੌਤਿਕ ਤੌਰ ਤੇ ਇੰਨੀ ਤਰੱਕੀ ਕੀਤੀ ਉਥੇ ਧਰਮ, ਸੰਸਕ੍ਰਿਤੀ ਤੇ ਅਧਿਆਤਮਵਾਦ

Namdhari Elibrary NamdhariElibrary@gmail.com

ਨੂੰ ਵੀ ਨਾਲ ਰੱਖਿਆ। ਇਹ ਸ੍ਰੀ ਸਤਿਗੁਰੂ ਜੀ ਦੀ ਹੀ ਕਿਰਪਾ ਹੈ ਕਿ ਅੱਜ ਦੇ ਭੌਤਿਕ ਯੁੱਗ ਵਿੱਚ ਵੀ ਇਥੇ ਆਪਣੇ ਪੁਰਾਣੇ ਸੰਸਕਾਰ ਕਾਇਮ ਹਨ। ਅਧਿਆਤਮਕ ਤੇ ਧਰਮ ਦਾ ਹੀ ਪ੍ਰਭਾਵ ਸੀ ਜੋ ੧੯੮੫ ਤੋਂ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਅਖੰਡ ਵਰਨੀ ਸ਼ੁਰੂ ਹੋਈ। ਇਸਦੇ ਨਾਲ ਨਾਲ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸਵੇਰੇ ਸ਼ਾਮ ਇਕ ਇਕ ਘੰਟਾ ਨਾਮ ਸਿਮਰਨ ਵੀ ਹੁੰਦਾ ਹੈ, ਜਿਥੇ ਸਾਧ ਸੰਗਤ ਆਪਣੇ ਕੰਮਾਂ ਕਾਰਾਂ ਤੋਂ ਵਿਹਲੇ ਹੋ ਕੇ ਸਤਿਗੁਰੂ ਜੀ ਦੇ ਰੂਹਾਨੀ ਬਚਨਾਂ ਦਾ ਰਸ ਲੈਂਦੀ ਹੈ ਤੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਆਪਣੀ ਸੁਰਤ ਜੋੜਦੀ ਹੈ।

ਇਸ ਤੋਂ ਇਲਾਵਾ ਸ੍ਰੀ ਸਤਿਗੁਰੂ ਜੀ ਦਾ ਸ਼ੁਰੂ ਤੋਂ ਹੀ ਗਊਆਂ ਵਲ ਪੂਰਾ ਧਿਆਨ ਸੀ। ਸਤਿਗੁਰੂ ਜੀ ਦੇ ਗਊਆਂ ਪ੍ਰਤੀ ਇਸੇ ਪ੍ਰੇਮ ਸਦਕਾ ਫਾਰਮ ਵਿਚ ਇਕ ਗਊਸ਼ਾਲਾ ਦਾ ਵੀ ਨਿਰਮਾਣ ਕੀਤਾ ਗਿਆ ਜਿਸ ਵਿਚ ਗਊਆਂ ਦੀਆਂ ਵਧੀਆ ਨਸਲਾਂ ਦੀ ਖਾਸ ਕਰਕੇ ਸਾਹੀਵਾਲ ਆਦਿ ਦੀ ਸਾਂਭ ਸੰਭਾਲ ਕੀਤੀ ਜਾਂਦੀ ਹੈ। ਇਤਿਹਾਸ ਦੇ ਪੰਨਿਆਂ ਨੂੰ ਵੀ ਫਰੋਲਿਆ ਜਾਏ ਤਾਂ ਪਤਾ ਲਗਦਾ ਹੈ ਕਿ ਗਊਆਂ ਦੀ ਰਾਖੀ ਵਾਸਤੇ ਨਾਮਧਾਰੀ ਲਹਿਰ ਨੇ ਕੁਰਬਾਨੀਆਂ ਵੀ ਦਿੱਤੀਆਂ।। ਕਈ ਨਾਮਧਾਰੀ ਕੂਕੇ ਬੁੱਚੜਾਂ ਨੂੰ ਮਾਰਕੇ ਤੇ ਗਊਆਂ ਦੀ ਰਾਖੀ ਕਰਦੇ ਹੋਏ ਫਾਂਸੀਆਂ ਤੇ ਚੜ੍ਹੇ ਤੇ ਤੋਪਾਂ ਨਾਲ ਉਡੇ।

ਨਵੀਂ ਪੀੜ੍ਹੀ ਲਈ ਯੋਗਦਾਨ-

ਅੱਜ ਦੇ ਟੈਕਨਾਲਾਜੀ ਸਾਇੰਸ ਤੇ ਆਧੁਨਿਕ ਸਿੱਖਿਆ ਦੇ ਯੁੱਗ ਵਿੱਚ ਵੀ ਜਿਥੇ ਫਾਰਮ ਦੇ ਬੱਚਿਆਂ ਨੂੰ ਵਧੀਆ ਸਕੂਲਾਂ ਵਿੱਚ ਪੜ੍ਹਾਈ ਦਿੱਤੀ ਜਾ ਰਹੀ ਹੈ ਉਥੇ ਆਉਣ ਵਾਲੀ ਪੀੜ੍ਹੀ ਨੂੰ ਆਪਣੇ ਪਿਛੋਕੜ, ਸੰਸਕ੍ਰਿਤੀ ਤੇ ਪੰਜਾਬੀਅਤ ਨਾਲ ਜੋੜਨ ਲਈ ਪੰਜਾਬੀ ਟੀਚਰ ਦੀ ਵੀ ਵਿਵਸਥਾ ਕੀਤੀ ਗਈ ਹੈ, ਜੋ ਬੱਚਿਆਂ ਨੂੰ ਪੰਜਾਬੀ ਅੱਖਰਾਂ ਦੇ ਨਾਲ ਨਾਲ ਗੁਰਬਾਣੀ ਦੀ ਸਿਖਲਾਈ ਵੀ ਦਿੰਦੇ ਹਨ। ਇਸ ਤੋਂ ਇਲਾਵਾ ਪੰਜਾਬੀ ਸੰਗੀਤ ਦੀ ਆਪਣੀ ਪੁਰਾਣੀ ਧਰੋਹਰ ਨੂੰ ਕਾਇਮ ਰੱਖਣ ਵਾਸਤੇ ਬੱਚਿਆਂ ਨੂੰ ਹਾਰਮੋਨੀਅਮ, ਢੋਲਕੀ ਅਤੇ ਦਿਵਾਨਾਂ ਦੀ ਸਿਖਲਾਈ ਵੀ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਤੇ ਪ੍ਰੇਰਨਾ ਨਾਲ ਨਵੀਂ ਪੀੜ੍ਹੀ ਆਪਣੇ ਧਰਮ, ਸੰਸਕ੍ਰਿਤੀ ਤੇ ਸੰਗੀਤ ਨਾਲ ਜੁੜੀ ਹੋਈ ਹੈ।

ਅੱਜ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਕੰਪਨੀ ਦੀ ਆਪਣੀ ਇੱਕ ਹਾਕੀ ਟੀਮ ਹੈ ਜੋ ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਪੱਧਰ ਤੇ ਨਾਮਣਾ ਖੱਟ ਚੁੱਕੀ ਹੈ। ਇਸ ਤੋਂ ਇਲਾਵਾ ਫਾਰਮ ਵਿਚ ਹੀ ਟੈਨਿਸ ਤੇ ਫੁੱਟਬਾਲ ਦੇ ਗਰਾਊਂਡ ਹਨ। ਜਿਨ੍ਹਾਂ ਵਿਚ ਟੈਨਿਸ ਸਿਖਾਉਣ ਵਾਸਤੇ ਸਪੈਸ਼ਲ ਕੋਚ ਰੱਖੇ ਹੋਏ ਹਨ। ਫਾਰਮ ਦੇ ਬੱਚੇ ਟੈਨਿਸ ਦੇ ਖੇਤਰ ਵਿਚ ਵੀ ਕਈ ਰਾਸ਼ਟਰੀ ਮੁਕਾਬਿਲਆਂ ਵਿੱਚ ਹਿੱਸਾ ਲੈ ਚੁੱਕੇ ਹਨ।

ਖੇਡ ਪੱਖ-

ਤੰਦਰੁਸਤ ਸਰੀਰ ਵਿਚ ਹੀ ਇਕ ਤੰਦਰੁਸਤ ਆਤਮਾ ਨਿਵਾਸ ਕਰਦੀ ਹੈ, ਦੇ ਅਖਾਣ ਅਨੁਸਾਰ ਸਰੀਰਕ ਤੌਰ ਤੇ ਸਿਹਤਮੰਦ ਅਤੇ ਤੰਦਰੁਸਤ ਰਹਿਣ ਲਈ ਖੇਡਾਂ ਨੂੰ ਵੀ ਕਾਫੀ ਮਹੱਤਵ ਦਿੱਤਾ ਗਿਆ ਹੈ। ਇਸ ਮਨੋਰਥ ਨੂੰ ਪੂਰਾ ਕਰਨ ਲਈ ਹਾਕੀ ਤੇ ਟੈਨਿਸ ਨੂੰ ਕਾਫੀ ਪ੍ਰੋਤਸਾਹਨ ਦਿੱਤਾ ਗਿਆ ਹੈ। ਅੱਜ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਕੰਪਨੀ ਦੀ ਆਪਣੀ ਇੱਕ ਹਾਕੀ ਟੀਮ ਹੈ ਜੋ ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਪੱਧਰ ਤੇ ਨਾਮਣਾ ਖੱਟ ਚੁੱਕੀ ਹੈ। ਇਸ ਤੋਂ ਇਲਾਵਾ ਫਾਰਮ ਵਿਚ ਹੀ ਟੈਨਿਸ ਤੇ ਫੁੱਟਬਾਲ ਦੇ ਗਰਾਊਂਡ ਹਨ। ਜਿਨ੍ਹਾਂ ਵਿਚ ਟੈਨਿਸ ਸਿਖਾਉਣ ਵਾਸਤੇ ਸਪੈਸ਼ਲ ਕੋਚ ਰੱਖੇ ਹੋਏ ਹਨ। ਫਾਰਮ ਦੇ ਬੱਚੇ ਟੈਨਿਸ ਦੇ ਖੇਤਰ ਵਿਚ ਵੀ ਕਈ ਰਾਸ਼ਟਰੀ ਮੁਕਾਬਿਲਆਂ ਵਿੱਚ ਹਿੱਸਾ ਲੈ ਚੁੱਕੇ ਹਨ।

ਸੰਖੇਪ ਰੂਪ ਵਿਚ ਕਹਿ ਸਕਦੇ ਹਾਂ ਕਿ ਨਾਮਧਾਰੀ ਸੀਡਜ਼ ਨੇ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਜਿਥੇ ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਵਪਾਰ ਵਿਚ ਪੂਰੀ ਦੁਨੀਆਂ ਤੇ ਆਪਣਾ ਝੰਡਾ ਫਹਿਰਾਇਆ ਹੈ ਉਥੇ ਸ੍ਰੀ ਸਤਿਗੁਰੂ ਜੀ ਦੀ ਪ੍ਰੇਰਨਾ ਤੇ ਮਾਰਗ ਦਰਸ਼ਨ ਨਾਲ ਧਰਮ ਤੇ ਸਮਾਜ ਵਾਸਤੇ ਵੀ ਆਪਣਾ ਯੋਗਦਾਨ ਪਾਇਆ। ਅੰਤ ਵਿੱਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਵਿੱਚ ਇਹੀ ਅਰਦਾਸ ਕਰਦੇ ਹਾਂ ਕਿ ਨਾਮਧਾਰੀ ਸੀਡਜ਼ ਤੇ ਆਪਣਾ ਮਿਹਰ ਭਰਿਆ ਹੱਥ ਸਦਾ ਰੱਖਣ ਤਾਂ ਜੋ ਕੰਪਨੀ ਭੌਤਿਕ ਤਰੱਕੀ ਦੇ ਨਾਲ ਨਾਲ ਇਨਸਾਨੀਅਤ ਤੇ ਸਮਾਜ ਦੀ ਸੇਵਾ ਵੀ ਕਰਦੀ ਰਹੇ।

Namdhari Elibrary NamdhariElibrary@gmail.com

ਨਾਮਧਾਰੀ ਹਾਕੀ ਸ਼ੁਰੂ ਤੋਂ ਅੱਜ ਤੱਕ

✍ ਰਸ਼ਪਾਲ ਸਿੰਘ ਕੋਚ

ਸ੍ਰੀ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੂੰ ਹੋਰ ਖੇਡਾਂ ਦੇ ਨਾਲ ਨਾਲ ਹਾਕੀ, ਬੈਡਮਿੰਟਨ, ਰੱਸਾ-ਕੱਸੀ ਅਤੇ ਵਾਲੀਬਾਲ ਵਿਚ ਵਿਸ਼ੇਸ਼ ਦਿਲਚਸਪੀ ਹੈ। ਹਾਕੀ ਪਹਿਲਾਂ ਸ੍ਰੀ ਸਤਿਗੁਰੂ ਜੀ ਆਪਣਾ ਸ਼ੌਕ ਪੂਰਾ ਕਰਨ ਲਈ ਆਪ ਹੀ ਆਪਣੇ ਸੇਵਕਾਂ ਨਾਲ ਖੇਡਦੇ ਰਹੇ। ਪਰ ਸੰਨ ੧੯੭੭ ਵਿਚ ਨਾਮਧਾਰੀ ਹਾਕੀ ਨੂੰ ਵਿਸ਼ਵ ਪੱਧਰ ਉਤੇ ਲਿਆਉਣ ਲਈ ਇਕ ਖਾਸ ਯੋਜਨਾ ਉਲੀਕੀ ਗਈ। ਇਸ ਯੋਜਨਾ ਅਧੀਨ ਸ੍ਰੀ ਗੁਰੂ ਹਰੀ ਸਿੰਘ ਮਹਾਂਵਿਦਿਆਲਾ ਸ੍ਰੀ ਜੀਵਨ ਨਗਰ ਸਿਰਸਾ ਹਰਿਆਣਾ ਦੇ ੧੦-੧੨ ਸਾਲ ਦੇ ਲਗਭਗ ੨੦ ਲੜਕਿਆਂ ਦੀ ਚੋਣ ਕੀਤੀ ਗਈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸ਼ੁਰੂ ਤੋਂ ਹੀ ਨਾਮਧਾਰੀ ਪੰਥ ਨੂੰ ਹਰ ਖੇਤਰ ਵਿਚ ਮੋਹਰੀ ਦੇਖਣ ਦੀ ਇਛਾ ਰਹੀ ਹੈ ਚਾਹੇ ਉਹ ਰਾਜਨੀਤਕ ਹੋਵੇ, ਸਮਾਜਿਕ ਹੋਵੇ, ਸਭਿਆਚਾਰਕ ਜਾਂ ਕੋਈ ਹੋਰ ਅਤੇ ਸਿਰਫ ਇਛਾ ਹੀ ਨਹੀਂ ਕੀਤੀ ਇਸ ਵਿਚ ਸਫਲਤਾ ਹਾਸਿਲ ਕਰਨ ਲਈ ਹਰ ਸੰਭਵ ਅਸੰਭਵ ਕੋਸ਼ਿਸ਼ ਕੀਤੀ ਹੈ।

ਰਾਜਨੀਤਕ ਖੇਤਰ ਵਿਚ ਸ੍ਰੀ ਸਤਿਗੁਰੂ ਜੀ ਨੇ ਨਾਮਧਾਰੀ ਪੰਥ ਵਿਚ ਬਹੁਤ ਚੰਗੇ ਚੰਗੇ ਰਾਜਨੀਤਕ ਨੇਤਾ ਪੈਦਾ ਕੀਤੇ ਹਨ। ਸਮਾਜਿਕ ਖੇਤਰ ਖਿਚ ਸ੍ਰੀ ਸਤਿਗੁਰੂ ਜੀ ਨਾਮਧਾਰੀ ਪੰਥ ਵਿਚੋਂ ਬੁਰਾਈਆਂ ਨੂੰ ਦੂਰ ਕਰਨ ਵਿਚ ਦੂਜਿਆਂ ਵਾਸਤੇ ਇਕ ਮਿਸਾਲ ਪੈਦਾ ਕਰ ਰਹੇ ਹਨ, ਧਾਰਮਿਕ ਖੇਤਰ ਵਿਚ ਸੱਚੇ ਪਾਤਸ਼ਾਹ ਜੀ ਸੰਗਤਾਂ ਤੋਂ ੮-੯ ਘੰਟੇ ਹਰ ਰੋਜ਼ ਨਾਮ ਸਿਮਰਨ ਕਰਵਾ ਰਹੇ ਹਨ। ਸ੍ਰੀ ਭੈਣੀ ਸਾਹਿਬ, ਅਮਰੀਕਾ, ਕਨੇਡਾ ਅਤੇ ਕਈ ਹੋਰ ਥਾਵਾਂ ਤੇ ਸੰਗਤਾਂ ਸਾਰਾ ਸਾਰਾ ਸਾਲ ਜਪ ਪ੍ਰਯੋਗ ਕਰ ਰਹੀਆਂ ਹਨ। ਜਿਸਦੀ ਮਿਸਾਲ ਦੁਨੀਆਂ ਵਿਚ ਕਿਤੇ ਨਹੀਂ ਮਿਲਦੀ। ਸਭਿਆਚਾਰ ਦੇ ਖੇਤਰ ਵਿਚ ਸਤਿਗੁਰੂ ਜੀ ਨੇ ਉਚ ਕੋਟੀ ਦੇ ਵਿਦਵਾਨ, ਸਾਹਿਤਕਾਰ, ਸੰਗੀਤਕਾਰ, ਕਵੀ ਅਤੇ ਅੰਤਰਰਾਸ਼ਟਰੀ ਪੱਧਰ ਦੇ ਖਿਡਾਰੀ ਪੈਦਾ ਕੀਤੇ ਹਨ।

ਇਥੇ ਸ੍ਰੀ ਸਤਿਗੁਰੂ ਜੀ ਦੀ ਸ਼ਖਸੀਅਤ ਦੇ ਸਾਰੇ ਪਹਿਲੂਆਂ ਦਾ ਵਰਨਣ ਕਰਨਾ ਸਮੁੰਦਰ ਨੂੰ ਕੁਜੇ ਵਿਚ ਪਾਉਣ ਦੇ ਬਰਾਬਰ ਹੈ। ਪਰ ਫਿਰ ਵੀ ਅਸੀਂ ਸ੍ਰੀ ਸਤਿਗੁਰੂ ਜੀ ਦੀ ਗੱਦੀ ਨਸ਼ੀਨੀ ਕਾਲ ਵਿੱਚ ਖੇਡਾਂ ਦੇ ਖੇਤਰ ਵਿਚ ਹੋਈਆਂ ਸਫਲਤਾਵਾਂ ਦਾ ਜ਼ਿਕਰ ਕਰਨ ਦੀ ਕੋਸ਼ਿਸ਼ ਕਰਾਂਗੇ।

ਸ੍ਰੀ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੂੰ ਹੋਰ ਖੇਡਾਂ ਦੇ ਨਾਲ ਨਾਲ ਹਾਕੀ, ਬੈਡਮਿੰਟਨ, ਰੱਸਾ-ਕੱਸੀ ਅਤੇ ਵਾਲੀਬਾਲ ਵਿਚ ਵਿਸ਼ੇਸ਼ ਦਿਲਚਸਪੀ ਹੈ। ਹਾਕੀ ਪਹਿਲਾਂ ਸ੍ਰੀ ਸਤਿਗੁਰੂ ਜੀ ਆਪਣਾ ਸ਼ੌਕ ਪੂਰਾ ਕਰਨ ਲਈ ਆਪ ਹੀ ਆਪਣੇ ਸੇਵਕਾਂ ਨਾਲ ਖੇਡਦੇ ਰਹੇ। ਪਰ ਸੰਨ ੧੯੭੭ ਵਿਚ ਨਾਮਧਾਰੀ ਹਾਕੀ ਨੂੰ ਵਿਸ਼ਵ ਪੱਧਰ ਉਤੇ ਲਿਆਉਣ ਲਈ ਇਕ ਖਾਸ ਯੋਜਨਾ ਉਲੀਕੀ ਗਈ। ਇਸ ਯੋਜਨਾ ਅਧੀਨ ਸ੍ਰੀ ਗੁਰੂ ਹਰੀ ਸਿੰਘ ਮਹਾਂਵਿਦਿਆਲਾ ਸ੍ਰੀ ਜੀਵਨ ਨਗਰ ਸਿਰਸਾ ਹਰਿਆਣਾ ਦੇ ੧੦-੧੨ ਸਾਲ ਦੇ ਲਗਭਗ ੨੦ ਲੜਕਿਆਂ ਦੀ ਚੋਣ ਕੀਤੀ ਗਈ। ਵਰਨਣਯੋਗ ਹੈ ਕਿ ਇਹ ਲੜਕੇ ਕੇਵਲ ਦੋ ਪਿੰਡਾਂ ਜੀਵਨ ਨਗਰ ਅਤੇ ਸੰਤ ਨਗਰ ਦੇ ਹੀ ਸਨ। ਇਹਨਾਂ ਵਾਸਤੇ ਚੰਗੀ ਖੁਰਾਕ ਤੇ ਵਧੀਆ ਟਰੇਨਿੰਗ ਵਾਸਤੇ ਮਿਹਨਤੀ ਕੋਚਾਂ ਦਾ ਇੰਤਜਾਮ ਕੀਤਾ ਗਿਆ। ਕੋਚਾਂ ਦੀ ਮਿਹਨਤ ਬੱਚਿਆਂ ਦੀ ਲਗਨ ਅਤੇ ਸੱਚੇ ਪਾਤਸ਼ਾਹ

Namdhari Elibrary NamdhariElibrary@gmail.com

ਜੀ ਦੀ ਬਖਸ਼ਿਸ਼ ਸਦਕਾ ਇਹਨਾਂ ਬੱਚਿਆਂ ਨੇ ਪਹਿਲਾ ਟੂਰਨਾਮੈਂਟ ਜਿੱਤਿਆ, ਜੋ ਮਿੰਨੀ ਨੈਸ਼ਨਲ ਹਾਕੀ ਚੈਂਪੀਅਨਸ਼ਿਪ ਦੇ ਨਾਂ ਤੇ ਜਲੰਧਰ ਵਿਚ ੧੯੭੦ ਵਿੱਚ ਹੋਇਆ ਸੀ ਅਤੇ ਜਿਸ ਵਿਚ ਦੇਸ਼ ਭਰ ਦੇ ਰਾਜਾਂ ਦੀਆਂ ਸਕੂਲਾਂ ਦੀਆਂ ਟੀਮਾਂ ਨੇ ਹਿੱਸਾ ਲਿਆ ਸੀ।

ਇਸ ਵਧੀਆ ਸ਼ੁਰੂਆਤ ਤੋਂ ਬਾਅਦ ਫਿਰ ਇਸ ਟੀਮ ਨੇ ਕਦੇ ਪਿਛੇ ਮੁੜ ਦੇ ਨਹੀਂ ਦੇਖਿਆ। ਸਭ ਜੂਨੀਅਰ ਤੋਂ ਬਾਅਦ ਜੂਨੀਅਰ, ਜੂਨੀਅਰ ਤੋਂ ਬਾਅਦ ਸੀਨੀਅਰ ਅਤੇ ਫਿਰ ਇੰਟਰਨੈਸ਼ਨਲ ਟੂਰਨਾਮੈਂਟ ਜਿੱਤ ਕੇ ਹਾਕੀ ਖੇਡ ਜਗਤ ਵਿੱਚ ਆਪਣੀ ਧਾਂਕ ਜਮਾਈ।

ਹਿੰਦੁਸਤਾਨ ਦੇ ਏ ਗਰੇਡ ਦੇ ਟੂਰਨਾਮੈਂਟਾਂ ਵਿਚ ਘੱਟ ਤੋਂ ਘੱਟ ਸੈਮੀਫਾਈਨਲ ਸਟੇਜ ਤੱਕ ਪਹੁੰਚਣਾ ਇਹਨਾਂ ਵਾਸਤੇ ਮਾਮੂਲੀ ਗੱਲ ਸੀ। ਇਹਨਾਂ ਵਿਚੋਂ ਬਹੁਤੇ ਤਾਂ ਦੋ-ਦੋ ਵਾਰ ਜਾਂ ਤਿੰਨ-ਤਿੰਨ ਵਾਰ ਜਿਤੇ ਵੀ ਸਨ। ਜਿਵੇਂ :

੧. ਮਹਾਰਾਜਾ ਰਣਜੀਤ ਸਿੰਘ ਗੋਲਡ ਕੱਪ, ਅੰਮ੍ਰਿਤਸਰ — ਦੋ ਵਾਰੀ
੨. ਸੰਜੇ ਗਾਂਧੀ ਮੈਮੋਰੀਅਲ ਹਾਕੀ ਟੂਰਨਾਮੈਂਟ, ਦਿੱਲੀ — ਤਿੰਨ ਵਾਰੀ
੩. ਲਾਲ ਬਹਾਦਰ ਸ਼ਾਸ਼ਤਰੀ ਹਾਕੀ ਟੂਰਨਾਮੈਂਟ, ਨਵੀਂ ਦਿੱਲੀ — ਇਕ ਵਾਰ
੪. ਅਬਦੁਲ ਗਫਾਰ ਖਾਨ ਹਾਕੀ ਟੂਰਨਾਮੈਂਟ, ਦਿੱਲੀ — ਇਕ ਵਾਰ
੫. ਕੰਵਰ ਦਿਗਵਿਜੈ ਸਿੰਘ ਬਾਬੂ ਮੈਮੋਰੀਅਲ ਹਾਕੀ ਟੂਰਨਾਮੈਂਟ, ਲਖਨਊ — ਇਕ ਵਾਰ
੬. ਇੰਦਰਾ ਗਾਂਧੀ ਗੋਲਡ ਕੱਪ, ਜੰਮੂ — ਇਕ ਵਾਰ
੭. ਗੁਰੂ ਨਾਨਕ ਦੇਵ ਹਾਕੀ ਗੋਲਡ ਕੱਪ, ਰਾਏਪੁਰ (ਐਮ. ਪੀ.) — ਇਕ ਵਾਰ
੮. ਬੰਬੇ ਗੋਲਡ ਕੱਪ, ਮੁੰਬਈ — ਇਕ ਵਾਰ
੯. ਸਰ ਸ਼ਾਦੀ ਲਾਲ ਹਾਕੀ ਟੂਰਨਾਮੈਂਟ, ਮੰਡੀ, (ਹਿ. ਪ੍ਰਦੇਸ) — ਤਿੰਨ ਵਾਰੀ
੧੦. ਆਲ ਇੰਡੀਆ ਹਾਕੀ ਗੋਲਡ ਕੱਪ, ਗੋਰਖਪੁਰ (ਯੂ. ਪੀ.) — ਦੋ ਵਾਰੀ
੧੧. ਸੀਨੀਅਰ ਨਹਿਰੂ ਹਾਕੀ ਟੂਰਨਾਮੈਂਟ, ਦਿੱਲੀ (ਕੇਵਲ ਸੈਮੀਫਾਈਨਲ ਤੱਕ) — ਤਿੰਨ ਵਾਰੀ
੧੨. ਭਾਰਤ ਦਾ ਮਿੰਨੀ · ਓਲਪਿੰਕ ਦੇ ਨਾਂ ਨਾਲ ਜਾਣਿਆ ਜਾਂਦਾ ਕਿਲਾ ਰਾਏਪੁਰ (ਲੁਧਿਆਣਾ) ਦਾ ਗੋਲਡ ਕੱਪ — ਦੋ ਵਾਰੀ

ਦੇਸ਼ ਵਿਚ ਆਪਣੀ ਲੋਕਪ੍ਰੀਅਤਾ ਦੀ ਅਤੇ ਕਲਾ ਦੀ ਧਾਂਕ ਜਮਾਉਣ ਤੋਂ ਬਾਅਦ ਸ੍ਰੀ ਉਦੈ ਸਿੰਘ ਜੀ ਨੇ ਸੰਨ ੧੯੮੯ ਵਿਚ ਟੀਮ ਦਾ ਯੂਰਪ ਦੇ ਦੌਰੇ ਦਾ ਪ੍ਰੋਗਰਾਮ ਬਣਾਇਆ, ਜਿਸ ਵਿਚ ਇੰਗਲੈਂਡ ਅਤੇ ਸਪੇਨ ਦੇ ਦੇਸ਼ ਵੀ ਸ਼ਾਮਿਲ ਸਨ। ਇਸ ਦੌਰੇ ਦੇ ਪ੍ਰੋਗਰਾਮ ਵਿੱਚ ਦੋ ਟੂਰਨਾਮੈਂਟਾਂ ਤੋਂ ਇਲਾਵਾ ਕੁਲ ੨੩ ਮੈਚ ਲੋਕਲ ਕਲੱਬਾਂ ਦੇ ਨਾਲ ਖੇਡੇ ਗਏ। ਇਹਨਾਂ ਟੂਰਨਾਮੈਂਟਾਂ ਵਿਚ ਇਕ ਟੂਰਨਾਮੈਂਟ ਸਤਿਗੁਰੂ ਪ੍ਰਤਾਪ ਸਿੰਘ ਮੈਮੋਰੀਅਲ ਹਾਕੀ ਟੂਰਨਾਮੈਂਟ, ਲੰਡਨ ਜਿਤਿਆ ਅਤੇ ੨੩ ਮੈਚਾਂ ਵਿਚੋਂ ਇਕ ਮੈਚ ਹਾਰਿਆ, ਇਕ ਬਰਾਬਰ ਖੇਡਿਆ ਅਤੇ ਬਾਕੀ ੨੧ ਮੈਚ ਜਿੱਤੇ। ਸੰਨ ੧੯੯੧ ਵਿਚ ਹਾਕੀ ਟੀਮ ਦਾ ਕੀਨੀਆ ਦੇ ਦੌਰੇ ਦਾ ਪ੍ਰੋਗਰਾਮ ਬਣਾਇਆ ਗਿਆ। ਜਿਸ ਵਿਚ ਕੁਝ ਕੁ ਪ੍ਰਦਰਸ਼ਨੀ ਮੈਚਾਂ ਤੋਂ ਇਲਾਵਾ ਕੀਨੀਆ ਹਾਕੀ ਗੋਲਡ ਕੱਪ ਟੂਰਨਾਮੈਂਟ ਵਿਚ ਭਾਗ ਲਿਆ ਅਤੇ ਫਾਈਨਲ ਵਿਚ ਸ਼ੀਬਾ ਕਲੱਬ ਨੈਰੋਬੀ ਨੂੰ ਹਰਾ ਕੇ ਟੂਰਨਾਮੈਂਟ ਜਿੱਤ ਲਿਆ।

ਨਾਮਧਾਰੀ ਹਾਕੀ ਟੀਮ ਦਾ ਇਕ ਮੈਂਬਰ ਦਿਦਾਰ ਸਿੰਘ ੧੯੯੨ ਦੀ ਬਾਰਸੀਲੋਨਾ ਓਲਪਿੰਕ ਵਾਸਤੇ ਚੁਣੀ ਗਈ ਭਾਰਤੀ ਹਾਕੀ ਟੀਮ ਦਾ ਮੈਂਬਰ ਚੁਣਿਆ ਗਿਆ। ਸੰਨ ੧੯੯੨ ਵਿਚ ਹੀ ਟੀਮ ਦਾ ਦੂਜਾ ਯੂਰਪ ਦਾ ਦੌਰਾ ਰਖਿਆ ਗਿਆ ਜਿਸ ਵਿਚ ਇੰਗਲੈਂਡ, ਹਾਲੈਂਡ ਤੇ ਬੈਲਜ਼ੀਅਮ ਦੇ ਦੇਸ਼ ਸ਼ਾਮਿਲ ਸਨ। ਇਹਨਾਂ ਵਿਚ ਇੰਗਲੈਂਡ ਅਤੇ ਹਾਲੈਂਡ ਵਿਚ ਇਕ ਇਕ ਟੂਰਨਾਮੈਂਟ ਖੇਡਿਆ ਗਿਆ ਅਤੇ ਬੈਲਜ਼ੀਅਮ ਵਿਚ ਤਿੰਨ ਮੈਚ ਖੇਡੇ ਗਏ। ਟੂਰਨਾਮੈਂਟਾਂ ਵਿਚ ਇੰਗਲੈਂਡ ਵਿਚ ਸਤਿਗੁਰੂ ਪ੍ਰਤਾਪ ਸਿੰਘ ਹਾਕੀ ਗੋਲਡ ਕੱਪ ਲੰਡਨ ਜਿਤਿਆ ਅਤੇ ਹਾਲੈਂਡ ਵਿਚ ਖੇਡੇ ਗਏ ਟੂਰਨਾਮੈਂਟ ਵਿਚ ਨਾਮਧਾਰੀ ਹਾਕੀ ਟੀਮ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਮੈਚਾਂ ਵਿਚ ਦੋ ਮੈਚ ਜਿੱਤੇ ਤੇ ਇਕ ਮੈਚ ਬਰਾਬਰ ਰਿਹਾ। ਇਸ ਟੀਮ ਨੇ ਸਿਖ ਮਰਯਾਦਾ ਵਿਚ ਰਹਿ ਕੇ ਏ ਕਲਾਸ ਹਾਕੀ ਖੇਡੀ ਅਤੇ ਸਾਰੇ ਸਿਖ ਜਗਤ ਵਿਚ ਨਾਮਧਾਰੀ ਪੰਥ ਦਾ ਸਤਿਕਾਰ ਹੋਰ ਵਧਾਇਆ। ਇਸ ਤੋਂ ਬਾਦ ਫਿਰ ਸ੍ਰੀ ਉਦੈ ਸਿੰਘ ਜੀ ਨੇ ਕਾਫੀ ਲੰਮੇ ਅਰਸੇ ਬਾਅਦ ਸ੍ਰੀ ਸਤਿਗੁਰੂ ਜੀ ਦੀ ਰਜ਼ਾ ਅਨੁਸਾਰ ਫਿਰ ਉਸੇ ਹੀ ਪੱਧਰ ਦੀ ਟੀਮ ਤਿਆਰ ਕਰਨ ਦਾ

Namdhari Elibrary NamdhariElibrary@gmail.com

ਉਪਰਾਲਾ ਕੀਤਾ। ਸੰਨ ੧੯੯੭ ਵਿੱਚ ਨਾਮਧਾਰੀ ਹਾਕੀ ਅਕੈਡਮੀ, ਸ੍ਰੀ ਭੈਣੀ ਸਾਹਿਬ, ਲੁਧਿਆਣਾ ਕਾਇਮ ਕਰਕੇ ਫਿਰ ਲਗਭਗ ੩੦ ਕੁ ਬੱਚਿਆਂ ਦੀ ਚੋਣ ਕੀਤੀ ਅਤੇ ਮਿਹਨਤ ਸ਼ੁਰੂ ਕੀਤੀ।

ਇਨ੍ਹਾਂ ਬੱਚਿਆਂ ਨੇ ਵੀ ਬਹੁਤ ਥੋੜੇ ਸਮੇਂ ਵਿਚ ਹੀ ਵੱਡੀਆਂ ਮੱਲਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ ਹਨ। ਸੰਨ ੨000 ਵਿੱਚ ਹੀ ਪੰਜਾਬ ਸਟੇਟ ਸਕੂਲ ਜੂਨੀਅਰ ਹਾਕੀ ਪ੍ਰਤੀਯੋਗਤਾ ਅਤੇ ਰਮੇਸ਼ ਚੰਦਰ ਯਾਗਦਾਰੀ ਸਬ-ਜੂਨੀਅਰ ਹਾਕੀ ਟੂਰਨਾਮੈਂਟ ਜਲੰਧਰ ਜਿੱਤ ਲਏ। ਜਵਾਹਰ ਲਾਲ ਨਹਿਰੂ ਜੂਨੀਅਰ ਹਾਕੀ ਟੂਰਨਾਮੈਂਟ ਦਿੱਲੀ ਵਿਚ ਤੀਜਾ ਸਥਾਨ ਪ੍ਰਾਪਤ ਕੀਤਾ ਅਤੇ ਸਬ-ਜੂਨੀਅਰ ਨੈਸ਼ਨਲ ਹਾਕੀ ਚੈਂਪੀਅਨਸ਼ਿਪ ਹੈਦਰਾਬਾਦ ਵਿੱਚ ਸੈਮੀਫਾਈਨਲ ਵਿਚ ਪ੍ਰਵੇਸ਼ ਕੀਤਾ। ਇਸ ਤੋਂ ਇਲਾਵਾ ਹਰਪਾਲ ਸਿੰਘ ਏਥਨਜ਼ (ਗਰੀਸ) ਉਲੰਪਿਕ ੨੦੦੪ ਵਾਸਤੇ ਭਾਰਤੀ ਹਾਕੀ ਟੀਮ ਦਾ ਮੈਂਬਰ ਚੁਣਿਆ ਗਿਆ। ਇਸ ਨੂੰ ਫਿਰ ਪਾਕਿਸਤਾਨ ਦੇ ਵਿਰੁੱਧ ਭਾਰਤੀ ਟੀਮ ਵਲੋਂ ਅੱਠ ਮੈਚਾਂ ਦੀ ਟੈਸਟ ਲੜੀ ਖੇਡਣ ਦਾ ਮਾਣ ਵੀ ਪ੍ਰਾਪਤ ਹੋਇਆ। ਇਸੇ ਹੀ ਅਕੈਡਮੀ ਦੇ ਦਿਦਾਰ ਸਿੰਘ ਚੈਂਪੀਅਨ ਟਰਾਫੀ ੨੦੦੩ (ਹਾਲੈਂਡ) ਅਤੇ ਏਸ਼ੀਆ ਕੱਪ ੨੦੦੪ ਵਿਚ ਭਾਰਤੀ ਹਾਕੀ ਟੀਮ ਦੀ ਪ੍ਰਤੀਨਿਧਤਾ ਕੀਤੀ।

ਨਾਮਧਾਰੀ ਸਪੋਰਟਸ ਅਕੈਡਮੀ ਦੇ ਖਿਡਾਰੀ ਜੂਨੀਅਰ ਵਰਗ ਵਿਚ ਵੀ ਆਪਣਾ ਪੂਰਾ ਯੋਗਦਾਨ ਪਾ ਰਹੇ ਹਨ। ਅਜਮੇਰ ਸਿੰਘ ਅਤੇ ਗੁਰਵਿੰਦਰ ਸਿੰਘ ਨੇ ਬੰਗਲਾ ਦੇਸ਼ ਵਿਚ ਹੋਏ ਸਬ-ਜੂਨੀਅਰ ਏਸ਼ੀਆ ਕੱਪ ਵਿੱਚ ਭਾਰਤੀ ਟੀਮ ਦੇ ਮੈਂਬਰ ਹੋਣ ਦਾ ਮਾਣ ਪ੍ਰਾਪਤ ਕੀਤਾ। ਗੁਰਚਰਨ ਸਿੰਘ ਜੂਨੀਅਰ ਟੀਮ ਵਿਚ ਜੋ ਕਿ ਮਿਸਰ ਵਿਚ ਜੂਨੀਅਰ ਟੂਰਨਾਮੈਂਟ ਖੇਡਣ ਗਈ ਸੀ ਆਪਣਾ ਥਾਂ ਬਣਾਇਆ।

ਚੰਡੀਗੜ੍ਹ ਵਿਖੇ ਖੇਡੀ ਗਈ ੨੩ ਸਤੰਬਰ ਤੋਂ ੧ ਅਕਤੂਬਰ ੨੦੦੪ ਤੱਕ ਸੀਨੀਅਰ ਗੁਰਮੀਤ ਮੈਮੋਰੀਅਲ ਹਾਕੀ ਟੂਰਨਾਮੈਂਟ ਵਿਚ ਨਾਮਧਾਰੀ ਇਲੈਵਨ ਦੇ ਬੈਨਰ ਹੇਠ ਖੇਡ ਕੇ ਇਸ ਟੀਮ ਨੇ ਸੈਮੀਫਾਈਨਲ ਸਟੇਜ ਵਿਚ ਪ੍ਰਵੇਸ਼ ਕੀਤਾ ਅਤੇ ਨਾਮੀ ਪੰਜਾਬ ਪੁਲਿਸ ਦੀ ਟੀਮ ਤੋਂ ਮਾਤਰ ਇਕ ਗੋਲ ਨਾਲ ਹਾਰੀ।

ਚੰਡੀਗੜ੍ਹ ਵਿਖੇ ਖੇਡੀ ਗਈ ੨੩ ਸਤੰਬਰ ਤੋਂ ੧ ਅਕਤੂਬਰ ੨੦੦੪ ਤੱਕ ਸੀਨੀਅਰ ਗੁਰਮੀਤ ਮੈਮੋਰੀਅਲ ਹਾਕੀ ਟੂਰਨਾਮੈਂਟ ਵਿਚ ਨਾਮਧਾਰੀ ਇਲੈਵਨ ਦੇ ਬੈਨਰ ਹੇਠ ਖੇਡ ਕੇ ਇਸ ਟੀਮ ਨੇ ਸੈਮੀਫਾਈਨਲ ਸਟੇਜ ਵਿਚ ਪ੍ਰਵੇਸ਼ ਕੀਤਾ ਅਤੇ ਨਾਮੀ ਪੰਜਾਬ ਪੁਲਿਸ ਦੀ ਟੀਮ ਤੋਂ ਮਾਤਰ ਇਕ ਗੋਲ ਨਾਲ ਹਾਰੀ।

ਇਸ ਟੀਮ ਨੂੰ ਪਹਿਲੀ ਟੀਮ ਦੇ ਪੱਧਰ ਤੋਂ ਵੀ ਉੱਚਾ ਚੁਕਣ ਦੇ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ ਅਤੇ ਉਮੀਦ ਹੈ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਸਦਕਾ ਇਹ ਟੀਮ ਜਲਦੀ ਹੀ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਮੱਲਾਂ ਮਾਰੇਗੀ।

ਮਿਰੇ ਸਾਹਾਂ 'ਚ ਉਹ ਘੁਲਿਆ ਮਹਿਕਦੀ ਤਾਜ਼ਗੀ ਵਰਗਾ

✍ ਕਰਤਾਰ ਸਿੰਘ ਪੰਛੀ

ਉਹਨਾਂ ਨੂੰ ਯਾਦ ਕਰਨਾ ਹੀ, ਮਿਰੇ ਲਈ ਬੰਦਗੀ ਵਰਗਾ।
ਤਦੋਂ ਅਹਿਸਾਸ ਹੁੰਦਾ ਹੈ, ਪਵਿੱਤਰ ਸਾਦਗੀ ਵਰਗਾ।
ਮਿਰੇ ਲਈ ਸਾਰੀਆਂ ਰੁੱਤਾਂ ਹੀ, ਮੋਹ ਦੇ ਨਾਲ ਭਰੀਆਂ ਨੇ।
ਮਿਰੇ ਸਾਹਾਂ 'ਚ ਉਹ ਘੁਲਿਆ, ਮਹਿਕਦੀ ਤਾਜ਼ਗੀ ਵਰਗਾ।
ਇਹ ਦੁਨੀਆਂ ਦਾ ਪਸਾਰਾ, ਜੋ ਮੈਂ ਅੱਖਾਂ ਨਾਲ ਤਕਦਾ ਹਾਂ।
ਕਿ ਮੈਨੂੰ ਵੇਖਿਆਂ ਲਗਦੈ, ਇਲਾਹੀ ਜ਼ਿੰਦਗੀ ਵਰਗਾ।
ਮੈਂ ਧਰਤੀ ਨਾਲ ਜੁੜ ਕੇ ਵੀ, ਸਦਾ ਅੰਬਰ ਨਿਹਾਰਾਂਗਾ।
ਮਿਰੇ ਹਿਰਦੇ 'ਚ ਉਹ ਵਸਿਆ, ਨੂਰਾਨੀ ਰੌਸ਼ਨੀ ਵਰਗਾ।
ਹਯਾਤੀ ਦੇ ਝਮੇਲੇ ਵਿਚ, ਬਹੁਤ ਭਟਕੇ, ਬਹੁਤ ਸੁਲਘੇ।
ਤਾਂ ਵੀ ਝੱਲ ਨਾ ਚੜ੍ਹਿਆ, ਅਸਾਨੂੰ ਖੁਦਕਸ਼ੀ ਵਰਗਾ।
ਸਦਾ ਇਕ ਸੋਚ, ਦਿਲ ਅੰਦਰ, ਮਨ੍ਹਾਂ ਕਰਦੀ, ਮਨ੍ਹਾਂ ਹੋਵੇ।
ਮਗਰ ਜਜ਼ਬਾਤ ਵਿਚ, ਜਜ਼ਬਾ ਬਣੇ, ਆਵਾਰਗੀ ਵਰਗਾ।
ਚਲੋ ਜੇ ਨਿਹੁੰ ਲਗਾਇਆ ਹੈ, ਨਿਭਾਵਣ ਦਾ ਯਤਨ ਕੀਤੈ।
ਇਹ ਲਾਵਣ ਤੇ ਨਿਭਾਵਣ ਵਿਚ, ਹੁਲਾਰਾ ਆਸ਼ਕੀ ਵਰਗਾ।
ਮਹੀਨਾ ਕੋਈ ਵੀ ਹੋਵੇ, ਕੋਈ ਵੀ ਪੌਣ ਆ ਰੁਮਕੇ।
ਇਹ 'ਪੰਛੀ' ਫੇਰ ਵੀ ਚਾਹੁੰਦੈ, ਮਹੀਨਾ ਫਰਵਰੀ ਵਰਗਾ।

Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੰਗੀਤ ਨੂੰ ਦੇਣ

✍ ਤਰਲੋਚਨ ਸਿੰਘ ਲਾਲੀ

ਸ੍ਰੀ ਸਤਿਗੁਰੂ ਜੀ ਆਪਣੇ ਮੁਖਾਰਬਿੰਦ ਤੋਂ ਦੱਸਦੇ ਹਨ ਕਿ ਮੇਰੀ ਸੰਗੀਤ ਸਿਖਿਆ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਉਸਤਾਦ ਹਰਨਾਮ ਸਿੰਘ ਚਵਿੰਡੇ ਵਾਲੇ ਅਤੇ ਉਸਤਾਦ ਰਹੀਮ ਬਖਸ਼ ਕੋਲੋਂ ਸ਼ੁਰੂ ਕਰਵਾਈ। ਇਹਨਾਂ ਤੋਂ ਬਿਨਾਂ ਉਸਤਾਦ ਊਧੋ ਖਾਂ ਅਤੇ ਗੁਰਬਾਣੀ ਦੀਆਂ ਰਬਾਬੀ ਰੀਤਾਂ ਸਾਨੂੰ ਭਾਈ ਤਾਬਾ ਜੀ ਕੋਲੋਂ ਸਿਖਵਾਈਆਂ। ਪੰਜਾਬ ਘਰਾਣੇ ਦੇ ਅੰਗ ਦਾ ਪਖਾਵਜ ਅਸੀਂ ਭਾਈ ਨਸੀਰ ਅੰਮ੍ਰਿਤਸਰੀ ਕੋਲੋਂ ਸਿਖਿਆ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸੰਗੀਤ ਅਤੇ ਸੰਗੀਤਕਾਰਾਂ ਦਾ ਹਮੇਸ਼ਾ ਮਾਣ-ਸਤਿਕਾਰ ਕਰਦੇ ਰਹਿੰਦੇ ਹਨ। ਜਦੋਂ ਤੋਂ ਆਪ ਜੀ ਰਾਜਯੋਗ ਗੁਰਗੱਦੀ ਤੇ ਸੁਭਾਇਮਾਨ ਹੋਏ ਹਨ, ਉਦੋਂ ਤੋਂ ਹੀ ਸੰਗੀਤ (ਰਾਗ) ਨੂੰ ਨਾਮਧਾਰੀ ਪੰਥ ਵਿਚ ਸਥਾਪਤ ਕਰ ਰਹੇ ਹਨ ਕਿਉਂਕਿ ਗੁਰਗੱਦੀ ਤੇ ਬੈਠਣ ਸਮੇਂ (੧੯੫੯ ਈ.) ਹਜ਼ੂਰੀ ਵਿਚ ਗਾਉਣ ਵਾਲੀ ਇਕ ਹੀ ਸੰਤ ਦਰਸ਼ਨ ਸਿੰਘ ਤੇ ਸੰਤ ਖਜਾਨ ਸਿੰਘ ਦੀ ਜੋੜੀ ਸੀ, ਜੋ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹਜ਼ੂਰੀ ਰਾਗੀ ਵੀ ਸਨ। ਇਸ ਲਈ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਬੱਚਿਆਂ ਨੂੰ ਰਾਗ ਸਿਖਾਉਣ ਦੀ ਕਿਰਪਾ ਕੀਤੀ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ੧੯੨੮ ਈ. ਵਿਚ ਸ੍ਰੀ ਭੈਣੀ ਸਾਹਿਬ ਵਿਖੇ ਬੱਚਿਆਂ ਨੂੰ ਰਾਗ ਵਿਦਿਆ ਦੇਣ ਲਈ ਇਕ ਨਾਮਧਾਰੀ ਵਿਦਿਆਲਾ ਸਥਾਪਤ ਕੀਤਾ ਜਿਸ ਦਾ ਉਦੇਸ਼ ਸੀ ਕਿ ਬੇਅੰਤ ਜੀ (ਸਤਿਗੁਰੂ ਜਗਜੀਤ ਸਿੰਘ ਜੀ) ਅਤੇ ਛੋਟੇ ਸਾਹਿਬਜ਼ਾਦੇ ਨੂੰ ਭਾਰਤੀ ਸੰਸਕ੍ਰਿਤੀ, ਭਾਰਤੀ ਵਿਦਿਆ ਅਤੇ ਸ਼ਾਸਤਰੀ ਸੰਗੀਤ ਤੋਂ ਜਾਣੂੰ ਕਰਵਾਇਆ ਜਾ ਸਕੇ। ਸੰਗੀਤ ਦੇ ਖੇਤਰ ਵਿਚ ਸ੍ਰੀ ਸਤਿਗੁਰੂ ਜੀ ਨੇ ਸਾਢੇ ਚਾਰ ਸਾਲ ਦੀ ਉਮਰ ਤੋਂ ਹੀ ਰਾਗ ਵਿਦਿਆ ਪ੍ਰਾਪਤ ਕਰਨੀ ਸ਼ੁਰੂ ਕਰਕੇ ਪਹਿਲੇ ਵਿਦਿਆਰਥੀ ਦੇ ਤੌਰ ਤੇ ਸ਼ਾਮਲ ਹੋਏ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪ ਨੂੰ ਭਾਈ ਹਰਨਾਮ ਸਿੰਘ ਚਵਿੰਡੇ ਵਾਲਿਆਂ ਦਾ ਸ਼ਗਿਰਦ ਬਣਾਇਆ। ਜਦੋਂ ਸ੍ਰੀ ਭੈਣੀ ਸਾਹਿਬ ਵਿਖੇ ਸੰਗੀਤ ਸਕੂਲ ਦਾ ਆਰੰਭ ਹੋਇਆ ਤਾਂ ਹੋਰ ਵੀ ਬੱਚੇ ਰਾਗ ਸਿਖਿਆ ਗ੍ਰਹਿਣ ਕਰਨ ਲੱਗੇ, ਜਿਨ੍ਹਾਂ ਵਿਚ ਪ੍ਰਮੁੱਖ ਸਨ-ਸ੍ਰੀ ਭੁਪਿੰਦਰ ਸਿੰਘ, ਸ੍ਰੀ ਰਾਜਿੰਦਰ ਸਿੰਘ, ਸ੍ਰੀ ਤਾਰਾ ਸਿੰਘ (ਤਰਨਤਾਰਨ), ਸ੍ਰੀ ਕੁੰਦਨ ਸਿੰਘ ਨਕਈ, ਸ੍ਰੀ ਹਜ਼ੂਰ ਸਿੰਘ ਚੰਦ੍ਰਹਾਂਸ, ਸ੍ਰੀ ਬਲਵੰਤ ਸਿੰਘ ਆਦਿ ੮-੧੦ ਬੱਚਿਆਂ ਦਾ ਗਰੁੱਪ। ਇਹ ਰੋਜ਼ ਸਵੇਰੇ ਸ਼ਾਮ ੬-੬ ਘੰਟੇ ਰਿਆਜ਼ ਕਰਨ ਲੱਗੇ, ਪਰ ਬੇਅੰਤ ਸਿੰਘ ਨੇ ਰਾਗ ਨੂੰ ਆਪਣੀ ਰੂਹ ਦੀ ਖੁਰਾਕ ਬਣਾ ਲਿਆ। ਜੋ ਅਜ ਤੀਕ ਬਣੀ ਹੋਈ ਹੈ।

ਸ੍ਰੀ ਸਤਿਗੁਰੂ ਜੀ ਆਪਣੇ ਮੁਖਾਰਬਿੰਦ ਤੋਂ ਦੱਸਦੇ ਹਨ ਕਿ "ਮੇਰੀ ਸੰਗੀਤ ਸਿਖਿਆ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਉਸਤਾਦ ਹਰਨਾਮ ਸਿੰਘ ਚਵਿੰਡੇ ਵਾਲੇ ਅਤੇ ਉਸਤਾਦ ਰਹੀਮ ਬਖਸ਼ ਕੋਲੋਂ ਸ਼ੁਰੂ ਕਰਵਾਈ। ਇਹਨਾਂ ਤੋਂ ਬਿਨਾਂ ਉਸਤਾਦ ਊਧੋ ਖਾਂ ਅਤੇ ਗੁਰਬਾਣੀ ਦੀਆਂ ਰਬਾਬੀ ਰੀਤਾਂ ਸਾਨੂੰ

Namdhari Elibrary NamdhariElibrary@gmail.com

ਭਾਈ ਤਾਬਾ ਜੀ ਕੋਲੋਂ ਸਿਖਵਾਈਆਂ। ਪੰਜਾਬ ਘਰਾਣੇ ਦੇ ਅੰਗ ਦਾ ਪਖਾਵਜ ਅਸੀਂ ਭਾਈ ਨਸੀਰ ਅੰਮ੍ਰਿਤਸਰੀ ਕੋਲੋਂ ਸਿਖਿਆ। ਦਿਲਰੁਬਾ ਵਜਾਉਣਾ ਭਾਈ ਮਸਤਾਨ ਸਿੰਘ (ਜੀਵਨ ਸਿੰਘ) ਪਟਿਆਲੇ ਵਾਲਿਆਂ ਤੋਂ ਸਿਖਿਆ।" ਇਸ ਤਰ੍ਹਾਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪ ਨੂੰ ਰਬਾਬੀ ਰੀਤਾਂ ਸਿਖਾਈਆਂ ਜੋ ਆਪ ਜੀ ਅੱਜ ਵੀ ਅੱਗੇ ਬੱਚਿਆਂ ਨੂੰ ਕੋਲ ਬੈਠ ਕੇ ਸੁਣਾਉਂਦੇ, ਸਿਖਾਉਂਦੇ ਅਤੇ ਸਮਝਾਉਂਦੇ ਹਨ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਰਹਿਨੁਮਾਈ ਵਿਚ ਅੱਜ ਨਾਮਧਾਰੀ ਬੱਚੇ ਗੁਰਮਤ ਸੰਗੀਤ ਅਤੇ ਸ਼ਾਸਤਰੀ ਸੰਗੀਤ ਵਿਚ ਮੁਹਾਰਤ ਹਾਸਿਲ ਕਰ ਰਹੇ ਹਨ। ਆਪ ਜੀ ਨੇ ਬੱਚਿਆਂ ਨੂੰ ਸੰਗੀਤ ਵਿਦਿਆ ਦਿਵਾਉਣ ਲਈ ਹਿੰਦੁਸਤਾਨ ਦੇ ਵੱਡੇ ਸੰਗੀਤ ਕਲਾਕਾਰਾਂ, ਉਸਤਾਦਾਂ ਕੋਲ ਭੇਜਿਆ। ਜਿਨ੍ਹਾਂ ਉਸਤਾਦਾਂ ਨੂੰ ਮਿਲਣ ਲਈ ਵੀ ਸਮਾਂ ਮੰਗਿਆ ਜਾਂਦਾ ਹੈ ਉਹ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਹਾਜ਼ਰ ਹੁੰਦੇ ਹਨ ਅਤੇ ਸੇਵਾ ਕਰਨ ਦੀ ਮੰਗ ਕਰਦੇ ਹਨ। ਸ੍ਰੀ ਸਤਿਗੁਰੂ ਜੀ ਨੇ ਨਾਮਧਾਰੀ ਬੱਚਿਆਂ ਨੂੰ ਉਸਤਾਦ ਪੰ. ਰਾਮ ਨਰਾਇਣ (ਸਾਰੰਗੀ), ਉਸਤਾਦ ਵਲਾਇਤ ਖਾਂ (ਸਿਤਾਰ), ਪੰਡਿਤ ਸ਼ਿਵ ਕੁਮਾਰ ਸ਼ਰਮਾ (ਸੰਤੂਰ), ਉਸਤਾਦ ਅੱਲਾ ਰੱਖਾ ਖਾਂ (ਤਬਲਾ, ਪਖਾਵਜ), ਪੰਡਿਤ ਕਿਸ਼ਨ ਮਹਾਰਾਜ (ਤਬਲਾ), ਉਸਤਾਦ ਅਮਜ਼ਦ ਅਲੀ ਖਾਂ (ਸਰੋਦ), ਉਸਤਾਦ ਪੰਡਤ ਰਾਜਨ-ਸਾਜਨ ਮਿਸ਼ਰਾ (ਗਾਇਨ), ਪੰਡਿਤ ਬਿਰਜੂ ਮਹਾਰਾਜ (ਕੱਥਕ), ਪੰਡਤ ਦੁਰਗਾ ਲਾਲ (ਕੱਥਕ), ਪੰ. ਹਰੀ ਪ੍ਰਸਾਦ ਚੌਰਸੀਆ (ਬੰਸਰੀ), ਉਸਤਾਦ ਪਿਆਰਾ ਸਿੰਘ (ਤਾਰ-ਸ਼ਹਿਨਾਈ) ਆਦਿ ਅਨੇਕਾਂ ਹੀ ਗੁਣੀਜਨਾਂ ਦੇ ਸ਼ਗਿਰਦ ਬਣਾਇਆ। ਇਹ ਸਾਰੇ ਹੀ ਉਸਤਾਦ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਆਕੇ ਆਪਣੀ ਕਲਾ ਦੇ ਜੌਹਰ ਦਿਖਾਉਂਦੇ ਰਹਿੰਦੇ ਹਨ।

ਸੰਗੀਤ ਦੇ ਖੇਤਰ ਵਿਚ ਜਿਥੇ ਆਮ ਸੁਨਣ ਨੂੰ ਤਿੰਨ ਤਾਲ, ਇੱਕ ਤਾਲ, ਝੱਪ ਤਾਲ, ਕਹਿਰਵਾ ਆਦਿ ਤਾਲਾਂ ਦੀਆਂ ਪ੍ਰਚਲਤ ਬੰਦਸ਼ਾਂ ਹੀ ਮਿਲਦੀਆਂ ਹਨ ਓਥੇ ਸ੍ਰੀ ਸਤਿਗੁਰੂ ਜੀ ਨੇ ਇਸ ਵਿਚ ਇਕ ਨਵਾਂ ਅਧਿਆਏ ਜੋੜਿਆ ਹੈ। ਆਪ ਜੀ ਨੇ ਪੌਣੇ ਪੰਦਰਾਂ, ਸਵਾ ਚੌਦਾਂ, ਪੌਣੇ ਗਿਆਰਾਂ, ਪੌਣੇ ਅੱਠ ਮਾਤਰਾਂ, ਤੇਰਾਂ ਸਹੀ ਸੱਤ ਬਟਾ ਅੱਠ ਮਾਤਰਾਂ ਆਦਿ ਅਨੇਕਾਂ ਹੀ ਤਾਲ ਸਥਾਪਤ ਕੀਤੇ ਹਨ। ਸਿਰਫ ਤਾਲ ਹੀ ਨਹੀਂ ਇਹਨਾ ਤਾਲਾਂ ਵਿਚ ਬੰਦਸ਼ਾਂ, ਗੁਰਬਾਣੀ ਦੇ ਸ਼ਬਦਾਂ ਦੀਆਂ ਰੀਤਾਂ ਵੀ ਬਣਾਈਆਂ ਹਨ। ਫਿਰ ਇਹਨਾਂ ਵਿਚ ਤਾਨਾਂ, ਧਿਹਾਈਆਂ ਦਾ ਜੋ ਜੋੜ ਬਣਦਾ ਹੈ ਉਹ ਸੁਣਨ ਵਾਲੇ ਨੂੰ ਹੈਰਾਨ ਕਰਨ ਤੋਂ ਬਿਨਾਂ ਨਹੀਂ ਰਹਿ ਸਕਦਾ। ਜਦੋਂ ਇਹਨਾਂ ਤਾਲਾਂ ਦੀਆਂ ਬੰਦਸ਼ਾਂ ਕਿਸੇ ਸੰਗੀਤ ਸੰਮੇਲਨ ਜਾਂ ਉਸਤਾਦਾਂ ਸਾਹਮਣੇ ਸੁਣਾਇਆ ਜਾਂਦਾ ਹੈ, ਤਾਂ ਹਰ ਕੋਈ ਸਤਿਗੁਰੂ ਜੀ ਪ੍ਰਤੀ ਸ਼ਰਧਾ ਨਾਲ ਸਿਰ ਝੁਕਾਏ ਬਿਨਾਂ ਨਹੀਂ ਰਹਿੰਦਾ। ਉਸਤਾਦ ਅਮਜਦ ਅਲੀ ਖਾਂ ਨੇ ਆਪਣੇ ਇਕ ਲੇਖ ਵਿਚ ਲਿਖਿਆ ਹੈ ਕਿ-"ਬਹੁਤ ਪਿਛਲੀ ਗੱਲ ਨਾ ਕਰਕੇ ਅਜੇ ਹੁਣੇ ਦੇ ਹੀ ਕੁਝ ਮਹੀਨੇ ਪਹਿਲੇ, ਲੈਅ ਦੇ ਮਾਮਲੇ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸੰਗੀਤ ਜਗਤ ਨੂੰ ਇਕ ਨਵੀਂ ਸੋਚ ਵਿਚਾਰ ਦਿੱਤੀ। ਮਿਸਾਲ ਦੇ ਤੌਰ ਤੇ ਸਵਾ ਚੌਦਾ ਮਾਤ੍ਰਾਂ ਦਾ ਤਾਲ, ਜਦੋਂ ਮੈਂ ਇਹ ਸੁਣੇ ਅਤੇ ਸਿਰਫ ਤਾਲ ਹੀ ਨਹੀਂ ਸਗੋਂ ਉਹਨਾਂ ਸਭ ਵਿਚ ਇਕ ਇਕ ਧਰੁਪਦ ਅਤੇ ਸਿਰਫ ਇਹ ਹੀ ਨਹੀਂ ਕਿ ਧਰੁਪਦ ਬਣਾ ਕੇ ਛੱਡ ਦਿਤਾ, ਬਲਕਿ ਬਕਾਇਦਾ ਉਸ ਦੀਆਂ ਚਾਲਾਂ ਅਤੇ ਚਾਲਾਂ ਨੂੰ ਏਨੀ ਆਸਾਨੀ ਨਾਲ ਵਰਤਿਆ ਜਿਵੇਂ ਤਿੰਨ ਤਾਲ ਵਿਚ ਹੀ ਗਾਇਨ ਵਾਦਨ ਹੋ ਰਿਹਾ ਹੋਵੇ। ਇਹ ਸਿਰਫ ਸਤਿਗੁਰੂ ਜੀ ਹੀ ਕਰ ਸਕਦੇ ਹਨ ਅਤੇ ਉਹਨਾਂ ਦੀ ਕਿਰਪਾ ਤੋਂ ਬਿਨਾਂ ਇਹਨਾਂ ਨੂੰ ਏਨੇ ਸਰਲ ਤਰੀਕੇ ਨਾਲ ਗਾਉਣਾ ਸੰਭਵ ਨਹੀਂ।"

ਸ੍ਰੀ ਸਤਿਗੁਰੂ ਜੀ ਕੋਲ ਅੱਜ ਸਾਸ਼ਤਰੀ ਸੰਗੀਤ ਤੇ ਗੁਰਬਾਣੀ ਦੀਆਂ ਪੁਰਾਣੀਆਂ ਬੰਦਸ਼ਾਂ ਦਾ ਏਨਾਂ ਭੰਡਾਰ ਹੈ ਕਿ ਹਿੰਦੁਸਤਾਨ ਹੀ ਨਹੀਂ ਕਿ ਦੁਨੀਆਂ ਦੇ ਵੱਡੇ ਸੰਗੀਤਕਾਰ ਉਸਤਾਦ ਆਪ ਜੀ ਕੋਲ ਆਕੇ ਇਹ ਸੁਣਦੇ ਤੇ ਸਮਝਦੇ ਹਨ ਅਤੇ ਅੱਗੇ ਆਪਣੇ ਸ਼ਗਿਰਦਾਂ ਨੂੰ ਸਿਖਾਉਂਦੇ ਹਨ। ਇਸ ਤੋਂ ਇਲਾਵਾ ਸ੍ਰੀ ਸਤਿਗੁਰੂ ਜੀ ਛੋਟੇ ਛੋਟੇ ਬੱਚਿਆਂ ਨੂੰ ਆਪਣੇ ਕੋਲ ਬਿਠਾਕੇ ਰਿਆਜ਼ ਕਰਾਉਂਦੇ ਹਨ। ਮੈਨੂੰ ਯਾਦ ਹੈ ਕਿ ਜਦੋਂ ਅਸੀਂ ਸਿਖਦੇ ਸਾਂ ਤਾਂ ਹਰ ਰੋਜ਼ ਸਤਿਗੁਰੂ ਜੀ ਨੇ ਅੰਮ੍ਰਿਤ ਵੇਲੇ ਤਿੰਨ ਚਾਰ ਵਜੇ ਨਾਮਧਾਰੀ ਕਲਾ ਕੇਂਦਰ ਸ੍ਰੀ ਭੈਣੀ ਸਾਹਿਬ ਜਾਂ ਆਪਣੇ ਨਿਵਾਸ ਸਥਾਨ ਤੇ ਬੁਲਾ ਲੈਣਾ ਅਤੇ ਕੋਲ ਬਿਠਾ ਕੇ ਰਿਆਜ਼ ਕਰਵਾਉਣਾ। ਮੇਰੇ ਨਾਲ ਬਲਵੰਤ

Namdhari Elibrary NamdhariElibrary@gmail.com

ਸਿੰਘ, ਰਣਬੀਰ ਸਿੰਘ, ਹਰਜਿੰਦਰ ਸਿੰਘ, ਗੁਰਪ੍ਰੀਤ ਸਿੰਘ, ਗੁਰਮੁਖ ਸਿੰਘ, ਗੁਰਦਿਆਲ ਸਿੰਘ ਆਦਿ ਹੁੰਦੇ ਸਨ, ਜਿਨ੍ਹਾਂ ਨੂੰ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਦੇ ਪਾਤਰ ਬਣਨ ਦਾ ਸੁਭਾਗ ਪ੍ਰਾਪਤ ਹੋਇਆ। ਸਤਿਗੁਰੂ ਜੀ ਨੇ ਰਾਗ ਵਿਦਿਆ ਸਿਰਫ ਮੁੰਡਿਆਂ ਤਕ ਹੀ ਸੀਮਿਤ ਨਹੀਂ ਰਖਿਆ ਸਗੋਂ ਲੜਕੀਆਂ ਨੂੰ ਵੀ ਇਹ ਵਿਦਿਆ ਗ੍ਰਹਿਣ ਕਰਨ ਦਾ ਮੌਕਾ ਦਿਤਾ। ਲੜਕੀਆਂ ਨੇ ਵੀ ਇਸ ਖੇਤਰ ਵਿਚ ਆਪ ਜੀ ਦੇ ਅਸ਼ੀਰਵਾਦ ਨਾਲ ਮੁਹਾਰਤ ਹਾਸਿਲ ਕੀਤੀ ਹੈ।

ਸ੍ਰੀ ਸਤਿਗੁਰੂ ਜੀ ਨੇ ਦੇਸ਼ ਵਿਦੇਸ਼ ਵਿਚ ਪੁਰਾਤਨ ਸੰਗੀਤ ਦੇ ਪ੍ਰਚਾਰ, ਪਸਾਰ ਲਈ ਆਪਣੇ ਪਿਤਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਵਿਚ ਸੰਗੀਤ ਸੰਮੇਲਨਾਂ ਦੀ ਇਕ ਲਹਿਰ ਚਲਾ ਦਿਤੀ ਸੀ। ਦੇਸ਼ ਦੇ ਅਲਗ ਅਲਗ ਸ਼ਹਿਰਾਂ ਜੰਮੂ, ਦਿੱਲੀ, ਔਰੰਗਾਬਾਦ, ਜਲੰਧਰ, ਲਖਨਊ, ਬਨਾਰਸ, ਗਵਾਲੀਅਰ, ਚੰਡੀਗੜ੍ਹ ਆਦਿ ਵਿਚ ਵੱਡੀ ਪੱਧਰ ਤੇ ਸੰਗੀਤ ਸੰਮੇਲਨ ਕਰਵਾਏ। ਇਹਨਾਂ ਸੰਗੀਤ ਸੰਮੇਲਨਾਂ ਵਿਚ ਸਰੋਤਿਆਂ ਨੂੰ ਬਿਨਾਂ ਕੋਈ ਖਰਚੇ ਤੇ ਸਦਾ ਦਿੱਤਾ ਜਾਂਦਾ ਸੀ। ਫਿਰ ਜਿਹੜੇ ਸੰਗੀਤਕਾਰ ਇਸ ਵਿਚ ਆਪਣਾ ਪ੍ਰੋਗਰਾਮ ਪੇਸ਼ ਕਰਦੇ ਹਨ ਉਹਨਾਂ ਨੂੰ ਸਤਿਗੁਰੂ ਜੀ ਆਪਣੇ ਹਸਤ ਕੰਵਲਾਂ ਦੁਆਰਾ ਸਨਮਾਨਿਤ ਕਰਨ ਦੀ ਬਖਸ਼ਿਸ਼ ਕਰਦੇ ਸਨ। ਉਹਨਾਂ ਵਿਚੋਂ ਕੁਝ ਕੁ ਨਾਮ ਹਨ-ਉਸਤਾਦ ਅਮਜਦ ਅਲੀ ਖਾਂ, ਉਸਤਾਦ ਵਲਾਇਤ ਖਾਂ, ਪੰਡਤ ਜਸ ਰਾਜ, ਪੰਡਤ ਰਾਮ ਨਰਾਇਣ, ਪੰਡਤ ਭੀਮਸੈਨ ਜੋਸ਼ੀ, ਉਸਤਾਦ ਬਿਸਮਿਲਾ ਖਾਂ, ਉਸਤਾਦ ਅੱਲਾ ਰੱਖਾ ਖਾਂ, ਉਸਤਾਦ ਜਾਕਰ ਹੁਸੈਨ, ਪੰਡਤ ਰਾਜਨ ਸਾਜਨ ਮਿਸ਼ਰਾ, ਪੰਡਤ ਬਿਰਜੂ ਮਹਾਰਾਜ, ਪੰਡਤ ਸ਼ਿਵ ਕੁਮਾਰ ਸ਼ਰਮਾ, ਪੰਡਤ ਸਾਮਤਾ ਪ੍ਰਸ਼ਾਦ ਭਾਵ ਸੰਗੀਤ ਦੇ ਖੇਤਰ ਦਾ ਹਰ ਵੱਡਾ ਉਸਤਾਦ ਆਪਣੀ ਹਾਜ਼ਰੀ ਲੁਆਉਣਾ ਆਪਣਾ ਸੁਭਾਗ ਸਮਝਦਾ ਸੀ। ਜਦੋਂ ਇਹਨਾਂ ਸੰਮੇਲਨਾਂ ਵਿਚ ਨਾਮਧਾਰੀ ਬੱਚੇ ਸ੍ਰੀ ਸਤਿਗੁਰੂ ਜੀ ਵਲੋਂ ਸਿਖਾਈਆਂ ਬੰਦਸ਼ਾਂ ਦਾ ਗਾਇਨ ਕਰਦੇ ਤਾਂ ਸਰੋਤੇ ਇਹਨਾਂ ਦੀ ਮੇਹਨਤ, ਲੈਅਕਾਰੀ ਅਤੇ ਸੁਰ ਲੀਲਾ ਸੁਣ ਕੇ ਮੂੰਹੀਂ ਉਂਗਲਾਂ ਪਾਏ ਬਿਨਾਂ ਨਾ ਰਹਿ ਸਕਦੇ। ਇਹ ਸ੍ਰੀ ਸਤਿਗੁਰੂ ਜੀ ਦੀ ਹੀ ਕਿਰਪਾ ਅਤੇ ਮਿਹਰ ਦਾ ਨਤੀਜਾ ਹੁੰਦਾ ਜੋ ਬੱਚਿਆਂ ਦਾ ਗਾਇਨ ਸ਼ੈਲੀ ਵਿਚ ਵੇਖਣ ਸੁਣਨ ਨੂੰ ਮਿਲਦਾ।

ਅੱਜ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਨਾਲ ਭਾਰਤ ਹੀ ਨਹੀਂ ਇੰਗਲੈਂਡ, ਥਾਈਲੈਂਡ, ਕਨੇਡਾ ਆਦਿ ਦੇਸ਼ਾਂ ਵਿਚ ਆਪ ਜੀ ਤੋਂ ਸਿਖੀਆਂ ਬੰਦਸ਼ਾਂ ਨਾਮਧਾਰੀ ਬੱਚੇ ਅਗਲੀ ਪੀੜ੍ਹੀ ਨੂੰ ਸਿਖਾ ਰਹੇ ਹਨ। ਅੱਜ ਵੀ ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਬੈਠਕਾਂ ਹੁੰਦੀਆਂ ਹਨ ਜਿਨ੍ਹਾਂ ਵਿਚ ਪੁਰਾਤਨ ਰੀਤਾਂ ਨੂੰ ਗਾਇਆ ਜਾਂਦਾ ਹੈ ਅਤੇ ਅੱਗੇ ਹੋਰ ਕੋਈ ਨਵੀਂ ਰੀਤ ਸਿਖਣ ਨੂੰ ਮਿਲਦੀ ਹੈ।

ਜਦੋਂ ਸ੍ਰੀ ਸਤਿਗੁਰੂ ਜੀ ਵਿਦੇਸ਼ ਦੌਰਿਆਂ ਤੇ ਵੀ ਜਾਂਦੇ ਹਨ ਤਾਂ ਉਥੇ ਵੀ ਕੋਈ ਨਾ ਕੋਈ ਸੰਗੀਤਕਾਰ ਆਪਣੀ ਹਾਜ਼ਰੀ ਲੁਆ ਕੇ ਧੰਨ ਭਾਗ ਸਮਝਦਾ ਹੈ। ਕਿਹਾ ਜਾ ਸਕਦਾ ਹੈ ਕਿ ਸੰਗੀਤ ਸਤਿਗੁਰੂ ਜੀ ਦੀ ਰੂਹ ਦੀ ਖੁਰਾਕ ਹੈ। ਆਪ ਜੀ ਜਦੋਂ ਵੀ ਸਮਾਂ ਮਿਲਦਾ ਹੈ ਸੰਗੀਤ ਨੂੰ ਸੁਣਨ ਅਤੇ ਮਾਨਣ ਲਈ ਤਿਆਰ ਰਹਿੰਦੇ ਹਨ। ਅੱਜ ਸ੍ਰੀ ਭੈਣੀ ਸਾਹਿਬ ਵਿਖੇ ਤਕਰੀਬਨ ੪੦-੫੦ ਛੋਟੇ ਬੱਚੇ ਜਿਨਾਂ ਦੀ ਉਮਰ ੬-੧੨ ਸਾਲ ਹੈ ਬੀਬੀ ਨਰਿੰਦਰ ਕੌਰ (ਗਾਇਨ), ਸ਼੍ਰੀ ਰਾਜੇਸ਼ ਕੁਮਾਰ ਮਾਲਵੀਆ (ਤਬਲਾ), ਸ਼੍ਰੀ ਹਰਪ੍ਰੀਤ ਸਿੰਘ ਸੋਨੂੰ (ਤਬਲਾ), ਸ਼੍ਰੀ ਪ੍ਰਭੂ ਜੀ (ਸਾਰੰਗੀ) ਆਦਿ ਕੋਲੋਂ ਰਾਗ ਵਿਦਿਆ ਹਾਸਿਲ ਕਰ ਰਹੇ ਹਨ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ ਵਿਚ ਆਉਂਦਾ ਹੈ ਕਿ ਹਰ ਸਿੱਖ ਦੇ ਬੱਚੇ ਵਿਚੋਂ ਰਾਗ ਦੀ ਖੁਸ਼ਬੂ ਆਉਣੀ ਚਾਹੀਦੀ ਹੈ। ਇਸ ਬਚਨ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਜਦੋਂ ਤੋਂ ਗੁਰਗੱਦੀ ਤੇ ਬਿਰਾਜਮਾਨ ਹੋਏ ਹਨ ਉਦੋਂ ਤੋਂ ਹੀ ਸਾਰਥਕ ਕਰ ਰਹੇ ਹਨ।

ਸੋ ਜੋ ਸੰਗੀਤ, ਪੁਰਾਤਨ ਸੰਗੀਤ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸੰਭਾਲਿਆ ਹੈ, ਸੰਭਾਲਿਆ ਹੀ ਨਹੀਂ ਉਸ ਨੂੰ ਅੱਗੇ ਵੰਡਿਆ ਵੀ ਹੈ, ਉਸਦਾ ਕੋਈ ਸਾਨੀ ਨਹੀਂ ਹੈ। ਸੰਗੀਤ ਸਰੂਪ, ਮਹਾਨ ਸੰਗੀਤ ਗਿਆਤਾ, ਨਵੀਆਂ ਅਤੇ ਵਿਕਟ ਤਾਲਾਂ ਦੇ ਧਨੀ ਅਤੇ ਰਚਨਹਾਰ, ਤੰਤੀ ਸਾਜਾਂ ਦੁਆਰਾ ਕੀਰਤਨ ਕਰਨ ਅਤੇ ਸੁਣਨ ਵਾਲੇ ਘਰ ਘਰ ਵਿਚ ਰਾਗ ਵਿਦਿਆ ਪਹੁੰਚਾ ਰਹੇ ਅਤੇ ਸੰਗੀਤਕਾਰਾਂ ਨੂੰ ਸੰਭਾਲਣ ਵਾਲੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਆਪ ਜੀ ਦੀ ਸੰਗੀਤ ਪ੍ਰਤੀ ਦੇਣ ਦਾ ਸਾਰਾ ਜਗਤ ਰਿਣੀ ਹੈ।

■

Namdhari Elibrary NamdhariElibrary@gmail.com

ਅਪੁਨੇ ਸੇਵਕ ਕੀ ਆਪੇ ਰਾਖੈ

✍ ਗੁਰਦੀਪ ਸਿੰਘ ਨਾਮਧਾਰੀ (ਕਨੇਡਾ)

ਡਾਕਟਰਾਂ ਨੇ ਕਿਹਾ ਕਿ ਤੇਰਾ ਬਚਣਾ ਮੁਸ਼ਕਲ ਹੈ, ਮੀਟ ਜ਼ਰੂਰੀ ਹੈ ਤੇਰੇ ਬਚਣ ਲਈ। ਮੇਰੀ ਪਤਨੀ ਨੇ ਮੈਨੂੰ ਫੋਨ ਤੇ ਇਹ ਸਾਰਾ ਕੁਝ ਦੱਸ ਦਿੱਤਾ। ਮੈਂ ਕਨੇਡਾ ਤੋਂ ਹੀ ਸ੍ਰੀ ਭੈਣੀ ਸਾਹਿਬ ਸੱਚੇ ਪਾਤਸ਼ਾਹ ਜੀ ਨੂੰ ਫੋਨ ਰਾਹੀਂ ਅਰਜ਼ ਕੀਤੀ। ਸੱਚੇ ਪਾਤਸ਼ਾਹ ਜੀ ਅਰਜ਼ ਸੁਣ ਹੁਕਮ ਕੀਤਾ, "ਡਾਕਟਰ ਨੂੰ ਕਹੋ ਜਾ ਕੇ, ਅਸੀਂ ਮੀਟ ਨਹੀਂ ਖਾਂਦੇ।"

ਸਰਬਕਲਾ ਸਮਰਥ ਧੰਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਇਸ ਸਾਲ ਅਗਸਤ ੨੦੦੯ ਵਿੱਚ ਗੁਰਗੱਦੀ ਨੂੰ ਸੁਭਾਇਮਾਨ ਕੀਤਿਆਂ ਨੂੰ ੫੦ ਸਾਲ ਪੂਰੇ ਹੋ ਰਹੇ ਹਨ। ਆਪ ਜੀ ਨੇ ਇਸ ਅਰਸੇ ਦੌਰਾਨ ਜੋ ਵੀ ਦੇਸ, ਧਰਮ, ਸਮਾਜ ਅਤੇ ਪੰਥ ਵਾਸਤੇ ਕੰਮ ਕੀਤੇ ਉਹ ਕਹਿਣ ਕਥਨੀ ਤੋਂ ਬਾਹਰੇ ਹਨ। ਆਪ ਜੀ ਵਰਤਮਾਨ ਸਮੇਂ ਦੇ ਮਸੀਹਾ ਹਨ। ਆਪ ਜੀ ਗਊ ਗਰੀਬ ਦੇ ਰਾਖੇ, ਵਿਸ਼ਵ ਸ਼ਾਂਤੀ ਦੇ ਰਹਿਨੁਮਾ, ਪਤਿਤ ਪ੍ਰਾਵਨ, ਭੁਲੇ ਭਟਕਿਆਂ ਨੂੰ ਸਿੱਧੇ ਰਾਹ ਪਾਉਣ ਵਾਲੇ, ਅਨੇਕਾਂ ਸੁਦਾਮੇ ਜਿਹੇ, ਦਲਿਦਰੀਆਂ ਦੇ ਦਲਿਦਰ ਕੱਟਣ ਵਾਲੇ, ਸਾਹਿਤਕਾਰਾਂ, ਸੰਗੀਤਕਾਰਾਂ, ਖਿਡਾਰੀਆਂ ਅਤੇ ਵਿਦਵਾਨ ਗੁਣਵਾਨਾਂ ਦੀ ਕਦਰ ਕੀਮਤ ਪਾਉਣ ਵਾਲੇ ਹਨ। ਆਪ ਜੀ ਬਾਰੇ ਜੋ ਵੀ ਲਿਖਿਆ ਜਾਏ ਉਹ ਥੋੜ੍ਹਾ ਹੈ। ਇੰਨਾਂ ਹੀ ਨਹੀਂ ਆਪ ਜੀ ਦੇ ਕਿਸੇ ਇੱਕ ਪੱਖ ਨੂੰ ਵੀ ਜੇ ਕੋਈ ਲਿਖਣਾ ਚਾਹੇ ਤਾਂ ਨਹੀਂ ਲਿਖਿਆ ਜਾ ਸਕਦਾ। ਕਬੀਰ ਜੀ ਨੇ ਤਾਂ ਇਥੋਂ ਤੱਕ ਲਿਖ ਦਿੱਤਾ ਹੈ-

ਕਬੀਰ ਸਾਤ ਸਮੁੰਦਰਿ ਮਸੁ ਕਰਉ
ਕਲਮ ਕਰਉ ਬਨਰਾਇ॥
ਬਸੁਧਾ ਕਾਗਦੁ ਜਉ ਕਰਉ
ਹਰਿ ਜਸੁ ਲਿਖਨੁ ਨ ਜਾਇ॥

ਭਾਵ ਸੱਤਾਂ ਸਮੁੰਦਰਾਂ ਦੀ ਸਿਆਹੀ ਬਣ ਜਾਵੇ ਤਾਂ ਵੀ ਪਰਮੇਸ਼ਰ ਦਾ ਜਸ ਨਹੀਂ ਲਿਖਿਆ ਜਾ ਸਕਦਾ। ਪਰਮੇਸ਼ਰ ਨੂੰ ਸਤਿਗੁਰੂ ਦੇ ਰੂਪ ਵਿਚ ਹੀ ਵੇਖਿਆ ਜਾ ਸਕਦਾ ਹੈ। ਜਿਵੇਂ :

- ਗੁਰ ਪਰਮੇਸਰ ਏਕੋ ਜਾਨ॥

ਅਤੇ

- ਪਾਰਬ੍ਰਹਮ ਗੁਰ ਨਾਹੀ ਭੇਦ॥

ਕੋਈ ਵਿਰਲਾ ਹੀ ਨਾਮਧਾਰੀ ਸਿੱਖ ਹੋਵੇਗਾ ਜਿਸ ਨਾਲ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਕੋਈ ਕੌਤਕ ਨਹੀਂ ਵਰਤਿਆ ਹੋਵੇਗਾ, ਨਹੀਂ ਤਾਂ ਕਿਸੇ ਨਾਲ ਵੀ ਗੱਲ ਕਰਕੇ ਵੇਖ ਲਓ ਸਤਿਗੁਰਾਂ ਦੇ ਕੌਤਕਾਂ ਦਾ ਪਾਰਾਵਾਰ ਨਹੀਂ ਪਾਇਆ ਜਾ ਸਕਦਾ। ਕਿਸੇ ਨੂੰ ਸੁਪਨੇ ਵਿਚ ਤੇ ਕਿਸੇ ਨੂੰ ਪ੍ਰਤੱਖ ਰੂਪ ਵਿਚ ਚਮਤਕਾਰ ਵਿਖਾ ਦਿੰਦੇ ਹਨ।

ਸੰਨ ੧੯੯੮ ਈ. ਵਿਚ ਮੈਂ ਕਨੇਡਾ ਵਿਚ ਵਿਜ਼ਿਟਰ ਤੌਰ ਤੇ ਆਇਆ ਸੀ ਤੇ ਏਥੋਂ ਮੈਂ ਸੱਚੇ ਪਾਂਤਸ਼ਾਹ ਜੀ ਨੂੰ ਅਰਜ਼ ਕੀਤੀ ਸੱਚੇ ਪਾਤਸ਼ਾਹ ਜੀ ਕਿਰਪਾ ਕਰੋ ਆਪ ਜੀ ਸੂਬਾ ਰੇਸ਼ਮ ਸਿੰਘ ਨੂੰ ਆਗਿਆ ਕਰੋ ਕਿ ਮੈਨੂੰ ਏਥੋਂ ਦੀ ਕਮੇਟੀ ਵਲੋਂ ਪੱਕਾ ਕਰਵਾ ਦੇਣ। ਸੱਚੇ ਪਾਤਸ਼ਾਹ ਜੀ ਹੁਕਮ ਕੀਤਾ,

Namdhari Elibrary NamdhariElibrary@gmail.com

"ਸੂਬਾ ਜੀ ਨੂੰ ਹੁਣੇ ਕਹੋ ਕਿ ਮੈਨੂੰ ਫੋਨ ਕਰਨ।" ਮੈਂ ਸੂਬਾ ਜੀ ਨੂੰ ਇਹ ਹੁਕਮ ਸੁਣਾ ਦਿੱਤਾ ਤਾਂ ਸੂਬਾ ਜੀ ਨੇ ਸੱਚੇ ਪਾਤਸ਼ਾਹ ਜੀ ਨੂੰ ਫੋਨ ਤੇ ਕਮੇਟੀ ਬਾਰੇ ਸਾਰਾ ਕੁਝ ਦੱਸ ਦਿੱਤਾ ਅਤੇ ਨਾਲ ਹੀ ਅਰਜ਼ ਕਰ ਦਿੱਤੀ ਕਿ ਗੁਰਦੀਪ ਸਿੰਘ ਨੂੰ ਕਮੇਟੀ ਰਾਹੀਂ ਪੱਕਾ ਕਰਵਾਉਣ ਵਾਸਤੇ ਕੁਝ ਸਾਲ ਲੱਗ ਸਕਦੇ ਹਨ। ਜੋ ਕੁਝ ਬਚਨ ਸੱਚੇ ਪਾਤਸ਼ਾਹ ਜੀ ਨਾਲ ਸੂਬਾ ਜੀ ਨੇ ਕੀਤੇ ਸਨ ਮੈਨੂੰ ਉਹ ਦੱਸ ਦਿੱਤੇ। ਮੇਰਾ ਵੀਜ਼ਾ ਵੀ ਖਤਮ ਹੋ ਰਿਹਾ ਸੀ। ਮੈਂ ਫਿਰ ਸੱਚੇ ਪਾਤਸ਼ਾਹ ਜੀ ਨੂੰ ਟੈਲੀਫੋਨ ਤੇ ਅਰਜ਼ ਕੀਤੀ ਕਿ ਸੂਬਾ ਜੀ ਨੇ ਮੈਨੂੰ ਦੱਸਿਆ ਹੈ ਕਿ ਕਮੇਟੀ ਰਾਹੀਂ ਤੇ ਕੇਸ ਅਜੇ ਨਹੀਂ ਹੋ ਸਦਕਾ। ਸੋ ਆਪ ਜੀ ਦਾ ਮੇਰੇ ਲਈ ਕੀ ਹੁਕਮ ਹੈ? ਮੈਂ ਏਥੇ ਹੀ ਰਹਾਂ ਜਾਂ ਵਾਪਸ ਇੰਡੀਆ ਆ ਜਾਵਾਂ। ਸੱਚੇ ਪਾਤਸ਼ਾਹ ਜੀ ਨੇ ਮੈਨੂੰ ਹੁਕਮ ਕੀਤਾ ਤੂੰ ਵਾਪਸ ਆ ਜਾ। ਮੈਂ ਵਾਪਸ ਇੰਡੀਆ ਪਹੁੰਚ ਸ੍ਰੀ ਭੈਣੀ ਸਾਹਿਬ ਸੱਚੇ ਪਾਤਸ਼ਾਹ ਜੀ ਦੇ ਦਰਸ਼ਨ ਕੀਤੇ। ਉਹਨਾਂ ਦਿਨਾਂ ਵਿਚ ਮੈਨੂੰ ਨਜ਼ਲਾ ਜ਼ੁਕਾਮ ਬਹੁਤ ਸੀ। ਮੈਂ ਸੱਚੇ ਪਾਤਸ਼ਾਹ ਜੀ ਨੂੰ ਮੱਥਾ ਟੇਕਿਆ, ਉਹਨਾਂ ਮੇਰੇ ਆਉਣ ਬਾਰੇ ਪੁੱਛਿਆ ਤੇ ਮੈਂ ਦੱਸਦਿਆਂ ਨਾਲ ਹੀ ਅਰਜ਼ ਕਰ ਦਿੱਤੀ ਕਿ ਸੱਚੇ ਪਾਤਸ਼ਾਹ ਜੀ ਜਿੰਨਾਂ ਚਿਰ ਮੈਂ ਕਨੇਡਾ ਰਿਹਾ ਹਾਂ ਠੀਕ ਰਿਹਾ ਹਾਂ, ਮੇਰੇ ਤੇ ਕਿਰਪਾ ਕਰੋ। ਅਗੋਂ ਹੁਕਮ ਹੋਇਆ ਤੈਨੂੰ ਫਿਰ ਉਥੇ ਹੀ ਭੇਜ ਦਿੰਦੇ ਹਾਂ। ਹਜ਼ੂਰੀ ਸੇਵਕ ਸੰਤ ਰਸ਼ਪਾਲ ਸਿੰਘ-ਹਰਪਾਲ ਸਿੰਘ ਵੀ ਉਸ ਵੇਲੇ ਕੋਲ ਸਨ। ਉਹਨਾਂ ਮੈਨੂੰ ਕਿਹਾ ਕਿ ਤੈਨੂੰ ਕਨੇਡਾ ਵਾਪਸ ਜਾਣ ਦਾ ਹੁਕਮ ਹੋ ਗਿਆ ਹੈ।

ਸ੍ਰੀ ਭੈਣੀ ਸਾਹਿਬ ਤੋਂ ਵਾਪਸ ਮੈਂ ਦਿੱਲੀ ਆਪਣੇ ਪਰਵਾਰ ਕੋਲ ਆ ਗਿਆ। ਕੁਝ ਚਿਰ ਏਥੇ ਰਿਹਾ। ਅਮਰੀਕਾ ਦਾ ਵੀਜ਼ਾ ਮੇਰੇ ਕੋਲ ਪਹਿਲਾਂ ਹੀ ਸੀ ਤੇ ਟਿਕਟ ਲੈ ਕੇ ਮੈਂ ਅਮਰੀਕਾ ਨਿਊਯਾਰਕ ਪਹੁੰਚ ਗਿਆ। ਉਹਨਾਂ ਦਿਨਾਂ ਵਿਚ ਸੱਚੇ ਪਾਤਸ਼ਾਹ ਜੀ ਵੀ ਕਨੇਡਾ ਦੇ ਦੌਰੇ ਤੇ ਸਨ ਅਤੇ ਖਾਲਸੇ ਦਾ ਤਿੰਨ ਸੌ ਸਾਲਾ ਸਥਾਪਨਾ ਦਿਵਸ ਟਰਾਂਟੋ ਵਿਚ ਮਨਾਇਆ ਜਾ ਰਿਹਾ ਸੀ। ਮੈਂ ਨਿਊਯਾਰਕ ਤੋਂ ਰੋਚੈਸਟਰ ਬੱਸ ਰਾਹੀਂ ਸੰਤ ਗਿਆਨ ਸਿੰਘ - ਖਜਾਨ ਸਿੰਘ ਮੁਕਤਾ ਕੋਲ ਪਹੁੰਚ ਗਿਆ। ੪-੫ ਦਿਨ ਏਥੇ ਰਿਹਾ ਤਾਂ ਟਰਾਂਟੋ ਤੋਂ ਮੇਰਾ ਭਰਾ ਤਰਲੋਚਨ ਸਿੰਘ ਸੱਚੇ ਪਾਤਸ਼ਾਹ ਜੀ ਨੂੰ ਅਰਜ਼ ਕਰਕੇ ਗਿਆ ਕਿ ਮੈਂ ਆਪਣੇ ਭਰਾ ਗੁਰਦੀਪ ਸਿੰਘ ਨੂੰ ਰੋਚੈਸਟਰ ਤੋਂ ਲੈਣ ਚਲਿਆ ਹਾਂ ਕਿਰਪਾ ਕਰੋ ਉਸਨੂੰ ਕਨੇਡਾ ਦਾ ਵੀਜ਼ਾ ਮਿਲ ਜਾਵੇ। ਸੱਚੇ ਪਾਤਸ਼ਾਹ ਜੀ ਹੁਕਮ ਕੀਤਾ ਅਰਦਾਸ ਕਰਕੇ ਅੰਬੈਸੀ ਜਾਇਓ। ਸੋ ਅਸੀਂ ਰੋਚੈਸਟਰ ਤੋਂ ਬਫਲੋ ਆਏ ਜੋ ਕਿ ਕਨੇਡਾ ਦਾ ਬਾਰਡਰ ਹੈ। ਜਦੋਂ ਕਨੇਡੀਅਨ ਅੰਬੈਸੀ ਜਾ ਕੇ ਪਾਸਪੋਰਟ ਜਮਾਂ ਕਰਵਾਇਆ ਤਾਂ ਉਹਨਾਂ ਕਿਹਾ ਕਿ ਫੀਸ ਜਮ੍ਹਾਂ ਕਰਵਾ ਦਿਓ। ਅਸੀਂ ਫੀਸ ਜਮਾਂ ਕਰਾ ਦਿੱਤੀ ਤੇ ਉਹਨਾਂ ਬਿਨਾਂ ਕਿਸੇ ਲੈਟਰ ਜਾਂ ਸਪੌਂਸਰਸ਼ਿਪ ਦੇ ਕਨੇਡਾ ਦਾ ਵੀਜ਼ਾ ਦੇ ਦਿੱਤਾ। ਟਰਾਂਟੋ ਪਹੁੰਚ ਕੇ ਮੈਂ ਸੱਚੇ ਪਾਤਸ਼ਾਹ ਜੀ ਨੂੰ ਦਿਵਾਨ ਵਿਚ ਆ ਮੱਥਾ ਟੇਕ ਕੇ ਸਟੇਜ ਤੇ ਪਿਛੇ ਬੈਠ ਗਿਆ। ਭੋਗ ਦੀ ਅਰਦਾਸ ਉਪਰੰਤ ਸੱਚੇ ਪਾਤਸ਼ਾਹ ਜੀ ਬਚਨ ਕੀਤਾ, "ਆ ਗਿਆ ਹੈਂ।" ਮੈਂ ਅਰਜ਼ ਕੀਤੀ ਆਪ ਜੀ ਦੀ ਕਿਰਪਾ ਨਾਲ ਆ ਗਿਆ ਹਾਂ। ਨਾਲ ਹੀ ਮੈਂ ਅਰਜ਼ ਕਰ ਦਿੱਤੀ ਕਿ, ਕੀ ਪੱਕਾ ਹੋਣ ਲਈ ਮੈਂ ਏਥੇ ਕੇਸ ਕਰਾਂ। ਹੁਕਮ ਹੋਇਆ 'ਕਰ ਲੈ'।

ਸੱਚੇ ਪਾਤਸ਼ਾਹ ਜੀ ਦੇ ਹੁਕਮ ਅਨੁਸਾਰ ਮੈਂ ਕੇਸ ਕਰ ਦਿੱਤਾ ਤੇ ਦਸੰਬਰ ੨000 ਵਿਚ ਜਦੋਂ ਮੇਰੀ ਪੇਸ਼ੀ ਜੱਜ ਦੇ ਸਾਹਮਣੇ ਹੋਈ ਤਾਂ ਮੌਕੇ ਤੇ ਹੀ ਉਹਨਾਂ ਮੈਨੂੰ Welcome Canada ਕਹਿ ਦਿੱਤਾ। ਪੱਕੇ ਹੋਣ ਦੇ ਪੇਪਰ ਮਿਲਣ ਤੇ ਮੈਂ ਸਤਿਗੁਰੂ ਜੀ ਦਾ ਫੋਨ ਤੇ ਧੰਨਵਾਦ ਕੀਤਾ ਅਤੇ ਬਾਅਦ ਵਿਚ ਉਸੇ ਪਾਸਪੋਰਟ ਤੇ ਹੀ ਮੈਂ ਇੰਡੀਆ ਗਿਆ। ਇਹ ਸਾਰੀ ਕਿਰਪਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹੈ। ਅਚੰਭੇ ਵਾਲੀ ਗੱਲ ਇਹ ਹੈ ਕਿ ਕੇਸ ਕਰਨ ਸਮੇਂ ਮੈਂ ਪਾਸਪੋਰਟ ਵੀ ਨਾਲ ਹੀ ਦੇ ਦਿੱਤਾ ਸੀ। ਜੋ ਵੀ ਲੋਕ ਏਥੇ ਪੱਕੇ ਹੋਣ ਲਈ ਕਰਦੇ ਹਨ ਉਹ ਪਾਸਪੋਰਟ ਵਿਖਾਉਂਦੇ ਹੀ ਨਹੀਂ। ਏਸੇ ਤਰ੍ਹਾਂ ਜਦੋਂ ਮੈਂ ਕਨੇਡਾ ਵਿਚ ਸੀ ਤਾਂ ਮੇਰੀ ਪਤਨੀ ਕਸ਼ਮੀਰ ਕੌਰ ਤੇ ਬੱਚੇ ਦਿੱਲੀ ਸਨ। ਮੇਰੀ ਪਤਨੀ ਬਹੁਤ ਬਿਮਾਰ ਹੋ ਗਈ ਥਾਇਰਾਡ ਦੀ ਬਿਮਾਰੀ ਨਾਲ ਉਹ ਸੁੱਕ ਗਈ ਤੇ ਹੱਡੀਆਂ ਬਹੁਤ ਕਮਜੋਰ ਹੋ ਗਈਆਂ ਸਨ। ਉਹ ਤੁਰਨ ਫਿਰਨ ਤੋਂ ਵੀ ਅਸਮਰਥ ਹੋ ਗਈ ਸੀ। ਬੱਚੇ ਵੀ ਛੋਟੇ ਛੋਟੇ ਸਨ। ਉਹਨਾਂ ਨੂੰ ਸੰਭਾਲਣਾ ਮੁਸ਼ਕਲ ਹੋ ਗਿਆ ਸੀ। ਡਾਕਟਰਾਂ ਨੇ ਚੈਕਅੱਪ ਕੀਤਾ ਤੇ ਦੱਸਿਆ ਕਿ ਤੈਨੂੰ ਬਿਮਾਰੀ ਖਤਰਨਾਕ ਹੈ, ਹੱਡੀਆਂ ਖੋਖਲੀਆਂ ਹੋ (ਬਾਕੀ ਸਫਾ ੧੦੪ 'ਤੇ)

Namdhari Elibrary NamdhariElibrary@gmail.com

ਤੇਰੇ ਕਵਨ ਕਵਨ ਗੁਨ ਕਹਿ ਕਹਿ ਗਾਵਾ

✍ ਜਸਬੀਰ ਕੌਰ ਸ਼ਿਮਲਾ

ਜੁਗ ਬਦਲ ਜਾਂਦੇ ਹਨ ਸਮਾਂ ਬਦਲ ਜਾਂਦਾ ਹੈ ਪਰ ਅਕਾਲ ਪੁਰਖ ਤਾਂ ਇਕ ਹੀ ਹੈ। ਉਹ ਵੱਖਰੇ ਵੱਖਰੇ ਜਾਮੇ ਧਾਰ ਕੇ ਆਪਣੇ ਪਿਆਰਿਆਂ ਨੂੰ ਸੁਖ ਦਿੰਦਾ ਹੈ। ਕਦੀ ਕ੍ਰਿਸ਼ਨ ਰੂਪੀ ਹੋ ਕੇ ਸੁਦਾਮੇ ਨਾਲ ਪਿਆਰ ਕਰਦਾ ਹੈ ਅਤੇ ਕਦੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਰੂਪ ਵਿਚ ਸੁਦਾਮੇ ਰੂਪੀ ਸਿੱਖ ਨੂੰ ਪਿਆਰਦਾ ਹੈ।

ਹੇ ਅਕਾਲ ਪੁਰਖ ਦੇ ਸਰਗੁਣ ਸਰੂਪ, ਕੁਲ ਬ੍ਰਹਿਮੰਡ ਦੇ ਸੁਆਮੀ, ਗਰੀਬਾਂ ਨੂੰ ਨਿਵਾਜਣ ਵਾਲੇ, ਅਨੰਤ ਸ਼ਕਤੀਆਂ ਦੇ ਮਾਲਕ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ! ਆਪ ਜੀ ਦੇ ਚਰਨਾਂ ਉਤੇ ਡੰਡਉਤ ਬੰਦਨਾ ਸਵੀਕਾਰ ਹੋਵੇ ਜੀ। ਆਪ ਜੀ ਆਪਣੇ ਸਿਖਾਂ ਉਤੇ ਕਿਰਪਾ ਕਰਦੇ ਹੋ। ਕਦੀ ਆਪ ਜੀ ਭਗਵਾਨ ਰਾਮ ਚੰਦਰ ਜੀ ਦੇ ਰੂਪ ਵਿਚ ਨਿਵਾਜਦੇ ਹੋ, ਕਦੀ ਭਗਵਾਨ ਕ੍ਰਿਸ਼ਨ ਦੇ ਰੂਪ ਵਿਚ ਦਰਸ਼ਨ ਦਿੰਦੇ ਹੋ, ਕਦੀ ਗੋਪੀਆਂ ਨੂੰ ਸੁਖ ਦੇਣ ਵਾਸਤੇ ਉਹਨਾਂ ਨਾਲ ਖੇਡਾਂ ਕਰਦੇ ਹੋ ਅਤੇ ਕਦੀ ਸਤਿਗੁਰੂ ਰਾਮ ਸਿੰਘ ਜੀ ਦੇ ਰੂਪ ਵਿਚ ਵਿਛੜੇ ਹੋਏ ਸਿੱਖ ਨੂੰ ਚਰਨੀਂ ਲਾਉਂਦੇ ਹੋ। ਆਪ ਜੀ ਦੀ ਮਹਿਮਾ ਦਾ ਕੋਈ ਅੰਤ ਨਹੀਂ। ਏਕ ਰੂਪ ਅਨੇਕ ਦਰਸ਼ਨ ਵਾਲੇ ਸਤਿਗੁਰੂ ਜੀ ਆਪ ਜੀ ਨੇ ਜਿਸ ਤਰ੍ਹਾਂ ਆਪਣੇ ਸਿਖਾਂ ਨੂੰ ਨਿਵਾਜਿਆ ਉਹਦੇ ਵਿਚੋਂ ਇਕ ਕਿਣਕਾ ਮਾਤਰ ਲਿਖਣ ਦੀ ਕੋਸ਼ਿਸ਼ ਕਰ ਰਹੀ ਹਾਂ।

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ—

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸਤਿਗੁਰੂ ਰਾਮ ਸਿੰਘ ਜੀ ਤੋਂ ਵੱਖਰੇ ਨਹੀਂ ਹਨ ਇਹ ਸਚਾਈ ਹੇਠ ਲਿਖੀ ਸਾਖੀ ਤੋਂ ਪੂਰੀ ਤਰਾਂ ਸਿੱਧ ਹੋ ਜਾਂਦੀ ਹੈ।

ਹਿਸਾਰ ਵਿਚ ਰਹਿਣ ਵਾਲੇ ਸੰਤ ਦਲੀਪ ਸਿੰਘ ਦੇ ਪੁੱਤਰ ਸੰਤ ਸੁਰਿੰਦਰ ਸਿੰਘ ਦੱਸਦੇ ਹਨ ਕਿ ਸੰਨ 1969 ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਨੇ ਉਹਨਾਂ ਨੂੰ ਇਕ ਹੁਕਮਨਾਮਾ ਭੇਜਿਆ ਕਿ ਤੁਹਾਡੇ ਹਿਸਾਰ ਵਿਚ ਬੀੜ ਬਬਰਾਨ ਵਿਚ ਇਕ ਬੱਬਰ ਅਕਾਲੀਆ ਦਲੀਪ ਸਿੰਘ ਰਹਿੰਦਾ ਹੈ ਉਸ ਨੂੰ ਲੱਭ ਕੇ ਜ਼ਰੂਰ ਭੈਣੀ ਸਾਹਿਬ ਲੈ ਕੇ ਆਉ। ਸੋ ਸੰਤ ਸੁਰਿੰਦਰ ਸਿੰਘ ਆਪਣੇ ਪਿਤਾ ਸੰਤ ਦਲੀਪ ਸਿੰਘ ਤੇ ਸੰਤ ਭਗਤ ਸਿੰਘ ਨਾਲ ਬੀੜ ਬਬਰਾਨ ਵਿਚ ਪਹੁੰਚੇ। ਉਥੇ ਇਕ ਬੱਬਰ ਅਕਾਲੀ ਰਾਮ ਸਿੰਘ ਨੂੰ ਮਿਲਕੇ ਦਲੀਪ ਸਿੰਘ ਬਾਰੇ ਪੁਛਿਆ। ਉਹ ਉਹਨਾਂ ਤਿੰਨਾਂ ਨੂੰ ਦਲੀਪ ਸਿੰਘ ਬੱਬਰ ਅਕਾਲੀ ਦੇ ਘਰ ਲੈ ਗਏ। ਦਲੀਪ ਸਿੰਘ ਇਹਨਾਂ ਦਾ ਬਾਣਾ ਵੇਖ ਕੇ ਬੜੇ ਖੁਸ਼ ਹੋਏ। ਜਦੋਂ ਉਹਨਾਂ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦਾ ਹੁਕਮਨਾਮਾ ਸੁਣਾਇਆ ਤਾਂ ਉਹ ਮਸਤਾਨੇ ਹੋ ਗਏ। ਫਿਰ ਉਚੀ ਉਚੀ ਕੂਕਾਂ ਮਾਰ ਕੇ ਰੋਣ ਲੱਗ ਪਏ। ਜਦੋਂ ਰੋ ਰੋ ਕੇ ਮਨ ਹੌਲਾ ਹੋ ਗਿਆ ਤਾਂ ਕਹਿਣ ਲੱਗੇ ਕਿ ਹੁਣ ਮੇਰੀ ਯਾਦ ਆਈ ਹੈ। ਮੈਂ ਤਾਂ ਕਈ ਸਾਲਾਂ ਤੋਂ ਉਡੀਕ ਰਿਹਾ ਸਾਂ। ਉਹਨਾਂ ਨੇ ਆਪਣੇ ਗੋਦ ਲਏ ਬੇਟੇ ਗੁਰਬਚਨ ਸਿੰਘ ਨੂੰ ਕਿਹਾ ਕਿ ਜੇ ਇਹਨਾਂ ਦੀ ਸੋਧ ਹੈ ਤਾਂ ਇਹਨਾਂ ਨੂੰ ਰਸਦ

Namdhari Elibrary NamdhariElibrary@gmail.com

ਦੇ ਦਿਉ। ਆਪਣਾ ਜਲ ਪਾਣੀ ਆਪ ਬਣਾ ਲੈਣਗੇ ਤੇ ਜੇਕਰ ਮਰਯਾਦਾ ਨਹੀਂ ਰੱਖੀ ਹੋਈ ਤਾਂ ਕਾੜ੍ਹਨੀ ਵਿਚੋਂ ਦੁਧ ਕੱਢ ਕੇ ਇਹਨਾਂ ਨੂੰ ਛਕਾਓ।

ਸੁਰਿੰਦਰ ਸਿੰਘ ਦੇ ਪਿਤਾ ਦਲੀਪ ਸਿੰਘ ਨੇ ਪੁਛਿਆ ਕਿ ਤੁਸੀਂ ਪਹਿਲਾਂ ਖੁਸ਼ ਹੋਏ ਫਿਰ ਰੋਏ ਕਿਉਂ? ਉਹਨਾਂ ਨੇ ਜਵਾਬ ਦਿਤਾ ਜਦੋਂ ਮਲੇਰਕੋਟਲੇ ਦਾ ਸਾਕਾ ਹੋਇਆ ਤਾਂ ਅਸੀਂ ਉਥੋਂ ਨਿਕਲ ਕੇ ਭੈਣੀ ਸਾਹਿਬ ਪਹੁੰਚ ਗਏ। ਸਤਿਗੁਰੂ ਰਾਮ ਸਿੰਘ ਜੀ ਸਾਨੂੰ ਬਹੁਤ ਗੁੱਸੇ ਹੋਏ ਕਿ ਤੁਸੀਂ ਇਥੇ ਕਿਉਂ ਆਏ ਹੋ, ਜਾਓ ਟੁਰ ਜਾਓ। ਓਨਾਂ ਚਿਰ ਭੈਣੀ ਸਾਹਿਬ ਨਹੀਂ ਵੜਨਾ ਜਿੰਨਾ ਚਿਰ ਅਸੀਂ ਨਾ ਸੱਦੀਏ। ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਕਰਕੇ ਅਸੀਂ ਉਦੋਂ ਦੇ ਭੈਣੀ ਸਾਹਿਬ ਨਹੀਂ ਵੜੇ। ਸਤਿਗੁਰੂ ਰਾਮ ਸਿੰਘ ਜੀ ਪ੍ਰਦੇਸ ਚਲੇ ਗਏ। ਪਿਛੋਂ ਸਤਿਗੁਰੂ ਹਰੀ ਸਿੰਘ ਜੀ ਨੇ ਸਾਨੂੰ ਨਹੀਂ ਸੱਦਿਆ। ਫੇਰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਵੀ ਨਹੀਂ ਸੱਦਿਆ। ਹੁਣ ਸਤਿਗੁਰੂ ਜਗਜੀਤ ਸਿੰਘ ਜੀ ਨੇ ਸੱਦਿਆ ਹੈ ਪਰ ਹੁਣ ਮੇਰੀ ਉਮਰ ੧੨੬ ਸਾਲਾਂ ਦੀ ਹੈ। ਮੇਰੇ ਕੋਲੋਂ ਟੁਰਿਆ ਨਹੀਂ ਜਾਂਦਾ। ਹੁਣ ਮੈਂ ਕਿਵੇਂ ਜਾਵਾਂਗਾ। ਉਹਨਾਂ ਨੇ ਹੁਕਮਨਾਮਾ ਭੇਜਿਆ ਹੈ ਹੁਣ ਆਪੇ ਹੀ ਲੈ ਜਾਣਗੇ।

ਉਹ ਸਿਖ ਉਹਨਾਂ ਨੂੰ ਗੱਡੇ ਤੇ ਬਿਠਾ ਕੇ ਹਿਸਾਰ ਲੈ ਆਏ। ਹਿਸਾਰ ਤੋਂ ਰਾਤ ੧੧ ਵਜੇ ਦੀ ਗੱਡੀ ਤੇ ਬੈਠਕੇ ਲੁਧਿਆਣੇ ਪਹੁੰਚੇ। ਸੱਚੇ ਪਾਤਸ਼ਾਹ ਜੀ ਨੇ ਲੁਧਿਆਣਾ ਦੇ ਸੰਗੀਤ ਸਿਨੇਮਾ ਵਾਲਿਆਂ ਨੂੰ ਹੁਕਮ ਕੀਤਾ ਹੋਇਆ ਸੀ ਕਿ ਦਲੀਪ ਸਿੰਘ ਨਾਲ ਇਕ ਸਰੀਰ ਆ ਰਿਹਾ ਹੈ ਉਸਨੂੰ ਭੈਣੀ ਸਾਹਿਬ ਲੈ ਕੇ ਆਓ। ਭੈਣੀ ਸਾਹਿਬ ਸਰਪੰਚ ਨੂੰ ਹੁਕਮ ਹੋਇਆ ਕਿ ਬਾਹਰ ਸੜਕ ਤੇ ਖਲੋ ਜਾ ਅਤੇ ਉਸਨੂੰ ਸਿੱਧਾ ਗੋਲ ਮੰਦਰ ਲੈ ਕੇ ਆ। ਦਲੀਪ ਸਿੰਘ ਨੂੰ ਆਉਂਦਿਆਂ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਹੋ ਗਏ। ਫਿਰ ਉਹਨਾਂ ਨੂੰ ਨਿਤਨੇਮ ਵਿਚ ਲੈ ਕੇ ਆਏ। ਸਤਿਗੁਰੂ ਜੀ ਨੇ ਇਸ਼ਾਰੇ ਨਾਲ ਹੁਕਮ ਕੀਤਾ ਕਿ ਇਸਨੂੰ ਅੰਮ੍ਰਿਤ ਛਕਾਓ। ਹੁਕਮ ਅਨੁਸਾਰ ਉਸਨੂੰ ਰਾਮਸਰ ਦੇ ਕੰਢੇ ਬਿਠਾ ਕੇ ਮਾਤਾ ਜੀ ਕੋਲੋਂ ਚਿਟੀ ਦਸਤਾਰ ਲੈ ਕੇ ਬੰਨਾਈ ਅਤੇ ਫਿਰ ਅੰਮ੍ਰਿਤ ਛਕਾਇਆ। ਉਸ ਤੋਂ ਬਾਅਦ ਉਹ ਦਿਵਾਨ ਵਿਚ ਆਏ। ਉਹਨਾਂ ਨੂੰ ਸ਼ੰਕਾ ਹੋਈ ਕਿ ਸਤਿਗੁਰੂ ਜੀ ਦਿਵਾਨ ਵਿਚ ਨਹੀਂ ਆਏ। ਸੁਰਿੰਦਰ ਸਿੰਘ ਦੇ ਪਿਤਾ ਜੀ ਨੇ ਕਿਹਾ ਕਿ ਸਤਿਗੁਰੂ ਜੀ ਤਾਂ ਬੈਠੇ ਹਨ ਦਿਵਾਨ ਵਿੱਚ। ਉਹ ਕਹਿਣ ਲੱਗੇ ਨਹੀਂ ਮੈਨੂੰ ਆਉਂਦਿਆਂ ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਹੋਏ ਸਨ। ਉਹ ਦਿਵਾਨ ਵਿਚ ਨਹੀਂ ਆਏ। ਉਹਨਾਂ ਦਾ ਸ਼ੰਕਾ ਦੂਰ ਹੋਇਆ ਕਿ ਇਹੀ ਸਤਿਗੁਰੂ ਰਾਮ ਸਿੰਘ ਜੀ ਹਨ। ਉਸ ਤੋਂ ਬਾਅਦ ਉਹਨਾਂ ਨੇ ਅਰਜ਼ ਕੀਤੀ ਕਿ ਮੈਨੂੰ ਬੋਲਣ ਦਾ ਸਮਾਂ ਦਿਉ। ਸਤਿਗੁਰੂ ਜੀ ਕੋਲੋਂ ਉਹਨਾਂ ਨੂੰ ਪੰਜ ਮਿੰਟ ਦਾ ਸਮਾਂ ਮਿਲਿਆ। ਉਹ ਆਪਣੀ ਵਾਰਤਾ ਦੱਸਣ ਲੱਗ ਪਏ। ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਇਸ ਦੇ ਅਗੋਂ ਮਾਈਕ ਚੁੱਕ ਲਵੋ। ਉਹ ਮਸਤਾਨੇ ਹੋ ਕੇ ਕੇਸਾਂ ਦਾ ਚੌਰ ਝੁਲਾਉਣ ਲੱਗ ਪਏ। ਨਾਲੇ ਕਹੀ ਜਾਣ ਤੁਹਾਨੂੰ ਭੁਲੇਖਾ ਪਾਇਆ ਹੋਇਆ ਹੈ ਇਹ ਸਤਿਗੁਰੂ ਰਾਮ ਸਿੰਘ ਜੀ ਹੀ ਹਨ। ਉਹ ਸੂਤਰ ਪਾਈ ਜਾਣ ਨਾਲੇ ਬੋਲਣ ਕੇਸਾਂ ਕਾ ਕਰ ਚਵਰ ਝੁਲਾਵਾ। ਇਸ ਤੋਂ ਮਗਰੋਂ ਉਹ ਹਿਸਾਰ ਚਲੇ ਗਏ ਅਤੇ ਕੁਝ ਦਿਨਾਂ ਬਾਅਦ ਹੀ ਚੜ੍ਹਾਈ ਕਰ ਗਏ। ਸਤਿਗੁਰੂ ਜੀ ਦੇ ਹੁਕਮ ਅਨੁਸਾਰ ਉਹਨਾਂ ਦਾ ਅੰਤਿਮ ਸਸਕਾਰ ਨਾਮਧਾਰੀ ਮਰਯਾਦਾ ਅਨੁਸਾਰ ਹੋਇਆ।

ਸਾਧ ਸੰਗਤ ਜੀ ਹੁਕਮ ਤਾਂ ਸਤਿਗੁਰੂ ਰਾਮ ਸਿੰਘ ਜੀ ਨੇ ਕੀਤਾ ਸੀ ਕਿ ਜਿੰਨਾਂ ਚਿਰ ਅਸੀਂ ਨਾ ਬੁਲਾਈਏ ਓਨਾ ਚਿਰ ਤੁਸੀਂ ਭੈਣੀ ਸਾਹਿਬ ਨਹੀਂ ਆਉਣਾ। ਉਹਨਾਂ ਦੇ ਇਸ ਹੁਕਮ ਦਾ ਹੋਰ ਕਿਸ ਨੂੰ ਪਤਾ ਹੋ ਸਕਦੈ? ਉਹਨਾਂ ਨੂੰ ਬੁਲਾਉਣ ਵਾਲਾ ਹੋਰ ਕੌਣ ਹੋ ਸਕਦਾ ਹੈ?

ਜੋਤਿ ਓਹਾ ਜੁਗਤਿ ਸਾਇ

ਉਹ ਮਸਤਾਨੇ ਹੋ ਕੇ ਕੇਸਾਂ ਦਾ ਚੌਰ ਝੁਲਾਉਣ ਲੱਗ ਪਏ। ਨਾਲੇ ਕਹੀ ਜਾਣ ਤੁਹਾਨੂੰ ਭੁਲੇਖਾ ਪਾਇਆ ਹੋਇਆ ਹੈ ਇਹ ਸਤਿਗੁਰੂ ਰਾਮ ਸਿੰਘ ਜੀ ਹੀ ਹਨ। ਉਹ ਸੂਤਰ ਪਾਈ ਜਾਣ ਨਾਲੇ ਬੋਲਣ ਕੇਸਾਂ ਕਾ ਕਰ ਚਵਰ ਝੁਲਾਵਾ। ਇਸ ਤੋਂ ਮਗਰੋਂ ਉਹ ਹਿਸਾਰ ਚਲੇ ਗਏ ਅਤੇ ਕੁਝ ਦਿਨਾਂ ਬਾਅਦ ਹੀ ਚੜ੍ਹਾਈ ਕਰ ਗਏ।

Namdhari Elibrary NamdhariElibrary@gmail.com

ਸਹਿ ਕਾਇਆ ਫੇਰਿ ਪਲਟੀਐ॥

ਦੇ ਅਨੁਸਾਰ ਸਤਿਗੁਰੂ ਰਾਮ ਸਿੰਘ ਜੀ ਹੀ ਰੂਪ ਵਟਾ ਕੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਰੂਪ ਵਿਚ ਸਾਨੂੰ ਦਰਸ਼ਨ ਦੇ ਰਹੇ ਹਨ। ਸਤਿਗੁਰੂ ਜੀ ਕਿਰਪਾ ਕਰਨ ਸਾਨੂੰ ਸਤਿਗੁਰੂ ਜਗਜੀਤ ਸਿੰਘ ਜੀ ਵਿਚੋਂ ਅਕਾਲ ਪੁਰਖ ਦੇ ਦਰਸ਼ਨ ਹੋ ਸਕਣ।

ਅੰਤਰਜਾਮੀ ਸਤਿਗੁਰੂ—

ਜੁਗ ਬਦਲ ਜਾਂਦੇ ਹਨ ਸਮਾਂ ਬਦਲ ਜਾਂਦਾ ਹੈ ਪਰ ਅਕਾਲ ਪੁਰਖ ਤਾਂ ਇਕ ਹੀ ਹੈ। ਉਹ ਵੱਖਰੇ ਵੱਖਰੇ ਜਾਮੇ ਧਾਰ ਕੇ ਆਪਣੇ ਪਿਆਰਿਆਂ ਨੂੰ ਸੁਖ ਦਿੰਦਾ ਹੈ। ਕਦੀ ਕ੍ਰਿਸ਼ਨ ਰੂਪੀ ਹੋ ਕੇ ਸੁਦਾਮੇ ਨਾਲ ਪਿਆਰ ਕਰਦਾ ਹੈ ਅਤੇ ਕਦੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਰੂਪ ਵਿਚ ਸੁਦਾਮੇ ਰੂਪੀ ਸਿੱਖ ਨੂੰ ਪਿਆਰਦਾ ਹੈ।

ਸ੍ਰੀ ਭੈਣੀ ਸਾਹਿਬ ਦੀ ਬਿਰਧਸ਼ਾਲਾ ਵਿਚ ਇਕ ਸਤਿਗੁਰੂ ਜੀ ਦੇ ਪਿਆਰੇ ਬਿਰਧ ਸਿੱਖ ਸੰਤ ਜੋਗਾ ਸਿੰਘ ਰਹਿੰਦੇ ਹਨ। ਉਹ ਬੜੇ ਹੀ ਮਿਠਬੋਲੜੇ ਹਨ। ਉਹਨਾਂ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਕੋਲੋਂ ਵੀ ਬੜਾ ਪਿਆਰ ਲਿਆ ਹੈ ਅਤੇ ਹੁਣ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਨਾਲ ਵੀ ਅਤਿ ਸਨੇਹ ਹੈ। ਉਹਨਾਂ ਕੋਲ ਕਈ ਪੁਰਾਣੀਆਂ ਯਾਦਾਂ ਦਾ ਭੰਡਾਰ ਹੈ।

ਉਹ ਅਤਿ ਮਸਤੀ ਦੀ ਹਾਲਤ ਵਿਚ ਆਪਣੇਂ ਨਾਲ ਬੀਤੀ ਵਾਰਤਾ ਸੁਣਾਉਂਦੇ ਹਨ। ਉਹ ਦੱਸਦੇ ਹਨ ਕਿ ਇਕ ਵਾਰੀ ਕਰੀਵਾਲੇ ਦਿਵਾਨ ਲੱਗਾ ਸੀ। ਉਹ ਵੀ ਵਿਚ ਬੈਠਕੇ ਦਿਵਾਨ ਦਾ ਰਸ ਲੈ ਰਹੇ ਸਨ। ਜਥੇਦਾਰ ਨੇ ਦਿਵਾਨ ਵਿਚ ਸੁਦਾਮੇ ਦੀ ਸਾਖੀ ਸੁਣਾਉਣੀ ਸ਼ੁਰੂ ਕਰ ਦਿੱਤੀ। ਸੁਦਾਮਾ ਕ੍ਰਿਸ਼ਨ ਭਗਵਾਨ ਦਾ ਛੋਟੇ ਹੁੰਦਿਆਂ ਦਾ ਯਾਰ ਸੀ। ਜੋਗਾ ਸਿੰਘ ਇਹ ਸਾਖੀ ਸੁਣਕੇ ਕਿਸੇ ਡੂੰਘੇ ਖਿਆਲ ਵਿਚ ਡੁਬ ਗਏ। ਉਹ ਸੋਚਣ ਲੱਗ ਪਏ ਕਿ ਸੁਦਾਮਾ ਤਾਂ ਕ੍ਰਿਸ਼ਨ ਭਗਵਾਨ ਦਾ ਯਾਰ ਸੀ ਅਤੇ ਕ੍ਰਿਸ਼ਨ ਭਗਵਾਨ ਨੇ ਉਸਦੀ ਗਰੀਬੀ ਦੂਰ ਕਰਕੇ ਸੇਠ ਬਣਾ ਦਿੱਤਾ ਸੀ। ਏਸੇ ਤਰ੍ਹਾਂ ਦੀਆਂ ਉਹਨਾਂ ਦੇ ਮਨ ਵਿਚ ਹੋਰ ਵੀ ਕਈ ਗੱਲਾਂ ਆ ਗਈਆਂ। ਉਹ ਸੋਚਣ ਲੱਗ ਪਏ ਕਿ ਮੈਨੂੰ ਤਾਂ ਸੱਚੇ ਪਾਤਸ਼ਾਹ ਜੀ ਨੇ ਕਦੀ ਸੁਦਾਮੇ ਦੀ ਤਰਾਂ ਪਿਆਰ ਨਹੀਂ ਕੀਤਾ। ਉਹ ਬੈਠੇ ਤਾਂ ਦਿਵਾਨ ਵਿਚ ਸਨ ਪਰ ਉਹਨਾਂ ਦੇ ਮਨ ਵਿਚ ਸਤਿਗੁਰੂ ਕੋਲੋਂ ਪਿਆਰ ਲੈਣ ਦੀ ਇਛਾ ਅਤਿ ਪ੍ਰਬਲ ਹੋ ਗਈ। ਉਧਰ ਅੰਤਰਜਾਮੀ ਸਤਿਗੁਰੂ ਜੀ ਆਪਣੇ ਆਸਣ ਤੋਂ ਉਠੇ ਅਤੇ ਜੋਗਾ ਸਿੰਘ ਕੋਲ ਜਿਹੜੇ ਸਤਿਗੁਰੂ ਜੀ ਦੇ ਪਿਛਲੇ ਪਾਸੇ ਕੋਈ ਛੇ ਸੱਤ ਫੁੱਟ ਦੀ ਦੂਰੀ ਤੇ ਬੈਠੇ ਸਨ, ਸਾਰੀ ਸੰਗਤ ਨੂੰ ਹੌਲੀ ਹੌਲੀ ਪਰ੍ਹੇ ਕਰਕੇ ਜਾ ਖਲੋਤੇ। ਜੋਗਾ ਸਿੰਘ ਦੀ ਧੌਣ ਤੇ ਹੱਥ ਰਖ ਕੇ ਪੋਲੀਆਂ ਪੋਲੀਆਂ ਚੂੰਢੀਆਂ ਵਢਣ ਲੱਗ ਪਏ। ਕਦੀ ਥਾਪੀਆਂ ਦੇਣ ਲੱਗ ਪੈਂਦੇ, ਕਦੀ ਕੰਨਾਂ ਵਿਚ ਉਂਗਲਾਂ ਦੇਣ ਲੱਗ ਪੈਂਦੇ। ਸਤਿਗੁਰੂ ਜੀ ਇਹਨਾਂ ਨਾਲ ਪਿਆਰ ਕਰੀ ਜਾਂਦੇ ਅਤੇ ਨਾਲ ਹੀ ਰਸਨਾ ਨਾਲ ਇਕ ਹੋਰ ਸਿਖ ਨਾਲ ਬਚਨ ਕਰੀ ਜਾਂਦੇ ਕਿ ਤੂੰ ਦਿਵਾਨ ਵਿਚ ਆਇਆ ਕਰ, ਮਾਲਾ ਫੇਰਿਆ ਕਰ, ਬਾਣੀ ਪੜ੍ਹਿਆ ਕਰ, ਨਾਮ ਜਪਿਆ ਕਰ, ਦਲਿਦਰ ਕਰਕੇ ਘਰ ਨਾ ਬੈਠਿਆ ਰਿਹਾ ਕਰ। ਹੱਥਾਂ ਨਾਲ ਜੋਗਾ ਸਿੰਘ ਨੂੰ ਪਿਆਰ ਕਰੀ ਜਾਂਦੇ। ਇਸੇ ਤਰ੍ਹਾਂ ਸੁਦਾਮੇ ਵਰਗਾ ਪਿਆਰ ਕਰਕੇ ਵਿਖਾ ਦਿਤਾ ਅਤੇ ਬੜੀਆਂ ਖੁਸ਼ੀਆਂ ਦਿੱਤੀਆਂ। ਫੇਰ ਬਚਨ ਕੀਤਾ ਹੁਣ ਰਾਜ਼ੀ ਏਂ। ਫਿਰ ਜਾ ਕੇ ਆਪਣੇ ਸਿੰਘਾਸਨ ਤੇ ਬਿਰਾਜਮਾਨ ਹੋ ਗਏ। ਉਹ ਦਸਦੇ ਹਨ ਕਿ ਮੈਨੂੰ ਸੁਦਾਮੇ ਨਾਲੋਂ ਵੀ ਵਧ ਪਿਆਰ ਕਰਕੇ ਵਿਖਾ ਦਿੱਤਾ। ਉਹਨਾਂ ਨੂੰ ਜਦੋਂ ਉਹ ਵੇਲਾ ਯਾਦ ਆਉਂਦਾ ਹੈ ਤਾਂ ਉਹ ਗਦ ਗਦ ਹੋ ਜਾਂਦੇ ਹਨ ਅਤੇ ਮਸਤੀ ਆ ਜਾਂਦੀ ਹੈ। ਧੰਨ ਹਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਘਟ-ਘਟ ਦੀ ਜਾਨਣਹਾਰੇ।

ਸਤਿਗੁਰੂ ਜੀ ਇਹਨਾਂ ਨਾਲ ਪਿਆਰ ਕਰੀ ਜਾਂਦੇ ਅਤੇ ਨਾਲ ਹੀ ਰਸਨਾ ਨਾਲ ਇਕ ਹੋਰ ਸਿਖ ਨਾਲ ਬਚਨ ਕਰੀ ਜਾਂਦੇ ਕਿ ਤੂੰ ਦਿਵਾਨ ਵਿਚ ਆਇਆ ਕਰ, ਮਾਲਾ ਫੇਰਿਆ ਕਰ, ਬਾਣੀ ਪੜ੍ਹਿਆ ਕਰ, ਨਾਮ ਜਪਿਆ ਕਰ, ਦਲਿਦਰ ਕਰਕੇ ਘਰ ਨਾ ਬੈਠਿਆ ਰਿਹਾ ਕਰ।

ਲੁਟੇਰਿਆਂ ਕੋਲੋਂ ਸ਼ਟਰ ਨਾ ਖੁਲ੍ਹਿਆ—

ਸਤਿਗੁਰੂ ਆਪਣੇ ਸਿੱਖ ਦੀ ਰਖਿਆ ਕਰਦਾ ਹੈ ਜਦੋਂ ਸਿੱਖ ਦੇ ਪਿਛੇ ਸਤਿਗੁਰੂ ਦੀ ਸ਼ਕਤੀ ਕੰਮ ਕਰ ਰਹੀ ਹੁੰਦੀ ਹੈ ਤਾਂ ਉਹ 'ਕੱਲਾ ਵੀ ਕਈਆਂ ਉਤੇ

Namdhari Elibrary NamdhariElibrary@gmail.com

ਭਾਰੂ ਹੋ ਜਾਂਦਾ ਹੈ। ਸਤਿਗੁਰੂ ਦੀ ਸ਼ਕਤੀ ਦਾ ਤਾਂ ਅੰਤ ਹੀ ਨਹੀਂ ਕਿਹਾ ਜਾ ਸਕਦਾ। ਜਦੋਂ ਰਾਮਚੰਦਰ ਜੀ ਨੇ ਅੰਗਦ ਨੂੰ ਰਾਵਣ ਦੇ ਦਰਬਾਰ ਵਿਚ ਭੇਜਿਆ ਤਾਂ ਇੰਦਰ ਨੂੰ ਵੀ ਹਰਾਵਣ ਵਾਲਾ ਮਹਾਂਬਲੀ ਰਾਵਣ ਅੰਗਦ ਦੇ ਧਰਤੀ ਉਤੇ ਰੱਖੇ ਪੈਰ ਨੂੰ ਚੁੱਕ ਨਾ ਸਕਿਆ। ਉਸ ਦਾ ਪੈਰ ਤਾਂ ਧਰਤੀ ਦੇ ਨਾਲ ਜਿਸ ਤਰ੍ਹਾਂ ਧਰਤੀ ਹੀ ਹੋ ਗਿਆ ਸੀ। ਇਹ ਸ਼ਕਤੀ ਤਾਂ ਰਾਮਚੰਦਰ ਜੀ ਦੀ ਆਪਣੀ ਹੀ ਸੀ। ਜਿਹਨਾਂ ਨੇ ਅੰਗਦ ਨੂੰ ਆਪਣਾ ਦੂਤ ਬਣਾ ਕੇ ਭੇਜਿਆ ਸੀ। ਠੀਕ ਇਸੇ ਤਰ੍ਹਾਂ ਦੀ ਹੀ ਇਕ ਘਟਨਾ ਰਾਮਚੰਦਰ ਜੀ ਦੇ ਸਾਖਿਆਤ ਅਵਤਾਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਇਕ ਸਿੱਖ ਨਾਲ ਵਾਪਰੀ। ਗਢਵੇ (ਬਿਹਾਰ) ਦੇ ਇਕ ਸਿੱਖ ਸੁਰਿੰਦਰ ਸਿੰਘ ਇਸ ਬਾਰੇ ਦਸਦੇ ਹਨ।

ਇਹ ਘਟਨਾ ੧ ਨਵੰਬਰ ੧੯੮੪ ਵਾਲੇ ਦਿਨ ਦੀ ਹੈ। ੩੧ ਅਕਤੂਬਰ ੧੯੮੪ ਨੂੰ ਇੰਦਰਾ ਗਾਂਧੀ ਦੀ ਹੱਤਿਆ ਹੋਈ ਸੀ। ਉਸ ਤੋਂ ਅਗਲੇ ਦਿਨ 1 ਨਵੰਬਰ ਨੂੰ ਗਢਵੇ ਦੇ ਬਜ਼ਾਰ ਵਿਚ ਵੀਰ ਬਜ਼ਾਰ ਲੱਗਾ ਹੋਇਆ ਸੀ। ਸੁਰਿੰਦਰ ਸਿੰਘ ਦੀ ਉਸੇ ਬਜ਼ਾਰ ਵਿਚ ਥੋਕ ਕੱਪੜੇ ਦੀ ਦੁਕਾਨ ਸੀ। ਅੰਦਰ ਕਈ ਲੱਖ ਦਾ ਸਮਾਨ ਭਰਿਆ ਪਿਆ ਸੀ। ਉਹ ਉਗਾਹੀ ਕਰਨ ਲਈ ਬਾਜ਼ਾਰ ਗਏ। ਲੋਕਾਂ ਨੇ ਉਹਨਾਂ ਨੂੰ ਦੱਸਿਆ ਕਿ ਤੁਸੀਂ ਘਰ ਚਲੇ ਜਾਉ, ਇਥੇ ਲੁਟ ਮਾਰ ਹੋ ਜਾਣੀ ਹੈ। ਉਹ 10 ਵਜੇ ਦੇ ਕਰੀਬ ਘਰ ਆ ਗਏ। ਉਹਨਾਂ ਨੂੰ ਪਤਾ ਲਗਾ ਕਿ ਇੱਕ ਡੇਢ ਵਜੇ ਦੇ ਨਾਲ ਲੁਟੇਰੇ ਆ ਗਏ ਹਨ। ਲੁਟੇਰਿਆਂ ਨੇ ਇਹਨਾਂ ਦੇ ਭਰਾਵਾਂ ਦੀਆਂ ਤਿੰਨ ਦੁਕਾਨਾਂ ਲੁਟ ਲਈਆਂ। ਹੋਰ ਬਜ਼ਾਰਾਂ ਵਿਚ ਵੀ ਦੁਕਾਨਾਂ ਲੁਟੀਆਂ ਗਈਆਂ। ਹਜ਼ਾਰਾਂ ਲੋਕਾਂ ਦੀ ਭੀੜ ਇਹਨਾਂ ਦੀ ਦੁਕਾਨ ਲੁਟਣ ਵਾਸਤੇ ਵੀ ਆ ਗਈ। ਇਹ ਘਰ ਬੈਠੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਅਰਦਾਸਾਂ ਕਰ ਰਹੇ ਸਨ ਕਿ ਹੇ ਸੱਚੇ ਪਾਤਸ਼ਾਹ ਜੀ ਰਖਿਆ ਕਰੋ। ਔਖੇ ਵੇਲੇ ਤੁਸੀਂ ਹੀ ਬਹੁੜ ਸਕਦੇ ਹੋ। ਮੁਸੀਬਤ ਵੇਲੇ ਕੋਈ ਸਾਥੀ ਨਹੀਂ ਬਣਦਾ। ਜੇ ਦੁਕਾਨ ਲੁਟੀ ਗਈ ਤਾਂ ਮੈਂ ਬਰਬਾਦ ਹੋ ਜਾਵਾਂਗਾ। ਇਹ ਅਰਦਾਸਾਂ ਕਰਦੇ ਰਹੇ ਨਾਲੇ ਰੋਂਦੇ ਰਹੇ। ਉਹਨਾਂ ਦੀ ਪੁਕਾਰ ਸਮਰਥ ਸਤਿਗੁਰੂ ਅਨੰਤ ਸ਼ਕਤੀਆਂ ਦੇ ਮਾਲਕ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਮਨਜ਼ੂਰ ਹੋ ਗਈ। ਉਹਨਾਂ ਨੇ ਐਸੀ ਕਿਰਪਾ ਕੀਤੀ, ਲੁਟੇਰਿਆਂ ਨੇ ਦੁਕਾਨ ਦੇ ਜੰਦਰੇ ਤਾਂ ਤੋੜ ਲਏ ਪਰ ਉਹਨਾਂ ਕੋਲੋਂ ਸ਼ਟਰ ਉਤੇ ਨਾ ਹੋ ਸਕਿਆ। ਸ਼ਟਰ ਤਾਂ ਜਿਵੇਂ ਜ਼ਮੀਨ ਦੇ ਅੰਦਰ ਹੀ ਵੜ ਗਿਆ ਸੀ। ਜਦੋਂ ਭੀੜ ਬਣਦੀ ਹੈ ਤਾਂ ਪੁਰਾਣੇ ਸਾਥੀ ਵੀ ਦੁਸ਼ਮਣ ਬਣ ਜਾਂਦੇ ਹਨ। ਸਾਹਮਣੇ ਦੁਕਾਨ ਵਾਲੇ ਨੇ ਸ਼ਟਰ ਖੋਲ੍ਹਣ ਵਾਸਤੇ ਸੱਬਲ ਲਿਆ ਕੇ ਦੇ ਦਿੱਤਾ। ਪਰ ਸੱਬਲ ਨਾਲ ਵੀ ਸ਼ਟਰ ਨਾ ਖੁਲ੍ਹ ਸਕਿਆ। ਅੰਤ ਹਾਰ ਕੇ ਉਹ ਸਾਰੇ ਲੁਟੇਰੇ ਚਲੇ ਗਏ। ਉਸੇ ਦਿਨ ਉਹਨਾਂ ਦੇ ਘਰ ਨੂੰ ਲੁੱਟਣ ਵਾਸਤੇ ਵੀ ਲੁਟੇਰੇ ਪੁੱਜ ਗਏ। ਉਹਨਾਂ ਦੇ ਘਰ ਵਿਚ ਵੀ ਗਰਮ ਕਪੜੇ ਦਾ ਸਮਾਨ ਭਰਿਆ ਪਿਆ ਸੀ। ਘਰ ਦੇ ਅੱਗੇ ਚੈਨਲ ਗੇਟ ਲੱਗਾ ਹੋਇਆ ਸੀ। ਉਹਨੂੰ ਤੋੜਨ ਦੀ ਕੋਸ਼ਿਸ਼ ਕਰਦੇ ਰਹੇ ਪਰ ਤੋੜ ਨਾ ਸਕੇ। ਉਹਨਾਂ ਦੀ ਭਰਜਾਈ ਨੇ ਚੈਨਲ ਗੇਟ ਦਾ ਜੰਦਰਾ ਖੋਲ੍ਹ ਦਿਤਾ ਕਿ ਲਓ ਲੁਟ ਲਉ। ਉਹਨਾਂ ਨੂੰ ਅੰਦਰ ਪਿਆ ਸਮਾਨ ਹੀ ਨਾ ਦਿਸਿਆ। ਉਹ ਕਹਿਣ ਲੱਗੇ ਕਿ ਮਾਲ ਤਾਂ ਤੁਸਾਂ ਸਾਰਾ ਕਢ ਲਿਆ ਹੈ ਹੁਣ ਕਹਿੰਦੇ ਹੋ ਲੁਟ ਲਉ। ਇਸ ਤਰ੍ਹਾਂ ਘਰ ਵਿਚ ਪਿਆ ਦੁਕਾਨ ਦਾ ਲੱਖਾਂ ਦਾ ਸਮਾਨ ਵੀ ਬਚ ਗਿਆ। ਰਾਤ ੯ ਵਜੇ ਬਜ਼ਾਰ ਵਿਚ ਮਿਲਟਰੀ ਆ ਗਈ। ਮਿਲਟਰੀ ਨੂੰ ਵੇਖ ਕੇ ਸਾਰੇ ਲੁਟੇਰੇ ਭੱਜ ਗਏ। ਸਵੇਰੇ ਮਿਲਟਰੀ ਵਾਲੇ ਉਹਨਾਂ ਦੇ ਘਰ ਆ ਕੇ ਕਹਿਣ ਲੱਗੇ ਕਿ ਸਰਦਾਰ ਜੀ ਜਾ ਕੇ ਆਪਣੀ ਦੁਕਾਨ ਵੇਖੋ। ਦੁਕਾਨ ਤੇ ਪਹੰਚ ਕੇ ਉਹਨਾਂ ਨੇ ਇਕ ਮਿੰਟ ਵਿਚ ਸ਼ਟਰ ਖੋਲ੍ਹ ਦਿਤਾ। ਅਗਲੇ ਦਿਨ ਉਥੇ ਰਹਿਣ ਵਾਲੇ ਲੋਕਾਂ ਦਾ ਦੱਸਿਆ ਕਿ ਸਾਰੀ ਰਾਤ ਸਫੈਦ ਕਪੜਿਆਂ ਵਾਲੇ ਕੁਝ ਸਿਖ ਤੁਹਾਡੀ ਦੁਕਾਨ ਦੇ ਅਗੇ ਫਿਰ ਫਿਰ ਕੇ ਪਹਿਰਾ ਦੇ ਰਹੇ ਸਨ। ਧੰਨ ਹਨ ਗਰੀਬ ਨਿਵਾਜ ਸਿੱਖ ਦੀ ਪ੍ਰਤਿਪਾਲਨਾ ਕਰਨ ਵਾਲੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ। (ਇਹ ਘਟਨਾ ਤਾਂ ੧੯੮੪ ਸੰਨ ਦੀ ਹੈ, ਇਹਨਾਂ ਸੰਤਾਂ ਨੇ ਇਹ ਵਾਰਤਾ ਸੰਨ ੨੦੦੮ ਦੇ ਅਕਤੂਬਰ ਵਿਚ ਸੁਣਾਈ। ਏਨੇ ਸਾਲਾਂ ਬਾਅਦ ਵੀ ਇਹ ਵਾਰਤਾ ਸੁਣਾਉਂਦੇ ਵਕਤ ਸਤਿਗੁਰੂ ਜੀ ਦੇ ਪਿਆਰ ਵਿਚ ਵੈਰਾਗੀ ਹੋ ਗਏ।

ਧਾਰਿ ਕ੍ਰਿਪਾ ਪ੍ਰਭ ਹਾਥ ਦੇ ਰਾਖਿਆ—

ਸੰਤ ਗੁਰਬਖਸ਼ ਸਿੰਘ ਵਿਰਦੀ ਅਤੇ ਉਹਨਾਂ ਦੀ ਧਰਮ ਪਤਨੀ ਬੀਬੀ ਹਰਪਾਲ ਕੌਰ ਸੰਤ ਬ੍ਰਹਮਾ ਸਿੰਘ ਪਨੇਸਰ (ਰਿਟਾਇਰਡ ਚੀਫ ਇੰਸਪੈਕਟਰ

Namdhari Elibrary NamdhariElibrary@gmail.com

ਆਫ ਬੁਅਾਂਇਲਰਜ਼) ਦੇ ਵੱਡੇ ਧੀ ਜਵਾਈ ਹਨ। ਬੀਬੀ ਹਰਪਾਲ ਕੌਰ ਆਪਣੇ ਨਾਲ ਬੀਤੀ ਵਾਰਤਾ ਇਸ ਤਰ੍ਹਾਂ ਸੁਣਾਉਂਦੇ ਹਨ: ੨੧ ਨਵੰਬਰ ੨੦੦੧ ਦੀ ਗੱਲ ਹੈ ਕਿ ਉਹ ਆਪਣੇ ਪਤੀ ਸੰਤ ਗੁਰਬਖਸ਼ ਨਾਲ ਸਕੂਟਰ ਤੇ ਡਿਊਟੀ ਤੋਂ ਵਾਪਸ ਆ ਰਹੇ ਸਨ। ਇਕ ਸਾਈਕਲ ਵਾਲੇ ਦੀ ਗਲਤੀ ਨਾਲ ਐਕਸੀਡੈਂਟ ਹੋ ਗਿਆ। ਹਰਪਾਲ ਕੌਰ ਦੇ ਤਾਂ ਸਿਰ ਤੇ ਬਾਹਰਵਾਰ ਸੱਟ ਲੱਗ ਗਈ ਤੇ ਜਲਦੀ ਹੀ ਹੋਸ਼ ਆ ਗਿਆ। ਹਸਤਪਾਲ ਵਿਚ ਟਾਂਕੇ ਲਵਾਉਣ ਤੋਂ ਬਾਅਦ ਛੁਟੀ ਵੀ ਮਿਲ ਗਈ। ਪਰ ਗੁਰਬਖਸ਼ ਸਿੰਘ ਦੇ ਦਿਮਾਗ ਵਿਚ ਸੱਟ ਲੱਗ ਗਈ। ਉਹ ਡਿਗਦਿਆਂ ਹੀ ਬੇਹੋਸ਼ ਹੋ ਗਏ ਅਤੇ ੧੨ ਘੰਟੇ ਹੋਸ਼ ਨਾ ਆਈ। ਲੁਧਿਆਣੇ ਸੀ. ਐਮ. ਸੀ. ਹਸਪਤਾਲ ਵਿਚ ਆਈ. ਸੀ. ਯੂ. ਵਿਚ ਰਖਿਆ ਗਿਆ। ਡਾਕਟਰਾਂ ਨੇ ਦੱਸਿਆ ਕਿ ਮਰੀਜ਼ ਦੀ ਹਾਲਤ ਨਾਜ਼ੁਕ ਹੈ ਅਤੇ ੭੨ ਘੰਟੇ ਬਾਅਦ ਦੱਸਾਂਗੇ ਕਿ ਦਿਮਾਗ ਦੇ ਆਪ੍ਰੇਸ਼ਨ ਦੀ ਲੋੜ ਹੈ ਕਿ ਨਹੀਂ।

ਫੈਸਲਾ ਇਹ ਹੋਇਆ ਕਿ ਇਸ ਔਖੇ ਵੇਲੇ ਦੁਖ ਹਰਤਾ ਇਹ ਬਿਧ ਕੋ ਸੁਆਮੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਅਰਜ਼ ਕੀਤੀ ਜਾਵੇ। ਗੁਰਬਖਸ਼ ਸਿੰਘ ਦੇ ਸਾਂਢੂ ਸੰਤ ਨਿਰਮਲ ਸਿੰਘ ਭੱਟੀ ਨੇ ਲੁਧਿਆਣੇ ਦੇ ਸੂਬਾ ਹਰਭਜਨ ਸਿੰਘ ਰਾਹੀਂ ਅਰਜ਼ ਕਰਵਾਈ। ਸ੍ਰੀ ਭੈਣੀ ਸਾਹਿਬ ਤੋਂ ਸੰਤ ਜਗਤਾਰ ਸਿੰਘ ਨੇ ਦੱਸਿਆ ਕਿ ਹੁਣ ਸੱਚੇ ਪਾਤਸ਼ਾਹ ਜੀ ਬਿਰਾਜ ਗਏ ਹਨ। ਸਵੇਰੇ ਆਸਾ ਦੀ ਵਾਰ ਵਿਚ ਅਰਜ਼ ਕਰਾਂਗੇ। ਉਹਨਾਂ ਨੇ ਕਿਹਾ ਕਿ ਅਰਦਾਸ ਅਸੀਂ ਹੁਣੇ ਕਰ ਦਿੰਦੇ ਹਾਂ। ਕਿਉਂਕਿ ਜ਼ਾਹਰਾ ਵੀ ਸੱਚੇ ਪਾਤਸ਼ਾਹ ਜੀ ਨੇ ਸੁਣਨੀ ਹੈ ਅਤੇ ਗੁਪਤ ਵੀ ਉਹਨਾਂ ਨੇ ਹੀ ਸੁਣਨੀ ਹੈ। ਸਵੇਰੇ ਆਸਾ ਦੀ ਵਾਰ ਵਿਚ ਅਰਜ਼ ਕੀਤੀ ਗਈ। ਸੱਚੇ ਪਾਤਸ਼ਾਹ ਜੀ ਨੇ ਪੰਜ ਦਿਨ ਭਜਨ ਤੇ ਭਗਉਤੀਆਂ ਦੀਆਂ ਮਾਲਾ ਦਾ ਹੁਕਮ ਲਾਇਆ। ਜੋ ਉਹਨਾਂ ਦੇ ਬੱਚਿਆਂ ਨੇ ਹੁਕਮ ਮੰਨ ਕੇ ਕੀਤੀਆਂ। ਜਿਉਂ ਹੀ ਅਰਜ਼ ਹੋਈ ਉਸੇ ਵੇਲੇ ਸੰਤਾਂ ਨੇ ਪਹਿਲਾ ਪੈਰ ਹਿਲਾਇਆ, ਫਿਰ ਗੋਡਾ ਹਿਲਾਇਆ ਤੇ ਫਿਰ ਹੌਲੀ ਹੌਲੀ ਪੂਰੀ ਹੋਸ਼ ਆ ਗਈ।

ਉਥੇ ਪਹੁੰਚ ਕੇ ਅਜੇ ਉਹ ਗੇਟ ਤੋਂ ਬਾਹਰ ਹੀ ਖੜ੍ਹੋਤੇ ਸਨ ਕਿ ਅੰਤਰਜਾਮੀ ਸਤਿਗੁਰੂ ਜੀ ਨੇ ਆਪੇ ਹੀ ਗੇਟ ਖੋਲ੍ਹ ਕੇ ਦਰਸ਼ਨ ਦਿੱਤੇ। ਉਸ ਵੇਲੇ ਉਹਨਾਂ ਦੇ ਚਰਨਾਂ ਵਿਚ ਬੂਟ ਪਾਏ ਹੋਏ ਸਨ ਅਤੇ ਪੇੜਿਆਂ ਵਾਲਾ ਕੌਲ ਨੰਗਾ ਕਰਕੇ ਦੋਹਾਂ ਹੱਥਾਂ ਵਿਚ ਫੜਕੇ ਅੱਗੇ ਕੀਤਾ। ਸਤਿਗੁਰੂ ਜੀ ਨੇ ਬਚਨ ਕੀਤਾ ਕਿ ਕੋਠੀ ਲੈ ਜਾ। ਬੀਬੀ ਜੀ ਦਾ ਮਨ ਬੜਾ ਦੁਖੀ ਹੋਇਆ ਕਿ ਮੈਂ ਕਿਉਂ ਆਈ। ਪਰ ਉਸ ਚੋਜੀ ਨੇ ਉਹਨਾਂ ਨੂੰ ਵਾਪਿਸ ਬੁਲਾ ਕੇ ਉਹਨਾਂ ਦੇ ਕੌਲ ਵਿਚੋਂ ਲੈ ਕੇ ਪੇੜਾ ਛਕ ਲਿਆ।

ਸ਼ਾਮ ਨੂੰ ਸੰਤ ਨਿਰਮਲ ਸਿੰਘ ਦਾ ਪਰਵਾਰ ਅਤੇ ਸੰਤ ਗੁਰਬਖਸ਼ ਸਿੰਘ ਦੀਆਂ ਦੋਵੇਂ ਬੇਟੀਆਂ ਅਤੇ ਬੇਟਾ ਸ੍ਰੀ ਸਤਿਗੁਰੂ ਜੀ ਦਾ ਧੰਨਵਾਦ ਕਰਨ ਲਈ ਸ੍ਰੀ ਭੈਣੀ ਸਾਹਿਬ ਗਏ। ਸੱਚੇ ਪਾਤਸ਼ਾਹ ਜੀ ਨੇ ਉਸ ਦਿਨ ਵੀਰਵਾਰ ਨੂੰ ਮੌਨ ਵਰਤ ਹੋਣ ਕਰਕੇ ਆਪਣੇ ਕਰ ਕੰਵਲਾਂ ਦੇ ਇਸ਼ਾਰੇ ਨਾਲ ਬਖਸ਼ਸ਼ਾਂ ਦਾ ਮੀਂਹ ਵਰ੍ਹਾ ਦਿਤਾ। ਇਸੇ ਅਪਾਰ ਬਖਸ਼ਿਸ਼ ਸਦਕਾ ਅਗਲੇ ਦਿਨ ਡਾਕਟਰਾਂ ਨੇ ਛੁਟੀ ਦੇ ਦਿੱਤੀ। ਇਕ ਡਾਕਟਰ ਨੇ ਕਿਹਾ ਸਮਝ ਨਹੀਂ ਆਉਂਦੀ ਏਨੀ ਛੇਤੀਂ ਠੀਕ ਕਿਸ ਤਰ੍ਹਾਂ ਹੋ ਗਏ ਹਨ। ਜਦੋਂ ਉਸਨੂੰ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਅਰਜ਼ ਕਰਨ ਅਤੇ ਉਹਨਾਂ ਦੀ ਬਖਸ਼ਿਸ਼ ਬਾਰੇ ਦਸਿਆ ਤਾਂ ਉਹਨੇ ਕਿਹਾ ਕਿ ਮੈਂ ਮੰਨਦਾ ਹਾਂ ਸਾਡੀ ਸਾਇੰਸ ਤੋਂ ਉਤੇ ਵੀ ਕੋਈ ਸਾਇੰਸ ਹੈ।

ਇਸ ਤਰ੍ਹਾਂ ਸ੍ਰੀ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ 72 ਘੰਟਿਆਂ ਤੋਂ ਪਹਿਲਾਂ ਹੀ ਆਈ. ਸੀ. ਯੂ. ਵਿਚੋਂ ਕੱਢਕੇ ਘਰ ਲੈ ਆਂਦਾ। ਜਿਸ ਜਿਸ ਨੇ ਇਹ ਅਲੌਕਿਕ ਕਥਨ ਸੁਣਿਆ ਪ੍ਰਭਾਵਿਤ ਹੋਏ ਬਿਨਾਂ ਨਾ ਰਹਿ ਸਕਿਆ। ਵਾਧੇ ਦੀ ਗੱਲ ਇਹ ਹੈ ਕਿ ਜਦੋਂ ਸੰਤ ਜੀ ਠੀਕ ਹੋ ਕੇ ਆਪ ਸੱਚੇ ਪਾਤਸ਼ਾਹ ਜੀ ਦਾ ਧੰਨਵਾਦ ਕਰਨ ਲਈ ਚਰਨਾਂ ਵਿਚ ਹਾਜ਼ਰ ਹੋਏ ਤਾਂ ਸਰਬ ਕਲਾ ਸਮਰਥ ਨੇ ਇਸ ਤਰ੍ਹਾਂ ਦਾ ਪ੍ਰਗਟਾਵਾ ਕੀਤਾ ਜਿਵੇਂ ਆਪ ਕੁਝ ਕੀਤਾ ਹੀ ਨਾ ਹੋਵੇ। ਫਿਰ ਕਿਵੇਂ ਨਾ ਕਹੀਏ ਧੰਨ! ਧੰਨ!! ਧੰਨ!!! ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ!

ਅੰਤਰਜਾਮੀ ਸਤਿਗੁਰੂ—

ਸੰਤ ਨਗਰ ਰਹਿਣ ਵਾਲੇ ਇਕ ਅਤਿ ਸ਼ਰਧਾਲੂ ਬੀਬੀ ਹਰਬੰਸ ਕੌਰ ਆਪਣੇ ਨਾਲ ਹੋਈ ਇਕ ਵਾਰਤਾ ਇਸ ਤਰ੍ਹਾਂ ਸੁਣਾਉਂਦੇ ਹਨ। ਇਕ ਵਾਰੀ ਉਹਨਾਂ ਅਮਰਾਸਰ ਦੇ ਖੂਹ ਤੇ ਰਹਿਣ ਵਾਲੀ

Namdhari Elibrary NamdhariElibrary@gmail.com

ਆਪਣੀ ਇਕ ਸਹੇਲੀ ਇੰਦਰ ਕੌਰ ਦੇ ਘਰ ਜਾ ਕੇ ਦੁੱਧ ਦਾ ਖੋਇਆ ਬਣਾਇਆ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਲਈ ਪੇੜੇ ਬਣਾਉਣ ਲਈ ਆਪਣੇ ਘਰ ਸੰਤ ਨਗਰ ਆ ਕੇ ਚੱਕੀ ਵਿੱਚ ਖੰਡ ਪੀਸ ਖੋਏ ਵਿਚ ਮਿਲਾਕੇ ਉਹਦੇ ਪੇੜੇ ਬਣਾ ਲਏ। ਉਹਨਾਂ ਉਤੇ ਸੌਂਫ ਅਤੇ ਛੋਟੀ ਇਲਾਇਚੀ ਲਗਾ ਲਈ। ਮਨ ਵਿਚ ਸ਼ਰਧਾ ਕਰਕੇ ਸੱਚੇ ਪਾਤਸ਼ਾਹ ਜੀ ਲਈ ਲੈਕੇ ਮਸਤਾਨਗੜ੍ਹ ਲਈ ਚੱਲ ਪਏ। ਉਸ ਟਾਈਮ ਸੱਚੇ ਪਾਤਸ਼ਾਹ ਜੀ ਮਸਤਾਨਗੜ੍ਹ ਨੂੰ ਭਾਗ ਲਾ ਰਹੇ ਸਨ। ਮਨ ਬੜਾ ਚੰਚਲ ਹੁੰਦਾ ਹੈ। ਅਕਾਲ ਪੁਰਖ ਦੀ ਪ੍ਰੀਖਿਆ ਵੀ ਲੈਣ ਤੋਂ ਸੰਕੋਚ ਨਹੀਂ ਕਰਦਾ। ਉਹਨਾਂ ਨੇ ਵੀ ਮਨ ਵਿਚ ਧਾਰੀ ਕਿ ਜੇ ਸਤਿਗੁਰੂ ਜੀ ਅੰਤਰਜਾਮੀ ਹਨ ਤਾਂ ਮੇਰੇ ਵੇਖਦਿਆਂ ਹੀ ਛਕਣ।

ਬੀਬੀ ਜੀ ਜਦੋਂ ਚੱਲੇ ਤਾਂ ਬੜੀ ਜ਼ਬਰਦਸਤ ਹਨੇਰੀ ਆ ਗਈ। ਪਰ ਉਹਨਾਂ ਦੇ ਪਿਆਰ ਅੱਗੇ ਹਨੇਰੀ ਵੀ ਹਾਰ ਗਈ। ਉਹ ਹਨੇਰੀ ਦੇ ਨਾਲ ਹੀ ਜਿਸ ਤਰ੍ਹਾਂ ਉਡਦੇ ਹੋਏ ਮਸਤਾਨਗੜ੍ਹ ਪਹੁੰਚ ਗਏ। ਉਧਰ ਅੰਤਰਜਾਮੀ ਸਤਿਗੁਰੂ ਜੀ ਆਪਣੇ ਪਿਆਰੇ ਨੂੰ ਉਡੀਕਦੇ ਕਾਰ ਤੇ ਚੜ੍ਹਨ ਤੋਂ ਦੇਰ ਕਰਦੇ ਰਹੇ। ਐਨੇ ਨੂੰ ਬੀਬੀ ਜੀ ਮਸਤਾਨਗੜ੍ਹ ਪਹੁੰਚ ਗਏ। ਉਥੇ ਪਹੁੰਚ ਕੇ ਅਜੇ ਉਹ ਗੇਟ ਤੋਂ ਬਾਹਰ ਹੀ ਖੜ੍ਹੋਤੇ ਸਨ ਕਿ ਅੰਤਰਜਾਮੀ ਸਤਿਗੁਰੂ ਜੀ ਨੇ ਆਪੇ ਹੀ ਗੇਟ ਖੋਲ੍ਹ ਕੇ ਦਰਸ਼ਨ ਦਿੱਤੇ। ਉਸ ਵੇਲੇ ਉਹਨਾਂ ਦੇ ਚਰਨਾਂ ਵਿਚ ਬੂਟ ਪਾਏ ਹੋਏ ਸਨ ਅਤੇ ਪੇੜਿਆਂ ਵਾਲਾ ਕੌਲ ਨੰਗਾ ਕਰਕੇ ਦੋਹਾਂ ਹੱਥਾਂ ਵਿਚ ਫੜਕੇ ਅੱਗੇ ਕੀਤਾ। ਸਤਿਗੁਰੂ ਜੀ ਨੇ ਬਚਨ ਕੀਤਾ ਕਿ ਕੋਠੀ ਲੈ ਜਾ। ਬੀਬੀ ਜੀ ਦਾ ਮਨ ਬੜਾ ਦੁਖੀ ਹੋਇਆ ਕਿ ਮੈਂ ਕਿਉਂ ਆਈ। ਪਰ ਉਸ ਚੋਜੀ ਨੇ ਉਹਨਾਂ ਨੂੰ ਵਾਪਿਸ ਬੁਲਾ ਕੇ ਉਹਨਾਂ ਦੇ ਕੌਲ ਵਿਚੋਂ ਲੈ ਕੇ ਪੇੜਾ ਛਕ ਲਿਆ। ਬੀਬੀ ਜੀ ਦੀ ਖੁਸ਼ੀ ਦਾ ਠਿਕਾਣਾ ਨਹੀਂ ਸੀ। ਉਹਨਾਂ ਦੀ ਮਨ ਦੀ ਮੁਰਾਦ ਪੂਰੀ ਹੋ ਗਈ ਸੀ। ਉਸ ਤੋਂ ਬਾਅਦ ਦੋ ਸਿਖ ਉਥੇ ਹੋਰ ਆ ਗਏ। ਸੱਚੇ ਪਾਤਸ਼ਾਹ ਜੀ ਨੇ ਉਹਨਾਂ ਨੂੰ ਵੀ ਇਕ ਇਕ ਪੇੜਾ ਦਿਤਾ। ਪੇੜਾ ਛਕਣ ਤੋਂ ਬਾਅਦ ਕਾਰ ਵਿਚ ਬੈਠ ਕੇ ਚਲੇ ਗਏ। ਬੀਬੀ ਜੀ ਵੀ ਧੰਨ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਦਾ ਪਿਆਰ ਮਨ ਵਿਚ ਵਸਾ ਕੇ ਆਪਣੇ ਪਿੰਡ ਆ ਗਏ। ■

ਅਪੁਨੇ ਸੇਵਕ ਕੀ ਆਪੇ ਰਾਖ... (ਬਾਕੀ ਸਫਾ ੯੮ ਦੀ)

ਚੁੱਕੀਆਂ ਹਨ। ਤੂੰ ਤਾਂ ਬਚ ਸਕਦੀ ਹੈਂ ਜੇ ਦਵਾਈ ਦੇ ਨਾਲ ਮੀਟ ਖਾਏਂਗੀ। ਉਸਨੇ ਅਗੋਂ ਕਿਹਾ ਕਿ ਅਸੀਂ ਵੈਜੀਟੇਰੀਅਨ ਹਾਂ ਤੇ ਮੀਟ ਨਹੀਂ ਖਾ ਸਕਦੇ। ਡਾਕਟਰਾਂ ਨੇ ਕਿਹਾ ਕਿ ਤੇਰਾ ਬਚਣਾ ਮੁਸ਼ਕਲ ਹੈ, ਮੀਟ ਜ਼ਰੂਰੀ ਹੈ ਤੇਰੇ ਬਚਣ ਲਈ। ਮੇਰੀ ਪਤਨੀ ਨੇ ਮੈਨੂੰ ਫੋਨ ਤੇ ਇਹ ਸਾਰਾ ਕੁਝ ਦੱਸ ਦਿੱਤਾ। ਮੈਂ ਕਨੇਡਾ ਤੋਂ ਹੀ ਸ੍ਰੀ ਭੈਣੀ ਸਾਹਿਬ ਸੱਚੇ ਪਾਤਸ਼ਾਹ ਜੀ ਨੂੰ ਫੋਨ ਰਾਹੀਂ ਅਰਜ਼ ਕੀਤੀ। ਸੱਚੇ ਪਾਤਸ਼ਾਹ ਜੀ ਅਰਜ਼ ਸੁਣ ਹੁਕਮ ਕੀਤਾ, "ਡਾਕਟਰ ਨੂੰ ਕਹੋ ਜਾ ਕੇ, ਅਸੀਂ ਮੀਟ ਨਹੀਂ ਖਾਂਦੇ।"

ਮੈਂ ਸ੍ਰੀ ਸਤਿਗੁਰੂ ਜੀ ਦਾ ਇਹ ਹੁਕਮ ਆਪਣੀ ਪਤਨੀ ਕਸ਼ਮੀਰ ਕੌਰ ਨੂੰ ਫੋਨ ਰਾਹੀਂ ਸੁਣਾ ਦਿੱਤਾ। ਉਸਨੇ ਡਾਕਟਰ ਨੂੰ ਜਾਕੇ ਸੱਚੇ ਪਾਤਸ਼ਾਹ ਜੀ ਦਾ ਹੁਕਮ ਸੁਣਾ ਦਿੱਤਾ। ਡਾਕਟਰ ਦੇ ਅੰਦਰ ਵੀ ਸਤਿਗੁਰੂ ਜੀ ਵੱਸ ਚੁੱਕੇ ਸਨ। ਜਿਹੜਾ ਪਹਿਲਾਂ ਕਹਿੰਦੇ ਸਨ ਕਿ ਮੀਟ ਬਿਨਾਂ ਤੂੰ ਬਚ ਨਹੀਂ ਸਕਦੀ ਉਹ ਡਾਕਟਰ ਕਹਿਣ ਲੱਗਾ ਠੀਕ ਹੈ ਤੇਰੀ ਦਵਾਈ ਬਦਲ ਦਿੰਦੇ ਹਾਂ ਤੂੰ ਨਾਨ-ਵੈਜ ਨਾ ਖਾਈਂ। ਏਸੇ ਤਰ੍ਹਾਂ ਹੀ ਹੋਇਆ। ਡਾਕਟਰ ਨੇ ਦਵਾਈ ਬਦਲ ਕੇ ਲਿਖ ਦਿੱਤੀ ਤੇ ਦਿਨ-ਬਦਿਨ ਮੇਰੀ ਪਤਨੀ ਠੀਕ ਹੋਣਾ ਸ਼ੁਰੂ ਹੋ ਗਈ।

ਠੀਕ ਹੋਣ ਉਪਰੰਤ ਉਹ ਬੱਚਿਆਂ ਸਮੇਤ ੨੦੦੪ ਵਿਚ ਕਨੇਡਾ ਆਈ ਤੇ ਏਥੇ ਆਕੇ ਘਰ ਦੇ ਕੰਮ ਦੇ ਨਾਲ ਫੈਕਟਰੀ ਵਿਚ ਵੀ ੪ ਘੰਟੇ ਰੋਜ਼ ਕੰਮ ਕਰਕੇ ਆਉਂਦੀ ਹੈ। ਉਹ ਕਹਿੰਦੀ ਹੈ ਕਿ ਇਹ ਸਾਰੀ ਕਿਰਪਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹੈ। ਉਹਨਾਂ ਦਾ ਕੋਟਾਨ ਕੋਟ ਧੰਨਵਾਦ ਕਰਦੀ ਹੈ ਤੇ ਅਰਦਾਸ ਕਰਦੀ ਹੈ ਕਿ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਤੇ ਸਿਦਕ ਭਰੋਸਾ ਬਣਿਆ ਰਹੇ ਅਤੇ ਗੁਰਸਿਖੀ ਤੋਂ ਪਾਸੇ ਨਾ ਜਾਈਏ।

ਸ੍ਰੀ ਸਤਿਗੁਰੂ ਜੀ ਦਾ ਜਸ ਤਾਂ ਸਮੁੰਦਰ ਦੀ ਤਰਾਂ ਅਥਾਹ ਅਤੇ ਪਹਾੜ ਦੀ ਤਰ੍ਹਾਂ ਹੈ। ਮੈਂ ਤਾਂ ਕੁਝ ਵੀ ਨਹੀਂ ਲਿਖ ਸਕਦਾ। ਇਹ ਲਿਖਿਆ ਨਾ ਬਰਾਬਰ ਹੀ ਹੈ। ਸੰਤ ਧਿਆਨ ਸਿੰਘ ਕਾਦਰਾਬਾਦੀ ਵਾਲੇ ਲਿਖਦੇ ਹਨ-

ਗੁਰ ਕੋ ਜਸ ਹੈ ਸੈਲ ਨਥਾਤੇ
ਮੈ ਚੀਟੀ ਕਿਆ ਚੁਕਹੋ ਤਾਤੇ। ■

Namdhari Elibrary NamdhariElibrary@gmail.com

ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ

✍ ਇੰਜੀਨੀਅਰ ਬਲਵੰਤ ਸਿੰਘ ਨਾਮਧਾਰੀ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਉਸ ਸਮੇਂ ਤਕਰਬੀਨ ਰੋਜ਼ਾਨਾ ਹੀ ਬਿਰਧਸ਼ਾਲਾ ਦਰਸ਼ਨ ਦੇਣ ਉਪਰੰਤ ਤਬੇਲੇ ਵਿਚ ਦਰਸ਼ਨ ਦਿੰਦੇ ਸਨ ਅਤੇ ਗਊਆਂ ਦਾ ਹਾਲ ਚਾਲ ਪੁਛਦੇ। ਆਪਣੇ ਇਨ੍ਹਾਂ ਪਿਆਰੇ ਗਊ ਸੇਵਕਾਂ ਨਾਲ ਬਚਨ ਬਿਲਾਸ ਕਰਦੇ ਸਨ। ਜਿਸ ਦਿਨ ਅਸੀਂ ਗਊਆਂ ਲੈਣ ਲਈ ਗਏ ਉਸ ਦਿਨ ਵੀ ਸ੍ਰੀ ਸਤਿਗੁਰੂ ਜੀ ਦਾ ਆਪਣੇ ਸੇਵਕਾਂ ਨਾਲ ਪਿਆਰ ਭਰੇ ਬਚਨ ਕਰਦਿਆਂ ਦਾ ਦ੍ਰਿਸ਼! ਵੇਖਿਆ ਤਾਂ ਮਨ ਵਿਚ ਵਿਚਾਰ ਆਈ ਕਿ ਕਾਸ਼ ਮੈਂ ਵੀ ਸੇਵਾ ਕਰਦਾ ਹੁੰਦਾ ਤਾਂ ਅੱਜ ਸਤਿਗੁਰਾਂ ਦੇ ਨਾਲ ਬਚਨ ਕਰਕੇ ਉਹਨਾਂ ਦੀ ਨੇੜਤਾ ਮਾਣਦਾ।

ਅੰਤਰਜਾਮੀ ਸਤਿਗੁਰੂ–ਸੰਨ ੧੯੮੪ ਈ. ਦੇ ਗਰਮੀਆਂ ਦੇ ਦਿਨਾਂ ਦੀ ਗੱਲ ਹੈ। ਸਾਡੇ ਪਰਵਾਰ ਨੇ ਮਾਤਾ ਜੀ ਕੋਲ ਅਰਜ਼ ਕਰਕੇ ਸ੍ਰੀ ਭੈਣੀ ਸਾਹਿਬ ਤੋਂ ਸਾਹੀਵਾਲ ਨਸਲ ਦੀਆਂ ਦੋ ਗਊਆਂ ਮੁੱਲ ਲਿਆਂਦੀਆਂ। ਗਊਆਂ ਲਿਆਣ ਲਈ ਆਪਣੇ ਪਿਤਾ ਜੀ ਤੇ ਦਾਦਾ ਜੀ ਨਾਲ ਮੈਂ ਵੀ ਸ੍ਰੀ ਭੈਣੀ ਸਾਹਿਬ ਗਿਆ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਕੀਤੇ। ਸ੍ਰੀ ਭੈਣੀ ਸਾਹਿਬ ਦੀਆਂ ਇਤਿਹਾਸਕ ਥਾਵਾਂ ਦੇ ਦਰਸ਼ਨ ਕਰਨ ਉਪਰੰਤ ਤਬੇਲੇ ਵਿਚੋਂ ਗਊਆਂ ਲੈਣ ਗਏ ਤਾਂ ਪ੍ਰਬੰਧਕਾਂ ਨੂੰ ਮਿਲੇ। ਉਥੇ ਗਊਆਂ ਦੀ ਸੇਵਾ ਕਰਨ ਵਾਲੇ ਸੇਵਾਦਾਰਾਂ ਨੂੰ ਮਿਲੇ ਜੋ ਕਿ ਵੱਖੋ ਵਖਰੇ ਇਲਾਕਿਆਂ ਤੋਂ ਆਕੇ ਸ੍ਰੀ ਭੈਣੀ ਸਾਹਿਬ ਸੇਵਾ ਕਰਦੇ ਸਨ। ਸੂਬਾ ਵਰਿਆਮ ਸਿੰਘ ਸ੍ਰੀ ਜੀਵਨ ਨਗਰ ਦੇ ਪ੍ਰਬੰਧ ਹੇਠਾਂ ਬਾਬਾ ਧਮੋਟ, ਗੁਰਤੇਜ ਸਿੰਘ ਭੇਜਾ, ਹਰਦਿਆਲ ਸਿੰਘ, ਗੁਰਮੀਤ ਸਿੰਘ ਬੀੜ ਗੁਰੂ ਕਾ, ਸੁੱਖਾ ਸਿੰਘ, ਬਾਬਾ ਬਲਵੰਤ ਸਿੰਘ ਕੰਗਾਂ ਤੋਂ ਆਦਿ ਉਹ ਨਾਮ ਹਨ ਜੋ ਮੇਰੇ ਚੇਤੇ ਵਿਚ ਉਭਰੇ ਹਨ। ਜੋ ਉਸ ਸਮੇਂ ਸੇਵਾ ਕਰਦੇ ਸਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਉਸ ਸਮੇਂ ਤਕਰਬੀਨ ਰੋਜ਼ਾਨਾ ਹੀ ਬਿਰਧਸ਼ਾਲਾ ਦਰਸ਼ਨ ਦੇਣ ਉਪਰੰਤ ਤਬੇਲੇ ਵਿਚ ਦਰਸ਼ਨ ਦਿੰਦੇ ਸਨ ਅਤੇ ਗਊਆਂ ਦਾ ਹਾਲ ਚਾਲ ਪੁਛਦੇ। ਆਪਣੇ ਇਨ੍ਹਾਂ ਪਿਆਰੇ ਗਊ ਸੇਵਕਾਂ ਨਾਲ ਬਚਨ ਬਿਲਾਸ ਕਰਦੇ ਸਨ। ਜਿਸ ਦਿਨ ਅਸੀਂ ਗਊਆਂ ਲੈਣ ਲਈ ਗਏ ਉਸ ਦਿਨ ਵੀ ਸ੍ਰੀ ਸਤਿਗੁਰੂ ਜੀ ਦਾ ਆਪਣੇ ਸੇਵਕਾਂ ਨਾਲ ਪਿਆਰ ਭਰੇ ਬਚਨ ਕਰਦਿਆਂ ਦਾ ਦ੍ਰਿਸ਼ ਵੇਖਿਆ ਤਾਂ ਮਨ ਵਿਚ ਵਿਚਾਰ ਆਈ ਕਿ ਕਾਸ਼! ਮੈਂ ਵੀ ਸੇਵਾ ਕਰਦਾ ਹੁੰਦਾ ਤਾਂ ਅੱਜ ਸਤਿਗੁਰਾਂ ਦੇ ਨਾਲ ਬਚਨ ਕਰਕੇ ਉਹਨਾਂ ਦੀ ਨੇੜਤਾ ਮਾਣਦਾ। ਮਨ ਹੀ ਮਨ ਅਰਦਾਸ ਕੀਤੀ ਕਿ ਸੱਚੇ ਪਾਤਸ਼ਾਹ ਆਪ ਕਿਰਪਾ ਕਰੋ ਤੇ ਮੈਨੂੰ ਸੇਵਾ ਤੇ ਉਹ ਵੀ ਗਊਆਂ ਦੀ ਹੀ ਸੇਵਾ ਕਰਨ ਦਾ ਸਮਾਂ ਬਖਸ਼ੋ, ਤਾਂ ਜੋ ਮੈਂ ਵੀ ਆਪ ਜੀ ਦੇ ਪਿਆਰ ਦਾ ਨਿੱਘ ਮਾਣ ਸਕਾਂ। ਮੈਂ ਆਪਣੇ ਦਿਲ ਦੀ ਗੱਲ ਕਿਸੇ ਨਾਲ ਸਾਂਝੀ ਨਾ ਕੀਤੀ।

ਇਸ ਤੋਂ ਉਪਰੰਤ ਸਮਾਂ ਬੀਤਦਾ ਗਿਆ। ਦਿੱਲੀ ਦੰਗਿਆਂ ਤੋਂ ਬਾਅਦ ਜਦੋਂ ਸਿੱਖਾਂ ਦਾ ਦਿੱਲੀ ਵਿਚ ਰਹਿਣਾ ਔਖਾ ਹੋ ਗਿਆ ਸੀ, ਸਤਿਗੁਰਾਂ ਨੇ ਕਿਰਪਾ ਕੀਤੀ ਤੇ ਸੰਨ ੧੯੮੫ ਈ. ਦਾ ਹੋਲਾ ਮਹੱਲਾ ਦਿੱਲੀ ਵਿਖੇ ਮਨਾਉਣ ਦਾ ਪ੍ਰੋਗਰਾਮ ਉਲੀਕਿਆ। ਪ੍ਰਬੰਧਕਾਂ ਨੇ ਸਤਿਗੁਰਾਂ ਦਾ ਹੁਕਮ ਸੁਣਾਇਆ ਕਿ ਵੱਧ ਤੋਂ ਵੱਧ ਗਿਣਤੀ ਵਿਚ ਨਾਮਧਾਰੀ ਨੌਜਵਾਨ ਲੜਕੇ

Namdhari Elibrary NamdhariElibrary@gmail.com

ਲੜਕੀਆਂ ਇਸ ਹੋਲੇ ਵਿਚ ਸ਼ਾਮਲ ਹੋਣ। ਆਪਣੇ ਘਰਦਿਆਂ ਤੋਂ ਇਜ਼ਾਜ਼ਤ ਲੈ ਕੇ ਮੈਂ ਤੇ ਮੇਰੀ ਭੈਣ ਮਹਿੰਦਰ ਕੌਰ ਇਲਾਕੇ ਦੀਆਂ ਸੰਗਤਾਂ ਨਾਲ ਇਸ ਹੋਲੇ ਤੇ ਦਰਸ਼ਨ ਕਰਨ ਲਈ ਸੰਤ ਲਛਮਣ ਸਿੰਘ ਫਗਵਾੜਾ ਵਾਲਿਆਂ ਦੀ ਅਗਵਾਈ ਹੇਠ ਦਿੱਲੀ ਪਹੁੰਚੇ। ਦਿੱਲੀ ਦੇ ਸਿੱਖਾਂ ਦੀ ਅਗਵਾਈ ਹੇਠ ਇਹ ਇੱਕ ਵਧੀਆ ਪ੍ਰਬੰਧ ਵਾਲਾ ਹੋਲੇ ਦਾ ਮੇਲਾ ਹੋਇਆ। ਅਸੀਂ ਸਤਿਗੁਰਾਂ ਦੇ ਦਰਸ਼ਨਾਂ ਦੇ ਨਾਲ ਨਾਲ ਦਿਵਾਨਾਂ ਦਾ ਆਨੰਦ ਮਾਣਿਆ। ਥੋੜ੍ਹੀ ਬਹੁਤ ਦਿੱਲੀ ਵੀ ਵੇਖੀ। ਪੰਡਤ ਕੇਦਾਰਨਾਥ ਬਾਗੀ ਦੀ ਇੱਕ ਕਵਿਤਾਵਾਂ ਦੀ ਕਿਤਾਬ ਜੋ ਕਿ ਮੇਰੇ ਲਈ ਬਹੁਮੁੱਲੀ ਸ਼ੈਅ ਹੈ 'ਲਹੂ ਭਰੇ ਦਰਿਆ' ਉਹ ਵੀ ਮੈਂ ਇਸੇ ਮੇਲੇ ਤੋਂ ਖਰੀਦੀ। ਸ੍ਰੀ ਭੈਣੀ ਸਾਹਿਬ ਵਿਖੇ ਸੇਵਾ ਕਰਨ ਦੀ ਆਪਣੀ ਭਾਵਨਾ ਦਾ ਮੈਂ ਜ਼ਿਕਰ ਕੀਤਾ ਹੈ, ਉਸਦੇ ਨਾਲ ਮੇਰੇ ਦਿਲ ਵਿਚ ਇਹ ਵੀ ਵਿਚਾਰ ਆਈ ਕਿ ਸੱਚੇ ਪਾਤਸ਼ਾਹ ਜੀ ਮੈਨੂੰ ਆਪ ਸੇਵਾ ਕਰਨ ਲਈ ਕਹਿਣ ਤਾਂ ਸੁਆਦ ਹੈ। ਇਥੇ ਦਿੱਲੀ ਹੋਲੇ ਤੇ ਵੀ ਮੇਰੇ ਮਨ ਵਿਚ ਇਹ ਹੀ ਵਿਚਾਰ ਆਉਂਦਾ ਰਿਹਾ। ਪਰ ਜਦੋਂ ਸਤਿਗੁਰਾਂ ਨੇ ਕਿਰਪਾ ਕਰਨੀ ਹੁੰਦੀ ਹੈ ਉਦੋਂ ਹੀ ਇਸ ਜੀਵ ਦੇ ਮਨ ਦੀ ਮੁਰਾਦ ਪੂਰੀ ਹੁੰਦੀ ਹੈ। ਨਾ ਤਾਂ ਸ੍ਰੀ ਭੈਣੀ ਸਾਹਿਬ ਅਤੇ ਨਾ ਹੀ ਦਿੱਲੀ ਵਿਖੇ ਇਹ ਅਵਸਰ ਬਣਿਆ ਕਿ ਮੇਰੇ ਮਨ ਦੀ ਭਾਵਨਾ ਨੂੰ ਫਲ ਲਗਦਾ। ਖੈਰ ਹੋਲਾ ਮਹੱਲਾ ਵੇਖਕੇ ਬਾਕੀ ਸੰਗਤਾਂ ਨਾਲ ਵਾਪਸ ਘਰ ਆ ਗਏ।

ਸਮਾਂ ਹੌਲੀ ਹੌਲੀ ਬੀਤਦਾ ਗਿਆ ਪਰ ਸ੍ਰੀ ਭੈਣੀ ਸਾਹਿਬ ਦੇ ਨਜ਼ਾਰੇ ਹਰ ਵੇਲੇ ਅੱਖਾਂ ਦੇ ਅੱਗੇ ਹੀ ਰਹਿਣ। ਇਸ ਵੇਲੇ ਮੈਂ ਪੜ੍ਹਾਈ ਵੀ ਅਧਵਾਟੇ ਹੀ ਛੱਡ ਦਿੱਤੀ ਹੋਈ ਸੀ ਤੇ ਮਨ ਹਰ ਵੇਲੇ ਦੁਚਿਤੀ ਜਿਹੀ ਵਿਚ ਰਹਿੰਦਾ ਸੀ। ਪਰ ਇਕ ਚੰਗੀ ਗੱਲ ਇਹ ਹੋਈ ਕਿ ਮੈਂ ਆਪਣੇ ਇਸ ਵੇਹਲੇ ਸਮੇਂ ਨੂੰ ਸਿਹਤ ਵਧਾਉਣ ਲਈ ਵਰਤਿਆ ਅਤੇ ਪੂਰੀ ਲਗਨ ਨਾਲ ਵਰਜਿਸ਼ ਕਰਨੀ, ਭਾਰ ਚੁੱਕਣਾ, ਤੜਕੇ ਦੌੜ ਲਾਉਣੀ, ਡੰਡ ਬੈਠਕਾਂ ਮਾਰਨੀਆਂ ਆਦਿ। ਸੰਨ ੧੯੮੫-੮੬ ਦੇ ਸਿਆਲ ਦੇ ਦਿਨਾਂ ਵਿਚ ਮੈਂ ੧੫੦੦ ਬੈਠਕਾਂ ਰੋਜ਼ਾਨਾ ਮਾਰਨੀਆਂ ਸ਼ੁਰੂ ਕਰ ਦਿੱਤੀਆਂ।

ਸੰਨ ੧੯੮੬ ਈ. ਦਾ ਹੋਲਾ ਮਹੱਲਾ ਸ੍ਰੀ ਭੈਣੀ ਸਾਹਿਬ ਹੋਣ ਕਰਕੇ ਮੈਂ ਆਪਣੇ ਪਿਤਾ ਜੀ ਤੋਂ ਇਜਾਜ਼ਤ ਲੈ ਕੇ ਸ੍ਰੀ ਭੈਣੀ ਸਾਹਿਬ ਹੋਲੇ ਤੋਂ ਕੋਈ ਮਹੀਨਾ ਪਹਿਲਾਂ ਹੀ ਚਲਾ ਗਿਆ। ਸੂਬਾ ਵ਼ਰਿਆਮ ਸਿੰਘ ਨਾਲ ਮੇਰੇ ਪਿਤਾ ਜੀ (ਸੰਤ ਟਹਿਲ ਸਿੰਘ) ਦਾ ਪਿਆਰ ਵੀ ਸੀ ਤੇ ਚੰਗੀ ਜਾਣ ਪਛਾਣ, ਗਊਆਂ ਦੀ ਸੇਵਾ ਕਰਨ ਕਰਕੇ ਵੀ ਸੀ। ਸੋ ਮੈਨੂੰ ਉਹਨਾਂ ਨੇ ਹਦਾਇਤ ਕੀਤੀ ਕਿ ਸੇਵਾ ਗਊਆਂ ਦੀ ਹੀ ਕਰਨੀ ਅਤੇ ਸੂਬਾ ਜੀ ਨੂੰ ਜਾ ਕੇ ਮੇਰੇ ਵੱਲੋਂ ਦੱਸਣਾ ਕਿ ਮੈਂ ਉਹਨਾਂ (ਸ. ਟਹਿਲ ਸਿੰਘ) ਦਾ ਲੜਕਾ ਹਾਂ। ਇਸ ਸਮੇਂ ਮੇਰਾ ਭਰਾ ਜਥੇਦਾਰ ਗੁਰਦੀਪ ਸਿੰਘ ਸ੍ਰੀ ਭੈਣੀ ਸਾਹਿਬ ਪੰਡਿਤ ਜੀ ਦਾ ਸ਼ਗਿਰਦ ਸੀ, ਪਰ ਮੇਰਾ ਡੇਰਾ ਤਬੇਲੇ ਵਿਚ ਹੀ ਲੱਗਾ ਜਿਥੇ ਮੇਰਾ ਸ਼ਰੀਕੇ ਚੋਂ ਲਗਦਾ ਚਾਚਾ ਗੁਰਨਾਮ ਸਿੰਘ ਵੀ ਮਿਲ ਪਿਆ ਜੋ ਕਿ ਸੰਤ ਸਤਨਾਮ ਸਿੰਘ ਲਾਂਗਰੀ ਦਾ ਛੋਟਾ ਭਰਾ ਸੀ। ਇਥੇ ਸੂਬਾ ਜੀ ਦੀ ਅਗਵਾਈ ਹੇਠ ਸੇਵਾ ਕਰਦਿਆਂ ਮੈਨੂੰ ਪੱਕੇ ਤੌਰ ਤੇ ਸੱਤ ਅੱਠ ਗਊਆਂ ਸੰਭਾਲ ਦਿੱਤੀਆਂ ਗਈਆਂ ਜਿਨਾਂ ਨੂੰ ਪੱਠੇ ਪਾਉਣੇ, ਨਹਾਉਣਾ, ਦੁੱਧ ਚੋਣਾ ਮੇਰੇ ਜਿੰਮੇ ਲੱਗ ਗਿਆ। ਸੱਚੀ ਗੱਲ ਤਾਂ ਇਹ ਹੈ ਕਿ ਮੈਂ ਦੁੱਧ ਚੋਣ (ਧਾਰ ਕਢਣੀ) ਇਥੇ ਹੀ ਸਿਖਿਆ।

ਮੈਂ ਜ਼ਿਆਦਾਤਰ ਤਬੇਲੇ ਦੇ ਸਾਥੀਆਂ ਨਾਲ ਬਾਹਰੋਂ ਖੇਤਾਂ ਵਿਚੋਂ ਪੱਠੇ ਲੈਣ ਜਾਇਆ ਕਰਦਾ ਸਾਂ ਤੇ ਦੋ ਤਿੰਨ ਸੇਵਾਦਾਰ ਤਬੇਲੇ ਵਿਚ ਰਹਿ ਕੇ ਗਊਆਂ ਲਈ ਦਾਣਾ ਰਿੰਨ੍ਹਣ ਦਾ ਕੰਮ ਕਰਿਆ ਕਰਦੇ ਸਨ। ੧੯੮੬ ਈ. ਦੇ ਹੋਲੇ ਤੱਕ ਮੈਨੂੰ ਘਰੋਂ ਸੇਵਾ ਕਰਨ ਲਈ ਛੁੱਟੀ ਮਿਲੀ ਪਰ ਹੋਲੇ ਤੇ ਆਇਆਂ ਪਿਤਾ ਜੀ ਨੇ ਆਖਿਆ ਕਿ ਅਜੇ ਕਣਕਾਂ ਪੱਕਣ ਨੂੰ ਦੇਰ ਹੈ ਤੇ ਤੂੰ ਵਸਾਖੀ ਤਕ ਸੇਵਾ ਕਰ ਲੈ।। ਸ੍ਰੀ ਸਤਿਗੁਰੂ ਜੀ ਇਸ ਸਮੇਂ ਨਿਤ ਹੀ ਤਬੇਲੇ ਵਿਚ ਦਰਸ਼ਨ ਦਿੰਦੇ ਸਨ। ਇਕ ਦਿਨ ਅਚਾਨਕ ਹੀ ਮੇਰੇ ਮਨ ਵਿਚ ਆਇਆ ਕਿ ਅੱਜ ਮੈਂ ਬਾਹਰੋਂ ਪੱਠੇ ਲੈਣ ਨਹੀਂ ਜਾਣਾ ਅਤੇ ਇਥੇ ਦਾਣਾ ਰਿੰਨ੍ਹਣ ਦਾ ਕੰਮ ਕਰਨਾ ਹੈ। ਸੂਬਾ ਜੀ ਕੋਲੋਂ ਮੈਂ ਇਸ ਕੰਮ ਦੀ ਇਜਾਜ਼ਤ ਲੈ ਲਈ। ਇਕ ਦੋ ਹੋਰ ਸਾਥੀਆਂ ਨਾਲ ਮੈਂ ਇਹ ਕੰਮ ਕਰ ਰਿਹਾ ਸਾਂ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਮਾਤਾ ਚੰਦ ਕੌਰ ਜੀ ਅਤੇ ਹੋਰ ਸਿੱਖਾਂ ਸੇਵਕਾਂ ਨਾਲ ਆ ਦਰਸ਼ਨ ਦਿੱਤੇ। ਪੱਠੇ ਕੁਤਰਨ ਵਾਲੇ ਟੋਕੇ ਦੇ ਕੋਲ ਕੰਮ ਕਰਦਿਆਂ ਚਰਨਾਂ ਤੇ ਸੀਸ ਝੁਕਾ ਕੇ ਮੈਂ ਪਿੱਛੇ ਹਟ ਗਿਆ ਤਾਂ ਸਤਿਗੁਰਾਂ ਪੁੱਛਿਆ ਕਿ ਕਾਕਾ ਤੇਰਾ ਨਾਂ ਕੀ ਹੈ? ਤੇ ਕਿੰਨੇ ਚਿਰ ਲਈ ਸੇਵਾ ਕਰਨ ਵਾਸਤੇ ਆਇਆ ਹੈਂ? ਮੈਂ ਆਪਣਾ ਨਾਂ,

Namdhari Elibrary NamdhariElibrary@gmail.com

ਪਿੰਡ ਦਸੂਹਾ, ਜਥੇਦਾਰ ਗੁਰਦੀਪ ਸਿੰਘ ਦਾ ਭਰਾ ਹੋਣਾ ਅਤੇ ਸੰਤ ਟਹਿਲ ਸਿੰਘ ਦਾ ਪੁੱਤਰ ਹੋਣ ਬਾਰੇ ਦੱਸਿਆ ਅਤੇ ਅਰਜ਼ ਕੀਤੀ ਕਿ ਪਹਿਲਾਂ ਤਾਂ ਮੈਂ ਹੋਲੇ ਤੱਕ ਅਤੇ ਫਿਰ ਵਸਾਖੀ ਤਕ ਸੇਵਾ ਕਰਨ ਲਈ ਇਥੇ ਆਇਆ ਹਾਂ (ਇਹ ਵਾਕਿਆ ਵਸਾਖੀ ਤੋਂ ਕੋਈ ੮-੧੦ ਦਿਨ ਪਹਿਲਾਂ ਦਾ ਹੈ) ਤਾਂ ਸ੍ਰੀ ਸਤਿਗੁਰੂ ਜੀ ਬਚਨ ਕੀਤਾ, ਕਿ ਮੇਰੀ ਜੀਅ ਕਰਦੈ ਕਿ ਤੂੰ ਪੱਕੇ ਤੌਰ ਤੇ ਮੇਰੇ ਕੋਲ ਰਹਿ ਕੇ ਇਥੇ ਸੇਵਾ ਕਰ। ਮੈਂ ਕੁਝ ਦੇਰ ਲਈ ਚੁੱਪ ਹੋ ਗਿਆ ਅਤੇ ਮੈਨੂੰ ਸ਼ਬਦ ਨਾ ਔੜੇ ਕਿ ਮੈਂ ਕੀ ਜਵਾਬ ਦੇਵਾਂ। ਜਵਾਬ ਵੀ ਕੀ ਦੇਂਦਾ ਇਹ ਤਾਂ ਮੇਰੀ ਅਰਦਾਸ ਸੁਣੀ ਗਈ ਸੀ। ਮੈਨੂੰ ਚੁਪ ਵੇਖ ਕੇ ਕੋਲੋਂ ਸੰਤ ਬਲਦੇਵ ਸਿੰਘ ਲਾਂਗਰੀ ਨੇ ਕਿਹਾ ਜੀ ਸੱਚੇ ਪਾਤਸ਼ਾਹ ਜੀ ਮੁੰਡਾ ਬੜਾ ਚੰਗਾ ਹੈ ਤੇ ਆਪ ਜੀ ਦਾ ਬਚਨ ਮੰਨੇਗਾ। ਉਸ ਨੂੰ ਵੀ ਕੀ ਪਤਾ ਸੀ ਕਿ ਇਹ ਇਸ ਦੀ ਆਪਣੀ ਅਰਦਾਸ ਸੀ, ਜੋ ਅੱਜ ਕਾਫੀ ਲੰਮੇ ਸਮੇਂ ਬਾਅਦ ਸਤਿਗੁਰਾਂ ਨੇ ਸੁਣੀ ਹੈ। ਇਹ ਸਤਿਗੁਰਾਂ ਦੀ ਅੰਤਰਯਾਤਮਾ ਹੀ ਸੀ। ਜਿਸ ਦਾ ਮੈਂ ਅੱਜ ਤੱਕ ਦਿਵਾਨਾ ਹਾਂ।

ਸੇਵਾ ਕਰਦੇ ਕਰਦੇ ਮੈਂ ਬਿਮਾਰ ਹੋ ਗਿਆ ਅਤੇ ਮੇਰੇ ਲੱਕ ਵਿਚ ਦਰਦ ਰਹਿਣ ਲੱਗ ਪਿਆ। ਇਕ ਦਿਨ ਬਿਰਧਸ਼ਾਲਾ ਵਲੋਂ ਆਉਂਦਿਆਂ ਸਤਿਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕਣ ਉਪਰੰਤ ਮੇਰੇ ਕੋਲੋਂ ਲੱਕ ਦਰਦ ਕਾਰਨ ਚੰਗੀ ਤਰ੍ਹਾਂ ਉਠਿਆ ਨਾ ਗਿਆ ਤਾਂ ਸੱਚੇ ਪਾਤਸ਼ਾਹ ਨੇ ਮੈਨੂੰ ਆਪ ਮੇਰੇ ਲੱਕ ਦੁਆਲੇ ਬਾਂਹ ਪਾ ਕੇ ਉਠਾਇਆ ਤੇ ਆਖਿਆ ਕੀ ਗੱਲ ਹੈ? ਮੈਂ ਆਪਣੀ ਤਕਲੀਫ ਦੱਸੀ ਤਾਂ ਸੱਚੇ ਪਾਤਸ਼ਾਹ ਮੈਨੂੰ ਕਿਹਾ ਕਿ ਮੈਂ ਕੋਠੀ ਜਾ ਕੇ ਆਪਣੀ ਗੱਡੀ ਭੇਜਦਾ ਹਾਂ ਤੂੰ ਕਟਾਣੀ ਤੋਂ ਜਾ ਕੇ ਦਵਾਈ ਲੈ ਕੇ ਆ। ਨਾਲ ਹੀ ਡਰਾਈਵਰ ਗੁਰਮੁਖ ਸਿੰਘ ਨੂੰ ਹੁਕਮ ਕੀਤਾ ਕਿ ਇਹ ਮੁੰਡਾ ਬੜਾ ਚੰਗਾ ਹੈ ਇਸਨੇ ਮੇਰੀ ਗੱਲ ਮੰਨੀ ਹੈ (ਸੇਵਾ ਕਰਨ ਵਾਲੀ) ਇਸ ਨੂੰ ਨਾਲ ਲੈ ਕੇ ਜਾ ਗੱਡੀ ਵਿਚ ਤੇ ਦਵਾਈ ਦੁਆ ਕੇ ਲਿਆਉਣੀ ਹੈ। ਵਾਹ ਮੇਰੇ ਸਤਿਗੁਰ! ਨਹੀਂ ਰੀਸਾਂ ਤੇਰੀਆਂ। ਮੈਨੂੰ ਉਸ ਸਮੇਂ ਤਕ ਸ਼ਾਇਦ ਘਰ ਵਿਚ ਚੱਜ ਦਾ ਸਾਈਕਲ ਵੀ ਨਹੀਂ ਸੀ ਮਿਲਿਆ ਤੇ ਅੱਜ ਗੁਰੂ ਜਗਜੀਤ ਸਿੰਘ ਜੀ ਨੇ ਮੇਰੀ ਬਿਮਾਰੀ ਦੇ ਬਹਾਨੇ ਆਪਣੀ ਗੱਡੀ ਵਿਚ ਝੂਟਾ ਦਿਵਾ ਦਿੱਤਾ। ਖੈਰ ਦਵਾਈ ਲਿਆਂਦੀ ਮੈਂ ਠੀਕ ਵੀ ਹੋ ਗਿਆ (ਇਹ ਲਾਲ ਰੰਗ ਦੀ ਗੱਡੀ ਸੀ ਜੋ ਬਾਅਦ ਵਿਚ ਮਾਤਾ ਚੰਦ ਕੌਰ ਜੀ ਕੋਲ ਵੀ ਕਾਫੀ ਸਮਾਂ ਰਹੀ)। ਠੀਕ ਹੋ ਕੇ ਮੈਂ ਸਤਿਗੁਰਾਂ ਕੋਲ ਅਰਜ਼ ਕੀਤੀ ਕਿ ਕਣਕ ਦੀ ਵਾਢੀ ਦਾ ਕੰਮ ਹੈ, ਕੁਝ ਦਿਨ ਛੁੱਟੀ ਦਿਓ ਤਾਂ ਕਿ ਪਿੰਡ ਜਾ ਆਵਾਂ। ਸੱਚੇ ਪਾਤਸ਼ਾਹ ਬਚਨ ਕੀਤਾ ਤੈਨੂੰ ਪਿੰਡ ਨਹੀਂ ਜਾਣ ਦੇਣਾ ਤੂੰ ਪਿੰਡ ਜਾ ਕੇ ਲੜਾਈ ਕਰ ਲੈਣੀ ਹੈ ਤੇ ਕਣਕ ਦੀ ਵਾਢੀ ਲਈ ਮੈਂ ਜਥੇਦਾਰ ਗੁਰਦੀਪ ਸਿੰਘ ਨੂੰ ਭੇਜ ਦਿੰਦਾ ਹਾਂ। ਮੈਂ ਸਤਿ ਬਚਨ ਕਰ ਜਥੇਦਾਰ ਨੂੰ ਸਤਿਗੁਰਾਂ ਦਾ ਹੁਕਮ ਸੁਣਾਇਆ ਜੋ ਪਹਿਲਾਂ ਤਾਂ ਔਖਾ ਹੀ ਹੋਇਆ। ਹੋਣਾ ਵੀ ਸੀ ਕਿਥੇ ਭੈਣੀ ਸਾਹਿਬ ਦੀਆਂ ਮੌਜ ਬਹਾਰਾਂ ਤੇ ਕਿਥੇ ਪਿੰਡਾਂ ਦਾ ਮਿੱਟੀ ਘੱਟਾ। ਖੈਰ ਥੋੜ੍ਹੇ ਦਿਨਾਂ ਬਾਅਦ ਪਿੰਡੋਂ ਵਾਪਿਸ ਆ ਕੇ ਜਥੇਦਾਰ ਜੀ ਨੇ ਦਸਿਆ ਕਿ ਪਿੰਡ ਕੋਈ ਗੱਲ ਇਸ ਤਰ੍ਹਾਂ ਦੀ ਸਾਡੇ ਪਰਵਾਰ ਨਾਲ ਕਿਸੇ ਨੇ ਕੀਤੀ ਹੈ ਕਿ ਲੜਾਈ ਹੋ ਸਕਦੀ ਸੀ। ਮੈਂ ਕਿਹਾ ਕਿ ਸੱਚੇ ਪਾਤਸ਼ਾਹ ਨੇ ਤਾਂ ਪਹਿਲਾਂ ਹੀ ਬਚਨ ਕਰ ਦਿੱਤਾ ਸੀ ਕਿ ਮੇਰਾ ਸੁਭਾਅ ਕੁਝ ਜ਼ਿਆਦਾ ਹੀ ਗਰਮ ਹੋਣ ਕਾਰਨ ਲੜਾਈ ਜ਼ਰੂਰ ਹੋ ਜਾਣੀ ਸੀ। ਧੰਨ ਸਤਿਗੁਰੂ ਜਗਜੀਤ ਸਿੰਘ ਜੀ ਜਿਨ੍ਹਾਂ ਆਪਣੀ ਕਿਰਪਾ ਨਾਲ ਮੈਨੂੰ ਆਪਣੇ ਚਰਨਾਂ ਵਿਚ ਰਖਕੇ ਇਸ ਘਟਨਾ ਨੂੰ ਟਾਲ ਦਿੱਤਾ ਸੀ।

ਇਸ ਤੋਂ ਉਪਰੰਤ ਮੈਂ ਕੁਝ ਕਾਰਨਾਂ ਕਰਕੇ ਭੈਣੀ ਸਾਹਿਬ ਤੋਂ ਸਤਿਗੁਰਾਂ ਕੋਲੋਂ ਛੁੱਟੀ ਲੈ ਕੇ ਮੁੜ ਵਾਪਿਸ ਆਉਣ ਦਾ ਵਾਅਦਾ ਕਰਕੇ ਵਾਪਿਸ ਪਿੰਡ

ਖੈਰ ਥੋੜ੍ਹੇ ਦਿਨਾਂ ਬਾਅਦ ਪਿੰਡੋਂ ਵਾਪਿਸ ਆ ਕੇ ਜਥੇਦਾਰ ਜੀ ਨੇ ਦਸਿਆ ਕਿ ਪਿੰਡ ਕੋਈ ਗੱਲ ਇਸ ਤਰ੍ਹਾਂ ਦੀ ਸਾਡੇ ਪਰਵਾਰ ਨਾਲ ਕਿਸੇ ਨੇ ਕੀਤੀ ਹੈ ਕਿ ਲੜਾਈ ਹੋ ਸਕਦੀ ਸੀ। ਮੈਂ ਕਿਹਾ ਕਿ ਸੱਚੇ ਪਾਤਸ਼ਾਹ ਨੇ ਤਾਂ ਪਹਿਲਾਂ ਹੀ ਬਚਨ ਕਰ ਦਿੱਤਾ ਸੀ ਕਿ ਮੇਰਾ ਸੁਭਾਅ ਕੁਝ ਜ਼ਿਆਦਾ ਹੀ ਗਰਮ ਹੋਣ ਕਾਰਨ ਲੜਾਈ ਜ਼ਰੂਰ ਹੋ ਜਾਣੀ ਸੀ।

Namdhari Elibrary NamdhariElibrary@gmail.com

ਆ ਗਿਆ ਸਾਂ ਅਤੇ ਘਰੇਲੂ ਹਾਲਾਤ ਕਾਰਨ ਵਾਪਿਸ ਸਤਿਗੁਰਾਂ ਦੀ ਸੇਵਾ ਵਿਚ ਹਾਜ਼ਰ ਨਹੀਂ ਹੋ ਸਕਿਆ ਸਾਂ। ਪਰ ਥੋੜ੍ਹੇ ਚਿਰ ਬਾਅਦ ਹੀ ਉਗਰਾਹੀ ਵਾਲੇ ਸਿੰਘਾਂ ਨਾਲ ਗਏ ਨੂੰ ਮੇਰੇ ਚਾਚੇ ਨੂੰ ਸਤਿਗੁਰਾਂ ਨੇ ਬਚਨ ਕੀਤਾ ਕਿ ਸਾਡਾ ਬੰਦਾ ਕਿਧਰ ਲਈ ਫਿਰਦੇ ਹੋ। ਇਹ ਸਤਿਗੁਰਾਂ ਦੀ ਅੰਤਰਯਾਮਤਾ ਤੇ ਵਡਿਆਈ ਹੀ ਹੈ ਕਿ ਮੈਨੂੰ ਨਾਚੀਜ਼ ਨੂੰ ਆਪਣੀ ਨੇੜਤਾ, ਪਿਆਰ ਬਖਸ਼ਿਆ, ਨਹੀਂ ਤਾਂ ਮੈਂ ਹੀ ਜਾਣਦਾ ਹਾਂ ਕਿ ਮੈਂ ਕਿੰਨਾ ਕੁਝ ਚੰਗਾ ਮੰਦਾ ਹਾਂ। ਪਰ ਬੰਦਾ ਸਦਾ ਹੀ ਸਤਿਗੁਰਾਂ ਦਾ ਹਾਂ। ਬੇਸ਼ੱਕ ਮੈਂ ਸ੍ਰੀ ਭੈਣੀ ਸਾਹਿਬ ਰਹਿ ਕੇ ਸੇਵਾ ਕਰਨ ਵਾਲਾ ਸਤਿਗੁਰ ਦਾ ਬਚਨ (ਮਜਬੂਰੀ ਕਾਰਨ) ਪੂਰਾ ਨਹੀਂ ਮੰਨ ਸਕਿਆ ਹਾਂ ਤੇ ਬਾਕੀ ਸੰਗਤ ਦੇ ਨਾਲ ਮੈਨੂੰ ਵੀ ਇਸ ਗਲਤੀ ਦੀ ਮੁਆਫੀ ਮਿਲ ਚੁੱਕੀ ਹੈ। ਪਰ ਫਿਰ ਵੀ ਅੰਦਰੋਂ ਇਹੀ ਇਛਾ ਰਹਿੰਦੀ ਹੈ ਸਤਿਗੁਰਾਂ ਦੀ ਸੇਵਾ ਕਰਨ ਦਾ ਕੋਈ ਮੌਕਾ ਹੱਥੋਂ ਨਾ ਜਾਵੇ ਅਤੇ ਰਹਿੰਦੀ ਉਮਰ ਤਕ ਸਤਿਗੁਰੂ ਦਾ ਬੰਦਾ ਬਣ ਕੇ ਰਵਾਂ। ਸੱਚੇ ਪਾਤਸ਼ਾਹ ਜੀ ਬਖਸ਼ਿਸ਼ ਕਰਨ ਮੇਰੀ ਇਹ ਅਰਦਾਸ ਪੂਰੀ ਹੋਵੇ ਤਾਂਕਿ ਮੈਂ ਗੁਰ ਚਰਨਾਂ ਨਾਲ ਆਪਣੀ ਪ੍ਰੀਤ ਨਿਭਾ ਸਕਾਂ।

ਅੰਤਰਜਾਮੀ ਸਤਿਗੁਰੂ-

ਦੂਜੀ ਘਟਨਾ ਸੰਨ ੧੯੮੨ ਦੀ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਪਿੰਡ ਭੱਟੀਆਂ ਜੱਟਾਂ ਮੇਲੇ ਉਪਰੰਤ ਸਾਡੇ ਪਿੰਡ ਦੁਗਰੀ ਚਰਨ ਪਾਉਣ ਦੀ ਅਰਜ਼ ਪ੍ਰਵਾਨ ਕੀਤੀ ਤਾਂ ਪਹਿਲਾਂ ਜੀ. ਟੀ. ਰੋਡ ਤੇ ਹੀ ਇਕੱਠੇ ਹੋਣ ਦਾ ਹੁਕਮ ਹੋਇਆ। ਫਿਰ ਸੁਨੇਹਾ ਆਇਆ ਕਿ ਪਿੰਡ ਹੀ ਆਵਾਂਗੇ। ਮੇਰੇ ਪਿਤਾ ਜੀ ਅਕਸਰ ਸ੍ਰੀ ਭੈਣੀ ਸਾਹਿਬ ਜਾ ਕੇ ਸੇਵਾ ਕਰਦੇ ਸਨ ਅਤੇ ਜਥੇਦਾਰ ਗੁਰਦੀਪ ਸਿੰਘ ਵੀ ਸ੍ਰੀ ਭੈਣੀ ਸਾਹਿਬ ਹੀ ਰਹਿ ਰਿਹਾ ਹੋਣ ਕਾਰਨ ਇਹ ਅਰਜ਼ ਪ੍ਰਵਾਨ ਹੋਈ ਸੀ। ਖੈਰ ਸਤਿਗੁਰਾਂ ਪਿੰਡ ਦਰਸ਼ਨ ਦਿੱਤੇ। ਸਤਿਗੁਰਾਂ ਦੇ ਆਉਣ ਤੋਂ ਪਹਿਲਾਂ ਹੀ ਮੈਨੂੰ ਪਿਤਾ ਜੀ ਨੇ ਆਖਿਆ ਕਿ ਆਪਣੇ ਨਾਨਕਿਆਂ ਨੂੰ ਵੀ ਦੱਸ ਆ ਕਿ ਸੱਚੇ ਪਾਤਸ਼ਾਹ ਜੀ ਆ ਰਹੇ ਹਨ ਤੁਸੀਂ ਵੀ ਤਿਆਰੀ ਕਰ ਲਉ। ਤੁਹਾਡੇ ਵੀ ਘਰਾਂ ਵਿਚ ਚਰਨ ਪੈ ਜਾਣਗੇ। ਮੈਂ ਭੱਜਾ ਭੱਜਾ ਨਾਨਕੇ ਘਰ ਜਾ ਕੇ ਜੋ ਕਿ ਚਾਰ ਕੁ ਕਿਲੇ ਦੀ ਵਾਟ ਤੇ ਹੀ ਸੀ, ਗਿਆ ਅਤੇ ਉਹਨਾਂ ਨੂੰ ਸੱਚੇ ਪਾਤਸ਼ਾਹ ਜੀ ਦੇ ਆਉਣ ਦਾ ਪ੍ਰੋਗਰਾਮ ਦੱਸਿਆ। ਮੇਰੇ ਮਾਮੇ ਅਜੀਤ ਸਿੰਘ ਦੇ ਲੜਕੇ ਦਲਬੀਰ ਸਿੰਘ ਦਾ ਤਾਜ਼ਾ ਹੀ ਵਿਆਹ ਹੋਇਆ ਸੀ ਅਤੇ ਦਾਜ ਦਾ ਸਮਾਨ ਵੀ ਆਇਆ ਸੀ ਸੋ ਮੇਰੀ ਮਾਮੀ ਨੇ ਦਾਜ ਵਾਲੇ ਕਮਰੇ ਨੂੰ ਕੁੰਡਾ ਲਾ ਕੇ ਜੰਦਰਾ ਲਾ ਦਿਤਾ ਤਾਂਕਿ ਸਤਿਗੁਰਾਂ ਨੂੰ ਪਤਾ ਨਾ ਲੱਗੇ ਕਿ ਕਿੰਨਾ ਕੁ ਦਾਜ ਲਿਆ ਹੈ। ਮੈਂ ਉਸ ਸਮੇਂ ਬਹੁਤ ਸਿਆਣਾ ਤਾਂ ਨਹੀਂ ਸਾਂ ਪਰ ਇੰਨੀ ਕੁ ਸੋਝੀ ਸੀ ਕਿ ਸਤਿਗੁਰੂ ਅੰਤਰਜਾਮੀ ਹੁੰਦਾ ਹੈ। ਤਾਂ ਫਿਰ ਮਾਮੀ ਨੇ ਤਾਲਾ ਕਿਉਂ ਮਾਰਿਆ ਹੈ।

ਸੱਚੇ ਪਾਤਸ਼ਾਹ ਸਾਡੇ ਨੇੜੇ ਸਾਰੇ ਘਰਾਂ ਵਿਚ ਚਰਨ ਪਾਏ। ਸ਼ਹਿਰੋਂ ਵੀ ਕੁਝ ਨਾਮਧਾਰੀ ਸਰੀਰ, ਗੈਰ ਨਾਮਧਾਰੀ ਵੀ ਦਰਸ਼ਨ ਕਰਨ ਆਏ। ਯਥਾ ਸ਼ਕਤ ਭੇਟਾ ਸਾਰਿਆਂ ਨੇ ਰੱਖ ਕੇ ਮੱਥਾ ਟੇਕਿਆ। ਸਤਿਗੁਰਾਂ ਦੇ ਦਰਸ਼ਨ ਕਰਕੇ ਹਰ ਕੋਈ ਨਿਹਾਲ ਸੀ ਤੇ ਖੁਸ਼ੀ ਵਿਚ ਖੀਵਾ ਸੀ ਕਿਉਂਕਿ ਅਜ ਪਹਿਲੀ ਵਾਰੀ ਸਾਡੇ ਘਰਾਂ ਵਿਚ ਆਕੇ ਸਤਿਗੁਰਾਂ ਨੇ ਦਰਸ਼ਨ ਦਿਤੇ ਸਨ। ਸਾਨੂੰ ਸਾਰਿਆਂ ਨੂੰ ਖੁਸ਼ੀਆਂ ਬਖਸ਼ਦੇ ਸੱਚੇ ਪਾਤਸ਼ਾਹ ਵਾਪਸੀ ਲਈ ਚਲੇ ਗਏ। ਰਾਹ ਵਿਚ ਇਕ ਸਰੀਰ ਜਿਸਦਾ ਸਾਨੂੰ ਪਤਾ ਨਹੀਂ ਲਗਾ ਕਿ ਖੁਲ੍ਹਾ ਸੀ ਜਾਂ ਨਾਮਧਾਰੀ ਉਸਨੂੰ ਦਰਸ਼ਨ ਦਿਤੇ ਤੇ ਉਸ ਕੋਲ ਚਾਰ ਪੰਜ ਮਿੰਟ ਗੱਡੀ ਖੜੋਤੀ ਰਹੀ। ਪਰ ਅਗੇ ਜੋ ਮੋੜ ਸਾਡੇ ਨਾਨਕੇ ਘਰ ਦਾ ਸੀ ਅਤੇ ਉਥੇ ਮੇਰੇ ਮਾਮੇ ਦਾ ਵੱਡਾ ਲੜਕਾ ਰਸਤਾ ਦੱਸਣ ਲਈ ਖਲੋਤਾ ਸੀ ਸੱਚੇ ਪਾਤਸ਼ਾਹ ਨੇ ਉਹਨਾਂ ਦੇ ਘਰ ਚਰਨ ਪਾਉਣ ਤੋਂ ਇਨਾਕਰ ਕਰ ਦਿੱਤਾ ਅਤੇ ਆਖਿਆ ਕਿ ਟਾਈਮ ਨਹੀਂ ਹੈ। ਹੋਰ ਕੋਈ ਇਸ ਘਟਨਾ ਤੋਂ ਜੋ ਮਰਜ਼ੀ ਅਰਥ ਕੱਢੇ ਪਰ ਮੇਰੀ ਮਤ ਅਨੁਸਾਰ ਸੱਚੇ ਪਾਤਸ਼ਾਹ ਤੋਂ ਦਾਜ ਦਾ ਓਹਲਾ ਰੱਖਣ ਦੀ ਮੇਰੀ ਮਾਮੀ ਦੀ ਕਾਰਵਾਈ ਦੇ ਕਾਰਨ ਹੀ ਉਸ ਸਮੇਂ ਉਹਨਾਂ ਦੇ ਡੇਰੇ ਚਰਨ ਪਾਉਣ ਨਹੀਂ ਗਏ ਸਨ। ਇਕ ਪਾਸੇ ਅਸੀਂ ਸੱਚੇ ਪਾਤਸ਼ਾਹ ਨੂੰ ਅੰਤਰਜਾਮੀ ਕਹਿੰਦੇ ਹਾਂ ਤੇ ਦੂਜੇ ਪਾਸੇ ਉਸ ਤੋਂ ਓਹਲਾ।

ਖੈਰ ਮੇਰਾ ਇਸ ਘਟਨਾ ਨੂੰ ਬਿਆਨ ਕਰਨ ਦਾ ਮਕਸਦ ਜਿਥੇ ਸੱਚੇ ਪਾਤਸ਼ਾਹ ਜੀ ਦੀ ਅੰਤਰਯਾਮਤਾ ਨੂੰ ਸਿੱਧ ਕਰਦਾ ਹੈ ਉਥੇ ਇਹ ਵੀ ਦਰਸਾਉਂਦਾ ਹੈ ਕਿ ਅਨੰਦ ਮਰਯਾਦਾ ਅਨੁਸਾਰ ਵਿਆਹ ਕਰਨ ਉਪਰੰਤ ਦਾਜ ਲੈਣਾ, ਪਾਰਟੀਆਂ ਕਰਨਾ ਜਿਥੇ ਗੁਰ ਮਰਯਾਦਾ ਦੇ ਉਲਟ ਹੈ, ਉਥੇ ਸਤਿਗੁਰਾਂ ਦੀ ਖੁਸ਼ੀ ਵੀ ਨਹੀਂ ਮਿਲਦੀ। ਇਸ ਘਟਨਾ ਤੋਂ ਸਬਕ ਸਿਖਣ ਦੀ ਲੋੜ ਹੈ।

Namdhari Elibrary NamdhariElibrary@gmail.com

ਉਪਦੇਸ਼ ਕਰੇ ਗੁਰ ਸਤਿਗੁਰ ਪੂਰਾ-

ਸਾਡੇ ਇਲਾਕੇ ਵਿਚੋਂ ਮੁਕੇਰੀਆਂ ਵਿਚ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੋਤੀ ਜੋਤ ਪੁਰਬ ਬੜੀ ਸ਼ਰਧਾ ਸਤਿਕਾਰ ਨਾਲ ਮਨਾਇਆ ਜਾਂਦਾ ਹੈ। ਇਕ ਮੇਲੇ ਸਮੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਦਰਸ਼ਨ ਦੇ ਕੇ ਇਲਾਕਾ ਨਿਵਾਸੀ ਸਾਧ ਸੰਗਤ ਨੂੰ ਖੁਸ਼ੀਆਂ ਬਖਸ਼ੀਆਂ। ਪੰਡਤ ਗੋਪਾਲ ਸਿੰਘ, ਜਥੇਦਾਰ ਨਿਰੰਜਨ ਸਿੰਘ ਕੱਕੜ, ਜਥੇਦਾਰ ਗਿਆਨ ਸਿੰਘ ਵੀਰੋਕੇ ਆਦਿ ਧੜੱਲੇਦਾਰ ਜਥੇਦਾਰਾਂ ਨੇ ਦੇਹਧਾਰੀ ਗੁਰੂ ਦਾ ਪ੍ਰਚਾਰ ਕੀਤਾ। ਸੱਚੇ ਪਾਤਸ਼ਾਹ ਜੀ ਨੇ ਉਪਦੇਸ਼ ਕਰਦਿਆਂ ਆਪਣੇ ਖੱਬੇ ਹੱਥ ਨਾਲ ਸੱਜੇ ਹੱਥ ਪਿਆ ਕੜਾ ਫੜ ਕੇ ਬਚਨ ਕੀਤਾ ਸਾਧ ਸੰਗਤ ਜੀ ਗਹਿਣੇ ਨਾ ਪਾਇਆ ਕਰੋ। ਐਹ ਗਹਿਣਾ (ਕੜਾ) ਸਾਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਦਿੱਤਾ ਹੈ ਅਤੇ ਸਾਰਿਆਂ ਗਹਿਣਿਆਂ ਤੋਂ ਉਪਰ ਹੈ। ਅਸੀਂ ਦੂਸਰੇ ਗਹਿਣੇ ਤਾਂ ਹੀ ਪਾਉਂਦੇ ਹਾਂ ਜੇ ਇਸਨੂੰ ਮਾੜਾ ਸਮਝਦੇ ਹਾਂ। ਕਿਉਂਕਿ ਜਦੋਂ ਚੰਗੀ ਚੀਜ਼ ਪਾਈ ਹੋਵੇ ਤਾਂ ਮਾੜੀ ਪਾਉਣ ਦੀ ਲੋੜ ਹੀ ਨਹੀਂ ਰਹਿੰਦੀ। ਹੋਰ ਵੀ ਕਾਫੀ ਬਚਨ ਮਰਯਾਦਾ, ਨਾਮ ਸਿਮਰਨ ਬਾਬਤ ਕੀਤੇ। ਮੈਂ ਉਸ ਸਮੇਂ ਕੋਈ ਨੌਵੀਂ ਦਸਵੀਂ ਜਮਾਤ ਵਿਚ ਪੜ੍ਹਦਾ ਸਾਂ। ਇਸ ਘਟਨਾ ਨੂੰ ਪੱਚੀ ਸਾਲ ਤੋਂ ਉਪਰ ਦਾ ਸਮਾਂ ਹੋ ਗਿਆ ਹੈ ਪਰ ਉਹ ਦ੍ਰਿਸ਼ ਅਜ ਵੀ ਉਸੇ ਤਰ੍ਹਾਂ ਅੱਖਾਂ ਅਗੇ ਘੁੰਮਦਾ ਹੈ। ਇਹ ਗੱਲ ਮੇਰੇ ਦਿਲ ਵਿਚ ਘਰ ਕਰ ਗਈ ਕਿ ਮੈਂ ਕੋਈ ਅਜਿਹਾ ਗਹਿਣਾ ਨਹੀਂ ਪਾਉਣਾ। ਉਸ ਸਮੇਂ ਤਾਂ ਸੋਨੇ ਦੇ ਕੜੇ ਪਾਉਣ ਦੀ ਸਮਰਥਾ ਹੀ ਨਹੀਂ ਸੀ।

ਫਿਰ ਵਿਆਹ ਵੇਲੇ ਬੜੇ ਬੜੇ ਸਮਰਥ ਪਰਵਾਰਾਂ ਦੇ ਰਿਸ਼ਤੇ (ਖੁਲ੍ਹੇ ਵੀ ਤੇ ਨਾਮਧਾਰੀ ਵੀ) ਪਾਸੇ ਛੱਡ ਕੇ ਗੁਰ ਮਰਯਾਦਾ ਅਨੁਸਾਰ ਅਨੰਦ ਕਰਨ ਲਈ ਮੰਨਣ ਵਾਲੇ ਪਰਵਾਰ ਵਿਚ ਆਨੰਦ ਕਾਰਜ ਕੀਤਾ। ਸੱਚੇ ਪਾਤਸ਼ਾਹ ਜੀ ਨੇ ਮੇਰੀ ਅੰਦਰ ਦੀ ਅਰਦਾਸ ਨੂੰ ਮੰਨਦਿਆਂ ਦੌਰੇ ਵਿਚ ਦਰਸ਼ਨ ਦਿਤੇ ਅਤੇ ੨੫ ਮਈ ੧੯੯੬ ਨੂੰ ਮੇਰਾ ਅਨੰਦ ਕਾਰਜ ਹੋਇਆ।

ਉਪਰੰਤ ਪਹਿਲੀ ਵਾਰ ਸਹੁਰੇ ਗਿਆਂ ਨੂੰ ਮੇਰੀ ਸਿੰਘਣੀ ਦੇ ਭਰਾਵਾਂ ਨੇ ਮਨ੍ਹਾਂ ਕਰਦਿਆਂ ਮੇਰੇ ਹੱਥ ਸੋਨੇ ਦਾ ਕੜਾ ਪਾ ਕੇ ਫੋਟੋ ਖਿਚ ਲਈ (ਆਪਣੇ ਕੈਮਰੇ ਨਾਲ ਹੀ)। ਮੇਰੇ ਮੂੰਹੋਂ ਸੁਭਾਵਕ ਹੀ ਨਿਕਲਿਆ ਸਬੂਤ ਵਜੋਂ ਖਿਚ ਰਹੇ ਹੋ ਫੋਟੋ। ਕੀ ਪਤੈ ਆਉਣੀ ਵੀ ਹੈ ਕਿ ਨਹੀਂ। ਸਤਿਗੁਰਾਂ ਦੀ ਕਿਰਪਾ ਨਾਲ ਉਹ ਫੋਟੋ ਖਰਾਬ ਹੋ ਗਈਆਂ। ਬਾਅਦ ਵਿਚ ਉਹ ਕੜਾ ਮੈਂ ਅੱਸੂ ਦੇ ਮੇਲੇ ਤੇ ਸੱਚੇ ਪਾਤਸ਼ਾਹ ਜੀ ਨੂੰ ਮੱਥਾ ਟੇਕ ਦਿੱਤਾ ਤਾਂ ਕੁਝ ਸਤਿਗੁਰਾਂ ਦੇ ਨੇੜੇ ਦੇ ਸਿੰਘਾਂ ਨੇ ਆਖਿਆ ਕਮਲਿਆ ਕਾਹਨੂੰ ਮੱਥਾ ਟੇਕਣਾ ਸੀ, ਘਰ ਰੱਖ ਲੈਂਦਾ ਜੇ ਤੂੰ ਨਹੀਂ ਸੀ ਪਾਉਣਾ। ਏਥੇ ਕੀ ਪਤਾ ਕਿਸ ਨੇ ਪਾ ਲੈਣਾ ਹੈ, ਕਿਹੜਾ ਸਤਿਗੁਰਾਂ ਨੇ ਪਾਉਣਾ ਹੈ। ਮੈਂ ਆਖਿਆ ਜਿਹੜੇ ਟਰੱਕਾਂ ਦੇ ਟਰੱਕ ਕਣਕ ਆਉਂਦੀ ਹੈ ਉਹ ਕਿਹੜਾ ਸਾਰੀ ਗੁਰੂ ਖਾਂਦਾ ਹੈ। ਸਲਾਹ ਦੇਣ ਵਾਲਾ ਮੇਰਾ ਹਿਤੈਸ਼ੀ ਨਿਰਉਤਰ ਸੀ।

ਅਜ ਜਦੋਂ ਨਾਮਧਾਰੀ ਲੜਕੇ ਲੜਕੀਆਂ ਨੂੰ ਸੋਨੇ ਦੇ ਕੜੇ, ਚੈਨੀਆਂ ਪਾਈ ਤੱਕਦਾਂ ਹਾਂ, ਜਿਨ੍ਹਾਂ ਵਿਚ ਬਹੁਤ ਸਾਰੇ ਜ਼ੁੰਮੇਵਾਰ ਲੋਕ ਵੀ ਹਨ ਤਾਂ ਮਨ ਨੂੰ ਠੇਸ ਪੁਜਦੀ ਹੈ ਕਿ ਸਤਿਗੁਰਾਂ ਦੇ ਹੁਕਮਾਂ ਨੂੰ ਤਿਲਾਂਜਲੀ ਦੇ ਕੇ ਅਸੀਂ ਕਿਵੇਂ ਪਦਾਰਥਵਾਦ ਦੇ ਪ੍ਰਭਾਵ ਹੇਠ ਆਪਣੇ ਹੋਛੇਪਨ ਦਾ ਵਿਖਾਵਾ ਕਰਨ ਵੱਲ ਨੂੰ ਤੁਰੇ ਹਾਂ। ਸੱਚੇ ਪਾਤਸ਼ਾਹ ਬਖਸ਼ਿਸ਼ ਕਰਨ ਅਸੀਂ ਅਜੇਹੀਆਂ ਦਿਖਾਵਟਾਂ ਤੋਂ ਉਪਰ ਉਠ ਕੇ ਗੁਰ ਮਰਯਾਦਾ ਅਨੁਸਾਰ ਜੀਵਨ ਬਤੀਤ ਕਰ ਸਕੀਏ।

ਜਮ ਤੇ ਰਾਖਹਿ ਦੇ ਕਰ ਹਾਥ—

ਅਗਸਤ ੨੦੦੪ ਈ. ਦਾ ਸਮਾਂ। ਮੈਂ ਬੇਗੋਵਾਲ ਜ਼ਿਲ੍ਹਾ ਕਪੂਰਥਲਾ ਵਿਖੇ ਬਤੌਰ ਜੇ. ਈ. ਬਿਜਲੀ ਬੋਰਡ ਆਪਣੀ ਡਿਊਟੀ ਦੇ ਰਿਹਾ ਸਾਂ। ਪਿੰਡਾਂ ਨੂੰ

ਮੇਰੇ ਮਾਤਹਿਤ ਮੁਲਾਜ਼ਮਾਂ ਵਿਚੋਂ ਇਕ ਮਜ਼ਬੀ ਸਿੰਘ ਜੋਗਿੰਦਰ ਸਿੰਘ ਸੀ। ਜਿਸਨੇ ਕਿਹਾ ਕਿ ਅੱਜ ਤੁਹਾਡੇ ਗੁਰੂ ਦੀ ਜ਼ਾਹਿਰ ਕਰਾਮਾਤ ਵੇਖੀ ਹੈ ਕਿ ਤੁਹਾਡਾ ਗੁਰੂ ਕਿੰਨਾ ਤਾਕਤਵਰ ਹੈ। ਹੋਰ ਵੀ ਲੋਕ ਹੈਰਾਨ ਹੋਏ ਕਿ ਇਸ ਤਰ੍ਹਾਂ ਐਕਸੀਡੈਂਟ ਤੋਂ ਸਾਫ ਬਚਾ ਹੋਣਾ ਬੜਾ ਵੱਡਾ ਚਮਕਤਾਰ ਹੈ। ਇਹ ਸੀ ਮੇਰੀ ਮੌਤ ਦੀਆਂ ਬਰੂਹਾਂ ਵਿਚੋਂ ਮੁੜਨ ਦੀ ਦਾਸਤਾਨ ਜੋ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਨਾਲ ਮੈਨੂੰ ਦੁਬਾਰਾ ਜੀਵਨ ਮਿਲਿਆ।

Namdhari Elibrary NamdhariElibrary@gmail.com

੨੪ ਘੰਟੇ ਬਿਜਲੀ ਸਪਲਾਈ ਲਾਈਨ ਖੜ੍ਹੀ ਕਰਨ ਦਾ ਕੰਮ ਚਲ ਰਿਹਾ ਸੀ। ਮੈਂ ਆਪਣੇ ਮਾਤਹਿਤ ਮੁਲਾਜ਼ਮਾਂ ਦੀ ਨਿਗਰਾਨੀ ਅਤੇ ਅਗਵਾਈ ਮੇਨ ਰੋਡ ਦੇ ਨਾਲ ਨਾਲ ਲਾਈਨ ਕਢਵਾਉਣ ਲਈ ਕਰ ਰਿਹਾ ਸਾਂ। ਪਿੰਡ ਅਕਬਰਪੁਰ ਦੇ ਸਰਪੰਚ ਨੇ ਆਪਣਾ ਟਰੈਕਟਰ ਅਤੇ ਡਰਾਈਵਰ ਸਾਡੀ ਮਦਦ ਲਈ ਦਿਤੇ ਸਨ। ਪੋਲ ਖੜ੍ਹੇ ਕਰਨ ਲਈ ਟਰੈਕਟਰ ਦੀ ਵਰਤੋਂ ਬੜੀ ਜੁਗਤ ਨਾਲ ਕਰਨੀ ਪੈਂਦੀ ਹੈ। ਮੈਂ ਟਰੈਕਟਰ ਚਲਾਉਣਾ ਜਾਣਦਾ ਸਾਂ। ਸੋ ਮੇਰੇ ਸਾਥੀ ਮੁਲਾਜਮਾਂ ਨੇ ਬੇਨਤੀ ਕੀਤੀ ਕਿ ਇਹ ਭਈਏ ਡਰਾਈਵਰ ਦੇ ਵੱਸ ਦੀ ਗੱਲ ਨਹੀਂ, ਤੁਸੀਂ ਆਪ ਟਰੈਕਟਰ ਚਲਾਓ। ਮੈਂ ਇਹਨਾਂ ਦੀ ਗੱਲ ਮੰਨ ਕੇ ਇਕ ਦੋ ਪੋਲ ਖੜ੍ਹੇ ਕਰਵਾਏ। ਜਦੋਂ ਅਗਲੇ ਪਾਸੇ ਜਾਣ ਲਈ ਮੈਂ ਮੇਨ ਰੋਡ ਦੇ ਨਾਲ ਨਾਲ ਟਰੈਕਟਰ ਕੱਚੇ ਥਾਂ ਤੇ ਚਲਾ ਰਿਹਾ ਸਾਂ ਤਾਂ ਕਾਹੀ ਅਤੇ ਭੰਗ ਆਦਿ ਦੇ ਬੂਟੇ ਬਹੁਤ ਉਚੇ ਸਨ। ਬੇਸ਼ਕ ਮੈਂ ਬੜੇ ਧਿਆਨ ਨਾਲ ਅਤੇ ਹੌਲੀ ਹੌਲੀ ਟਰੈਕਟਰ ਲੈ ਕੇ ਅਗੇ ਵਧ ਰਿਹਾ ਸਾਂ ਪਰ ਅਚਾਨਕ ਇਕ ਟੋਆ ਜੋ ਕਿ ਕਰੀਬਨ ਪੰਜ ਕੁ ਫੁੱਟ ਡੂੰਘਾ ਹੋਵੇਗਾ ਅਤੇ ਕਾਈ ਆਦਿ ਨਾਲ ਢਕਿਆ ਸੀ, ਆਇਆ ਅਤੇ ਮੇਰੇ ਬਰੇਕਾਂ ਲਾਉਂਦੇ ਲਾਉਂਦੇ ਸਕਿੰਟਾਂ ਵਿਚ ਹੀ ਟਰੈਕਟਰ ਪਲਟ ਕੇ ਚਾਰੋਂ ਟਾਇਰ ਉਪਰ ਅਤੇ ਮੈਂ ਸੀਟ ਦੇ ਵਿਚ ਫਸਿਆ ਹੇਠਾਂ। ਨਾ ਤਾਂ ਛਾਲ ਮਾਰਨ ਦਾ ਸਮਾਂ ਮਿਲਿਆ ਅਤੇ ਨਾ ਹੀ ਦਿਮਾਗ ਨੂੰ ਸੋਝੀ ਆਈ। ਡਿਗਦਿਆਂ ਸਾਰ ਪਹਿਲਾਂ ਤਾਂ ਮੇਰੀ ਚੀਕ ਨਿਕਲੀ। ਫਿਰ ਤੁਰੰਤ ਗੁਰਬਾਣੀ ਦਾ ਵਾਕ ਚੇਤੇ ਆਇਆ (ਭਗਤ ਤਰਲੋਚਨ ਦਾ) ਜਿਸ ਦਾ ਭਾਵ ਸੀ ਅੰਤ ਸਮੇਂ ਭਗਵਾਨ ਨੂੰ ਸਿਮਰਿਆਂ ਮੁਕਤੀ ਮਿਲਦੀ ਹੈ। ਮੇਰੇ ਦਿਮਾਗ ਨੇ ਕੰਮ ਕੀਤਾ ਤੇ ਮੈਂ ਉਚੀ ਸਾਰੀ ਧੰਨ ਗੁਰੂ ਰਾਮ ਸਿੰਘ, ਧੰਨ ਸਤਿਗੁਰੂ ਜਗਜੀਤ ਸਿੰਘ ਉਚਾਰਿਆ। ਨਾਲ ਹੀ ਮੇਰੀਆਂ ਅੱਖਾਂ ਮੀਟੀਆਂ ਗਈਆਂ ਜਿਵੇਂ ਬਿੱਲੀ ਨੂੰ ਵੇਖ ਕੇ ਕਬੂਤਰ ਮੀਟਦਾ ਹੈ। ਇੰਨੇ ਚਿਰ ਨੂੰ ਮੇਰੇ ਸਾਥੀ ਮੁਲਾਜ਼ਮ ਭੱਜੇ ਭੱਜੇ ਆਏ। ਕੁਝ ਨੇ ਰਾਹ ਜਾਂਦੇ ਰਾਹੀਆਂ ਦਾ ਤਰਲਾ ਕਰਕੇ ਕਾਰਾਂ ਸਕੂਟਰ ਬੱਸਾਂ ਖੜੀਆਂ ਕਰਵਾ ਲਈਆਂ। ਕੁਝ ਲੋਕ ਆਪ ਖੜ੍ਹੇ ਹੋ ਗਏ। ਮੈਨੂੰ ਜਦੋਂ ਮੇਰੇ ਮੁਲਾਜ਼ਮਾਂ ਨੇ ਆਣ ਕੇ ਆਵਾਜ਼ ਮਾਰੀ ਕਿ ਜੇ. ਈ. ਸਾਹਿਬ ਠੀਕ ਹੋ ਤਾਂ ਮੇਰੀਆਂ ਅੱਖਾਂ ਖੁਲ੍ਹੀਆਂ ਅਤੇ ਮੈਂ ਕਿਹਾ ਕਿ ਤੁਸੀਂ ਥੋੜ੍ਹਾ ਟਰੈਕਟਰ ਨੂੰ ਹੱਥ ਰਖੋ। ਪਰ ਟਰੈਕਟਰ ਤਾਂ ਜਿਥੇ ਡਿਗਣਾ ਸੀ ਡਿਗ ਚੁੱਕਾ ਸੀ ਪਰ ਮੈਂ ਲੱਕ ਦੇ ਭਾਰ ਜਿਵੇਂ ਪਿਆ ਸਾਂ ਘਿਸਰ ਕੇ ਬਾਹਰ ਨਿਕਲਿਆ। ਨਾ ਮੇਰੇ ਕੋਈ ਝਰੀਟ, ਨਾ ਮੇਰੇ ਕੋਈ ਸੱਟ, ਨਾ ਕੋਈ ਹੱਡੀ ਟੁੱਟੀ ਸਹੀ ਸਲਾਮਤ ਉਸੇ ਤਰ੍ਹਾਂ ਹੀ ਦਸਤਾਰ ਬੱਝੀ ਮੈਨੂੰ ਸਾਥੀਆਂ ਨੇ ਫੜ ਕੇ ਸੜਕ ਤੇ ਲਿਆ ਖੜ੍ਹਾ ਕੀਤਾ। ਲੋਕਾਂ ਦਾ ਕਾਫੀ ਇਕੱਠ ਹੋ ਗਿਆ ਸੀ ਕਿਉਂਕਿ ਇਹ ਘਟਨਾ ਮੇਨ ਰੋਡ ਤੇ ਵਾਪਰੀ ਸੀ। ਮੇਰੇ ਸੜਕ ਤੇ ਖਲੋਤਿਆਂ ਇਕ ਬੀਬੀ ਨੇ ਪੁਛਿਆ ਕਿ ਭਾਜੀ ਟਰੈਕਟਰ ਵਾਲਾ ਭਾਈ ਬਚ ਗਿਆ? ਤੇ ਜਦੋਂ ਮੈਂ ਦਸਿਆ ਕਿ ਟਰੈਕਟਰ ਤਾਂ ਮੈਂ ਚਲਾ ਰਿਹਾ ਸਾਂ ਤਾਂ ਉਸਨੇ ਮੇਰੇ ਵੱਲ ਇੰਝ ਹੈਰਾਨੀ ਨਾਲ ਵੇਖਿਆ ਜਿਵੇਂ ਮੈਂ ਕੋਈ ਝੂਠ ਬੋਲ ਰਿਹਾ ਹੋਵਾਂ। ਮੇਰੇ ਮਾਤਹਿਤ ਮੁਲਾਜ਼ਮਾਂ ਵਿਚੋਂ ਇਕ ਮਜ਼ਬੀ ਸਿੰਘ ਜੋਗਿੰਦਰ ਸਿੰਘ ਸੀ। ਜਿਸਨੇ ਕਿਹਾ ਕਿ ਅੱਜ ਤੁਹਾਡੇ ਗੁਰੂ ਦੀ ਜ਼ਾਹਿਰ ਕਰਾਮਾਤ ਵੇਖੀ ਹੈ ਕਿ ਤੁਹਾਡਾ ਗੁਰੂ ਕਿੰਨਾ ਤਾਕਤਵਰ ਹੈ। ਹੋਰ ਵੀ ਲੋਕ ਹੈਰਾਨ ਹੋਏ ਕਿ ਇਸ ਤਰ੍ਹਾਂ ਐਕਸੀਡੈਂਟ ਤੋਂ ਸਾਫ ਬਚਾ ਹੋਣਾ ਬੜਾ ਵੱਡਾ ਚਮਕਤਾਰ ਹੈ। ਇਹ ਸੀ ਮੇਰੀ ਮੌਤ ਦੀਆਂ ਬਰੂਹਾਂ ਵਿਚੋਂ ਮੁੜਨ ਦੀ ਦਾਸਤਾਨ ਜੋ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਨਾਲ ਮੈਨੂੰ ਦੁਬਾਰਾ ਜੀਵਨ ਮਿਲਿਆ। ਸੱਚੇ ਪਾਤਸ਼ਾਹ ਕਿਰਪਾ ਕਰਨ ਇਹ ਜੀਵਨ ਗਊ ਤੇ ਗਰੀਬ, ਸਾਧ ਸੰਗਤ, ਗੁਰੂ ਘਰ ਅਤੇ ਦੇਸ਼ ਕੌਮ ਦੀ ਸੇਵਾ ਕਰਦਿਆਂ ਬਤੀਤ ਹੋਵੇ।

ਐਸਾ ਸਤਿਗੁਰ ਮੇਰਾ ਸਭਨਾ ਦੇ ਕਾਜ ਸਵਾਰੇ—

ਗੁਰਬਾਣੀ ਦਾ ਵਾਕ ਹੈ ਕਿ **ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥** ਸੰਨ ੧੯੯੮ ਈ. ਦੀ ਗੱਲ ਹੈ। ਮੈਂ ਬਤੌਰ ਲਾਈਨਮੈਨ ਬਿਜਲੀ ਬੋਰਡ ਵਿਚ ਕੰਮ ਕਰ ਰਿਹਾ ਸਾਂ। ਦਸੂਹੇ ਵਿਖੇ ਮੇਰੀ ਡਿਊਟੀ ਸੀ। ਦਫਤਰਾਂ ਵਿਚ ਵਖ ਵਖ ਯੂਨੀਅਨਾਂ ਦੀ ਆਪਸੀ ਗਰੁੱਪਬਾਜੀ, ਟਕਰਾਅ ਵੀ ਹੁੰਦਾ ਹੈ। ਇਸ ਟਕਰਾਅ ਦੇ ਚਲਦਿਆਂ ਦਫਤਰ ਵਿਚ ਹੋਏ ਮਾਮੂਲੀ ਝਗੜੇ ਨੂੰ ਅਧਾਰ ਬਣਾ ਕੇ ਵਿਰੋਧੀਆਂ ਵਲੋਂ ਉਚ ਅਧਿਕਾਰੀ ਦੀ ਚਾਪਲੂਸੀ ਕਰਕੇ ਮੇਰੀ ਬਦਲੀ ਭੋਗਪੁਰ ਦੀ ਕਰਵਾ ਦਿਤੀ ਗਈ। ਬਦਲੀ ਤੋਂ ਪਹਿਲਾਂ ਇਕਤਰਫਾ ਇਨਕੁਆਰੀਆਂ ਮੇਰੇ ਖਿਲਾਫ ਬਣਾ ਕੇ ਬਦਲੀ ਦਾ ਅਧਾਰ ਤਿਆਰ ਕੀਤਾ ਗਿਆ। ਮੈਨੂੰ

Namdhari Elibrary NamdhariElibrary@gmail.com

ਉਦੋਂ ਹੀ ਪਤਾ ਲੱਗਾ ਜਦੋਂ ਡਿਊਟੀ ਤੇ ਹੁੰਦੇ ਹੋਏ ਵੀ ਜ਼ਬਰੀ ਰਲੀਵ ਕਰ ਦਿਤਾ ਗਿਆ ਪਰ ਦਫਤਰ ਦੀ ਗਲਤੀ ਇਹ ਹੋਈ ਕਿ ਮੈਨੂੰ ਤਜ਼ਵੀਜ਼ੀ ਤਾਇਨਾਤੀ ਸਟੇਸ਼ਨ ਲਿਖਤੀ ਰੂਪ ਵਿਚ ਨਾਂ ਦਿਤਾ ਗਿਆ। ਰਲੀਵ ਕਰਨ ਦੀ ਚਿਠੀ ਵੀ ਮੇਰੇ ਘਰ ਦੇ ਪਤੇ ਤੇ ਭੇਜੀ ਗਈ। ਮੈਂ ਇਸ ਧੱਕੇਸ਼ਹੀ ਵਿਰੁੱਧ ਆਪਣੇ ਹਮਦਰਦ ਸਾਥੀਆਂ ਨਾਲ ਐਸ. ਈ. ਹੁਸ਼ਿਆਰਪੁਰ ਨੂੰ ਮਿਲਿਆ ਅਤੇ ਦਸਿਆ ਕਿ ਮੇਰੇ ਨਾਲ ਇਸ ਮਾਮਲੇ ਵਿਚ ਨਿਆਂ ਕੀਤਾ ਜਾਵੇ। ਐਸ. ਈ. ਨੇ ਐਕਸੀਅਨ ... ਹੁਸ਼ਿਆਪੁਰ ਨੂੰ ਮੇਰੀ ਅਰਜ਼ੀ ਮਾਰਕ ਕਰਕੇ ਇਨਕੁਆਰੀ ਕਰਵਾ ਕੇ ਬਦਲੀ ਦੇ ਆਰਡਰ ਕੈਂਸਲ ਕਰਨ ਦਾ ਪੂਰਨ ਭਰੋਸਾ ਦਿਤਾ। ਇਸ ਤੋਂ ਵਿਰੋਧੀ ਵੀ ਸਰਗਰਮ ਹੋ ਗਏ ਕਿ ਬਦਲੀ ਕੈਂਸਲ ਨਾ ਹੋਵੇ। ੧੦ ਨਵੰਬਰ ੧੯੯੮ ਤੋਂ ਲੈ ਕੇ ੨੦ ਨਵੰਬਰ ੧੯੯੮ ਤਕ ਇਹ ਮੇਰੀ ਲੜਾਈ ਚਲਦੀ ਰਹੀ। ਕਈ ਮੇਰੇ ਸੱਜਣ ਮੈਨੂੰ ਆਖਣ ਕੀ ਨੌਕਰੀ ਨਹੀਂ ਮਿਲਦੀ ਤੂੰ ਭੋਗਪੁਰ ਡਿਊਟੀ ਜੁਆਇਨ ਕਰ ਲੈ। ਵਿਰੋਧੀ ਧਿਰ ਵਿਚੋਂ ਵੀ ਕਈ ਵਿਚ ਵਿਚਾਲੇ ਦਾ ਰਾਹ ਕਢਦੇ ਹੋਏ ਕਹਿਣ ਲਗੇ ਅਸੀਂ ਭੋਗਪੁਰ ਮੰਡਲ ਅਧੀਨ ਵਾਂਡੇ ਦੀ ਡਿਊਟੀ ਲਵਾ ਦਿੰਦੇ ਹਾਂ। ਪਰ ਮੈਂ ਇਸ ਧੱਕੇਸ਼ਾਹੀ ਦੇ ਖਿਲਾਫ ਲੜਨ ਦਾ ਪੂਰਾ ਤਹੀਆ ਕੀਤਾ ਸੀ। ਦੂਸਰੀ ਗੱਲ ਮੈਨੂੰ ਸਤਿਗੁਰਾਂ ਤੇ ਭਰੋਸਾ ਸੀ। ਜੋ ਕੁਝ ਵੀ ਹੋਣਾ ਹੈ ਸਤਿਗੁਰਾਂ ਦੇ ਹੁਕਮ ਅਨੁਸਾਰ ਹੀ ਹੋਣਾ ਹੈ। ਇਸ ਸਮੇਂ ਦੌਰਾਨ ਹੀ ਮੇਰੇ ਕੁਝ ਹਮਦਰਦ ਲੀਡਰ ਸਾਥੀ ਵੀ ਗਲਤਫਹਿਮੀ ਕਾਰਨ ਮੇਰਾ ਸਾਥ ਛੱਡ ਗਏ। ਮੈਂ ਥੋੜਾ ਨਿਰਾਸ਼ ਵੀ ਹੋਇਆ ਕਿ ਹੁਣ ਕੀ ਕਰਨਾ ਚਾਹੀਦਾ ਹੈ। ਦੋ ਕੁ ਦਿਨ ਬਾਅਦ ਰਾਤ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਮੈਨੂੰ ਸੁਪਨੇ ਵਿਚ ਦਰਸ਼ਨ ਦਿਤੇ। ਮੈਂ ਵੇਖਿਆ ਕਿ ਮੈਂ ਸੱਚੇ ਪਾਤਸ਼ਾਹ ਜੀ ਦੇ ਕੋਲ ਹੀ ਐਸ. ਈ. ਹੁਸ਼ਿਆਰਪੁਰ ਦੇ ਦਫਤਰ ਖੜਾ ਸਾਂ। ਸੱਚੇ ਪਾਤਸ਼ਾਹ ਜੀ ਦੇ ਹੱਥਾਂ ਵਿਚ ਕੁਝ ਕਾਗਜ਼ ਫੜੇ ਹੋਏ ਸਨ ਤੇ ਦਫਤਰ ਦੇ ਕਿਸੇ ਕਰਮਚਾਰੀ ਨੂੰ ਕਹਿ ਰਹੇ ਸਨ ਕਿ ਇਸਦੀ ਬਦਲੀ ਕੈਂਸਲ ਕਿਉਂ ਨਹੀਂ ਕਰਦੇ। ਥੋੜ੍ਹਾ ਚਿਰ ਪਿਛੋਂ ਸੱਚੇ ਪਾਤਸ਼ਾਹ ਅਲੋਪ ਹੋ ਗਏ। ਮੈਨੂੰ ਜਾਗ ਆਈ ਤਾਂ ਮੈਂ ਆਪਣੇ ਮਨ ਨੂੰ ਆਖਿਆ ਹੁਣ ਨਹੀਂ ਕਿਸੇ ਦੀ ਪਰਵਾਹ, ਹੁਣ ਜ਼ਰੂਰ ਹੀ ਬਦਲੀ ਕੈਂਸਲ ਹੋਵੇਗੀ। ਇਸ ਸਮੇਂ ਹੀ ਇਕ ਦਿਨ ਮੇਰਾ ਸਾਲਾ ਗੁਰਵਿੰਦਰ ਸਿੰਘ ਮਿਲਣ ਆਇਆ ਤਾਂ ਸਵੇਰੇ ਮੈਨੂੰ 10 ਵਜੇ ਤਕ ਘਰ ਹੀ ਵੇਖ ਕੇ ਕਹਿਣ ਲਗਾ ਕਿ ਭਾਜੀ ਡਿਊਟੀ ਨਹੀਂ ਜਾਣਾ। ਮੈਂ ਕਿਹਾ ਭਾਈਆ ਤੇਰਾ ਤਾਂ ਆਨ ਰੋਡ ਹੋਇਆ ਪਿਐ। ਸਾਰੀ ਗੱਲ ਦੱਸਣ ਤੇ ਮੈਂ ਉਸਦੇ ਨਾਲ ਹੀ ਆਪਣੇ ਇਕ ਰਿਸ਼ਤੇਦਾਰ ਰਾਹੀਂ ਸ. ਪ੍ਰਕਾਸ਼ ਸਿੰਘ ਬਾਦਲ ਦੀ ਬੇਟੀ ਅਤੇ ਦਮਾਦ ਸ. ਕੈਰੋਂ ਨੂੰ ਉਹਨਾਂ ਦੇ ਪਿੰਡ ਜਾ ਮਿਲੇ ਅਤੇ ਆਪਣੇ ਨਾਲ ਹੋਈ ਵਧੀਕੀ ਬਾਰੇ ਦਸਿਆ। ਆਪਣੀ ਅਰਜ਼ੀ ਮਾਰਕ ਕਰਵਾ ਕੇ ਐਸ. ਈ. ਹੁਸ਼ਿਆਰਪੁਰ ਦੇ ਦਫਤਰ ਦਿੱਤੀ। ਇਕ ਅਰਜ਼ੀ ਪ੍ਰਬੰਧਕੀ ਮੈਂਬਰ ਸ. ਬਲਦੇਵ ਸਿੰਘ ਮਾਨ ਨੂੰ ਪਟਿਆਲੇ ਦਿਤੀ। ਉਸਨੇ ਆਖਿਆ ੨੫ ਨਵੰਬਰ ੨੦੦੮ ਤਕ ਆਦਮਪੁਰ ਦੀ ਜਿਮਨੀ ਚੋਣ ਹੋਣ ਕਾਰਨ ਚੋਣ ਜ਼ਾਬਤਾ ਲਾਗੂ ਹੈ। ਉਸ ਤੋਂ ਬਾਅਦ ਬਦਲੀ ਕੈਂਸਲ ਹੋ ਜਾਵੇਗੀ। ਮੇਰੇ ਨਾਲ ਬੀੜ ਚੋਂ ਗਿਆ ਸਿੰਘ ਚੰਨਣ ਸਿੰਘ ਚੰਨਾ ਪੂਰੇ ਪੇਂਡੂ ਲਹਿਜੇ ਵਿਚ ਬੋਲਿਆ ਕਿ ਉਨੇ ਚਿਰ ਤਕ ਇਹਦਾ ਤਾਂ ਕੰਮ ਖਰਾਬ ਹੋ ਜਾਏਗਾ। ਜੱਟਾਂ ਨੂੰ ਤਾਂ ਅਗੇ ਹੀ ਨੌਕਰੀ ਨਹੀਂ ਮਿਲਦੀ। ਖੈਰ ਉਸਨੇ ਵੀ ਤੁਰੰਤ ਕਾਰਵਾਈ ਦਾ ਭਰੋਸਾ ਦਿਤਾ। ਦੋਹਾਂ ਪਾਸਿਆਂ ਤੋਂ ਐਸ. ਈ. ਤੇ ਪੂਰਾ ਦਬਾਅ ਪੈ ਗਿਆ। ਮੈਂ ਚਾਰ ਪੰਜ ਦਿਨ ਬਾਅਦ ਐਸ. ਈ. ਨੂੰ ਮਿਲਿਆ ਤੇ ਬਦਲੀ ਕੈਂਸਲ ਕਰਨ ਬਾਰੇ ਪੁਛਿਆ ਤਾਂ ਉਹ ਅਗੋਂ ਮੈਨੂੰ ਚਾਰੋਂ ਖੁਰ ਚੁੱਕ ਕੇ ਪੈ ਗਿਆ ਕਿ ਤੂੰ ਬਹੁਤ ਕਾਹਲਾ ਪੈ ਗਿਆ ਹੈਂ। ਮੈਂ ਤੇਰੀ ਸਰਵਿਸ ਬੁੱਕ ਵਿਚ ਲਾਲ ਪੈਨ ਨਾਲ ਐਂਟਰੀ ਕਰ ਦੇਣੀ ਹੈ ਕਿ ਤੂੰ ਮੇਰੇ ਤੇ ਰਾਜਨੀਤਕ ਦਬਾਅ ਪਵਾ ਰਿਹਾ ਹੈਂ। ਪਹਿਲਾਂ ਤਾਂ ਮੈਂ ਥੋੜਾ ਘਬਰਾਇਆ ਕਿ ਇਹ ਖੇਡ ਪੁੱਠੀ ਪੈ ਚਲੀ ਹੈ ਪਰ ਫਿਰ ਸੱਚੇ ਪਾਤਸ਼ਾਹ ਦਾ ਸੁਪਨੇ ਵਾਲਾ ਬਚਨ ਚੇਤੇ ਕਰਕੇ ਮੈਂ ਪੂਰੀ ਦ੍ਰਿੜ੍ਹਤਾ ਨਾਲ ਕਿਹਾ ਕਿ ਐਸ. ਈ. ਸਾਹਿਬ ਮੈਨੂੰ ਕੈਰੋਂ ਸਾਹਿਬ ਨੇ ਕਿਹਾ ਸੀ ਕਿ ਆਕੇ ਦਸਣਾ ਕਿ ਕੰਮ ਹੋਇਆ ਹੈ ਕਿ ਨਹੀਂ। ਐਸ. ਈ. ਥੋੜਾ ਢਿਲਾ ਹੋਇਆ ਮੇਰੀ ਦ੍ਰਿੜਤਾ ਵੀ ਵਧੀ ਤੇ ਗੁੱਸਾ ਵੀ। ਮੈਂ ਉਥੋਂ ਸਿਧਾ ਤਰਨ ਤਾਰਨ ਬੱਸੇ ਬੈਠਕੇ ਕੈਰੋਂ ਕੋਲ ਗਿਆ। ਪਰ ਪਤਾ ਲਗਾ ਕਿ ਕੈਰੋਂ ਸਾਹਿਬ ਅਤੇ ਉਹਨਾਂ ਦੀ ਪਤਨੀ ਚੰਡੀਗੜ੍ਹ ਹਨ। ਟੈਲੀਫੋਨ ਤੇ ਪਤਾ ਕੀਤਾ ਕਿ ਦੋ ਤਿੰਨ ਦਿਨ ਬਾਅਦ ਆਉਣਗੇ। ਉਥੋਂ ਮੈਂ ਆਪਣੀ ਸਿੰਘਣੀ ਦੇ ਨਾਨਕੇ ਰਾਤ ਰਹਿਕੇ ਆਪਣੇ ਸਹੁਰੇ ਪਿੰਡ ਤੱਕ ਜੋ ਕਿ

Namdhari Elibrary NamdhariElibrary@gmail.com

ਭਿਖੀਵਿੰਡ ਕੋਲ ਹੈ, ਚਲਾ ਗਿਆ। ਅਗਲੇ ਦਿਨ ਮੈਂ ਭਿਖੀਵਿੰਡ ਤੋਂ ਆਪਣੇ ਇਕ ਰਿਸ਼ਤੇਦਾਰ ਸਤਨਾਮ ਸਿੰਘ ਨੂੰ ਫੋਨ ਕੀਤਾ ਕਿ ਮੇਰੇ ਘਰ ਦੱਸ ਦੇਣਾ ਕਿ ਮੈਂ ਹੁਣ ਕੰਮ ਕਰਵਾ ਕੇ ਹੀ ਵਾਪਿਸ ਆਵਾਂਗਾ ਸ਼ਾਇਦ ਦੋ ਚਾਰ ਦਿਨ ਲੱਗ ਜਾਣ। ਉਸਨੇ ਪੁਛਿਆ ਕਿ ਕਿਹੜਾ ਕੰਮ? ਮੈਂ ਬਦਲੀ ਬਾਰੇ ਦੱਸਿਆ ਤਾਂ ਉਸਨੇ ਕਿਹਾ ਕਿ ਭਾਜੀ ਬਦਲੀ ਦੇ ਆਰਡਰ ਤਾਂ ਤੁਹਾਡੇ ਕੈਂਸਲ ਹੋ ਗਏ ਹਨ ਤੇ ਐਕਸੀਅਨ ਦਫਤਰ ਵਾਲੇ ਤੁਹਾਨੂੰ ਲਭਦੇ ਫਿਰਦੇ ਹਨ ਕਿ ਛੇਤੀਂ ਡਿਊਟੀ ਜੁਆਇਨ ਕਰਵਾਉ। ਮੈਂ ਆਪਣੇ ਸਾਲੇ ਨੂੰ ਦਸਕੇ ਤਰਨਤਾਰਨ ਦਰਬਾਰ ਸਾਹਿਬ ਮੱਥਾ ਟੇਕ ਕੇ ਸਤਿਗੁਰਾਂ ਦਾ ਮਨ ਹੀ ਮਨ ਧੰਨਵਾਦ ਕਰਦਾ ਪਿੰਡ ਪੁਜਾ। ਇਹ ਘਟਨਾ ੧੯ ਨਵੰਬਰ ੧੯੯੮ ਦੀ ਹੈ। ਦਫਤਰ ਜਾਕੇ ਪਤਾ ਕੀਤਾ ਕਿ ਐਕਸੀਅਨ ਬਿਮਾਰ ਹੋਣ ਕਾਰਨ ਛੁੱਟੀ ਤੇ ਹੈ। ਸੁਪਰਡੈਂਟ ਨੇ ਆਖਿਆ ਕਿ ਜੇਕਰ ਪਹਿਲੀ ਜਗ੍ਹਾ ਦੇ ਆਰਡਰ ਲੈਣੇ ਹਨ (ਦਿਹਾਤੀ ਉਪ ਮੰਡਲ ਦਸੂਹਾ) ਤਾਂ ਉਸ ਲਈ ਐਕਸੀਅਨ ਨੂੰ ਮਿਲਣਾ ਪਵੇਗਾ ਤੇ ਜੇ ਦੂਸਰੀ ਸ਼ਹਿਰੀ ਉਪ ਮੰਡਲ ਦਸੂਹਾ ਦੇ ਲਈ ਤੇਰੀ ਰਜ਼ਾਮੰਦੀ ਹੈ ਤਾਂ ਉਹ ਮੈਂ ਵੀ ਕਰ ਸਕਦਾ ਹਾਂ। ਮੈਨੂੰ ਐਕਸੀਅਨ ਤੇ ਗੱਸਾ ਵੀ ਸੀ, ਸੋ ਮੈਂ ਉਸਦੇ ਮਥੇ ਲਗਣਾ ਮੁਨਾਸਿਬ ਨਾ ਸਮਝਿਆ। ੨੦ ਨਵੰਬਰ 1998 ਨੂੰ ਸ਼ਹਿਰੀ ਉਪ ਮੰਡਲ ਡਿਊਟੀ ਜੁਆਇੰਨ ਕੀਤੀ। ਸੁਣ ਕੇ ਮੇਰੇ ਸਾਥੀਆਂ ਨੇ ਜਿਥੇ ਖੁਸ਼ੀ ਮਨਾਈ ਉਥੇ ਮੇਰੀ ਬਦਲੀ ਕਰਾਣ ਵਾਲਿਆਂ ਦੀ ਜਿਵੇਂ ਮਾਂ ਮਰ ਗਈ ਹੁੰਦੀ ਹੈ। ਉਹਨਾਂ ਦੇ ਚੇਹਰੇ ਮਸੋਸੇ ਗਏ। ਬਾਅਦ ਵਿਚ ਮੇਰਾ ਇਹ ੨੦ ਦਿਨ ਦਾ ਸਮਾਂ ਨਾਨ ਡਿਊਟੀ ਪੀਰੀਅਡ ਕਰ ਦਿਤਾ ਗਿਆ। ਉਥੇ ਵੀ ਮੈਂ ਝੁਕਣ ਜਾਂ ਹਾਰ ਮੰਨਣ ਦੀ ਜਗ੍ਹਾ ਅਦਾਲਤ ਦਾ ਸਹਾਰਾ ਲੈ ਕੇ ਸੱਚੇ ਪਾਤਸ਼ਾਹ ਜੀ ਦੀ ਕਿਰਪਾ ਨਾਲ ਸ਼ੈਸਨ ਕੋਰਟ ਵਿਚੋਂ ਕੇਸ ਜਿਤਿਆ। ਲੋਵਰ ਕੋਰਟ ਵਿਚੋਂ ਕੇਸ ਖਾਰਿਜ਼ ਹੋ ਗਿਆ ਸੀ। ਉਹ ਵੀ ਇਕ ਹੋਰ ਲੰਮੀ ਸਾਖੀ ਹੈ। ਸਮੇਤ ਵਿਆਜ ਮੈਨੂੰ ੨੦੦੨ ਈ. ਵਿਚ ਤਨਖਾਹ ਦਿਤੀ ਗਈ। ਉਸ ਸਮੇਂ ਤਕ ਮੇਰੀ ਤਰੱਕੀ ਬਤੌਰ ਜੇ. ਈ. ਹੋ ਚੁੱਕੀ ਸੀ।

ਇੰਜ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮੇਰੇ ਉੱਤੇ ਸਦਾ ਮਿਹਰਾਂ ਦਾ ਮੀਂਹ ਵਰਸਾਇਆ ਹੈ। ■

ਗੁਰੂ ਜਗਜੀਤ ਜਿਹਾ ਦੁਨੀਆਂ ਤੇ ਕੌਣ ਹੈ

✍ ਲਖਵਿੰਦਰ ਸਿੰਘ ਬਾਜਵਾ

ਲੜ ਲੱਗ ਗੁਰੂ ਦੇ ਸਕੂਨ ਮਿਲੇ ਜ਼ਿੰਦਗੀ ਨੂੰ,
ਘੁੰਮਦਾ ਜਗਤ ਜਿਵੇਂ ਕੀੜਿਆਂ ਦਾ ਭੌਣ ਹੈ।
ਕਮਲਾ ਕਮਲ ਸਣੇ ਝਸਦੀ ਚਰਨ ਜਿਹਦੇ,
ਸ਼ੇਸ਼ ਨਾਗ ਵਾਲੀ ਓਹਦੇ ਪਲੰਘੇ ਦੀ ਦੌਣ ਹੈ।
ਸਜਦਾ ਕਰਨ ਚੰਦ ਸੂਰਜ ਸਵੇਰੇ ਸ਼ਾਮ,
ਵਸ ਜਿਹਦੇ ਧਰਤੀ ਆਕਾਸ਼ ਪਾਣੀ ਪੌਣ ਹੈ।
ਜਿਹਦੇ ਦਰ ਉਤੇ ਆਕੇ ਝੁਕਦੀ ਲੋਕਾਈ ਸਾਰੀ,
ਗੁਰੂ ਜਗਜੀਤ ਜਿਹਾ ਦੁਨੀਆਂ ਤੇ ਕੌਣ ਹੈ।

ਦਰ ਆਇਆਂ ਖੋਲਦਾ ਭੰਡਾਰੇ ਸਦਾ ਰਹਿਮਤਾਂ ਦੇ,
ਕਰਕੇ ਦਰਸ ਦੁੱਖ ਟੁਟਦੇ ਬਿਮਾਰਾਂ ਦੇ।
ਜ਼ਿੰਦਗੀ ਸਵਾਰੇ ਮੁੱਖੋਂ ਬਚਨ ਉਚਾਰੇ ਸੱਚ,
ਧੋ ਦਿੰਦਾ ਜਨਮਾਂ ਦੇ ਪਾਪ ਨਰ ਨਾਰਾਂ ਦੇ।
ਉਹਦੇ ਕਰ-ਕਮਲਾਂ ਦੀ ਛੋਹ ਜਿਹਨੂੰ ਛੋਹ ਜਾਵੇ,
ਫੁੱਲ ਬਣ ਖਿੜ ਜਾਣ ਮੂੰਹ ਤਿਖੇ ਖਾਰਾਂ ਦੇ।
ਦਰ ਆਇਆ ਖਾਲੀ ਇਥੋਂ ਮੁੜੇ ਨਾ ਸਵਾਲੀ ਕੋਈ,
ਹਰ ਇਕ ਜੀਭਾ ਵੇਖੀ ਗਾਉਂਦੀ ਇਹੋ ਗੌਣ ਹੈ।
ਜਿਹਦੇ ਦਰ ਉਤੇ ਆਕੇ ਝੁਕਦੀ ਲੋਕਾਈ ਸਾਰੀ,
ਗੁਰੂ ਜਗਜੀਤ ਜਿਹਾ ਦੁਨੀਆਂ ਤੇ ਕੌਣ ਹੈ।

ਜ਼ਿੰਦਗੀ ਜਿਉਣ ਲਈ ਰਸਤਾ ਦਿਖਾਵੇ ਚੰਗਾ,
ਗੁਣਾ ਦਾ ਭੰਡਾਰਾ ਸੋਹਣਾ ਚਾਨਣ ਮੁਨਾਰਾ ਏ।
ਹਰ ਇਕ ਹਿਰਦੇ ਵਿਚ ਵਸਦਾ ਸਰੂਪ ਇਹਦਾ,
ਤਾਹੀਓਂ ਹਰ ਮਨ ਤਾਈਂ ਲਗਦਾ ਪਿਆਰਾ ਏ।
ਇਹੋ ਹੈ ਮਦੀਨਾ ਮੱਕਾ ਇਹੋ ਸਾਡਾ ਰਾਂਝਣਾ ਹੈ,
ਇਹਦਾ ਭੈਣੀ ਸਾਹਿਬ ਸਾਡਾ ਤਖ਼ਤ ਹਜ਼ਾਰਾ ਏ।
ਦੇਵਤੇ ਇੰਦਰ ਜਿਹੇ ਵੱਸ ਨੇ ਸਵਰਗਾਂ ਦੇ,
ਹਾੜ੍ਹਾਂ ਵਿਚ ਵੇਖਿਆ ਬਣਾ ਦਿੰਦਾ ਸੌਣ ਹੈ।
ਜਿਹਦੇ ਦਰ ਉਤੇ ਆਕੇ ਝੁਕਦੀ ਲੋਕਾਈ ਸਾਰੀ,
ਗੁਰੂ ਜਗਜੀਤ ਜਿਹਾ ਦੁਨੀਆਂ ਤੇ ਕੌਣ ਹੈ।

ਰਹੇ ਸਦਾ ਸਿਰਾਂ ਉਤੇ ਹੱਥ ਇਹਦਾ ਮੇਹਰ ਵਾਲਾ,
ਇਹਦੇ ਦਰ ਉਤੋਂ ਇਹ ਹਮੇਸ਼ ਮੰਗ ਮੰਗੀਏ।
ਜੁਗਾਂ ਤੀਕ ਵੰਡਦਾ ਰਹੇ ਚਾਨਣਾ ਜਹਾਨ ਨੂੰ ਇਹ,
ਮੰਗ ਇਹੋ ਮੰਗੀਏ ਤੇ ਜਰਾ ਵੀ ਨਾ ਸੰਗੀਏ।
ਭੈਅ ਦੇ ਪਰਛਾਵੇ ਸਦਾ ਦਿਲਾਂ ਕੋਲੋਂ ਦੂਰ ਰਹਿਣ,
ਪੱਲਾ ਫੜ ਇਹਦਾ ਭਗ ਸਾਗਰਾਂ ਨੂੰ ਲੰਘੀਏ।
'ਬਾਜਵੇ' ਨੂੰ ਰੱਬਾ ਲੜ ਏਸ ਦੀ ਲਗਾਈਂ ਰੱਖੀਂ,
ਜਿਹਦੇ ਲੜ ਲੱਗ ਮਿਟ ਜਾਵੇ ਆਵਾ ਗੌਣ ਹੈ।
ਜਿਹਦੇ ਦਰ ਉਤੇ ਆਕੇ ਝੁਕਦੀ ਲੋਕਾਈ ਸਾਰੀ,
ਗੁਰੂ ਜਗਜੀਤ ਜਿਹਾ ਦੁਨੀਆਂ ਤੇ ਕੌਣ ਹੈ।

Namdhari Elibrary NamdhariElibrary@gmail.com

ਜਗਜੀਤ ਗੁਰੂ

ਦਲਬੀਰ ਸਿੰਘ ਤਰਸ, ਅਸਟ੍ਰੇਲੀਆ

ਸਤਿਗੁਰ ਜੀ! ਕਦੇ ਭੁੱਲ ਨਾ ਪਾਵਾਂ, ਬਖਸ਼ੀਸ਼ ਤੁਸਾਂ ਦੀ- ਸਾਜ ਨਿਵਾਜੀ। ਸੱਭੇ ਹੀ ਸਾਨੂੰ ਸੁਹਣ ਆਪਣੇ, ਤੁਸੀਂ ਜਿਹੜਿਆਂ ਰੰਗਾਂ ਵਿੱਚ ਹੋਵੋ ਰਾਜੀ।

ਪਚਾਸ ਬਰਸ ਦੀਆਂ ਬਾਤਾਂ ਸੱਜਣੋਂ, ਇਸ ਧਰ[੧] ਤੇ ਨਵ ਚਸ਼ਮਾਂ ਵਗਿਆ। ਹਰਿ ਹਰਿਆਵਲ ਪਸਰਨ ਲੱਗੀ, ਹਰੀ ਰਾਮ[੨] ਜਿਸੁ ਕਣਿ ਕਣਿ ਰਗਿਆ[੩]।
ਡਾਲ ਪੁਰਾਣੀ, ਉੱਤੇ ਨਵੀਆਂ ਡੋਡਾਂ, ਨਵੇਂ ਫੁੱਲੀਂ ਰਹੀ,ਖਿੜ ਨਵੀਂ ਬਸੰਤੀ; ਕਲਮ ਅਸਾਡੀ ਬਿਹਬਲ ਹੋ ਗਈ, ਗੀਤਾਂ ਵਿਹੜੀਂ ਨਵ ਦੀਪਕ ਜਗਿਆ।

ਜੱਗ ਜੀਤਣ 'ਜਗਜੀਤ' ਆ ਗਿਆ, ਹਰਿ ਹਰਿ ਨਾਮ ਪਸਾਰਨ ਲਈ। ਰਾਮ ਨਾਮ[੪] ਸ਼ਮਸ਼ੀਰ ਸਜਾਵੇ, ਸਭ ਜ਼ਹਿਰ ਮਾਇਆ ਦਾ ਮਾਰਨ ਲਈ।
ਪੌਣਾਂ ਵਿੱਚ ਜਿਸ ਭਰੀ ਸੁਗੰਧੀ, ਸੱਭ ਭੈਣੀ ਰੇਤਾਂ, ਤੇ ਰੁੱਤਾਂ ਨੂੰ ਰੰਗਿਆ; ਕਮਲੀ ਇ[੫] ਕਲਮ ਵਿਆਕਲ ਹੋਈ, ਇਨ ਵਸਲੀਂ ਗੀਤ ਨਚਾਰਨ[੬] ਲਈ।

ਦੂਰ ਬੈਠਿਆਂ ਪੁੱਜਦੀਆਂ ਸਾਨੂੰ, ਪੰਡਾਂ ਇਹਦੇ ਪਿਆਰ ਦੀਆਂ। ਜੋਗ ਕਮਾਉਣੇ ਕੰਨ ਸੁਣ ਲੈਂਦੇ, ਗੱਲਾਂ ਜਿਉਂ ਦਿਲਦਾਰ ਦੀਆਂ।
ਭੂ ਮੰਡਲ ਦੇ ਕੋਨੇ ਕੋਨੇ, ਜਗਜੀਤ ਗੁਰੂ ਦੇ ਪ੍ਰਹਣ ਸੁਨੇਹੜੇ; ਵਿਸ਼ਵ ਅਮਨ, ਅਹਿੰਸਕ ਰੀਤਾਂ, ਸਤਿਜੁਗ ਰੂਪ ਨਿਖਾਰਦੀਆਂ।

ਧਰਮ ਸੱਤ ਸੰਤੋਖ ਤੇ ਦਇਆ, ਘੇਰਾ ਗੁਰ ਉਪਕਾਰਾਂ ਦਾ। ਜ਼ਾਲਮ ਜ਼ੁਲਮ ਨਾ ਜੂਝਣ ਜਾਣੇ, ਖੰਡਾ ਇਹ ਦੋ ਧਾਰਾਂ ਦਾ।
ਪੇਟ 'ਚ ਕੁੜੀਆਂ ਮਾਰਨ ਖਾਤਰ,ਜਾਂ ਗੁਰ ਧਰਤੀ ਬਦਨਾਮ ਹੋਈ; ਕਣ ਕਣ ਇਸ ਦਾ ਭਰੇ ਉਗਾਹੀ, ਰੱਖਿਆ ਮਾਣ ਅਧਾਰਾਂ[੭] ਦਾ।

ਇੱਕ ਗੁਰ[੮] ਅਮੋਲਕ ਗੁਰਾਂ ਸਖਾਇਆ, ਦੇਹੀ ਨੂੰ ਰੱਜ ਪਾਲਣ ਲਈ। ਸਰਵਣਾਂ ਰਾਹੀਂ ਅੰਮ੍ਰਿਤ[੯] ਸੌਂਪਿਓ, ਇਸ ਮਨੁ ਦੇ ਰੋਗਾਂ[੧੦] ਜਾਲਣ ਲਈ।
ਭਗਤੀ ਸ਼ਕਤੀ ਦੇ ਦੋ ਪਹੀਏ, ਇੱਕ ਸੁਰ ਸਫਰ ਮੁਕਾਵਣ ਖਾਤਰ; ਕਰਿਆ ਅਤੇ ਕਰਾਇਆ ਆਪੇ, ਸਭ ਖੇਡਾਂ ਦਾ ਰੰਗ ਮਾਣਨ ਲਈ।

ਸੰਗੀਤ ਮਹਿਫਲਾਂ ਸੈਆਂ ਤੱਕੀਆਂ, ਦਰਸ ਕਰੇ ਦਰਬਾਰਾਂ ਵਿੱਚ। ਨਾ ਰਸ ਸਾਗਰ ਕਿਧਰੇ ਪਾਇਆ, ਜੋ ਸਤਿਗੁਰਿ[੧੧] ਟੁਣਕਾਰਾਂ ਵਿੱਚ।
ਵੱਡੇ ਵੱਡੇ ਅਸਾਂ ਦੇਖੇ ਝੁਕਦੇ, ਇਸ ਕਲਾਕਾਰ ਦੇ ਚਰਨਾਂ ਤੇ; ਅੱਜ ਭੀ ਭੈਣੀ ਦਿੱਖ ਨਿਆਰੀ, ਇਸ ਭਾਓ[੧੨] ਭਰੇ ਭੰਡਾਰਾਂ ਵਿੱਚ।

ਸਾਹਿਤਕਾਰ ਤੇ ਸਾਹਿਤ ਸਭਾਵਾਂ, ਜੀਣ ਇਹਦੇ ਵਰਦਾਨੁ[੧੩]। ਪਰਸੇ ਚਰਨ ਅਲੌਕਿਕ ਜਿਸ ਨੇ, ਪਾਇਆ ਵਡ ਸਨਮਾਨ।
ਉਚੇ ਪਦ ਲਈ ਜਿਸੁ ਗੁਰ ਚਾਹਿਆ, ਸੰਗ ਬਖਸ਼ਦੇ ਰਹਿਣਾ; ਇਸ ਕਾਵ ਭੂਮੀ ਤੇ ਪ੍ਰੀਤਮ[੧੪] ਪਾਤਰ[੧੫], ਸਦਾ ਰਹੇ ਮਹਿਮਾਨ।

ਇਹ ਘੋੜਾ ਜਾਂ ਥਿੜਕਣ ਲੱਗਿਆ, ਸਤਿਗੁਰਿ[੧੬] ਕਾਰ ਨਿਭਾਵਣ ਤੋਂ। ਨਵ ਤਕਨੀਕੀ[੧੭] ਗੁਰਾਂ ਫੜ ਲੀਨੀ, ਇਸੁ[੧੮] ਚਾਬਕ ਵਾਂਗ ਸੰਵਾਰਨ ਤੋਂ।
ਕਈ ਵੇਰ ਇਸ ਕਰੀਆਂ ਅੜੀਆਂ,ਕਈ ਵੇਰ ਇਸਿ[੧੯] ਹੋਈ ਸੁਧਾਈ, ਸਤਿਗੁਰ ਸੂਰੇ ਕਦੇ ਹਾਰ ਨਾ ਮੰਨੀ, ਸਿਰ ਦਾ ਭਾਰ ਉਠਾਵਣ ਤੋਂ।

ਦੂਰ ਦੁਰਾਡੋਂ ਵਧੀਆਂ ਐਨੀਆਂ, ਪ੍ਰੀਤਾਂ ਇਸ ਦੇ ਪਿਆਰ ਦੀਆਂ। ਗੀਤਾਂ ਵਿੱਚ ਸਾਡੇ ਝੂਮਣ ਲੱਗੀਆਂ, ਰਮਜ਼ਾਂ ਇਸ ਰਚਨਾਰ[੨੦] ਦੀਆਂ।
